ਐਤਵਾਰ, 30 ਅਗਸਤ, 2026
14 ਭਾਦੋਂ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 89

ਰੋਜ਼ਾਨਾ
ਨਵਾਂ ਜ਼ਮਾਨਾ
DAILY NAWAN ZAMANA • SUNDAY, 30 AUGUST, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

ਭਾਜਪਾ ਤੇ ਆਰ ਐੱਸ ਐੱਸ ਦੀ ਮਾਨਸਿਕਤਾ ਦਲਿਤ ਵਿਰੋਧੀ : ਰਾਹੁਲ

ਨਵੀਂ ਦਿੱਲੀ : ਰਾਹੁਲ ਗਾਂਧੀ ਨੇ ਕਾਂਗਰਸ ਮੁਖੀ ਮੱਲਿਕਾਰਜੁਨ ਖੜਗੇ ਦੁਆਰਾ ਵਰਤੀ ਗਈ ਹਲਦਵਾਨੀ ਰੈਲੀ ਵਾਲੀ ਥਾਂ 'ਤੇ 'ਸ਼ੁੱਧੀਕਰਨ ਰਸਮ' ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਜ਼ਿੰਮੇਵਾਰ ਲੋਕਾਂ ਵਿਰੁੱਧ ਐੱਫ ਆਈ ਆਰ ਦਰਜ ਕਰਨ ਉਪਰ ਜ਼ੋਰ ਦਿੱਤਾ ਹੈ ਤੇ ਇਸ ਨੂੰ ਛੂਤਛਾਤ ਦੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼ੁੱਧੀਕਰਨ ਛੂਤਛਾਤ ਦਾ ਦੂਜਾ ਨਾਂਅ ਹੈ ਤੇ ਭਾਜਪਾ-ਆਰ ਐੱਸ ਐੱਸ ਇਸ ਦਾ ਖੁੱਲ੍ਹੇਆਮ ਅਭਿਆਸ ਕਰ ਰਹੇ ਹਨ। ਉਨ੍ਹਾ ਕਿਹਾ ਕਿ ਭਾਜਪਾ ਤੇ ਆਰ ਐੱਸ ਐੱਸ ਦਲਿਤ ਵਿਰੋਧੀ ਹਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸ਼ਨੀਵਾਰ ਨੂੰ ਉੱਤਰਾਖੰਡ ਦੇ ਹਲਦਵਾਨੀ ਵਿੱਚ ਇੱਕ ਰੈਲੀ ਸਥਾਨ 'ਤੇ 'ਸ਼ੁੱਧੀਕਰਨ ਰਸਮ' ਕਰਨ ਵਾਲਿਆਂ ਵਿਰੁੱਧ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਰੋਕਥਾਮ) ਐਕਟ ਦੇ ਤਹਿਤ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ। ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਉੱਥੇ ਇੱਕ ਇਕੱਠ ਨੂੰ ਸੰਬੋਧਨ ਕੀਤਾ। ਇੰਦਰਾ ਭਵਨ ਵਿੱਚ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਗਾਂਧੀ ਨੇ ਇਸ ਰਸਮ ਨੂੰ ਛੂਤਛਾਤ ਦੀ ਕਾਰਵਾਈ ਅਤੇ ਸੰਵਿਧਾਨ ਦੀ ਉਲੰਘਣਾ ਕਿਹਾ। ਉਨ੍ਹਾ ਕਿਹਾ ਕਿ ਇਹ ਘਟਨਾ ਦਲਿਤਾਂ ਦੀ ਸ਼ਾਨ ਅਤੇ ਤਰੱਕੀ ਦੇ ਵਿਰੁੱਧ ਭਾਜਪਾ-ਆਰ ਐੱਸ ਐੱਸ ਦੀ ਮਾਨਸਿਕਤਾ ਨੂੰ ਉਜਾਗਰ ਕਰਦੀ ਹੈ। 8 ਅਗਸਤ ਨੂੰ ਹਲਦਵਾਨੀ ਦੇ ਰਾਮ ਲੀਲ੍ਹਾ ਮੈਦਾਨ ਵਿੱਚ ਰੈਲੀ ਤੋਂ ਦੋ ਦਿਨ ਬਾਅਦ ਸ੍ਰੀ ਰਾਮ ਸੈਨਾ ਦੇ ਮੈਂਬਰਾਂ ਨੇ ਉਸੇ ਸਥਾਨ 'ਤੇ ਸ਼ੁੱਧੀਕਰਨ ਹਵਨ ਕੀਤਾ। ਕਾਂਗਰਸ ਨੇ ਖੜਗੇ ਦੀ ਦਲਿਤ ਪਛਾਣ ਦਾ ਹਵਾਲਾ ਦਿੰਦੇ ਹੋਏ ਦੋਸ਼ ਲਗਾਇਆ ਹੈ ਕਿ ਇਹ ਰਸਮ ਜਾਤੀ ਆਧਾਰਤ ਵਿਤਕਰੇ ਦੇ ਬਰਾਬਰ ਹੈ। ਖੜਗੇ ਨੇ ਪਹਿਲਾਂ ਰਾਜ ਸਭਾ ਵਿੱਚ ਇਹ ਮੁੱਦਾ ਉਠਾਇਆ ਸੀ ਤੇ ਕਿਹਾ ਸੀ ਕਿ ਇਸ ਘਟਨਾ ਨੇ ਉਨ੍ਹਾਂ ਨੂੰ 'ਛੂਤ-ਛਾਤ ਦਾ ਡੰਗ' ਮਹਿਸੂਸ ਕਰਵਾਇਆ ਹੈ। ਗਾਂਧੀ ਨੇ ਜਾਤੀ ਭੇਦਭਾਵ ਨਾਲ ਲੜਨ ਲਈ ਸਰਕਾਰ ਦੀ ਵਚਨਬੱਧਤਾ 'ਤੇ ਸਵਾਲ ਉਠਾਏ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜ਼ਿੰਮੇਵਾਰ ਲੋਕਾਂ ਵਿਰੁੱਧ ਕਾਨੂੰਨੀ ਕਾਰਵਾਈ ਯਕੀਨੀ ਬਣਾਉਣ ਦੀ ਅਪੀਲ ਕੀਤੀ। ਭਾਜਪਾ ਨੇ ਇਸ ਰਸਮ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਹੈ। ਭਾਜਪਾ ਦੇ ਸਾਬਕਾ ਪ੍ਰਧਾਨ ਜੇ.ਪੀ. ਨੱਡਾ ਨੇ ਇਸ ਘਟਨਾ ਨੂੰ ਅਸਵੀਕਾਰਨਯੋਗ ਕਰਾਰ ਦਿੱਤਾ ਹੈ।

ਦਿੱਲੀ ਰੈਲੀ ਪ੍ਰਤੀ ਪੰਜਾਬ ਵਾਸੀਆਂ 'ਚ ਭਾਰੀ ਉਤਸ਼ਾਹ

ਚੰਡੀਗੜ੍ਹ (ਨ ਜ਼ ਸ)-ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 01 ਸਤੰਬਰ 2026 ਨੂੰ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ ਦੇਸ਼ ਪੱਧਰ 'ਤੇ "ਬਦਲਾਅ ਜ਼ਰੂਰੀ ਹੈ" ਦਾ ਨਾਅਰਾ ਲੈ ਕੇ ਕੀਤੀ ਜਾ ਰਹੀ ਰੈਲੀ ਵਿਚ ਪੰਜਾਬ ਤੋਂ 10,000 ਤੋਂ ਵੱਧ ਪਾਰਟੀ ਕਾਰਕੁੰਨਾਂ ਅਤੇ ਹਮਦਰਦਾਂ ਨੇ ਰੈਲੀ ਵਿਚ ਸ਼ਾਮਲ ਹੋਣ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਰੈਲੀ ਵਿਚ ਸ਼ਾਮਲ ਹੋਣ ਦੀ ਤਿਆਰੀ ਅਤੇ ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਇਹ "ਬਦਲਾਅ ਜ਼ਰੂਰੀ ਹੈ" ਰੈਲੀ ਕੀਤੀ ਜਾ ਰਹੀ ਹੈ, ਉਹਨਾਂ ਦੇ ਪ੍ਰਚਾਰ ਲਈ ਕਨਵੈਨਸ਼ਨਾਂ ਅਤੇ ਪਦ-ਯਾਤਰਾਵਾਂ ਕੀਤੀਆਂ ਜਾ ਚੁੱਕੀਆਂ ਹਨ। ਕਨਵੈਨਸ਼ਨਾਂ ਅਤੇ ਪਦ-ਯਾਤਰਾਵਾਂ ਦੌਰਾਨ ਦੇਖਣ ਨੂੰ ਮਿਲਿਆ ਹੈ ਕਿ ਆਮ ਲੋਕਾਂ ਵਿਚ ਕੇਂਦਰ ਦੀ ਸਰਕਾਰ ਦੇ ਵਿਰੁੱਧ ਲੋਕ-ਵਿਰੋਧੀ ਅਤੇ ਕਾਰਪੋਰੇਟ-ਪੱਖੀ ਨੀਤੀਆਂ ਕਾਰਨ ਭਾਰੀ ਗੁੱਸਾ ਅਤੇ ਰੋਸ ਹੈ ਅਤੇ ਦਿੱਲੀ ਰੈਲੀ ਵਿਚ ਸ਼ਾਮਲ ਹੋਣ ਲਈ ਉਮੀਦ ਨਾਲੋਂ ਵੱਧ ਹੁੰਗਾਰਾ ਮਿਲਿਆ ਹੈ। ਸਭ ਜ਼ਿਲ੍ਹਿਆਂ ਦੇ ਸਕੱਤਰ ਤਿਆਰੀਆਂ ਵਿਚ ਜੁਟੇ ਹੋਏ ਹਨ। ਝੰਡੇ-ਮਾਟੋ, ਬੈਜ ਆਦਿ ਵੱਡੀ ਗਿਣਤੀ ਵਿਚ ਤਕਸੀਮ ਕੀਤੇ ਗਏ ਹਨ।

ਪੰਜਾਬ ਸੂਬਾ ਕੌਂਸਲ, ਸੀ ਪੀ ਆਈ ਦੇ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਰੈਲੀ ਦੇ ਸੰਬੰਧ ਵਿਚ ਵਿਸਥਾਰ ਵਿਚ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਦੇ ਸੀਨੀਅਰ ਆਗੂਆਂ 'ਤੇ ਅਧਾਰਤ ਸਕੱਤਰੇਤ ਮੈਂਬਰਾਨ ਸਾਥੀ ਬੰਤ ਸਿੰਘ ਬਰਾੜ, ਹਰਦੇਵ ਸਿੰਘ ਅਰਸ਼ੀ, ਅਮਰਜੀਤ ਸਿੰਘ ਆਸਲ, ਨਰਿੰਦਰ ਕੌਰ ਸੋਹਲ, ਬਲਦੇਵ ਸਿੰਘ ਨਿਹਾਲਗੜ੍ਹ, ਪ੍ਰਿਥੀਪਾਲ ਮਾੜੀਮੇਘਾ, ਦੇਵੀ ਕੁਮਾਰੀ ਅਤੇ ਕ੍ਰਿਸ਼ਨ ਚੌਹਾਨ ਨੇ ਸਕੱਤਰੇਤ ਦੀ ਮੀਟਿੰਗ ਵਿਚ ਰੈਲੀ ਦੀ ਕਾਮਯਾਬੀ ਲਈ ਯੋਜਨਾਬੰਦੀ ਕਰਨ ਉਪਰੰਤ ਪੰਜਾਬ ਦੇ ਸਮੁੱਚੇ ਜ਼ਿਲ੍ਹਿਆਂ ਵਿਚ ਪੂਰੀ ਸ਼ਿੱਦਤ ਨਾਲ ਤਿਆਰੀਆਂ ਕਰਨ ਲਈ ਹਰ ਜ਼ਿਲ੍ਹੇ ਵਿਚ ਕਨਵੈਨਸ਼ਨਾਂ ਅਤੇ ਪਦ-ਯਾਤਰਾਵਾਂ ਦੇ ਪ੍ਰੋਗਰਾਮ ਨੂੰ ਬੜੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਅਤੇ ਪਾਰਟੀ ਦੀਆਂ ਸਾਰੀਆਂ ਬਰਾਂਚਾਂ ਤੱਕ ਪਹੁੰਚ ਕਰਕੇ ਰੈਲੀ ਲ ਏ ।

• ਬਾਕੀ ਸਫ਼ਾ 2 'ਤੇ

ਦਿੱਲੀ ਰੈਲੀ ਹਾਕਮਾਂ ਦੀਆਂ ਆਪ-ਹੁਦਰੀਆਂ ਨੂੰ ਠੱਲ੍ਹ ਪਾਏਗੀ : ਬੰਤ ਬਰਾੜ

ਜਲੰਧਰ (ਗਿਆਨ ਸੈਦਪੁਰੀ)-'ਜਿਸ ਦੌਰ ਵਿਚ ਦੇਸ਼ ਦੇ ਵਿਸ਼ਵ ਗੁਰੂ ਹੋਣ ਦਾ ਭਾਜਪਾ ਤੇ ਕੇਂਦਰੀ ਸਰਕਾਰ ਵੱਲੋਂ ਗੁੰਮਰਾਹਕੁਨ ਬਿਰਤਾਂਤ ਸਿਰਜਿਆ ਜਾ ਰਿਹਾ ਹੈ, ਉਸੇ ਵੇਲੇ ਪੂਰੇ ਸੰਸਾਰ ਨੂੰ ਡਰਾਉਣ-ਧਮਕਾਉਣ ਵਾਲੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਭਾਰਤ ਨੂੰ ਜਦੋਂ ਮਰਜ਼ੀ ਘੁਰਕੀ ਮਾਰ ਦਿੰਦੇ ਹਨ। 'ਵਿਸ਼ਵ ਗੁਰੂ' ਕਦੇ ਜੁਰਅਤ ਨਹੀਂ ਕਰਦਾ ਕਿ ਅਮਰੀਕਾ ਨੂੰ ਮੋੜਵਾਂ ਜਵਾਬ ਦਿੱਤਾ ਜਾਵੇ। ਇਨ੍ਹਾਂ ਸਮਿਆਂ ਵਿੱਚ ਮੁਲਕ ਵਿੱਚ ਸਿਆਸੀ ਬਦਲਾਅ ਇੱਕ ਅਣਸਰਦੀ ਲੋੜ ਬਣ ਚੁੱਕਾ ਹੈ। ਇਸੇ ਸੰਦਰਭ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਇੱਕ ਸਤੰਬਰ ਨੂੰ ਨਵੀਂ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿੱਚ 'ਬਦਲਾਅ ਜ਼ਰੂਰੀ ਹੈ' ਦੇਸ਼-ਵਿਆਪੀ ਰੈਲੀ ਕੀਤੀ ਜਾ ਰਹੀ ਹੈ। ਇਹ ਰੈਲੀ ਦੇਸ਼ ਦੀ ਸਿਆਸਤ ਨੂੰ ਨਵੀਂ ਦਿਸ਼ਾ ਦੇਵੇਗੀ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀ ਪੀ ਆਈ ਦੀ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਬੰਤ ਸਿੰਘ ਬਰਾੜ ਨੇ ਪ੍ਰੈੱਸ ਦੇ ਨਾਂਅ ਜਾਰੀ ਇੱਕ ਬਿਆਨ ਵਿੱਚ ਕੀਤਾ। ਉਨ੍ਹਾ ਕਿਹਾ ਕਿ ਦੇਸ਼ ਦੇ

• ਬਾਕੀ ਸਫ਼ਾ 2 'ਤੇ

ਸਰਕਾਰ ਨੇ ਪੰਚਾਇਤਾਂ ਨੂੰ ਦਿੱਤੀਆਂ ਹੋਰ ਵਿੱਤੀ ਸ਼ਕਤੀਆਂ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਇਕ ਅਹਿਮ ਕਦਮ ਵਜੋਂ ਪੰਚਾਇਤੀ ਰਾਜ ਸੰਸਥਾਵਾਂ ਦੇ ਵਿੱਤੀ ਹੱਥ ਮਜ਼ਬੂਤ ਕੀਤੇ ਹਨ। ਗਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਵਿੱਤੀ ਤਾਕਤਾਂ 'ਚ ਵਾਧਾ ਕੀਤਾ ਗਿਆ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ 23 ਵਰ੍ਹਿਆਂ ਮਗਰੋਂ ਪੰਚਾਇਤੀ ਸੰਸਥਾਵਾਂ ਦੇ ਵਿੱਤੀ ਅਧਿਕਾਰਾਂ 'ਚ ਵਾਧਾ ਕੀਤਾ ਹੈ। ਬਠਿੰਡਾ 'ਚ ਸਰਪੰਚਾਂ ਨਾਲ ਹੋਈ ਲੋਕ ਮਿਲਣੀ 'ਚ ਮੁੱਖ ਮੰਤਰੀ ਭਗਵੰਤ ਮਾਨ ਕੋਲ ਕਈ ਪੰਚਾਇਤਾਂ ਨੇ ਵਿਕਾਸ ਕੰਮਾਂ ਦੀ ਵਿੱਤੀ ਪ੍ਰਵਾਨਗੀ ਦਾ ਮੁੱਦਾ ਚੁੱਕਿਆ ਸੀ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਮੁੱਖ ਮੰਤਰੀ ਦੀ ਪ੍ਰਵਾਨਗੀ ਉਪਰੰਤ ਪੱਤਰ ਜਾਰੀ ਕੀਤਾ ਹੈ। ਜਾਰੀ ਪੱਤਰ ਅਨੁਸਾਰ ਗਰਾਮ ਪੰਚਾਇਤਾਂ ਕੋਲ ਪਹਿਲਾਂ 10 ਲੱਖ ਰੁਪਏ ਤੱਕ ਦੇ ਵਿਕਾਸ ਕੰਮਾਂ ਨੂੰ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਦਾ ਅਧਿਕਾਰ ਸੀ, ਜਿਸ ਨੂੰ ਵਧਾ ਕੇ 15 ਲੱਖ ਰੁਪਏ ਤੱਕ ਕਰ ਦਿੱਤਾ ਗਿਆ ਹੈ। ਆਖ਼ਰੀ ਵਾਰ 1 ਦਸੰਬਰ 2003 ਨੂੰ ਇਨ੍ਹਾਂ ਵਿੱਤੀ ਤਾਕਤਾਂ 'ਚ ਵਾਧਾ ਹੋਇਆ ਸੀ। ਇਸੇ ਤਰ੍ਹਾਂ ਪੰਚਾਇਤ ਸੰਮਤੀਆਂ ਨੂੰ 10 ਲੱਖ ਰੁਪਏ ਤੋਂ 20 ਲੱਖ ਰੁਪਏ ਤੱਕ ਦੇ ਵਿਕਾਸ ਕੰਮ ਕਰਾਉਣ ਲਈ ਪ੍ਰਬੰਧਕੀ ਪ੍ਰਵਾਨਗੀ ਦੇਣ ਦੇ ਅਧਿਕਾਰ ਸਨ, ਜਿਨ੍ਹਾਂ ਨੂੰ ਵਧਾ ਕੇ ਹੁਣ 15 ਲੱਖ ਤੋਂ 30 ਲੱਖ ਰੁਪਏ ਤੱਕ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰੀਸ਼ਦਾਂ ਦੇ 20 ਲੱਖ ਰੁਪਏ ਤੋਂ ਉਪਰ ਦੇ ਵਿਕਾਸ ਕਾਰਜਾਂ ਨੂੰ ਪ੍ਰਬੰਧਕੀ ਪ੍ਰਵਾਨਗੀ ਦੇਣ ਦੇ ਅਧਿਕਾਰ ਨੂੰ ਹੁਣ 30 ਲੱਖ ਰੁਪਏ ਤੋਂ ਉਪਰ ਕਰ ਦਿੱਤਾ ਗਿਆ ਹੈ। ਪੰਜਾਬ 'ਚ 13,237 ਪੰਚਾਇਤਾਂ, 154 ਪੰਚਾਇਤ ਸੰਮਤੀਆਂ ਅਤੇ 23 ਜ਼ਿਲ੍ਹਾ ਪ੍ਰੀਸ਼ਦਾਂ ਹਨ। ਇਸ ਦੇ ਨਾਲ ਹੀ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਤਕਨੀਕੀ ਅਫ਼ਸਰਾਂ ਦੀ ਤਕਨੀਕੀ ਪ੍ਰਵਾਨਗੀ ਦੀ ਹੱਦ ਵੀ ਵਧਾ ਦਿੱਤੀ ਹੈ, ਜਿਸ ਨਾਲ ਵਿਕਾਸ ਕੰਮਾਂ 'ਚ ਤੇਜ਼ੀ ਆਵੇਗੀ। ਨਵੇਂ ਫ਼ੈਸਲੇ ਅਨੁਸਾਰ ਜੂਨੀਅਰ ਇੰਜਨੀਅਰਾਂ ਦੀ ਡਿਪਾਜ਼ਟ ਕੰਮਾਂ ਦੇ ਟੈਂਡਰ ਪ੍ਰਵਾਨ ਕਰਨ ਦੀ ਤਾਕਤ ਨੂੰ ਇੱਕ ਲੱਖ ਰੁਪਏ ਤੋਂ ਵਧਾ ਕੇ 2 ਲੱਖ ਰੁਪਏ ਕਰ ਦਿੱਤਾ ਗਿਆ ਹੈ।

ਥਰਮਲ ਪਲਾਂਟ ਦਾ 4 ਨੰਬਰ ਯੂਨਿਟ ਚਾਲੂ

ਬਠਿੰਡਾ : ਲਹਿਰਾ ਮੁਹੱਬਤ ਸਥਿਤ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਚੌਥੇ ਯੂਨਿਟ ਨੂੰ ਸਫ਼ਲਤਾਪੂਰਵਕ ਚਾਲੂ ਕਰ ਲਿਆ ਗਿਆ ਹੈ, ਜਿਸ ਤੋਂ ਇਸ ਵੇਲੇ 169 ਮੈਗਾਵਾਟ ਬਿਜਲੀ ਦਾ ਉਤਪਾਦਨ ਸ਼ੁਰੂ ਹੋ ਗਿਆ ਹੈ। ਇਸ ਯੂਨਿਟ ਦੇ ਚਾਲੂ ਹੋਣ ਨਾਲ ਠੱਪ ਪਏ ਪਲਾਂਟ ਵਿੱਚ ਬਿਜਲੀ ਉਤਪਾਦਨ ਬਹਾਲ ਹੋ ਗਿਆ ਹੈ।

210 ਮੈਗਾਵਾਟ ਦੀ ਸਮਰੱਥਾ ਵਾਲੇ ਇਸ ਚੌਥੇ ਯੂਨਿਟ ਵਿੱਚ ਸ਼ੁੱਕਰਵਾਰ ਨੂੰ ਅਚਾਨਕ ਤਕਨੀਕੀ ਖ਼ਰਾਬੀ ਆ ਗਈ ਸੀ। ਇਸ ਕਾਰਨ ਇਸ ਨੂੰ ਬੰਦ ਕਰਨਾ ਪਿਆ ਸੀ ਅਤੇ ਕੁੱਲ 920 ਮੈਗਾਵਾਟ ਸਮਰੱਥਾ ਵਾਲਾ ਇਹ ਪੂਰਾ ਥਰਮਲ ਪਲਾਂਟ ਪੂਰੀ ਤਰ੍ਹਾਂ ਨਾਲ ਠੱਪ ਹੋ ਗਿਆ ਸੀ।

ਬਦਲਾਅ ਲਿਆਉਣਾ ਸਮੇਂ ਦੀ ਲੋੜ : ਸੀ ਪੀ ਆਈ

ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)

ਸੀ ਪੀ ਆਈ ਵੱਲੋਂ ਚਲਾਈ ਜਾ ਰਹੀ 'ਬਦਲਾਅ ਜ਼ਰੂਰੀ ਹੈ' ਮੁਹਿੰਮ ਤਹਿਤ ਸ਼ਨੀਵਾਰ ਨੂੰ ਪਿੰਡ ਦੁਧਾਲਾ ਵਿਖੇ ਕਿਸਾਨਾਂ, ਮਜ਼ਦੂਰਾਂ ਅਤੇ ਨੌਜਵਾਨਾਂ ਦੀ ਭਰਵੀਂ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਕਾਮਰੇਡ ਦਰਿੰਦਰ ਸਿੰਘ ਦੁਧਾਲਾ ਨੇ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਸਾਬਕਾ ਸਟੇਟ ਐਗਜ਼ੈਕਟਿਵ ਮੈਂਬਰ ਕਾਮਰੇਡ ਬਲਵਿੰਦਰ ਸਿੰਘ ਦੁਧਾਲਾ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਜਦੋਂ ਵੀ ਕਿਸਾਨਾਂ, ਮਜ਼ਦੂਰਾਂ, ਔਰਤਾਂ, ਨੌਜਵਾਨਾਂ ਅਤੇ ਮੁਲਾਜ਼ਮਾਂ ਨੇ ਇਕੱਠੇ ਹੋ ਕੇ ਸੰਘਰਸ਼ ਕੀਤਾ ਤਾਂ ਸਰਕਾਰ ਨੂੰ ਆਪਣੇ ਫ਼ੈਸਲਿਆਂ ਤੋਂ ਪਿੱਛੇ ਹਟਣਾ ਪਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨ ਸੰਘਰਸ਼ ਨੇ ਇ ਹ

• ਬਾਕੀ ਸਫ਼ਾ 2 'ਤੇ

ਕੇਂਦਰ ਖ਼ਿਲਾਫ਼ ਲੋਕਾਂ 'ਚ ਰੋਹ : ਸੋਹਲ, ਗੰਡੀਵਿੰਡ

ਤਰਨ ਤਾਰਨ : ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ 1 ਸਤੰਬਰ ਨੂੰ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਦਿੱਲੀ ਰਾਮ ਲੀਲਾ ਮੈਦਾਨ ਵਿਖੇ ਕੀਤੀ ਜਾ ਰਹੀ 'ਬਦਲਾਅ ਜ਼ਰੂਰੀ ਹੈ' ਰੈਲੀ ਦੀਆਂ ਤਿਆਰੀਆਂ ਸੰਬੰਧੀ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਲਾਮਬੰਦੀ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾ. ਦਵਿੰਦਰ ਸੋਹਲ ਅਤੇ ਖ਼ਜ਼ਾਨਚੀ ਕਾ. ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਕਿਹਾ ਕਿ ਦੇਸ਼ ਦੀ ਸੱਤਾ 'ਤੇ 2014 ਤੋਂ ਕਾਬਜ਼ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਲੋਕ ਵਿਰੋਧੀ ਨੀਤੀਆਂ ਦੇਸ਼ ਵਿੱਚ ਧੜੱਲੇ ਨਾਲ ਲਾਗੂ ਕਰ ਰਹੀ ਹੈ। ਜਿਸ ਦੇ ਚੱਲਦਿਆਂ ਮਹਿੰਗਾਈ ਸਿਖਰਾਂ 'ਤੇ ਪਹੁੰਚਣ ਨਾਲ ਗਰੀਬ ਦਿਨੋ-ਦਿਨ ਹੋਰ ਗਰੀਬ ਹੋ ਰਿਹਾ ਹੈ, ਬੇਰੁਜ਼ਗਾਰੀ ਬਿਨਾਂ ਰੋਕ ਟੋਕ ਵਧਦੀ ਜਾ ਰਹੀ ਹੈ। ਦੇਸ਼ ਦਾ ਹਾਕਮ ਮੋਦੀ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਅੱਗੇ ਗੋਡੇ ਟੇਕ ਕੇ ਮੁਕਤ

• ਬਾਕੀ ਸਫ਼ਾ 2 'ਤੇ

ਸੀ ਐੱਨ ਜੀ 3.89 ਰੁਪਏ ਮਹਿੰਗੀ

ਚੰਡੀਗੜ੍ਹ : ਖੰਡ, ਪਿਆਜ਼ ਅਤੇ ਹੋਰ ਜ਼ਰੂਰੀ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਦਾ ਸਾਹਮਣਾ ਕਰ ਰਹੇ ਆਮ ਲੋਕਾਂ 'ਤੇ ਹੁਣ ਸੀ ਐੱਨ ਜੀ ਦੀਆਂ ਦਰਾਂ ਵਧਣ ਨਾਲ ਮਹਿੰਗਾਈ ਦਾ ਇੱਕ ਹੋਰ ਬੋਝ ਪੈ ਗਿਆ ਹੈ। ਆਈ ਜੀ ਐੱਲ ਨੇ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਦੇ ਸ਼ਹਿਰਾਂ ਵਿੱਚ ਸੀ ਐੱਨ ਜੀ ਦੀ ਕੀਮਤ ਵਿੱਚ 3.89 ਰੁਪਏ ਪ੍ਰਤੀ ਕਿਲੋਗ੍ਰਾਮ ਦਾ ਵਾਧਾ ਕਰ ਦਿੱਤਾ ਹੈ। ਇਹ ਨਵੀਆਂ ਦਰਾਂ ਸ਼ਨੀਵਾਰ ਸਵੇਰੇ ਛੇ ਵਜੇ ਤੋਂ ਪ੍ਰਭਾਵੀ ਹੋ ਗਈਆਂ ਹਨ। ਦਿੱਲੀ ਵਿਚ 86.98 ਰੁਪਏ ਪ੍ਰਤੀ ਕਿਲੋਗ੍ਰਾਮ, ਨੋਇਡਾ ਅਤੇ ਗਾਜ਼ੀਆਬਾਦ 95.59 ਰੁਪਏ ਪ੍ਰਤੀ ਕਿਲੋਗ੍ਰਾਮ, ਗੁਰੂਗ੍ਰਾਮ ਵਿਚ 92.01 ਰੁਪਏ ਪ੍ਰਤੀ ਕਿਲੋਗ੍ਰਾਮ ਅਤੇ ਮੇਰਠ ਵਿਚ 95.47 ਰੁਪਏ ਪ੍ਰਤੀ ਕਿਲੋਗ੍ਰਾਮ ਕੀਮਤ ਹੋ ਗਈ ਹੈ। ਚਾਲੂ ਸਾਲ ਦੌਰਾਨ ਸੀ ਐੱਨ ਜੀ ਦੀਆਂ ਕੀਮਤਾਂ ਵਿੱਚ ਇਹ ਪੰਜਵਾਂ ਵਾਧਾ ਹੈ।

ਮੁਲਾਜ਼ਮਾਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰਨ ਦੇ ਹੁਕਮ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਸਾਰੇ ਪ੍ਰਸ਼ਾਸਕੀ ਸਕੱਤਰਾਂ ਅਤੇ ਵਿਭਾਗਾਂ ਦੇ ਮੁਖੀਆਂ ਨੂੰ 27 ਅਗਸਤ ਨੂੰ ਸਮੂਹਿਕ ਛੁੱਟੀ ਲੈਣ ਵਾਲੇ ਮੁਲਾਜ਼ਮਾਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੁਲਾਜ਼ਮਾਂ ਨੂੰ ਇਹ ਦੱਸਣ ਲਈ ਕਿਹਾ ਜਾਵੇਗਾ ਕਿ 27 ਅਗਸਤ ਨੂੰ 'ਬਿਨਾਂ ਪ੍ਰਵਾਨਗੀ ਵਾਲੀ ਛੁੱਟੀ' 'ਤੇ ਜਾਣ ਲਈ ਉਨ੍ਹਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਿਉਂ ਨਾ ਸ਼ੁਰੂ ਕੀਤੀ ਜਾਵੇ। ਮੁਲਾਜ਼ਮ ਆਗੂ ਸਰਕਾਰ ਦੇ ਇਸ ਤਾਜ਼ਾ ਕਦਮ ਨੂੰ ਉਨ੍ਹਾਂ 'ਤੇ ਦਬਾਅ ਬਣਾਉਣ ਅਤੇ ਉਨ੍ਹਾਂ ਨੂੰ ਗੱਲਬਾਤ ਦੀ ਮੇਜ਼ 'ਤੇ ਵਾਪਸ ਲਿਆਉਣ ਦੀ ਕੋਸ਼ਿਸ਼ ਵਜੋਂ ਦੇਖ ਰਹੇ ਹਨ, ਜਦੋਂ ਕਿ ਯੂਨੀਅਨਾਂ ਆਪਣੇ ਅੰਦੋਲਨ ਨੂੰ ਹੋਰ ਤੇਜ਼ ਕਰਨ ਦੀ ਸੰਭਾਵਨਾ 'ਤੇ ਵਿਚਾਰ ਕਰ ਰਹੀਆਂ ਹਨ।

ਨੇਪਾਲ ਆਫ਼ਤ : ਦੋ ਅਰਬ ਤੋਂ ਵੱਧ ਦਾ ਦਾਨ

ਕਾਠਮੰਡੂ : ਨੇਪਾਲ ਵਿੱਚ ਅਚਾਨਕ ਆਏ ਹੜ੍ਹਾਂ ਕਾਰਨ ਮਚੀ ਭਾਰੀ ਤਬਾਹੀ ਤੋਂ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਆਫ਼ਤ ਰਾਹਤ ਫੰਡ ਵਿੱਚ ਲੋਕ ਖੁੱਲ੍ਹ ਕੇ ਦਾਨ ਦੇ ਰਹੇ ਹਨ ਅਤੇ ਪਿਛਲੇ ਤਿੰਨ ਦਿਨਾਂ ਵਿੱਚ ਤਕਰੀਬਨ 2 ਅਰਬ ਰੁਪਏ ਤੋਂ ਵੱਧ ਦਾ ਦਾਨ ਮਿਲਿਆ ਹੈ। ਹਾਲ ਹੀ ਦੇ ਯੋਗਦਾਨ ਨਾਲ ਫੰਡ ਵਿੱਚ ਜਮਾਂ ਰਾਸ਼ੀ 2.17 ਅਰਬ ਰੁਪਏ ਤੋਂ ਵਧ ਕੇ 4.09 ਅਰਬ ਰੁਪਏ ਹੋ ਗਈ ਹੈ। ਮ੍ਰਿਤਕਾਂ ਦੀ ਗਿਣਤੀ ਵਧ ਕੇ 626 ਹੋ ਗਈ ਹੈ ਤੇ 2400 ਲੋਕ ਲਾਪਤਾ ਹਨ।

ਚੇਤਨਾ ਕੈਂਪ 'ਚ ਕਿਤਾਬਾਂ ਵੱਲ ਮੁਹਾਰਾਂ ਮੋੜਨ ਦਾ ਸੱਦਾ

ਰਾਜਿੰਦਰ ਭਦੌੜ ਅਤੇ ਡਾ. ਕੁਲਦੀਪ ਦੀਪ ਨੇ ਕੀਤਾ ਸੰਬੋਧਨ

ਜਲੰਧਰ (ਨ ਜ਼ ਸ)

ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਚੱਲ ਰਹੇ ਸਿਖਿਆਰਥੀ ਚੇਤਨਾ ਕੈਂਪ ਦੇ ਦੂਜੇ ਦਿਨ 'ਸਮਾਜ ਅੰਦਰ ਫੈਲਾਏ ਜਾ ਰਹੇ ਅੰਧ-ਵਿਸ਼ਵਾਸ਼ ਦੇ ਹਨੇਰੇ ਨੂੰ ਦੂਰ ਕਰਨ ਲਈ ਵਿਗਿਆਨਕ ਚੇਤਨਾ ਦੀ ਲੋੜ' ਵਿਸ਼ੇ 'ਤੇ ਬੋਲਦੇ ਹੋਏ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਆਗੂ ਮਾਸਟਰ ਰਾਜਿੰਦਰ ਭਦੌੜ ਨੇ ਕਿਹਾ ਕਿ ਗੈਬੀ ਸ਼ਕਤੀਆਂ ਦਾ ਅਡੰਬਰ ਰਚਕੇ ਅਸਲ 'ਚ ਲੋਕਾਂ ਖ਼ਿਲਾਫ਼ ਸਰਗਰਮ ਸ਼ਕਤੀਆਂ ਆਪਣੇ ਸੌੜੇ ਮੰਤਵਾਂ ਦੀ ਪੂਰਤੀ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਨੇ। ਉਨ੍ਹਾਂ ਕਿਹਾ ਕਿ ਬੌਧਿਕ ਵਿਕਾਸ ਅਤੇ ਸਮਾਜਕ ਸਰੋਕਾਰਾਂ ਦੇ ਸੰਗੀ ਸਾਥੀ ਬਣ ਕੇ ਰਹਿਣ ਲਈ ਜ਼ਰੂਰੀ ਹੈ ਕਿ ਅਸੀਂ ਵਿਗਿਆਨਕ ਚੇਤਨਾ ਨਾਲ ਲੈਸ ਹੋਈਏ। ਅਸੀਂ ਸੁਆਲ ਕਰਨਾ, ਵਰਤਾਰਿਆਂ ਨੂੰ ਸਮਝਣ ਅਤੇ ਹਕੀਕਤਮੁਖੀ ਹੋ ਕੇ ਆਪਣੀ ਨਿੱਜੀ ਜ਼ਿੰਦਗੀ ਤੋਂ ਉਪਰ ਉੱਠ ਕੇ ਸਮਾਜਕ ਫ਼ਰਜ਼ਾਂ ਨੂੰ ਤਰਜੀਹ ਦੇਣ ਦੀ ਜਾਂਚ ਸਿੱਖਿਏ। ਭਦੌੜ ਨੇ ਕਿਹਾ ਕਿ ਸਮਾਜ ਦੀ ਆਲੋਚਨਾਤਮਕ ਦ੍ਰਿਸ਼ਟੀ ਨੂੰ ਫ਼ਨਾਹ ਕਰਨਾ ਅਜੋਕੇ ਪ੍ਰਬੰਧ ਦੀ ਅਣਸਰਦੀ ਲੋੜ ਹੈ ਕਿਉਂਕਿ ਇਹ ਸਿਸਟਮ ਕੂੜ ਅਤੇ ਅੰਧਵਿਸ਼ਵਾਸੀ ਦੀਆਂ ਬੋਦੀਆਂ ਨੀਹਾਂ ਉਪਰ ਡਿਕਡੋਲੇ ਖਾ ਰਿਹੈ ਜਿਸ ਨੂੰ ਡਿਗ ਜਾਣ ਦਾ ਭੈਅ ਵੱਢ-ਵੱਢ ਖਾ ਰਿਹੈ।

ਅੰਮ੍ਰਿਤਪਾਲ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ, ਗੁਰਲੀਨ ਬਠਿੰਡਾ, ਰੀਆ ਚੰਡੀਗੜ੍ਹ, ਵਿਵੇਕ ਰੱਤੂ ਕੁਲੇਵਾਲ, ਪਾਵੇਲ ਸਿਹੌੜਾ, ਸੁਖਪ੍ਰੀਤ ਕੌਰ, ਵਿਵੇਕ ਕੁਮਾਰ ਅਤੇ ਗੁਰਵਿੰਦਰਪਾਲ ਬਠਿੰਡਾ ਨੇ ਬਹੁਤ ਹੀ ਮਹੱਤਵਪੂਰਣ ਸੁਆਲ ਕੀਤੇ ਜਿਨ੍ਹਾਂ ਦੇ ਠੋਸ ਉਦਾਹਰਣਾਂ ਦੇ ਹਵਾਲਿਆਂ ਨਾਲ ਰਾਜਿੰਦਰ ਭਦੌੜ ਨੇ ਜਵਾਬ ਦਿੰਦੇ ਹੋਏ ਉਹਨਾਂ ਨੇ ਸਿਖਿਆਰਥੀਆਂ ਵਿੱਚ ਵਧ ਫੁਲ ਰਹੀ ਸੂਝ-ਬੂਝ 'ਤੇ ਪ੍ਰਸੰਨਤਾ ਪ੍ਰਗਟ ਕੀਤੀ।

ਦੂਜੇ ਸੈਸ਼ਨ 'ਚ 'ਸੋਸ਼ਲ ਮੀਡੀਆ ਅਤੇ ਨੌਜਵਾਨ ਪੀੜ੍ਹੀ' ਵਿਸ਼ੇ ਉਪਰ ਬੋਲਦਿਆਂ ਡਾ. ਕੁਲਦੀਪ ਦੀਪ ਨੇ ਕਿਹਾ ਕਿ ਸੋਸ਼ਲ ਮੀਡੀਆ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿੱਚ ਚੀਜ਼ਾਂ ਨੂੰ ਬਾਜ਼ਾਰ ਰੂਪੀ ਦ੍ਰਿਸ਼ਟੀ ਤੋਂ ਵਾਇਰਲ ਤਾਂ ਕਰ ਸਕਦਾ ਪਰ ਸੋਸ਼ਲ ਮੀਡੀਆ ਦੇ ਇਸ ਤੰਤਰ ਰਾਹੀਂ ਸਾਡੇ ਸਮਾਜ ਦੀ ਸਿਰਜਣਾਤਮਕਤਾ ਨੂੰ ਤਹਿਸ ਨਹਿਸ ਕੀਤਾ ਜਾ ਰਿਹਾ ਹੈ। ਡਾ. ਦੀਪ ਨੇ ਆਪਣੇ ਭਾਸ਼ਣ ਨੂੰ ਮੂਲੋਂ ਹੀ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕਰਦਿਆਂ ਸਿਖਿਆਰਥੀਆਂ ਨਾਲ ਸੁਆਲ-ਜਵਾਬ ਦੇ ਰੂਪ ਵਿੱਚ ਸੰਵਾਦ ਸਿਰਜਿਆ ਜਿਸ ਵਿੱਚ ਸਿਖਿਆਰਥੀ ਖੁਭ ਕੇ ਜੁੜੇ ਰਹੇ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਤੇ ਏ.ਆਈ. ਆਧੁਨਿਕ ਤਕਨੀਕ ਦੇ ਨਾਂਅ 'ਤੇ ਅਜਿਹੇ ਵਾਤਾਵਰਣ ਦਾ ਧੂੰਆਂ ਪੈਦਾ ਕਰ ਰਖਿਆ ਹੈ ਕਿ ਅਸੀਂ ਬੁਰੀ ਤਰ੍ਹਾਂ ਇਸ ਦੇ ਮੱਕੜ ਜਾਲ ਵਿੱਚ ਫਸ ਰਹੇ ਹਾਂ। ਬਾਜ਼ਾਰ, ਰਾਜਨੀਤੀ ਅਤੇ ਪ੍ਰਬੰਧਕੀ ਢਾਂਚਾ ਸਾਨੂੰ ਜ਼ਿੰਦਗੀ ਦੇ ਹਕੀਕੀ ਮਾਰਗ ਤੋਂ ਕੋਹਾਂ ਦੂਰ ਰੱਖ ਰਿਹਾ ਹੈ। ਹੁਣ ਬਹੁਤ ਕੁੱਝ ਜਾਣ ਬੁੱਝ ਕੇ ਭਰਮ ਭਰਿਆ ਅਤੇ ਗੁੰਮਰਾਹਕੁਨ ਗ਼ੁਬਾਰ ਖੜ੍ਹਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜ਼ਿੰਦਗੀ ਦੀ ਹਕੀਕੀ ਲੜਾਈ ਮੱਛਰਦਾਨੀ ਤੋਂ ਬਾਹਰ ਆ ਕੇ ਲੜਨ ਲਈ ਕਾਵਿਕ ਬੋਲਾਂ ਨੂੰ ਹਕੀਕੀ ਰੂਪ ਦੇਣ ਦੀ ਲੋੜ ਹੈ ਕਿਉਂਕਿ ਜ਼ਿੰਦਗੀ ਦੇ ਮੂਲ ਮੁੱਦਿਆਂ ਦੀ ਜਦੋਂ ਜਹਿਦ ਸਿਰਫ਼ ਸੋਸ਼ਲ ਮੀਡੀਆ 'ਤੇ ਹੀ ਨਹੀਂ ਸਗੋਂ ਜ਼ਮੀਨ 'ਤੇ ਉੱਤਰ ਕੇ ਕਰਨੀ ਪਵੇਗੀ।

ਵਰਵਰਾ ਰਾਓ, ਗੋਬਿੰਦ ਪਨਸਾਰੇ, ਗੌਰੀ ਲੰਕੇਸ਼, ਸਫ਼ਦਰ ਹਾਸ਼ਮੀ, ਪਾਸ਼, ਸਵਿਤਰੀ ਬਾਈ ਫੂਲੇ ਵਰਗਿਆਂ ਨੂੰ ਜਾਨਣ ਲਈ ਝੰਜੋੜਵੇਂ ਬੋਲਾਂ ਨਾਲ ਡਾ. ਦੀਪ ਨੇ ਸਿਖਿਆਰਥੀਆਂ ਨੂੰ ਆਪਣੀਆਂ ਸਭ ਤੋਂ ਵੱਧ ਭਰੋਸੇਯੋਗ

• ਬਾਕੀ ਸਫ਼ਾ 2 'ਤੇ

ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾ ਰਹੇ ਹਨ ਸਰਕਾਰੀ ਸਕੂਲ : ਕੇਜਰੀਵਾਲ

ਨਵੀਂ ਦਿੱਲੀ (ਨ ਜ਼ ਸ)

ਪੰਜਾਬ ਵਿੱਚ ਕਦੇ ਸਰਕਾਰੀ ਸਕੂਲਾਂ ਦੀ ਪਛਾਣ ਖਸਤਾਹਾਲ ਇਮਾਰਤਾਂ, ਟੁੱਟੇ ਫਰਨੀਚਰ ਅਤੇ ਸੀਮਤ ਸਹੂਲਤਾਂ ਨਾਲ ਹੁੰਦੀ ਸੀ, ਉੱਥੇ ਹੀ ਅੱਜ ਸਰਕਾਰੀ ਸਕੂਲਾਂ ਦੀ ਤਸਵੀਰ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਸ਼ਾਨਦਾਰ ਇਨਫਰਾਸਟ੍ਰਕਚਰ, ਅਤਿ-ਆਧੁਨਿਕ ਲੈਬਾਂ, ਸਮਾਰਟ ਬੋਰਡ, ਸਵੀਮਿੰਗ ਪੂਲ ਅਤੇ ਬਿਹਤਰੀਨ ਪਲੇਅ ਗਰਾਊਂਡਾਂ ਨਾਲ ਸਜੇ ਇਹ ਸਰਕਾਰੀ ਸਕੂਲ ਨਾਮੀ ਪ੍ਰਾਈਵੇਟ ਸਕੂਲਾਂ ਨੂੰ ਵੀ ਮਾਤ ਦੇ ਰਹੇ ਹਨ। ਇਹਨਾਂ ਸਕੂਲਾਂ ਵਿੱਚ ਅਮੀਰ-ਗਰੀਬ ਹਰ ਵਰਗ ਦੇ ਬੱਚਿਆਂ ਨੂੰ ਬਰਾਬਰ ਅਤੇ ਗੁਣਵੱਤਾਪੂਰਨ ਸਿੱਖਿਆ ਮਿਲ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਿੱਖਿਆ ਮਾਡਲ ਦੀ ਇਹ ਤਸਵੀਰ ਪੰਜਾਬ ਵਿੱਚ ਬਦਲਦੀ ਸਿੱਖਿਆ ਦੀ ਤਸਵੀਰ ਦਿਖਾਉਂਦੀ ਹੈ। ਸ਼ਨੀਵਾਰ ਨੂੰ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਲੁਧਿਆਣਾ, ਸੰਗਰੂਰ ਤੇ ਨਵਾਂਸ਼ਹਿਰ ਦੇ ਤਿੰਨ ਸ਼ਾਨਦਾਰ ਸਰਕਾਰੀ ਸਕੂਲਾਂ ਦੀ ਵੀਡੀਓ ਸੋਸ਼ਲ ਮੀਡੀਆ ਐਕਸ 'ਤੇ ਸਾਂਝੀ ਕਰਕੇ ਆਪਣੀ ਪਾਰਟੀ ਦੀ ਸਰਕਾਰ ਦੇ ਸ਼ਾਨਦਾਰ ਕੰਮ 'ਤੇ ਖੁਸ਼ੀ ਅਤੇ ਸੰਤੁਸ਼ਟੀ ਪ੍ਰਗਟਾਈ। ਅਰਵਿੰਦ ਕੇਜਰੀਵਾਲ ਨੇ ਲੁਧਿਆਣਾ, ਸੰਗਰੂਰ ਅਤੇ ਨਵਾਂਸ਼ਹਿਰ ਵਿੱਚ ਮਾਨ ਸਰਕਾਰ ਦੁਆਰਾ ਬਣਾਏ ਗਏ ਸਰਕਾਰੀ ਸਕੂਲਾਂ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਦਿਆਂ ਕਿਹਾ ਕਿ ਇਹਨਾਂ ਦੇ ਸਾਹਮਣੇ ਪ੍ਰਾਈਵੇਟ ਸਕੂਲ ਵੀ ਫੇਲ੍ਹ ਹਨ। ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਕਿ ਅਸੀਂ ਅਜਿਹਾ ਕੰਮ ਕੀਤਾ ਹੈ ਜਿਸ ਨਾਲ ਗਰੀਬਾਂ ਦੇ ਬੱਚਿਆਂ ਨੂੰ ਚੰਗੀ ਤੋਂ ਚੰਗੀ ਸਿੱਖਿਆ ਮਿਲਣ ਲੱਗੀ ਹੈ। ਮਜ਼ਦੂਰਾਂ, ਰਿਕਸ਼ੇ ਵਾਲਿਆਂ, ਪਲੰਬਰ, ਇਲੈਕਟ੍ਰੀਸ਼ਨ, ਲੋਅਰ ਮਿਡਲ ਕਲਾਸ ਅਤੇ ਗਰੀਬਾਂ ਦੇ ਬੱਚੇ ਹੁਣ ਡਾਕਟਰ ਅਤੇ ਇੰਜੀਨੀਅਰ ਬਣ ਰਹੇ ਹਨ।

ਅੱਜ-ਨਾਮਾ

ਫੜ ਲਈ ਖੇਪ ਨਸ਼ੀਲੀਆਂ ਗੋਲੀਆਂ ਦੀ,
ਫੜਿਆ ਸੁਣਿਆ ਟਰੱਕ ਸੀ ਬੜਾ ਬੇਲੀ।
ਕਾਗਜ਼ ਪੱਲੇ ਡਰਾਈਵਰ ਦੇ ਕੋਈ ਹੈਨਾ,
ਐਕਸ਼ਨ ਹੋ ਗਿਆ ਫੇਰ ਸੀ ਕੜਾ ਬੇਲੀ।
ਭੇਜਣ ਵਾਲਾ ਨਹੀਂ ਪਤਾ ਨਾ ਲੈਣ ਵਾਲੇ,
ਕਿਹੜੀ ਕੰਪਨੀ, ਕਿਹੜਾ ਹੈ ਧੜਾ ਬੇਲੀ।
ਜਾਂਦਾ ਵੰਨੀਂ ਪੰਜਾਬ ਉਹ ਸਾਫ ਸਿੱਧਾ,
ਨਾਕੇ ਵਾਲਿਆਂ ਸੀ ਕਰਿਆ ਖੜਾ ਬੇਲੀ।
ਅਗਲੀ ਗੱਲ ਸਥਾਨਕ ਵੀ ਪੁਲਸ ਹੈਨਾ,
ਪੁਲਸ ਹੈ ਮੱਧ ਪ੍ਰਦੇਸ਼ ਦੀ ਆਈ ਬੇਲੀ।
ਲੋਕਲ ਪੁਲਸ ਨੂੰ ਕਿਉਂ ਨਾ ਪਤਾ ਲੱਗਾ,
ਕਿਸੇ ਨੇ ਅੱਖ ਤੇ ਨਹੀਂ ਮਿਲਾਈ ਬੇਲੀ।

-ਤੀਸ ਮਾਰ ਖਾਂ

'ਮੇਰੀ ਰਸੋਈ ਯੋਜਨਾ' ਤਹਿਤ ਸਾਢੇ 4 ਲੱਖ ਤੋਂ ਵੱਧ ਫੂਡ ਕਿੱਟਾਂ ਲੋੜਵੰਦਾਂ ਤੱਕ ਪਹੁੰਚਾਈਆਂ : ਕਟਾਰੂਚੱਕ

ਚੰਡੀਗੜ੍ਹ : ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋੜਵੰਦ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਵਾਰਾਂ ਦੀ ਖ਼ੁਰਾਕ ਅਤੇ ਪੋਸ਼ਣ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ 'ਮੇਰੀ ਰਸੋਈ ਯੋਜਨਾ' ਦੀ ਸ਼ੁਰੂਆਤ ਕੀਤੀ ਗਈ ਹੈ। ਮਹਿੰਗਾਈ ਦੇ ਇਸ ਮੌਜੂਦਾ ਦੌਰ ਵਿੱਚ ਆਮ ਪਰਵਾਰਾਂ ਦੇ ਘਰੇਲੂ ਬਜਟ ਨੂੰ ਸਥਿਰ ਰੱਖਣ ਲਈ ਇਹ ਯੋਜਨਾ ਇੱਕ ਸਾਰਥਕ ਕਦਮ ਵਜੋਂ ਸਾਹਮਣੇ ਆਈ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੰਗਰੂਰ ਜ਼ਿਲ੍ਹੇ ਦੇ ਪਿੰਡ ਭਲਵਾਨ ਤੋਂ ਆਰੰਭ ਹੋਈ ਇਸ ਲੋਕ-ਭਲਾਈ ਸਕੀਮ ਦਾ ਮੁੱਖ ਉਦੇਸ਼ ਆਮ ਨਾਗਰਿਕਾਂ ਦੇ ਘਰੇਲੂ ਖਰਚੇ ਘਟਾਉਣਾ ਅਤੇ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਵੱਡੀ ਆਰਥਿਕ ਰਾਹਤ ਪ੍ਰਦਾਨ ਕਰਨਾ ਹੈ। ਇਸ ਅਹਿਮ ਯੋਜਨਾ ਤਹਿਤ ਪੰਜਾਬ ਦੇ 40 ਲੱਖ ਲੋੜਵੰਦ ਪਰਵਾਰਾਂ ਨੂੰ ਹਰ ਤਿਮਾਹੀ ਆਧਾਰ 'ਤੇ ਮੁਫ਼ਤ ਰਾਸ਼ਨ ਕਿੱਟਾਂ ਵੰਡੀਆਂ ਜਾ ਰਹੀਆਂ ਹਨ। ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਅਨੁਸਾਰ ਇਸ ਪ੍ਰੋਗਰਾਮ ਤਹਿਤ ਹੁਣ ਤੱਕ ਸਾਢੇ ਚਾਰ ਲੱਖ ਤੋਂ ਵੱਧ ਫੂਡ ਕਿੱਟਾਂ ਜ਼ਮੀਨੀ ਪੱਧਰ 'ਤੇ ਲਾਭਪਾਤਰੀਆਂ ਤੱਕ ਪਹੁੰਚਾਈਆਂ ਜਾ ਚੁੱਕੀਆਂ ਹਨ। ਹਰੇਕ ਰਾਸ਼ਨ ਕਿੱਟ ਅੰਦਰ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਖ਼ੁਰਾਕੀ ਵਸਤਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਵਿੱਚ 2 ਕਿਲੋ ਦਾਲ, 2 ਕਿਲੋ ਖੰਡ, 1 ਕਿਲੋ ਨਮਕ, 200 ਗ੍ਰਾਮ ਹਲਦੀ ਪਾਊਡਰ ਅਤੇ 1 ਲਿਟਰ ਸ਼ੁੱਧ ਸਰ੍ਹੋਂ ਦਾ ਤੇਲ ਸ਼ਾਮਲ ਹੈ। ਪੰਜਾਬ ਸਰਕਾਰ ਵੱਲੋਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਰਾਸ਼ਨ ਕਿੱਟਾਂ ਕੌਮੀ ਖ਼ੁਰਾਕ ਸੁਰੱਖਿਆ ਐਕਟ ਤਹਿਤ ਯੋਗ ਲਾਭਪਾਤਰੀਆਂ ਨੂੰ ਪਹਿਲਾਂ ਤੋਂ ਦਿੱਤੀ ਜਾ ਰਹੀ ਕਣਕ ਤੋਂ ਬਿਲਕੁਲ ਵੱਖਰੀਆਂ ਹਨ। ਪੰਜਾਬ ਵਿਧਾਨ ਸਭਾ ਵਿੱਚ ਸਾਲ 2026-27 ਦੇ ਬਜਟ ਦੌਰਾਨ ਵਿੱਤ ਮੰਤਰੀ

• ਬਾਕੀ ਸਫ਼ਾ 2 'ਤੇ

ਬਲਦੇਵ ਸਿੰਘ ਆਜ਼ਾਦ ਦੀ ‘ਮਹਿਕ ਮੁਹੱਬਤ’ ਲੋਕ ਅਰਪਣ

ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਐਂਡ ਸਿੰਧ ਬੈਂਕ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਮੋਗਾ ਨੇ ਨਰੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਚੰਦਨ ਪਾਰਕ ਜੀਰੋਜੀ ਮੋਗਾ ਵਿਖੇ ਇੱਕ ਮੀਟਿੰਗ ਕੀਤੀ।ਇਸ ਮੀਟਿੰਗ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪੰਜਾਬ ਐਂਡ ਸਿੰਧ ਬੈਂਕ ਲਖਨਊ ਦੇ ਫੀਲਡ ਜਨਰਲ ਮੈਨੇਜਰ ਰਾਜੀਵ ਬਾਂਸਲ ਸ਼ਾਮਲ ਹੋਏ।ਹਰਜਿੰਦਰ ਸਿੰਘ ਕੰਡਾ, ਜਨਰਲ ਸਕੱਤਰ ਨੇ ਰਾਜੀਵ ਬਾਂਸਲ ਦਾ ਮੀਟਿੰਗ ਵਿੱਚ ਸਵਾਗਤ ਕਰਕੇ ਕਾਰਵਾਈ ਸ਼ੁਰੂ ਕੀਤੀ।ਬਾਂਸਲ ਨੂੰ ਉਨ੍ਹਾਂ ਦੀ ਤਰੱਕੀ ਲਈ ਸੰਸਥਾ ਵੱਲੋਂ ਵਿਸ਼ੇਸ਼ ਤੌਰ ’ਤੇ ਸਨਮਾਨਤ ਕੀਤਾ ਗਿਆ।ਨਰੇਸ਼ ਕੁਮਾਰ ਤੇ ਸਵਰਨਜੀਤ ਸਿੰਘ ਗਿੱਲ ਨੇ ਬਾਂਸਲ ਨਾਲ ਆਪਣੇ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਜਸਵੰਤ ਸਿੰਘ ਕੈਸ਼ੀਅਰ ਤੇ ਨਾਇਬ ਸਿੰਘ ਭੁੱਲਰ ਨੇ ਰਾਜੀਵ ਬਾਂਸਲ ਨੂੰ ਇੱਕ ਮਜ਼ਬੂਤ ਪ੍ਰਸ਼ਾਸਕ, ਇੱਕ ਮਿਹਨਤੀ ਤੇ ਇੱਕ ਅਜਿਹਾ ਵਿਅਕਤੀ ਦੱਸਿਆ, ਜੋ ਹਮੇਸ਼ਾ ਸਾਥੀਆਂ ਦੀ ਭਲਾਈ ਤੇ ਖ਼ੁਸ਼ੀ ਲਈ ਮੌਜੂਦ ਰਹਿੰਦਾ ਹੈ।ਇਸ ਮੌਕੇ ਬੋਲਦਿਆਂ ਫੀਲਡ ਜਨਰਲ ਮੈਨੇਜਰ ਰਾਜੀਵ ਬਾਂਸਲ ਨੇ ਸੰਸਥਾ ਦੇ ਪਿਆਰ ਤੇ ਸਤਿਕਾਰ ਲਈ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਸੰਗਠਨ ਦੇ ਮੈਂਬਰਾਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।ਇਸ ਇਕੱਤਰਤਾ ਦੌਰਾਨ ਫੀਲਡ ਜਨਰਲ ਮੈਨੇਜਰ ਰਾਜੀਵ ਬਾਂਸਲ ਵੱਲੋਂ ਸਾਬਕਾ ਮੈਨੇਜਰ ਬਲਦੇਵ ਸਿੰਘ ਆਜ਼ਾਦ ਲਿਖੀ ਚੌਥੀ ਕਿਤਾਬ ‘ਮਹਿਕ ਮੁਹੱਬਤ’ ਨੂੰ ਲੋਕ ਅਰਪਣ ਕੀਤਾ।ਚੇਅਰਮੈਨ ਬਲਵੀਰ ਸਿੰਘ ਸੰਘਾ ਨੇ ਇਸ ਮੌਕੇ ਆਪਣੇ ਵਿਚਾਰ ਪੇਸ਼ ਕੀਤੇ।ਮੀਟਿੰਗ ਦੇ ਅੰਤ ਵਿੱਚ ਜਨਰਲ ਸਕੱਤਰ ਹਰਜਿੰਦਰ ਸਿੰਘ ਕੰਡਾ ਨੇ ਹਾਜ਼ਰ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।ਨਰੇਸ਼ ਕੁਮਾਰ, ਸਵਰਨਜੀਤ ਸਿੰਘ ਗਿੱਲ, ਨਾਇਬ ਸਿੰਘ ਭੁੱਲਰ, ਸੰਦੀਪ ਸਿੰਘ, ਹਰਜਿੰਦਰ ਸਿੰਘ ਕੰਡਾ, ਅੰਗਰੇਜ਼ ਸਿੰਘ, ਨਿਤਿਨ ਕੁਮਾਰ, ਰੌਬਿਨ ਢਿੱਲੋਂ, ਬਲਦੇਵ ਸਿੰਘ ਆਜ਼ਾਦ, ਜਸਵੰਤ ਸਿੰਘ ਅਤੇ ਰਾਜੀਵ ਬਾਂਸਲ ਇਸ ਮੌਕੇ ’ਤੇ ਮੌਜੂਦ ਸਨ।

ਕਾਕਾ ਬਰਾੜ ਨੇ ‘ਮਿਸ਼ਨ ਕਲੀਨ ਪੰਜਾਬ’ ਦੀ ਸ਼ੁਰੂਆਤ ਕਰਵਾਈ

ਸਰਕਾਰ ਸਾਫ਼-ਸੁਥਰੇ ਤੇ ਵਾਤਾਵਰਣ ਪੱਖੋਂ ਬਿਹਤਰ ਪੰਜਾਬ ਦੀ ਸਿਰਜਣਾ ਲਈ ਵਚਨਬੱਧ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ)-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ‘ਮਿਸ਼ਨ ਕਲੀਨ ਪੰਜਾਬ’ ਮੁਹਿੰਮ ਦੀ ਲੜੀ ਤਹਿਤ ਸ਼ਹਿਰ ਨੂੰ ਸਾਫ਼-ਸੁਥਰਾ ਤੇ ਪ੍ਰਦੂਸ਼ਣ ਮੁਕਤ ਬਣਾਉਣ ਦੇ ਮਕਸਦ ਨਾਲ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਵਿਖੇ 10 ਰੋਜ਼ਾ ਵਿਸ਼ੇਸ਼ ਸਫਾਈ ਮੁਹਿੰਮ ਦਾ ਆਗਾਜ਼ ਕੀਤਾ ਗਿਆ।ਇਸ ਮੁਹਿੰਮ ਦੀ ਸ਼ੁਰੂਆਤ ਦੌਰਾਨ ਹਲਕਾ ਵਿਧਾਇਕ ਸ. ਜਗਦੀਪ ਸਿੰਘ ਕਾਕਾ ਬਰਾੜ ਨੇ ਐੱਸ.ਡੀ.ਐੱਮ. ਸ੍ਰੀ ਗੁਰਕਿਰਨ ਦੀਪ ਸਿੰਘ, ਕਾਰਜ ਸਾਧਕ ਅਫ਼ਸਰ ਸ੍ਰੀ ਵਰੁਨ ਸਹੋਤਾ ਤੇ ਨਗਰ ਕੌਂਸਲ ਦੀ ਟੀਮ ਨੂੰ ਨਾਲ ਲੈ ਕੇ ਖ਼ੁਦ ਮੈਦਾਨ ਵਿੱਚ ਉੱਤਰ ਕੇ ਸਫਾਈ ਕਾਰਜਾਂ ਦਾ ਜਾਇਜ਼ਾ ਲਿਆ ਤੇ ਆਰੰਭਤਾ ਕਰਵਾਈ।ਇਸ ਮੌਕੇ ਹਲਕਾ ਵਿਧਾਇਕ ਸ. ਜਗਦੀਪ ਸਿੰਘ ਕਾਕਾ ਬਰਾੜ ਨੇ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸਾਫ਼-ਸੁਥਰੇ ਤੇ ਵਾਤਾਵਰਣ ਪੱਖੋਂ ਬਿਹਤ ਪੰਜਾਬ ਦੀ ਸਿਰਜਣਾ ਲਈ ਵਚਨਬੱਧ ਹੈ ਤੇ ਉਨ੍ਹਾਂ ਕਿਹਾ ਕਿ ਇਹ 10 ਰੋਜ਼ਾ ਵਿਸ਼ੇਸ਼ ਮੁਹਿੰਮ ਸ਼ਹਿਰ ਦੇ ਹਰ ਕੋਨੇ ਵਿੱਚੋਂ ਠੋਸ ਤੇ ਗਿੱਲੇ ਕੂੜੇ ਦੇ ਸੁਚੱਜੇ ਨਿਪਟਾਰੇ ਲਈ ਚਲਾਈ ਗਈ ਹੈ।ਉਨ੍ਹਾਂ ਕਿਹਾ ਕਿ ਇਸ ਅਭਿਆਨ ਦਾ ਮੁੱਖ ਉਦੇਸ਼ ਸ਼ਹਿਰ ਨੂੰ ਕੂੜਾ-ਮੁਕਤ ਬਣਾਉਣਾ ਤੇ ਆਮ ਲੋਕਾਂ ਨੂੰ ਸਫਾਈ ਪ੍ਰਤੀ ਜਾਗਰੂਕਤਾ ਤੇ ਜ਼ਿੰਮੇਵਾਰੀ ਪੈਦਾ ਕਰਨਾ ਹੈ।ਨਗਰ ਕੌਂਸਲ ਦੀਆਂ ਵਿਸ਼ੇਸ਼ ਟੀਮਾਂ ਵੱਲੋਂ ਵਾਰਡ-ਵਾਰ ਸਫਾਈ ਕੀਤੀ ਜਾਵੇਗੀ ਤੇ ਇੱਕਤਰ ਕੀਤੇ ਕੂੜੇ ਦਾ ਵਾਤਾਵਰਨ ਪੱਖੀ ਤਰੀਕੇ ਨਾਲ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ।ਇਸ ਮੌਕੇ ਚੇਅਰਮੈਨ ਸ੍ਰੀ ਸੰਦੀਪ ਸ਼ਰਮਾ, ਵਾਈਸ ਪ੍ਰਧਾਨ ਨਗਰ ਕੌਂਸਲ ਸ੍ਰੀ ਹਰਦੀਪ ਸਿੰਘ ਕਾਲਾ, ਜਨਰਲ ਇੰਸਪੈਕਟਰ ਨਗਰ ਕੌਂਸਲ ਸ੍ਰੀ ਸੋਮਵੀਰ, ਸੈਨਟਰੀ ਇੰਸਪੈਕਟਰ ਸ੍ਰੀ ਪਰਮਜੀਤ ਸਿੰਘ, ਐੱਮ.ਸੀ. ਸ੍ਰੀ ਸੁਖਜਿੰਦਰ ਸਿੰਘ, ਐੱਮ.ਸੀ. ਸ੍ਰੀ ਰਾਮ ਸਿੰਘ ਪੱਪੀ, ਡਾ. ਤਰਸੇਮ ਬਾਂਸਲ, ਜਸਪਾਲ ਸ਼ਰਮਾ, ਗੁਰਮੀਤ ਸਿੰਘ ਅਤੇ ਸਮਾਰਟ ਮੌਰਨਿੰਗ ਵਾਕ ਗਰੁੱਪ ਦੀ ਟੀਮ ਮੈਂਬਰਜ਼ ਤੋਂ ਇਲਾਵਾ ਸ਼ਹਿਰ ਵਾਸੀ ਹਾਜ਼ਰ ਸਨ।

ਜ਼ੋਨਲ ਖੇਡਾਂ ’ਚ ਸੁਪਰੀਮ ਕੌਨਵੈਂਟ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

ਹਠੂਰ (ਨਛੱਤਰ ਸੰਧੂ)-ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਮੋਗਾ ਦਾ ਜ਼ੋਨਲ ਖੇਡਾਂ ਵਿੱਚ ਪ੍ਰਦਰਸ਼ਨ ਬਹੁਤ ਹੀ ਸ਼ਾਨਦਾਰ ਰਿਹਾ।ਜੇਕਰ ਫੁੱਟਬਾਲ ਖੇਡ ਦੀ ਗੱਲ ਕੀਤੀ ਜਾਵੇ ਤਾਂ ਅੰਡਰ 14 ਮੁੰਡਿਆਂ ਦੀ ਟੀਮ ਨੇ ਪਹਿਲਾ ਸਥਾਨ ਤੇ ਅੰਡਰ 17 ਤੇ 19 ਮੁੰਡਿਆਂ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।ਉਧਰ ਫੁੱਟਬਾਲ ਲੜਕੀਆਂ ਦੀ ਟੀਮ ਨੇ ਅੰਡਰ 19 ਕੈਟਾਗਰੀ ਵਿੱਚ ਪਹਿਲਾ, ਅੰਡਰ 14 ਲੜਕੀਆਂ ਦੀ ਟੀਮ ਨੇ ਦੂਸਰਾ ਤੇ ਅੰਡਰ 17 ਲੜਕੀਆਂ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਜੇਕਰ ਕ੍ਰਿਕਟ ਖੇਡ ਦੀ ਗੱਲ ਕੀਤੀ ਜਾਵੇ ਤਾਂ ਅੰਡਰ 19 ਮੁੰਡਿਆਂ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹਾ ਪੱਧਰ ’ਤੇ ਆਪਣਾ ਸਥਾਨ ਬਣਾਇਆ। ਖਿਡਾਰੀਆਂ ਦੇ ਇਸ ਪ੍ਰਦਰਸ਼ਨ ’ਤੇ ਸਕੂਲ ਪ੍ਰਧਾਨ ਚਰਨ ਸਿੰਘ ਸਕੂਲ ਚੇਅਰਮੈਂਨ ਯੋਗਿੰਦਰ ਪ੍ਰਸਾਦ ਸ਼ਰਮਾ ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਸਮੂਹ ਖਿਡਾਰੀਆਂ ਤੇ ਸਟਾਫ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਕੂਲ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿਰਫ ਕਿਤਾਬੀ ਕੀੜੇ ਹੀ ਬਣਾਉਣਾ ਨਹੀਂ ਹੈ, ਸਗੋਂ ਉਨ੍ਹਾਂ ਦਾ ਸਰਵਪੱਖੀ ਵਿਕਾਸ ਕਰਨਾ ਹੈ।

ਅਜ਼ਾਦ ਉਮੀਦਵਾਰ ਰਾਕੇਸ਼ ਬੱਗਾ ਨੇ ਚੋਣ ਪ੍ਰਚਾਰ ਦੀ ਖਿੱਚੀ ਤਿਆਰੀ

ਸਨੌਰ (ਰਾਜਿੰਦਰ ਸਿੰਘ ਬਿੱਟੂ)-ਵਿਧਾਨ ਸਭਾ ਹਲਕਾ ਸਨੌਰ ਤੋਂ ਉੱਘੇ ਸਮਾਜ ਸੇਵੀ ਤੇ ਅਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਰਾਕੇਸ਼ ਬੱਗਾ ਵੱਲੋਂ ਹਲਕੇ ਅੰਦਰ ਦਿਨ ਰਾਤ ਇੱਕ ਕਰਕੇ ਪਿੰਡ-ਪਿੰਡ ਜਾ ਕੇ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ।ਇਸੇ ਮੁਹਿੰਮ ਤਹਿਤ ਉਨ੍ਹਾਂ ਵੱਲੋਂ ਹਲਕੇ ਦੇ ਪਿੰਡ ਜਗਤਪੁਰਾ ਵਿਖੇ ਇੱਕ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ।ਮੀਟਿੰਗ ਵਿੱਚ ਪਹੁੰਚਣ ’ਤੇ ਪਿੰਡ ਵਾਸੀਆਂ ਵੱਲੋਂ ਰਾਕੇਸ਼ ਬੱਗਾ ਦਾ ਫੁੱਲ ਮਾਲਾਵਾਂ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ।ਪਿੰਡ ਦੇ ਸਰਪੰਚ, ਪੰਚਾਂ, ਬਜ਼ੁਰਗਾਂ ਤੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ।ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਰਾਕੇਸ਼ ਬੱਗਾ ਨੇ ਕਿਹਾ ਕਿ ਉਹ ਕਿਸੇ ਵੀ ਵੱਡੀ ਰਾਜਨੀਤਕ ਪਾਰਟੀ ਦੀ ਹਮਾਇਤ ਨਾਲ ਨਹੀਂ, ਸਗੋਂ ਹਲਕਾ ਸਨੌਰ ਦੇ ਲੋਕਾਂ ਦੇ ਪਿਆਰ ਤੇ ਸਹਿਯੋਗ ਸਦਕਾ ਅਜ਼ਾਦ ਉਮੀਦਵਾਰ ਵਜੋਂ ਮੈਦਾਨ ਵਿੱਚ ਨਿੱਤਰੇ ਹਨ।ਉਨ੍ਹਾਂ ਕਿਹਾ ਕਿ ਸਨੌਰ ਹਲਕਾ ਅੱਜ ਵੀ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਹੈ।ਪਿੰਡਾਂ ਵਿੱਚ ਟੁੱਟੀਆਂ ਸੜਕਾਂ, ਗੰਦੇ ਪਾਣੀ ਦੀ ਨਿਕਾਸੀ ਤੇ ਨੌਜਵਾਨਾਂ ਵਿੱਚ ਵੱਧ ਰਿਹਾ ਨਸ਼ਾ ਸਭ ਤੋਂ ਵੱਡੀ ਸਮੱਸਿਆ ਹੈ।ਉਨ੍ਹਾਂ ਵਾਅਦਾ ਕੀਤਾ ਕਿ ਜੇਕਰ ਹਲਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਇੱਕ ਵਾਰ ਸੇਵਾ ਦਾ ਮੌਕਾ ਦਿੱਤਾ ਤਾਂ ਉਹ ਹਲਕੇ ਦਾ ਚਹੁੰ-ਮੁਖੀ ਵਿਕਾਸ ਕਰਵਾਉਣਗੇ।ਅੰਤ ਵਿੱਚ ਪਿੰਡ ਜਗਤਪੁਰਾ ਦੇ ਲੋਕਾਂ ਨੇ ਰਾਕੇਸ਼ ਬੱਗਾ ਨੂੰ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ ਤੇ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦਾ ਭਰੋਸਾ ਦਿਵਾਇਆ।

ਮਾਲਵਾ ਸਕੂਲ ਵਿਖੇ ਜ਼ਿਲ੍ਹਾ ਪੱਧਰੀ ਤੈਰਾਕੀ ਮੁਕਾਬਲੇ ਕਰਵਾਏ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਬੀਬੀ ਸੁਰਿੰਦਰ ਕੌਰ ਬਾਦਲ ਮਾਲਵਾ ਸਕੂਲ ਗਿੱਦੜਬਾਹਾ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਮੁਕਤਸਰ ਸਾਹਿਬ ਤੇ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਰਜਿੰਦਰ ਸੋਨੀ ਦੇ ਦਿਸ਼ਾ-ਨਿਰਦੇਸ਼ਾਂ ਤੇ ਸਪੋਰਟਸ ਕੋਆਰਡੀਨੇਟਰ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਤੈਰਾਕੀ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਖਿਡਾਰੀਆਂ ਨੇ ਹਿੱਸਾ ਲਿਆ।ਅੰਡਰ-14 ਲੜਕੀਆਂ ਦੇ 50 ਮੀਟਰ ਫ੍ਰੀ-ਸਟਾਈਲ ਮੁਕਾਬਲੇ ਵਿੱਚ ਮਨਜਸ ਸਿੰਘ ਨੇ ਪਹਿਲਾ, ਵਿਰਾਟ ਨੇ ਦੂਜਾ ਤੇ ਮਨਵੀਰ ਨੇ ਤੀਜਾ ਸਥਾਨ ਹਾਸਲ ਕੀਤਾ।ਅੰਡਰ-14 ਲੜਕੀਆਂ ਦੇ 50 ਮੀਟਰ ਫ੍ਰੀ-ਸਟਾਈਲ ਮੁਕਾਬਲੇ ਵਿੱਚ ਰਬਕੀਰਤ ਕੌਰ ਨੇ ਪਹਿਲਾ, ਸੁਭਰੀਤ ਕੌਰ ਨੇ ਦੂਜਾ ਤੇ ਹਰਕੀਰਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਅੰਡਰ-17 ਲੜਕਿਆਂ ਦੇ ਫ੍ਰੀ-ਸਟਾਈਲ ਮੁਕਾਬਲਿਆਂ ’ਚ ਅਰਨਵ ਸਿੰਘ ਨੇ ਪਹਿਲਾ ਤੇ ਹਰਮਨ ਸਿੰਘ ਨੇ ਦੂਜਾ, ਜਦਕਿ 50 ਮੀਟਰ ਮੁਕਾਬਲੇ ’ਚ ਰਣਕ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਅੰਡਰ-17 ਲੜਕੀਆਂ ਦੇ 100 ਮੀਟਰ ਫ੍ਰੀ-ਸਟਾਈਲ ਮੁਕਾਬਲੇ ’ਚ ਸੁਭਪ੍ਰੀਤ ਕੌਰ ਨੇ ਪਹਿਲਾ ਤੇ ਹਰਸ਼ਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਅੰਡਰ-19 ਲੜਕਿਆਂ ਦੇ 50 ਮੀਟਰ ਫ੍ਰੀ-ਸਟਾਈਲ ਮੁਕਾਬਲੇ ’ਚ ਮਹਿਤਾਬ ਸਿੰਘ ਨੇ ਪਹਿਲਾ ਤੇ ਗੁਰਸ਼ਹਿਬਾਜ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਮੁਕਾਬਲਿਆਂ ਵਿੱਚ ਜੇਤੂ ਰਹੇ ਖਿਡਾਰੀਆਂ ਨੂੰ ਪ੍ਰਿੰਸੀਪਲ ਜਸਬੀਰ ਸਿੰਘ ਤੇ ਸਪੋਰਟਸ ਕੋਆਰਡੀਨੇਟਰ ਸੁਰਿੰਦਰ ਸਿੰਘ ਵੱਲੋਂ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਜਸਬੀਰ ਸਿੰਘ, ਡੀ. ਐੱਮ. ਸੁਰਿੰਦਰ ਸਿੰਘ, ਕਨਵੀਨਰ ਤਰਸੇਮ ਸਿੰਘ, ਕੋਚ ਜਸ਼ਨਦੀਪ ਕੌਰ, ਸਵਪ੍ਰੀਤ ਸਿੰਘ, ਗੁਰਚਰਨ ਸਿੰਘ, ਸੁਰਿੰਦਰ ਸਿੰਘ, ਵੀਰਪਾਲ ਕੌਰ, ਬੇਅੰਤ ਕੌਰ, ਰਮਨ ਕੌਰ ਤੇ ਸਟਾਫ ਮੈਂਬਰ ਹਾਜ਼ਰ ਸਨ।

ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਮੰਚ ਨੇ ਮੁੱਖ ਮੰਤਰੀ ਦੇ ਟਵੀਟ ਦੀਆਂ ਕਾਪੀਆਂ ਸਾੜੀਆਂ

ਲੁਧਿਆਣਾ (ਸਤੀਸ਼ ਸਚਦੇਵਾ)-ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਮੰਚ ਪੰਜਾਬ ਦੇ ਸੱਦੇ ’ਤੇ ਸਮੂਹ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੀ ਕਮੇਟੀ ਪੰਜਾਬ ਵੱਲੋਂ ਸਰਕਾਰ ਦੇ ਤਾਨਾਸ਼ਾਹੀ ਰਵੱਈਏ, ਮੁਲਾਜ਼ਮ ਜਥੇਬੰਦੀਆਂ ਨੂੰ ਮੀਟਿੰਗਾਂ ਤੋਂ ਜਵਾਬ ਦੇਣ ਤੇ ਮੁਲਾਜ਼ਮਾਂ ਵਿਰੁੱਧ ਕੀਤੇ ਟਵੀਟ ਦੀਆਂ ਕੌਂਤਰਾ ਵਿਖੇ ਕਾਪੀਆਂ ਸਾੜੀਆਂ ਗਈਆਂ।ਸਾਰੇ ਵਿਭਾਗਾਂ ਦੇ ਆਗੂਆਂ ਨੇ ਸਰਕਾਰ ਨੂੰ ਸਖ਼ਤ ਲਹਿਜ਼ੇ ਵਿੱਚ ਚੇਤਾਵਨੀ ਦਿੱਤੀ ਕਿ ਜੇਕਰ ਸਾਡੀਆਂ ਮੰਗਾਂ ਨਾ ਮੰਨੀਆ ਗਈਆਂ ਤਾਂ ਆਮ ਆਦਮੀ ਪਾਰਟੀ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ। ਮੁਲਾਜ਼ਮ ਆਗੂਆਂ ਨੇ ਮੰਗਾਂ ਨਾ ਮੰਨਣ ਦੀ ਸੂਰਤ ’ਚ ਭਗਵੰਤ ਮਾਨ ਸਰਕਾਰ ਦਾ ਤਖਤਾ ਪਲਟਣ ਦਾ ਸੱਦਾ ਦਿੱਤਾ, ਜਿਸ ਨੂੰ ਸਾਰੇ ਹਾਜ਼ਰ ਮੁਲਾਜ਼ਮਾਂ ਨੇ ਜੈਕਾਰਿਆਂ ਦੀ ਗੂੰਜ ’ਚ ਪ੍ਰਵਾਨ ਚੜ੍ਹਾਉਣ ਦਾ ਸੰਕਲਪ ਕੀਤਾ।ਆਗੂਆਂ ਨੇ ਮੁਲਾਜ਼ਮ ਮੰਗਾਂ ਬਾਰੇ ਗੱਲ ਕਰਦਿਆਂ ਦੱਸਿਆ ਕਿ ਮੁਲਾਜ਼ਮਾਂ ਦੀਆਂ ਪ੍ਰਮੁੱਖ ਮੰਗਾਂ ਵਿੱਚ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, 17-07-2020 ਦਾ ਪੱਤਰ ਰੱਦ ਕਰਕੇ ਪੰਜਾਬ ਦਾ ਛੇਵਾਂ ਤਨਖ਼ਾਹ ਕਮਿਸ਼ਨ ਲਾਗੂ ਕਰਨਾ, 35400 ਸਕੇਲ ਲਾਗੂ ਕਰਵਾਉਣ, ਬਕਾਇਆ ਡੀ.ਏ. ਦੀਆਂ ਕਿਸ਼ਤਾਂ ਤੇ ਏਰੀਅਰ ਜਾਰੀ ਕਰਨਾ, ਏ.ਸੀ.ਪੀ. ਸਕੀਮ ਅਧੀਨ 4-9-14 ਸਾਲਾ ਸੇਵਾ ਲਾਭ ਦੇਣਾ, ਪ੍ਰੋਬੇਸ਼ਨ ਸਮਾਂ ਇੱਕ ਸਾਲ ਕਰਕੇ ਪੂਰੀ ਤਨਖ਼ਾਹ ਤੇ ਭੱਤੇ ਦੇਣਾ, ਆਊਟਸੋਰਸ ਤੇ ਕੰਟਰੈਕਟ ਮੁਲਾਜ਼ਮਾਂ ਨੂੰ ਪੱਕਾ ਕਰਨਾ ਅਤੇ ਤਰਸ ਦੇ ਆਧਾਰ ’ਤੇ ਭਰਤੀ ਮੁਲਾਜ਼ਮਾਂ ਤੋਂ ਟਾਈਪ ਟੈਸਟ ਦੀ ਸ਼ਰਤ ਖ਼ਤਮ ਕਰਨਾ ਤੇ ਬਣਦੇ ਸਕੇਲ ਦੇਣ ਸਮੇਤ ਹੋਰ ਲੰਬਿਤ ਮੰਗਾਂ ਸ਼ਾਮਲ ਹਨ। ਯੂਨੀਅਨ ਆਗੂਆਂ ਨੇ ਮਾਸ ਲੀਵ ਲੈ ਕੇ ਸੰਘਰਸ਼ ਵਿੱਚ ਕੁੱਦੇ ਸਾਰੇ ਮੁਲਾਜ਼ਮਾਂ ਦਾ ਧੰਨਵਾਦ ਵੀ ਕੀਤਾ। ਇਸ ਸਮੇਂ ਵੱਖ ਵੱਖ ਮੁਲਾਜ਼ਮ ਆਗੂ ਧਰਮਜੀਤ ਸਿੰਘ ਢਿੱਲੋਂ, ਜਗਜੀਤ ਸਿੰਘ ਮਾਨ, ਹਰਪ੍ਰੀਤ ਸਿੰਘ ਗਰੇਵਾਲ ਪੀ ਡਬਲਯੂ ਡੀ ਫ਼ੀਲਡ ਵਰਕਸ਼ਾਪ ਵਰਕਰ ਯੂਨੀਅਨ ਲੁਧਿਆਣਾ, ਸਤਿੰਦਰ ਕੁਮਾਰ ਸੂਦ ਕੋਆਪ੍ਰੇਟਿਵ ਡੀਪਾਰਟਮੈਂਟ, ਰੁਪਿੰਦਰ ਪਾਲ ਸਿੰਘ ਗਿੱਲ ਡੀ ਟੀ ਐੱਫ, ਹਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਬਲਰਾਜ ਸਿੰਘ, ਗੁਰਦੀਪ ਸਿੰਘ ਹਰਜਿੰਦਰ ਸਿੰਘ ਖੱਖ, ਹਰਭਜਨ ਸਿੰਘ ਢਿੱਲੋਂ, ਜਗਦੀਪ ਸਿੰਘ, ਅਮਨਦੀਪ ਖੇੜਾ, ਸੁਰਿੰਦਰ ਕੁਮਾਰ, ਲਖਵੀਰ ਸਿੰਘ, ਸਰਬਜੀਤ ਸਿੰਘ ਅਨੁਰਾਗ ਜੋਸ਼ੀ, ਰਾਜੀਵ ਡੋਗਰਾ, ਰਾਜਵਿੰਦਰ ਸਿੰਘ, ਅਭਿਸ਼ੇਕ ਤੇ ਅਧਿਆਪਕ ਸਾਥੀ ਹਾਜ਼ਰ ਹੋਏ।

ਰੇਲਿੰਗ ਨਾ ਲੱਗੀ ਤਾਂ ਕਰਾਂਗੇ ਪੁਲ ਜਾਮ : ਮੇਸ਼ੀ ਸਹੋਤਾ

ਜਗਰਾਉਂ (ਅਮਿਤ ਖੰਨਾ)-ਝਾਂਸੀ ਰਾਣੀ ਚੌਕ ਨੇੜੇ ਸਥਿਤ ਰੇਲਵੇ ਪੁਲ ’ਤੇ ਸੁਰੱਖਿਆ ਰੇਲਿੰਗ ਦਾ ਮਾਮਲਾ ਹੁਣ ਗੰਭੀਰ ਰੂਪ ਧਾਰਦਾ ਜਾ ਰਿਹਾ ਹੈ।ਕਰੀਬ ਚਾਰ ਮਹੀਨੇ ਬੀਤ ਜਾਣ ਦੇ ਬਾਵਜੂਦ ਹਟਾਈ ਗਈ ਸੁਰੱਖਿਆ ਰੇਲਿੰਗ ਨੂੰ ਮੁੜ ਨਾ ਲਗਾਇਆ ਜਾਣਾ ਪ੍ਰਸ਼ਾਸਨ ਤੇ ਸਬੰਧਤ ਵਿਭਾਗਾਂ ਦੀ ਕਾਰਗੁਜ਼ਾਰੀ ’ਤੇ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ।ਲੋਕਾਂ ਵਿੱਚ ਇਸ ਗੱਲ ਨੂੰ ਲੈ ਕੇ ਭਾਰੀ ਰੋਸ ਹੈ ਕਿ ਆਖ਼ਿਰ ਲੋਕਾਂ ਦੀ ਜਾਨ ਤੇ ਸੁਰੱਖਿਆ ਨਾਲ ਜੁੜੇ ਇਸ ਗੰਭੀਰ ਮਾਮਲੇ ਨੂੰ ਇੰਨੀ ਲੰਮੀ ਦੇਰੀ ਕਿਉਂ ਝੱਲਣੀ ਪੈ ਰਹੀ ਹੈ। ਇਲਾਕੇ ਦੇ ਲੋਕਾਂ ਦਾ ਸਿੱਧਾ ਸਵਾਲ ਹੈ ਕਿ ਕੀ ਪ੍ਰਸ਼ਾਸਨ ਕਿਸੇ ਵੱਡੀ ਘਟਨਾ ਦਾ ਇੰਤਜ਼ਾਰ ਕਰ ਰਿਹਾ ਹੈ? ਜਦੋਂ ਇਸ ਪੁਲ ’ਤੇ ਦਿਨ-ਰਾਤ ਆਵਾਜਾਈ ਜਾਰੀ ਰਹਿੰਦੀ ਹੈ ਤੇ ਸਥਿਤੀ ਪਹਿਲਾਂ ਹੀ ਸੰਵੇਦਨਸ਼ੀਲ ਬਣੀ ਹੋਈ ਹੈ ਤਾਂ ਸੁਰੱਖਿਆ ਪ੍ਰਬੰਧਾਂ ਵਿੱਚ ਮਹੀਨਿਆਂ ਦੀ ਦੇਰੀ ਨੂੰ ਆਖ਼ਿਰ ਕਿਵੇਂ ਜਾਇਜ਼ ਠਹਿਰਾਇਆ ਜਾ ਸਕਦਾ ਹੈ। ਇਸ ਮਾਮਲੇ ਨੂੰ ਲੈ ਕੇ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਕੌਂਸਲਰ ਰਮੇਸ਼ ਕੁਮਾਰ ਮੇਸ਼ੀ ਸਹੋਤਾ ਨੇ ਪ੍ਰਸ਼ਾਸਨ ਤੇ ਸਬੰਧਤ ਵਿਭਾਗਾਂ ਨੂੰ ਤਿੱਖੇ ਸਵਾਲਾਂ ਦੇ ਘੇਰੇ ਵਿੱਚ ਲਿਆ ਹੈ।ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੁਲ ਦੀ ਦੀਵਾਰ ਦੇ ਨਾਲ ਸੁਰੱਖਿਆ ਰੇਲਿੰਗ ਲੱਗਣਾ ਬਹੁਤ ਜ਼ਰੂਰੀ ਹੈ ਤੇ ਲੋਕਾਂ ਦੀ ਜਾਨ ਨਾਲ ਕਿਸੇ ਵੀ ਤਰ੍ਹਾਂ ਦਾ ਖਿਲਵਾੜ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੜਕ ਨਿਰਮਾਣ ਦੇ ਕੰਮ ਦੌਰਾਨ ਰੇਲਿੰਗ ਹਟਾਈ ਗਈ ਸੀ, ਪਰ ਕੰਮ ਮੁਕੰਮਲ ਹੋਣ ਦੇ ਬਾਵਜੂਦ ਇਸ ਨੂੰ ਮੁੜ ਲਗਾਉਣ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ।ਮੇਸ਼ੀ ਸਹੋਤਾ ਨੇ ਸਵਾਲ ਕੀਤਾ ਕਿ ਜੇਕਰ ਰੇਲਿੰਗ ਲਗਾਉਣ ਲਈ ਸਾਮਾਨ ਮੌਜੂਦ ਹੈ ਤਾਂ ਫਿਰ ਚਾਰ ਮਹੀਨਿਆਂ ਤੋਂ ਇਹ ਕੰਮ ਕਿਸ ਕਾਰਨ ਅਟਕਿਆ ਹੋਇਆ ਹੈ? ਜ਼ਿੰਮੇਵਾਰ ਅਧਿਕਾਰੀ ਜਨਤਾ ਨੂੰ ਇਹ ਸਪੱਸ਼ਟ ਕਰਨ ਕਿ ਇਸ ਦੇਰੀ ਲਈ ਜ਼ਿੰਮੇਵਾਰ ਕੌਣ ਹੈ ਤੇ ਰੇਲਿੰਗ ਆਖ਼ਰ ਕਦੋਂ ਤੱਕ ਲਗਾਈ ਜਾਵੇਗੀ। ਮੇਸ਼ੀ ਸਹੋਤਾ ਨੇ ਕਿਹਾ ਕਿ ਇਸ ਮਾਮਲੇ ਨੂੰ ਕਿਸੇ ਵੀ ਹਾਲਤ ਵਿੱਚ ਰਾਜਨੀਤਕ ਮੁੱਦਾ ਨਹੀਂ ਬਣਾਇਆ ਜਾਣਾ ਚਾਹੀਦਾ।ਉਨ੍ਹਾਂ ਕਿਹਾ ਕਿ ਪਹਿਲਾਂ ਹੀ ਸਾਰਾ ਸ਼ਹਿਰ ਰਾਜਨੀਤੀ ਦੀ ਭੇਟ ਚੜ੍ਹ ਚੁੱਕਾ ਹੈ।ਹੁਣ ਲੋਕਾਂ ਦੀ ਸੁਰੱਖਿਆ ਨਾਲ ਜੁੜੇ ਮਾਮਲੇ ਨੂੰ ਵੀ ਰਾਜਨੀਤੀ ਦੀ ਭੇਟ ਨਾ ਚੜ੍ਹਾਇਆ ਜਾਵੇ।ਉਨ੍ਹਾਂ ਜਗਰਾਓਂ ਦੇ ਸਮੂਹ ਕੌਂਸਲਰਾਂ, ਸਮਾਜਸੇਵੀਆਂ ਤੇ ਸ਼ਹਿਰ ਦੀਆਂ ਸਮਾਜਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਸ ਗੰਭੀਰ ਮਸਲੇ ਲਈ ਅੱਗੇ ਆਉਣ।ਉਨ੍ਹਾਂ ਕਿਹਾ ਕਿ ਇਹ ਕਿਸੇ ਇੱਕ ਪਾਰਟੀ, ਇੱਕ ਵਿਅਕਤੀ ਜਾਂ ਇੱਕ ਸੰਸਥਾ ਦਾ ਮੁੱਦਾ ਨਹੀਂ, ਸਗੋਂ ਹਰ ਉਸ ਰਾਹਗੀਰ ਤੇ ਵਾਹਨ ਚਾਲਕ ਦੀ ਸੁਰੱਖਿਆ ਦਾ ਸਵਾਲ ਹੈ, ਜੋ ਰੋਜ਼ਾਨਾ ਇਸ ਪੁਲ ਤੋਂ ਲੰਘਦਾ ਹੈ।

ਮੁਲਾਜ਼ਮਾਂ-ਪੈਨਸ਼ਨਰਾਂ ਨੇ ਭਵਾਨੀਗੜ੍ਹ ’ਚ ਰੋਸ ਮਾਰਚ ਕਰਕੇ ਫੂਕੀ ਮੁੱਖ ਮੰਤਰੀ ਦੀ ਅਰਥੀ

ਭਵਾਨੀਗੜ੍ਹ (ਰਾਜ ਖੁਰਮੀ)-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਪੰਜਾਬ ਮੁਲਾਜ਼ਮ ਮੰਚ ਦੀ ਸਾਂਝੀ ਤਾਲਮੇਲ ਕਮੇਟੀ ਦੇ ਸੂਬਾ ਪੱਧਰੀ ਸੱਦੇ ਤਹਿਤ ਭਵਾਨੀਗੜ੍ਹ ਵਿਖੇ ਸੈਂਕੜੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ।ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਥੇਬੰਦੀਆਂ ਨਾਲ ਮੀਟਿੰਗ ਤੋਂ ਮੁਕਰਨ ਤੇ ਮੁਲਾਜ਼ਮਾਂ-ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਨਾਂਹ-ਪੱਖੀ ਰਵੱਈਆ ਅਪਣਾਉਣ ਦੇ ਵਿਰੋਧ ਵਿੱਚ ਰੋਸ ਮਾਰਚ ਕਰਦਿਆਂ ਸ਼ਹੀਦ ਭਗਤ ਸਿੰਘ ਚੌਕ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਰਥੀ ਸਾੜੀ ਗਈ।ਰਘਵੀਰ ਸਿੰਘ ਭਵਾਨੀਗੜ੍ਹ ਤੇ ਸਤਨਾਮ ਸਿੰਘ ਸੰਧੂ ਦੀ ਅਗਵਾਈ ਹੇਠ ਕੀਤੇ ਇਸ ਰੋਸ ਪ੍ਰਦਰਸ਼ਨ ਦੌਰਾਨ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਹੱਕੀ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ, ਜਿਸ ਕਾਰਨ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਮੌਕੇ ਆਗੂਆਂ ਰਘਵੀਰ ਸਿੰਘ ਭਵਾਨੀਗੜ੍ਹ, ਸਤਨਾਮ ਸਿੰਘ ਸੰਧੂ, ਕੰਵਲਜੀਤ ਸਿੰਘ, ਬਲਕਾਰ ਸਿੰਘ, ਚਰਨ ਸਿੰਘ ਚੋਪੜਾ, ਕੇਵਲ ਸਿੰਘ ਸਿੱਧੂ, ਬਲਦੇਵ ਸਿੰਘ, ਜਗਮੇਲ ਸਿੰਘ, ਰਾਮ ਸਰੂਪ, ਕੁਲਵੰਤ ਸਿੰਘ ਖਨੌਰੀ ਤੇ ਕਰਮਜੀਤ ਨਦਾਮਪੁਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਨੇ ਜੇਕਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਜਲਦ ਲਾਗੂ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਆਗੂਆਂ ਨੇ ਦੋਸ਼ ਲਾਇਆ ਕਿ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਬਕਾਇਆ ਡੀ.ਏ. ਦੀ ਕਿਸ਼ਤ ਜਾਰੀ ਨਹੀਂ ਕੀਤੀ ਗਈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਵਾਰ-ਵਾਰ ਮੀਟਿੰਗਾਂ ਦਾ ਸਮਾਂ ਦੇਣ ਦੇ ਬਾਵਜੂਦ ਗੱਲਬਾਤ ਨਾ ਕਰਨ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪਿਆ ਹੈ।ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਕੀਤੀ ਮਹਾਂ ਹੜਤਾਲ ਨੂੰ ਮੁਲਾਜ਼ਮਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ, ਜਿਸ ਕਾਰਨ ਸਰਕਾਰ ਘਬਰਾਹਟ ਵਿੱਚ ਹੈ।

ਆਗੂਆਂ ਨੇ ਕਿਹਾ ਕਿ 30 ਅਗਸਤ ਨੂੰ ਮੁੱਖ ਮੰਤਰੀ ਨਾਲ ਹੋਣ ਵਾਲੀ ਜਥੇਬੰਦੀਆਂ ਦੀ ਬੈਠਕ ਤੋਂ ਬਾਅਦ ਸਰਕਾਰ ਦੇ ਰਵੱਈਏ ਨੂੰ ਦੇਖਦਿਆਂ ਅਗਲੇ ਸੰਘਰਸ਼ ਦੀ ਰੂਪ-ਰੇਖਾ ਤੈਅ ਕੀਤੀ ਜਾਵੇਗੀ।

ਸਫਾ 1 ਦੇ ਬਾਕੀ...

ਦਿੱਲੀ ਰੈਲੀ ਪ੍ਰਤੀ ...

ਉਤਸ਼ਾਹ ਪੈਦਾ ਕੀਤਾ, ਜਿਸ ਦਾ ਹੀ ਸਿੱਟਾ ਹੈ ਕਿ ਪੰਜਾਬ ਤੋਂ ਹਜ਼ਾਰਾਂ ਪਾਰਟੀ ਵਰਕਰ ਅਤੇ ਹਮਦਰਦ ਹੁੰਮ-ਹੁਮਾ ਕੇ ਦਿੱਲੀ ਰੈਲੀ ਵਿਚ ਸ਼ਾਮਲ ਹੋਣਗੇ। ਸੀਨੀਅਰ ਆਗੂ ਕਾਮਰੇਡ ਜਗਰੂਪ ਸਿੰਘ ਨੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਲਗਾਤਾਰ ਲਾਮਬੰਦ ਕਰਕੇ ਦਿੱਲੀ ਰੈਲੀ ਵਿਚ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਣ ਦੀ ਤਿਆਰੀ ਕਰਵਾਈ ਹੈ। ਭਾਰਤੀ ਕਮਿਊਨਿਸਟ ਪਾਰਟੀ ਨੇ ਜਿਹਨਾਂ ਨਾਅਰਿਆਂ ਨੂੰ ਲੈ ਕੇ ਇਸ ਰੈਲੀ ਨੂੰ “ਬਦਲਾਅ ਜ਼ਰੂਰੀ ਹੈ” ਦਾ ਨਾਂਅ ਦਿੱਤਾ ਹੈ, ਉਹ ਬਹੁਤ ਹੀ ਢੁਕਵਾਂ ਨਾਅਰਾ ਅਤੇ ਢੁਕਵਾਂ ਸਮਾਂ ਹੈ, ਜਦੋਂ ਬੀ ਜੇ ਪੀ ਦੀ ਮੋਦੀ ਸਰਕਾਰ ਦਾ ਤਾਨਾਸ਼ਾਹੀ, ਫਿਰਕਾਪ੍ਰਸਤ, ਸੰਵਿਧਾਨ-ਵਿਰੋਧੀ, ਨਫਰਤ, ਲੁੱਟ-ਖਸੁੱਟ ਅਤੇ ਲੋਕ-ਵਿਰੋਧੀ, ਕਾਰਪੋਰੇਟ-ਪੱਖੀ ਨੀਤੀਆਂ ਦਾ ਕਰੂਪ ਚਿਹਰਾ ਅਤੇ ਚਰਿੱਤਰ ਆਮ ਜਨਤਾ ਨੂੰ ਸਮਝ ਪੈ ਚੁੱਕਾ ਹੈ ਅਤੇ ਜਨਤਾ ਹੁਣ ਮੋਦੀ ਨੂੰ ਗੱਦੀ ’ਤੇ ਨਹੀਂ ਵੇਖਣਾ ਚਾਹੁੰਦੀ ਤੇ ਜਨਤਾ ਹੁਣ ਬਦਲਾਅ ਚਾਹੁੰਦੀ ਹੈ, ਕਿਉਂਕਿ ਲੋਕ ਵੇਖ ਰਹੇ ਹਨ ਕਿ ਬੀ ਜੇ ਪੀ ਸਰਕਾਰ ਦੇ ਭਾਰਤੀ ਸੰਵਿਧਾਨ ਸੰਘੋ ਨਹੀਂ ਉਤਰਦਾ, ਉਹ ਸੰਵਿਧਾਨ ਖਤਮ ਕਰਨਾ ਚਾਹੁੰਦੀ ਹੈ, ਉਹ ਸੰਵਿਧਾਨ ਨੂੰ ਬੜੀ ਚਤੁਰਾਈ ਨਾਲ ਖੋਰਾ ਲਾ ਰਹੀ ਹੈ, ਇਸ ਸਰਕਾਰ ਨੇ ਦੇਸ਼ ਦੀ ਧੰਨ-ਦੌਲਤ ਦੀ ਲੁੱਟ ਦੇ ਦਰਵਾਜ਼ੇ ਅਡਾਨੀਆਂ-ਅੰਬਾਨੀਆਂ ਵਰਗੇ ਕਾਰਪੋਰੇਟਾਂ ਲਈ ਬੜੀ ਨਿਰਲੱਜਤਾ ਨਾਲ ਖੋਲ੍ਹ ਦਿੱਤੇ ਹਨ। ਘੱਟ-ਗਿਣਤੀਆਂ ’ਤੇ ਹਰ ਦਿਨ ਹਮਲੇ ਕੀਤੇ ਜਾ ਰਹੇ ਹਨ ਅਤੇ ਹਮਲਾਵਰ ਟੋਲਿਆਂ ਨੂੰ ਸਰਕਾਰੀ ਸ਼ਹਿ ਅਤੇ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਮੁਸਲਿਮ ਘੱਟ-ਗਿਣਤੀ ਦਾ ਤਾਂ ਜੀਣਾ ਦੁੱਭਰ ਕੀਤਾ ਪਿਆ ਹੈ। ਫੈਡਰਲ ਢਾਂਚਾ ਬੇਹੱਦ ਕਮਜ਼ੋਰ ਕਰ ਦਿੱਤਾ ਗਿਆ ਹੈ। ਹਰ ਕਿਸਮ ਦੀਆਂ ਪਾਵਰਾਂ ਦਾ ਕੇਂਦਰੀਕਰਨ ਕਰ ਦਿੱਤਾ ਗਿਆ ਹੈ। 15 ਕਰੋੜ ਪਰਵਾਰਾਂ ਦੇ ਗੁਜ਼ਾਰੇ ਦਾ ਕੁਝ ਸਾਧਨ ਮਨਰੇਗਾ ਕਾਨੂੰਨ ਖਤਮ ਕਰ ਦਿੱਤਾ। ਐੱਸ ਆਈ ਆਰ ਰਾਹੀਂ ਕਰੋੜਾਂ ਵੋਟਾਂ ਕੱਟ ਦਿੱਤੀਆਂ ਗਈਆਂ, ਵਿੱਦਿਆ ਦੇ ਭਗਵੇਂਕਰਨ ਦੀ ਕਵਾਇਦ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ, ਕਿਤਾਬਾਂ-ਸਿਲੇਬਸਾਂ ਵਿੱਚੋਂ ਸੰਵਿਧਾਨ ਦੀ ਪ੍ਰਸਤਾਵਨਾ, ਕਈ ਦੇਸ਼ਾਂ ਦੇ ਲੋਕ-ਪੱਖੀ ਇਨਕਲਾਬਾਂ ਦੀ ਜਾਣਕਾਰੀ ਹਟਾ ਦਿੱਤੀ ਗਈ ਹੈ। ਮਨੂੰ ਸਮਰਿਤੀ ਦੇ ਹਵਾਲੇ ਸਿਲੇਬਸਾਂ ਵਿਚ ਪਾ ਦਿੱਤੇ ਗਏ, ਇਤਿਹਾਸ ਦੇ ਸੱਚ ਨੂੰ ਹਟਾ ਕੇ ਝੂਠ ਪੜ੍ਹਾਇਆ ਜਾਣ ਲੱਗਾ ਹੈ, ਬੇਰੁਜ਼ਗਾਰ ਨੌਜੁਆਨਾਂ ਲਈ ਰੁਜ਼ਗਾਰ ਦੇ ਕੋਈ ਪ੍ਰਬੰਧ ਨਹੀਂ ਕੀਤੇ ਜਾ ਰਹੇ ਹਨ, ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਕਰਦੇ 29 ਲੇਬਰ ਕਾਨੂੰਨ ਤੋੜ ਕੇ ਮਾਲਕਾਂ ਦੇ ਪੱਖ ਦੇ ਚਾਰ ਲੇਬਰ ਕੋਡ ਬਣਾ ਦਿੱਤੇ ਗਏ ਹਨ, ਭ੍ਰਿਸ਼ਟਾਚਾਰ ਸਿਖਰਾਂ ’ਤੇ ਹੈ, ਕਾਰਪੋਰੇਟਾਂ ਦੇ ਕਰਜ਼ੇ ਮੁਆਫ ਕੀਤੇ ਜਾ ਰਹੇ ਹਨ, ਤਾਜ਼ੀ ਮਿਸਾਲ ਸੁਭਾਸ਼ ਚੰਦਰਾ ਦੀ ਹੈ, ਜਿਸ ਦਾ 22000 ਕਰੋੜ ਰੁਪਏ ਦਾ ਕਰਜ਼ਾ ਸਿਰਫ 6.5 ਕਰੋੜ ਲੈ ਕੇ ਮੁਆਫ ਕਰ ਦਿੱਤਾ ਹੈ। ਦੂਜੇ ਪਾਸੇ ਦੇਸ਼ ਦੀ ਜਨਤਾ ਦੇ ਵੱਡੇ ਹਿੱਸੇ ਗਰੀਬੀ ਅਤੇ ਗੁਰਬਤ ਵਿਚ ਦਿਨ ਕਟੀ ਕਰ ਰਹੇ ਹਨ, ਮੁਕਤ ਵਪਾਰ ਸਮਝੌਤਾ ਨੇਪਰੇ ਚਾੜ੍ਹਨ ਦੀ ਤੇਜ਼ੀ ਨਾਲ ਕਾਹਲੀ ਕੀਤੀ ਜਾ ਰਹੀ ਹੈ। ਐੱਮ ਐੱਸ ਪੀ ਦੀ ਗਰੰਟੀ ਦਾ ਕਾਨੂੰਨ ਨਾ ਬਣਾਉਣਾ, ਕਿਸਾਨਾਂ ਅਤੇ ਮਜ਼ਦੂਰਾਂ ਦਾ ਕਰਜ਼ਾ ਮੁਆਫ ਨਾ ਕਰਨਾ, ਬਿਜਲੀ ਬਿੱਲ, ਸੀਡ ਬਿੱਲ ਸਭ ਸਿੱਧੇ ਤੌਰ ’ਤੇ ਕਿਸਾਨੀ ਕਿੱਤੇ ਨੂੰ ਖਤਮ ਕਰਨ ਦੀਆਂ ਵਿਉਂਤਬੰਦੀਆਂ ਕੀਤੀਆਂ ਜਾ ਰਹੀਆਂ ਹਨ। ਮਹਿੰਗਾਈ ਨੇ ਗਰੀਬਾਂ ਦਾ ਕਚੂੰਮਰ ਕੱਢ ਰੱਖਿਆ ਹੈ, ਚੀਨੀ ਅਤੇ ਪਿਆਜ਼ 70 ਰੁਪਏ ਕਿਲੋ ਵਿਕ ਰਹੇ ਹਨ, ਪਬਲਿਕ ਸੈਕਟਰ ਦਾ ਤੇਜ਼ ਰਫਤਾਰੀ ਨਾਲ ਨਿੱਜੀਕਰਨ ਕਰਕੇ ਖਾਤਮੇ ਦੇ ਨੇੜੇ ਪਹੁੰਚਾ ਦਿੱਤਾ ਹੈ ਅਤੇ ਕੌਡੀਆਂ ਦੇ ਭਾਅ ਕਾਰਪੋਰੇਟਾਂ ਦੀ ਝੋਲੀ ਵਿੱਚ ਪਾ ਦਿੱਤਾ ਗਿਆ ਹੈ। ਸੰਵਿਧਾਨਕ ਸੰਸਥਾਵਾਂ ਨੂੰ ਬੇਹੱਦ ਕਮਜ਼ੋਰ ਕਰਕੇ ਰ ਸ ਸ, ਬੀ ਜੇ ਪੀ ਆਪਣੇ ਹਿੱਤਾਂ ਲਈ ਵਰਤ ਰਹੀ ਹੈ। ਸੀ ਬੀ ਆਈ, ਈ ਡੀ, ਯੂ ਏ ਪੀ ਏ, ਵਿਜੀਲੈਂਸ ਆਦਿ ਦੀ ਵਰਤੋਂ ਵਿਰੋਧੀਆਂ ਨੂੰ ਦਬਾਉਣ ਅਤੇ ਚੁੱਪ ਕਰਾਉਣ ਲਈ ਕੀਤੀ ਜਾ ਰਹੀ ਹੈ। ਪ੍ਰੈੱਸ ਦੀ ਆਜ਼ਾਦੀ ਲੱਗਭੱਗ ਸਮਾਪਤ ਕਰ ਦਿੱਤੀ ਗਈ ਹੈ। ਅੱਜ ਦੇਸ਼ ਦੇ ਲੋਕਾਂ ਨੂੰ ਇਨ੍ਹਾਂ ਮਸਲਿਆਂ ਦੇ ਹੱਲ ਲਈ ਮੈਦਾਨ ਵਿਚ ਆਉਣਾ ਪਏਗਾ, ਅਜਿਹੀ ਹੀ ਸ਼ੁਰੂਆਤ ਦਾ ਮੁੱਢ ਬੰਨ੍ਹੇਗੀ ਸੀ ਪੀ ਆਈ ਵੱਲੋਂ ਦਿੱਲੀ ਰਾਮ ਲੀਲ੍ਹਾ ਮੈਦਾਨ ਵਿਖੇ ਕੀਤੀ ਜਾ ਰਹੀ ਇਹ ਰੈਲੀ। ਪੰਜਾਬ ਦੇ ਪਾਰਟੀ ਸਾਥੀਆਂ ਅਤੇ ਆਗੂਆਂ ਦਾ ਇਹ ਪਵਿੱਤਰ ਫਰਜ਼ ਬਣਦਾ ਹੈ ਕਿ ਦੇਸ਼ ਦੇ ਪੀੜਤ ਲੋਕਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਕੀਤੀ ਜਾ ਰਹੀ ਇਸ ਮਹਾਂ-ਰੈਲੀ ਵਿਚ ਕਾਫਲੇ ਬੰਨ੍ਹ ਕੇ ਸ਼ਾਮਲ ਹੋਣ ਵਿਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

ਚੇਤਨਾ ਕੈਂਪ ’ਚ ਕਿਤਾਬਾਂ...

ਮਿੱਤਰ ਕਿਤਾਬਾਂ ਵੱਲ ਮੁਹਾਰਾਂ ਮੋੜਨ ਦੀ ਅਪੀਲ ਕੀਤੀ। ਸਿਖਿਆਰਥੀ ਚੇਤਨਾ ਕੈਂਪ ਨੂੰ ਸੰਬੋਧਨ ਕਰਤਾ ਵਿਦਵਾਨਾਂ ਡਾ. ਪਰਮਿੰਦਰ, ਮਾਸਟਰ ਰਾਜਿੰਦਰ ਭਦੌੜ ਅਤੇ ਡਾ. ਕੁਲਦੀਪ ਦੀਪ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਅਤੇ ਪੁਸਤਕਾਂ ਦੇ ਸੈੱਟ ਨਾਲ ਸਨਮਾਨਤ ਕੀਤਾ ਗਿਆ।

ਸਮੂਹ ਸਿਖਿਆਰਥੀਆਂ ਨੂੰ ਪ੍ਰਮਾਣ-ਪੱਤਰ ਅਤੇ ਪੁਸਤਕਾਂ ਦੇ ਸੈੱਟ ਭੇਂਟ ਕਰਨ ਉਪਰੰਤ ਇੱਕ ਗਰੁੱਪ ਫੋਟੋ ਕਰਦਿਆਂ ਮੁਬਾਰਕਵਾਦ ਦਿੱਤੀ ਗਈ। ਪੀਪਲਜ਼ ਵਾਇਸ ਵੱਲੋਂ ਡਾ. ਸੈਲੇਸ਼ ਅਤੇ ਬਲਜਿੰਦਰ ਹੋਰਾਂ ਨੇ ਗੁਰਪ੍ਰੀਤ ਆਰਟਿਸਟ ਬਠਿੰਡਾ ਦੇ ਫ਼ਿਲਮਸਾਜ਼ ਸਪੁੱਤਰ ਕੁੰਵਰ ਜੈ ਸਿੰਘ ਦੀ ਫ਼ਿਲਮ ‘ਹੋਪ’ ਅਤੇ ਆਨੰਦ ਪਟਵਰਧਨ ਦੀ ਦਸਤਾਵੇਜ਼ੀ ਫ਼ਿਲਮ ‘ਰਾਮ ਕੇ ਨਾਮ’ ਵੀ ਸਿਖਿਆਰਥੀਆਂ ਨੂੰ ਵਿਖਾਈ। ਇਹ ਫ਼ਿਲਮਾਂ ਸਿਖਿਆਰਥੀਆਂ ਦੀ ਅਭੁੱਲ ਯਾਦ ਬਣੀਆਂ ਰਹਿਣਗੀਆਂ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਫ਼ਲ ਕੈਂਪ ਲਈ ਸਿਖਿਆਰਥੀਆਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਕਮੇਟੀ ਜਨਰਲ ਸਕੱਤਰ ਗੁਰਮੀਤ ਸਿੰਘ, ਸਹਾਇਕ ਸਕੱਤਰ ਪ੍ਰੋ. ਗੋਪਾਲ ਬੁੱਟਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਪ੍ਰੋ. ਤੇਜਿੰਦਰ ਵਿਰਲੀ, ਡਾ. ਸੈਲੇਸ਼, ਚਰੰਜੀ ਲਾਲ ਕੰਗਣੀਵਾਲ ਅਤੇ ਵਿਜੈ ਬੰਬੇਲੀ ਵੀ ਮੌਜੂਦ ਸਨ।

ਦਿੱਲੀ ਰੈਲੀ ਹਾਕਮਾਂ...

ਕੇਂਦਰੀ ਹਾਕਮਾਂ ਵੱਲੋਂ ਅਸਲ ਮੁੱਦਿਆਂ ਨੂੰ ਦਰਕਿਨਾਰ ਕਰਕੇ ਜਾਤਾਂ ਅਤੇ ਧਰਮਾਂ ਅੰਦਰ ਨਫਰਤੀ ਪਾੜਾ ਪਾ ਕੇ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਆਰ ਐੱਸ ਐੱਸ ਦੀ ਤੈਅਸ਼ੁਦਾ ਨੀਤੀ ਅਨੁਸਾਰ ਦੇਸ਼ ਦੀ ਫੁੱਲਵਾੜੀ ਨੂੰ ਇੱਕ ਰੰਗੀ ਕਿਆਰੀ ਵਿੱਚ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਮਿਊਨਿਸਟ ਆਗੂ ਨੇ ਕਿਹਾ ਕਿ ਇਹ ਉਹੀ ਲੋਕ ਹਨ, ਜਿਨ੍ਹਾਂ ਦਾ ਦੇਸ਼ ਦੇ ਆਜ਼ਾਦੀ ਅੰਦੋਲਨ ਵਿੱਚ ਕੋਈ ਯੋਗਦਾਨ ਨਹੀਂ ਰਿਹਾ, ਸਗੋਂ ਉਨ੍ਹਾਂ ਦੀ ਨਾਂਹ-ਪੱਖੀ ਭੂਮਿਕਾ ਅੰਦੋਲਨ ਨੂੰ ਨੁਕਸਾਨ ਪਹੁੰਚਾਉਂਦੀ ਰਹੀ ਹੈ। ਕਾਮਰੇਡ ਬਰਾੜ ਨੇ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਦਾ ਸੰਘਰਸ਼ਾਂ ਦੇ ਪਿੜਾਂ ਵਿੱਚ ਸ਼ਾਨਾਮੱਤਾ ਇਤਿਹਾਸ ਰਿਹਾ ਹੈ। ਪਾਰਟੀ ਲੋਕਾਂ ਦੇ ਫਿਕਰਾਂ ਦੀ ਹਮੇਸ਼ਾ ਬਾਂਹ ਫੜਦੀ ਰਹੀ ਹੈ। ਇਹ ਹਮੇਸ਼ਾ ਮਲਿਕ ਭਾਗੋਆਂ ਦਾ ਵਿਰੋਧ ਕਰਕੇ ਭਾਈ ਲਾਲੋਆਂ ਦਾ ਸਾਥ ਦਿੰਦੀ ਆਈ ਹੈ। ਕਮਿਊਨਿਸਟ ਆਗੂ ਨੇ ਕਿਹਾ ਕਿ ਦਿੱਲੀ ਰੈਲੀ ਵਿੱਚ ਦੇਸ਼ ਦੇ ਕੋਨੇ-ਕੋਨੇ ਤੋਂ ਕਮਿਊਨਿਸਟ ਕਾਰਕੁਨ ਉਤਸ਼ਾਹੀ ਰੌਂਅ ਵਿੱਚ ਪਹੁੰਚਣਗੇ। ਰੈਲੀ ਮੰਗ ਕਰੇਗੀ ਕਿ ਜਮਹੂਰੀਅਤ ਅਤੇ ਸੰਵਿਧਾਨਕ ਸੰਸਥਾਵਾਂ ਦੀ ਆਨ-ਸ਼ਾਨ ਕਾਇਮ ਰੱਖੀ ਜਾਵੇ, ਇਨ੍ਹਾਂ ਦੋਹਾਂ ਦੇ ਅਧਿਕਾਰਾਂ ਨੂੰ ਮਜ਼ਬੂਤ ਕੀਤਾ ਜਾਵੇ, ਮਜ਼ਦੂਰਾਂ ਦੇ ਚੁੱਲ੍ਹਿਆਂ ਨੂੰ ਠੰਢਾ ਕਰਨ ਦੀ ਨੀਤੀ ਨੂੰ ਤੱਜ ਕੇ ਮਾਣ-ਸਤਿਕਾਰ ਦੀ ਜ਼ਿੰਦਗੀ ਜਿਊਣ ਦੇ ਹੀਲੇ-ਵਸੀਲੇ ਪੈਦਾ ਕੀਤੇ ਜਾਣ, ਵੀ ਬੀ ਜੀ ਰਾਮ ਜੀ ਕਾਨੂੰਨ ਨੂੰ ਰੱਦ ਕਰਕੇ ਮਨਰੇਗਾ ਨੂੰ ਮਜ਼ਬੂਤੀ ਨਾਲ ਬਹਾਲ ਕੀਤਾ ਜਾਵੇ, ਫਸਲਾਂ ਦੇ ਸਮੱਰਥਨ ਮੁੱਲ ਦੀ ਗਰੰਟੀ ਨੂੰ ਯਕੀਨੀ ਬਣਾਇਆ ਜਾਵੇ, ਅਸਮਾਨੀ ਚੜ੍ਹੀ ਮਹਿੰਗਾਈ ਨੂੰ ਹੇਠਾਂ ਲਿਆਉਣ ਵੱਲ ਧਿਆਨ ਦਿੱਤਾ ਜਾਵੇ, ਰੁਜ਼ਗਾਰ ਮੰਗਦੇ ਬੇਰੁਜ਼ਗਾਰਾਂ ’ਤੇ ਲਾਠੀਆਂ ਵਰ੍ਹਾਉਣੀਆਂ ਬੰਦ ਕੀਤੀਆਂ ਜਾਣ ਅਤੇ ਮਜ਼ਦੂਰ ਵਰਗ ਦੇ ਹੱਕਾਂ ਦਾ ਘਾਣ ਕਰਦੇ ਚਾਰ ਲੇਬਰ ਕੋਡ ਰੱਦ ਕੀਤੇ ਜਾਣ। ਕਮਿਊਨਿਸਟ ਆਗੂ ਨੇ ਆਸ ਪ੍ਰਗਟ ਕੀਤੀ ਕਿ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿੱਚ ਕੀਤੀ ਜਾ ਰਹੀ ਰੈਲੀ ਠੀਕ ਸੇਧਾਂ ਦਿੰਦੀ ਹੋਈ ਸਫਲ ਹੋਵੇਗੀ। ਇਹ ਰੈਲੀ ਕੇਂਦਰੀ ਹਾਕਮਾਂ ਦੀਆਂ ਆਪ-ਹੁਦਰੀਆਂ ਨੂੰ ਵੀ ਠੱਲ੍ਹ ਪਾਵੇਗੀ।

ਬਦਲਾਅ ਲਿਆਉਣਾ ਸਮੇਂ...

ਸਾਬਤ ਕਰ ਦਿੱਤਾ ਹੈ ਕਿ ਲੋਕਾਂ ਦੀ ਏਕਤਾ ਅੱਗੇ ਵੱਡੇ ਤੋਂ ਵੱਡੇ ਸੱਤਾ ਦੇ ਹੰਕਾਰੀ ਨੂੰ ਵੀ ਝੁਕਣਾ ਪੈਂਦਾ ਹੈ। ਹੁਣ ਸਮਾਂ ਹੈ ਕਿ ਲੋਕ ਆਪਣੇ ਹੱਕਾਂ ਲਈ ਇੱਕਜੁੱਟ ਹੋ ਕੇ ਅਜਿਹੀਆਂ ਨੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰਨ ਜੋ ਆਮ ਲੋਕਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਕਾਮਰੇਡ ਦੁਧਾਲਾ ਨੇ 1 ਸਤੰਬਰ ਨੂੰ ਦਿੱਲੀ ਵਿਖੇ ਹੋਣ ਵਾਲੀ ਰੈਲੀ ਨੂੰ ਸਫ਼ਲ ਬਣਾਉਣ ਲਈ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਅਤੇ ਆਮ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਦਿੱਲੀ ਪਹੁੰਚਣ ਦੀ ਅਪੀਲ ਕੀਤੀ। ਸੀ ਪੀ ਆਈ ਮਜੀਠਾ ਦੇ ਸਕੱਤਰ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਸਿਰਫ਼ ਸਰਕਾਰਾਂ ਜਾਂ ਪਾਰਟੀਆਂ ਬਦਲਣ ਨਾਲ ਬਦਲਾਅ ਨਹੀਂ ਆਉਂਦਾ, ਬਲ ਕਿ ਲੋਕ ਪੱਖੀ ਨੀਤੀਆਂ ਲਾਗੂ ਕਰਨ ਨਾਲ ਅਸਲ ਬਦਲਾਅ ਆਉਂਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਰਾਜਨੀਤੀ ਨੂੰ ਲੋਕਾਂ ਦੇ ਹਿੱਤਾਂ ਵੱਲ ਮੋੜਨ ਲਈ ਕਮਿਊਨਿਸਟ ਵਿਚਾਰਧਾਰਾ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਨੌਜਵਾਨਾਂ ਨੂੰ ਰੁਜ਼ਗਾਰ, ਹਰ ਨਾਗਰਿਕ ਨੂੰ ਮੁਫ਼ਤ ਸਿਹਤ ਸਹੂਲਤਾਂ ਅਤੇ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਮਿਲਣੀ ਚਾਹੀਦੀ ਹੈ। ਲੋਕਾਂ ਦਾ ਪੈਸਾ ਕੁਝ ਖ਼ਾਸ ਵਰਗਾਂ ਦੀ ਬਜਾਏ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ’ਤੇ ਖਰਚ ਹੋਣਾ ਚਾਹੀਦਾ ਹੈ। ਇਸ ਮੌਕੇ ਸਤਨਾਮ ਸਿੰਘ, ਜਸਵੰਤ ਸਿੰਘ ਬਾਉ, ਨਿਸ਼ਾਨ ਸਿੰਘ, ਧਰਮ ਸਿੰਘ, ਧੀਰ ਸਿੰਘ, ਮਾਇਆ ਕੌਰ, ਮੈਂਬਰ ਪੰਚਾਇਤ ਕੁਲਵਿੰਦਰ ਕੌਰ, ਦਲਬੀਰ ਕੌਰ ਅਤੇ ਦਿਲਬਾਗ ਸਿੰਘ ਨੇ ਵੀ ਸੰਬੋਧਨ ਕੀਤਾ। ਬੁਲਾਰਿਆਂ ਨੇ ਮਜ਼ਦੂਰਾਂ ਦੇ ਹੱਕਾਂ ਨਾਲ ਜੁੜੇ ਕਾਨੂੰਨਾਂ ਵਿੱਚ ਕੀਤੀਆਂ ਤਬਦੀਲੀਆਂ ਅਤੇ ਠੇਕੇਦਾਰੀ ਪ੍ਰਬੰਧ ਨੂੰ ਲੈ ਕੇ ਸਰਕਾਰਾਂ ਦੀਆਂ ਨੀਤੀਆਂ ’ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਮਹਿੰਗਾਈ ਨੇ ਆਮ ਲੋਕਾਂ ਦੀਆਂ ਮੁਸ਼ਕਲਾਂ ਵਿੱਚ ਵੱਡਾ ਵਾਧਾ ਕੀਤਾ ਹੈ। ਅਖੀਰ ਵਿੱਚ ਕਾਮਰੇਡ ਦਰਿੰਦਰ ਸਿੰਘ ਦੁਧਾਲਾ ਨੇ ਮੀਟਿੰਗ ਵਿੱਚ ਪਹੁੰਚੇ ਸਮੂਹ ਸਾਥੀਆਂ ਅਤੇ ਲੋਕਾਂ ਦਾ ਧੰਨਵਾਦ ਕੀਤਾ।

‘ਮੇਰੀ ਰਸੋਈ ਯੋਜਨਾ’...

ਹਰਪਾਲ ਸਿੰਘ ਚੀਮਾ ਨੇ ਐਲਾਨ ਕੀਤਾ ਸੀ ਕਿ ਇਸ ਸਕੀਮ ਨੂੰ ਮਜ਼ਬੂਤ ਢੰਗ ਨਾਲ ਲਾਗੂ ਕਰਨ ਲਈ 900 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।ਮੁੱਖ ਮੰਤਰੀ ਦਾ ਮੰਨਣਾ ਹੈ ਕਿ ਸੂਬੇ ਦੇ ਹਰ ਨਾਗਰਿਕ ਅਤੇ ਬੱਚੇ ਲਈ ਪੌਸ਼ਟਿਕ ਖ਼ੁਰਾਕ ਯਕੀਨੀ ਬਣਾਉਣਾ ਸਰਕਾਰ ਦਾ ਸਿਰਫ਼ ਇੱਕ ਵਾਅਦਾ ਨਹੀਂ, ਸਗੋਂ ਮੁੱਢਲਾ ਨੈਤਿਕ ਫਰਜ਼ ਹੈ। ਇਹ ਯੋਜਨਾ ਸੁਚਾਰੂ ਢੰਗ ਨਾਲ ਚਲਾਉਣ ਅਤੇ ਵੰਡ ਪ੍ਰਣਾਲੀ ਸਹੀ ਰੱਖਣ ਲਈ ਮਾਰਕਫੈੱਡ ਨੂੰ ਬਤੌਰ ਨੋਡਲ ਏਜੰਸੀ ਤੈਅ ਕੀਤਾ ਗਿਆ ਹੈ। ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ ਵੱਲੋਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਵੰਡੀਆਂ ਜਾਣ ਵਾਲੀਆਂ ਖ਼ੁਰਾਕੀ ਵਸਤਾਂ ਦੀ ਗੁਣਵੱਤਾ ਨਾਲ ਕਿਸੇ ਵੀ ਹਾਲਤ ਵਿੱਚ ਕੋਈ ਸਮਝੌਤਾ ਨਾ ਕੀਤਾ ਜਾਵੇ।

ਕੇਂਦਰ ਖ਼ਿਲਾਫ਼ ਲੋਕਾਂ...

ਵਪਾਰ ਸਮਝੌਤੇ ਨੂੰ ਨੇਪਰੇ ਚਾੜ੍ਹਨ ਲਈ ਪੱਬਾਂ ਭਾਰ ਹੋ ਕੇ ਵਿਉਂਤਬੰਦੀਆਂ ਕਰ ਰਿਹਾ ਹੈ।ਆਗੂਆਂ ਨੇ ਕਿਹਾ ਕਿ ਜੇਕਰ ਇਹ ਸਮਝੌਤਾ ਸਿਰੇ ਚੜ੍ਹ ਗਿਆ ਤਾਂ ਦੇਸ਼ ਦੀ ਕਿਸਾਨੀ ਸਮੇਤ ਕਿਰਤ ਕਰਨ ਵਾਲਾ ਹਰੇਕ ਵਰਗ ਤਬਾਹ ਹੋ ਜਾਵੇਗਾ ਅਤੇ ਦੇਸ਼ ਦੀ ਸਮੁੱਚੀ ਮਿਹਨਤਕਸ਼ ਜਮਾਤ ਰੋਟੀ ਤੋਂ ਆਤਰ ਹੋ ਜਾਵੇਗੀ।ਆਗੂਆਂ ਨੇ ਕੇਂਦਰ ਦੀ ਮੋਦੀ ਸਰਕਾਰ ਦੀਆਂ ਦੇਸ਼ ਨੂੰ ਧਰਮ ਅਤੇ ਜਾਤਾਂ ਦੇ ਨਾਂਅ ’ਤੇ ਵੰਡਣ ਵਾਲੀਆਂ ਫਿਰਕਾਪ੍ਰਸਤ ਨੀਤੀਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲਈ ਦਿੱਲੀ ਰੈਲੀ ਵਿੱਚ ਸ਼ਾਮਲ ਹੋਣ ਲਈ ਕਿਰਤੀ ਲੋਕਾਂ ਨੂੰ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ ਦਿੱਤਾ।ਇਸ ਮੌਕੇ ਬਲਵਿੰਦਰ ਸਿੰਘ ਮੂਸੇ, ਸ਼ਿੰਦਰ ਸਿੰਘ ਮੂਸੇ, ਨਿਸ਼ਾਨ ਸਿੰਘ, ਅਮਰ ਸਿੰਘ, ਬਿੱਲੂ ਮੂਸੇ, ਨਛੱਤਰ ਸਿੰਘ ਛਿੱਛਰੇਵਾਲ, ਤਰਸੇਮ ਸਿੰਘ ਸਾਬਕਾ ਸਰਪੰਚ, ਧਰਮ ਸਿੰਘ, ਵਿਕਰਮ ਸਿੰਘ, ਹੀਰਾ ਸਿੰਘ, ਵੀਰ ਸਿੰਘ, ਕੁਲਦੀਪ ਸਿੰਘ, ਬੂਟਾ ਸਿੰਘ ਤੇ ਹੋਰਨਾਂ ਨੇ ਦਿੱਲੀ ਰੈਲੀ ਵਿੱਚ ਪਹੁੰਚਣ ਦਾ ਅਹਿਦ ਲਿਆ।

ਆਰੀਅਨਜ਼ ਨੇ ਹਰਿਆਲੀ ਦੇ ਸੰਕਲਪ ਨਾਲ ਰਕਸ਼ਾ ਬੰਧਨ ਮਨਾਇਆ

ਰਾਜਪੁਰਾ (ਰਮੇਸ਼ ਕਟਾਰੀਆ)-ਚੰਡੀਗੜ੍ਹ ਨੇੜੇ ਰਾਜਪੁਰਾ ਸਥਿਤ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਨੇ ‘ਪਿਆਰ ਦਾ ਬੰਧਨ, ਕੁਦਰਤ ਨੂੰ ਤੋਹਫ਼ਾ’ ਦੇ ਅਰਥਪੂਰਨ ਵਿਸ਼ੇ ਤਹਿਤ ‘ਬ੍ਰਿਕਸ਼-ਬੰਧਨ’ ਰਾਹੀਂ ਰਕਸ਼ਾ ਬੰਧਨ ਦਾ ਤਿਉਹਾਰ ਇੱਕ ਵਿਲੱਖਣ ਤੇ ਵਾਤਾਵਰਣ-ਪੱਖੀ ਢੰਗ ਨਾਲ ਮਨਾਇਆ। ਵਿਦਿਆਰਥੀਆਂ ਨੇ ਦਰੱਖਤਾਂ ਨੂੰ ਵਾਤਾਵਰਣ-ਅਨੁਕੂਲ ਰੱਖੜੀਆਂ ਬੰਨ੍ਹੀਆਂ ਅਤੇ ਕੁਦਰਤ ਦੀ ਰਾਖੀ ਤੇ ਦੇਖਭਾਲ ਕਰਨ ਦਾ ਪ੍ਰਣ ਲਿਆ।

ਚੰਡੀਗੜ੍ਹ ਧਰਨੇ ਲਈ ਬੀ ਕੇ ਯੂ ਦੀ ਮੀਟਿੰਗ ’ਚ ਲਾਮਬੰਦੀ

ਧੂਰੀ (ਮਹਿੰਦਰ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਬਲਾਕ ਧੂਰੀ ਦੀ ਇੱਕ ਮੀਟਿੰਗ ਸਕੱਤਰ ਰਛਪਾਲ ਸਿੰਘ ਦੋਹਲਾ ਤੇ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਭੁੱਲਰਹੇੜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ’ਚ 1 ਸਤੰਬਰ ਤੋਂ 7 ਸਤੰਬਰ ਤੱਕ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ’ਤੇ ਚੰਡੀਗੜ੍ਹ ਵਿਖੇ ਦਿੱਤੇ ਜਾ ਰਹੇ ਧਰਨੇ ਲਈ ਆਗੂਆਂ ਤੇ ਵਰਕਰਾਂ ਦੀਆਂ ਵਿਸ਼ੇਸ਼ ਡਿਊਟੀਆਂ ਲਗਾਈਆਂ ਗਈਆਂ।

ਐੱਮ ਐੱਮ ਡੀ ਡੀ ਏ ਵੀ ਕਾਲਜ ਵਿਖੇ ਰਾਸ਼ਟਰੀ ਖੇਡ ਦਿਵਸ ਮਨਾਇਆ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਸਥਾਨਕ ਐੱਮ.ਐੱਮ.ਡੀ. ਡੀ.ਏ.ਵੀ. ਕਾਲਜ ਵਿਖੇ ਪ੍ਰਿੰ. ਰਾਜੇਸ਼ ਮਹਾਜਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਦੀ ਅਗਵਾਈ ਹੇਠ ਹਾਕੀ ਦੇ ਮਹਾਨ ਖਿਡਾਰੀ ਮੇਜਰ ਧਿਆਨ ਚੰਦ ਨੂੰ ਸਮਰਪਤ ਰਾਸ਼ਟਰੀ ਖੇਡ ਦਿਵਸ ਮਨਾਇਆ ਗਿਆ।

ਗੌਰਵ ਗਰਗ ਦੇ ਡੀ ਜੀ ਐੱਮ ਬਣਨ ’ਤੇ ਕਰਮਚਾਰੀਆਂ ’ਚ ਖੁਸ਼ੀ ਦੀ ਲਹਿਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ)-ਜ਼ਿਲ੍ਹਾ ਮੰਡੀ ਅਫ਼ਸਰ ਵਜੋਂ ਲੰਮੇ ਸਮੇਂ ਤੋਂ ਸੇਵਾਵਾਂ ਦੇ ਰਹੇ ਗੌਰਵ ਗਰਗ ਨੂੰ ਪਦਉੱਨਤ (ਪ੍ਰਮੋਟ) ਕਰਕੇ ਪੰਜਾਬ ਸਰਕਾਰ ਵੱਲੋਂ ਡਿਪਟੀ ਜਨਰਲ ਮੈਨੇਜਰ (ਡੀਜੀਐੱਮ) ਨਿਯੁਕਤ ਕੀਤਾ ਗਿਆ ਹੈ।

ਦੇਵ ਮਾਨ ਨੇ ਨਾਭਾ ਤੇ ਭਾਦਸੋਂ ’ਚ ਕੀਤੀ ਸਫਾਈ ਅਭਿਆਨ ਦੀ ਸ਼ੁਰੂਆਤ

ਨਾਭਾ (ਅਮਨ ਗਰਗ)-‘ਮੈਂ ਨਾਭਾ ਹਾਂ, ਮੈਂ ਤੁਹਾਡਾ ਹਾਂ, ਮੈਨੂੰ ਸਾਫ਼ ਰੱਖੋ’ ਦੇ ਸੰਦੇਸ਼ ਨਾਲ ਮਹਾਂ ਸਫਾਈ ਅਭਿਆਨ ਦੀ ਸ਼ੁਰੂਆਤ ਅੱਜ ਪਟਿਆਲਾ ਗੇਟ ਨਾਭਾ ਤੋਂ ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਕੀਤੀ ਗਈ।

ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਸੁਨਾਮ ’ਚ ਰੋਹ ਭਰਪੂਰ ਪ੍ਰਦਰਸ਼ਨ

ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ)-ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰਜ਼ ’ਤੇ ਅਧਾਰਤ ਸਾਂਝੀ ਤਾਲਮੇਲ ਕਮੇਟੀ ਪੰਜਾਬ ਦੇ ਸੱਦੇ ’ਤੇ ਸੁਨਾਮ ਵਿਖੇ ਸਾਥੀ ਰਾਮ ਸਰੂਪ ਢੈਪਈ, ਸਾਥੀ ਸੁਰਿੰਦਰ ਸਿੰਘ ਸੁਨਾਮ ਦੀ ਅਗਵਾਈ ਹੇਠ ਰੋਹ ਭਰਪੂਰ ਰੈਲੀ ਕੀਤੀ ਗਈ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਮਾਰੂ ਪੱਤਰ ਦੀਆਂ ਕਾਪੀਆਂ ਸਾੜੀਆਂ ਗਈਆਂ।

ਟਵੀਟ ਦੀਆਂ ਕਾਪੀਆਂ ਸਾੜ ਕੇ ਡੀ ਟੀ ਐੱਫ ਵੱਲੋਂ ਰੋਸ ਪ੍ਰਦਰਸ਼ਨ

ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀਟੀਐੱਫ) ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਅਮਨਦੀਪ ਸਿੰਘ ਮਾਛੀਕੇ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਿੰਮਤਪੁਰਾ ਦੇ ਸਮੂਹ ਕਰਮਚਾਰੀਆਂ ਵੱਲੋਂ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਕਥਿਤ ਧਮਕੀ ਭਰੇ ਪੱਤਰ ਤੇ ਮੁੱਖ ਮੰਤਰੀ ਦੇ ਟਵੀਟ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਦੀ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

ਪੰਜਾਬ ਨੂੰ ਸੁਰੱਖਿਅਤ, ਖੁਸ਼ਹਾਲ ਤੇ ਵਿਕਸਤ ਸੂਬਾ ਬਣਾਉਣ ਲਈ ਕੰਮ ਕਰੇਗੀ ਭਾਜਪਾ : ਚੁੱਘ

ਸ਼ਕਤੀ ਤੇ ਬਹਾਦਰੀ ਮਾਝੇ ਦੀਆਂ ਵਿਸ਼ੇਸ਼ਤਾਵਾਂ ਹਨ। ਇਹ ਇਲਾਕਾ ਸਰਹੱਦਾਂ ਤੇ ਸੰਭਾਵਨਾਵਾਂ, ਪਰੰਪਰਾ ਤੇ ਆਧੁਨਿਕ ਵਿਕਾਸ ਦਾ ਸੰਗਮ ਹੈ। ਭਾਜਪਾ ਦੇ ਦ੍ਰਿਸ਼ਟੀਕੋਨ ਵਿਚ ਮਾਝਾ ਵਿਕਸਤ ਪੰਜਾਬ ਦਾ ਪਹਿਲਾ ਪ੍ਰਵੇਸ਼ ਦੁਆਰ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਦੇ ਨਾਲ-ਨਾਲ ਸਰਹੱਦੀ ਖੇਤਰਾਂ ਵਿਚ ਤੇਜ਼ੀ ਨਾਲ ਫੈਲ ਰਹੀਆਂ ਸੜਕਾਂ, ... ਇਰਾਦਿਆਂ, ਨੀਤੀਆਂ ਤੇ ਨਤੀਜਿਆਂ ਦੇ ਆਧਾਰ 'ਤੇ ਪੰਜਾਬ ਦੀ ਰਾਜਨੀਤੀ ਦਾ ਮੁਲਾਂਕਣ ਕੀਤਾ ਜਾਵੇ। ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਪਾਰਟੀ ਦੇ ਭਾਰੀ ਬਹੁਮਤ ਦੇ ਬਾਵਜੂਦ ਉਹ ਵਾਅਦੇ ਅਧੂਰੇ ਰਹੇ। ਉਨ੍ਹਾਂ ਦੋਸ਼ ਲਗਾਇਆ ਕਿ 'ਆਪ' ਸਰਕਾਰ ਨੇ ਪੰਜਾਬ ਨੂੰ ... ਕਿਹਾ ਕਿ ਬਾਬਾ ਬਕਾਲਾ ਸਾਹਿਬ ਦੀ ਇਸ ਪਵਿੱਤਰ ਧਰਤੀ ਤੋਂ ਭਾਜਪਾ ਦਾ ਸੰਕਲਪ ਸਪੱਸ਼ਟ ਹੈ ਕਿ ਪੰਜਾਬ ਦੀ ਸੁਰੱਖਿਆ ਤੇ ਵਿਕਾਸ ਨੂੰ ਇਕੱਠੇ ਅੱਗੇ ਵਧਾਇਆ ਜਾਵੇਗਾ ਅਤੇ ਪਾਰਟੀ ਪੰਜਾਬ ਨੂੰ ਸੁਰੱਖਿਅਤ, ਖੁਸ਼ਹਾਲ ਤੇ ਵਿਕਸਤ ਸੂਬਾ ਬਣਾਉਣ ਲਈ ਪੂਰੀ ਵਚਨਬੱਧਤਾ ਨਾਲ ਲੋਕਾਂ ਵਿਚ ਕੰਮ ਕਰੇਗੀ।

ਚੰਡੀਗੜ੍ਹ 'ਚ ਪਹਿਲੀ ਦੇ ਮੋਰਚੇ ਦੀ ਤਿਆਰੀ ਮੁਕੰਮਲ : ਟਾਂਡਾ

... ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਟਾਂਡਾ ਨੇ ਵਿਸਥਾਰ ਸਹਿਤ ਧਰਨੇ ਦੀ ਤਿਆਰੀ ਬਾਰੇ ਸਾਰੀ ਜਥੇਬੰਦੀ ਦੀਆਂ ਡਿਊਟੀਆਂ ਲਗਾਈਆਂ ਅਤੇ ਵੱਡੀ ਗਿਣਤੀ ਵਿੱਚ ਚੰਡੀਗੜ੍ਹ ਮੋਰਚੇ ਦੀ ਲਾਮਬੰਦੀ ਦੀ ਤਿਆਰੀ ਕੀਤੀ।ਸ੍ਰੀ ਟਾਂਡਾ ਨੇ ਅੱਗੇ ਬੋਲਦਿਆਂ ਕਿਹਾ ਕਿ ਇਸ ਧਰਨੇ ਦੀ ਮੁੱਖ ਮੰਗ ਪੰਜਾਬ ... ਸਿੰਘ ਸਰਪੰਚ ਚੱਕ ਮਹਿਰ, ਪ੍ਰਧਾਨ ਮਨਜਿੰਦਰ ਸਿੰਘ ਛਾਪੜੀ ਸਾਹਿਬ, ਬਲਦੇਵ ਸਿੰਘ ਛਾਪੜੀ ਸਾਹਿਬ, ਬੂਟਾ ਸਿੰਘ ਛਾਪੜੀ ਸਾਹਿਬ, ਸ਼ੇਰ ਸਿੰਘ ਛਾਪੜੀ ਸਾਹਿਬ, ਰਣਜੀਤ ਸਿੰਘ ਭੱਟਾ ਫਤਿਹਾਬਾਦ, ਅਮਰੀਕ ਸਿੰਘ ਭਰੋਵਾਲ, ਸਕੱਤਰ ਸਿੰਘ ਖੇਲਾ, ਸਰਵਣ ਸਿੰਘ ਭੈਲ, ਪ੍ਰਤਾਪ ਸਿੰਘ ਗੋਇੰਦਵਾਲ ਸਾਹਿਬ, ਮਨਜੀਤ ਸਿੰਘ ਚੱਕ ਮਹਿਰ ਆਦਿ ਹਾਜ਼ਰ ਸਨ।

ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰੂ ਸਾਹਿਬ ਅੱਗੇ ਕੀਤੀ ਅਰਦਾਸ

... ਕਲਾ ਲਈ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਵਿਖੇ ਸ੍ਰੀ ਜਪੁਜੀ ਸਾਹਿਬ, ਸ੍ਰੀ ਚੌਪਈ ਸਾਹਿਬ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਜਾਪ ਕੀਤੇ ਗਏ। ਉਪਰੰਤ ਲੰਮੇ ਸਮੇਂ ਤੋਂ ਜੇਲਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰੂ ਸਾਹਿਬ ਅੱਗੇ ਅਰਦਾਸ ਬੇਨਤੀ ਕੀਤੀ ਗਈ।ਸਕੂਲ ਪ੍ਰਿੰਸੀਪਲ ਮੈਡਮ ਸਰਬਜੀਤ ਕੌਰ ਜਫਰਵਾਲ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਦੇ ਇਕੱਠ ਨੂੰ ਸੰਬੋਧਨ ... ਸੱਚੇ ਮਨੋ ਗੁਰੂ ਸਾਹਿਬ ਅੱਗੇ ਕੀਤੀ ਗਈ ਅਰਦਾਸ ਕਦੇ ਵੀ ਵਿਅਰਥ ਨਹੀਂ ਜਾਂਦੀ।ਇਸੇ ਤਰ੍ਹਾਂ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਮੀਰੀ-ਪੀਰੀ ਹਾਲ ਵਿਖੇ ਕਰਵਾਏ ਗਏ ਸਮੂਹਿਕ ਅਰਦਾਸ ਸਮਾਗਮ ਵਿੱਚ ਵੀ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ,ਬੀੜ ਸਾਹਿਬ ਦੇ ਪ੍ਰਿੰਸੀਪਲ ਮੈਡਮ ਸਰਬਜੀਤ ਕੌਰ ਜਫਰਵਾਲ ਦੀ ਅਗਵਾਈ ਹੇਠ ਸਟਾਫ ਤੇ ਵਿਦਿਆਰਥੀਆਂ ਵੱਲੋਂ ਸਮੂਲੀਅਤ ਕੀਤੀ ਗਈ।

ਕੋਇਟਾ 'ਚ ਗੁ. ਸਾਹਿਬ ਢਾਹ ਕੇ ਕਮਰਸ਼ੀਅਲ ਪਲਾਜ਼ਾ ਬਣਾਉਣਾ ਸਿੱਖ ਵਿਰਾਸਤ 'ਤੇ ਹਮਲਾ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਦੀ ਰਾਜਧਾਨੀ ਕੋਇਟਾ 'ਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਇਤਿਹਾਸਕ ਇਮਾਰਤ ਨੂੰ ਢਾਹ ਕੇ ਉਥੇ ਕਮਰਸ਼ੀਅਲ ਸ਼ਾਪਿੰਗ ਪਲਾਜ਼ਾ ਬਣਾਏ ਜਾਣ ਦੀਆਂ ਖ਼ਬਰਾਂ ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਬੇਹੱਦ ਗੰਭੀਰ ਤੇ ਚਿੰਤਾ ਵਾਲਾ ਮਾਮਲਾ ਆਖਿਆ ਹੈ। ਜਾਰੀ ਪ੍ਰੈੱਸ ਬਿਆਨ ਰਾਹੀਂ ਐਡਵੋਕੇਟ ਧਾਮੀ ਨੇ ਕਿਹਾ ਕਿ ਪਾਕਿਸਤਾਨ ਵਿਚ ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਵਿਰਾਸਤ ਨਾਲ ਸਬੰਧਤ ਅਨੇਕਾਂ ਗੁਰਦੁਆਰੇ ਮੌਜੂਦ ਹਨ। ਇਹ ਧਾਰਮਿਕ ਅਤੇ ਵਿਰਾਸਤੀ ਅਸਥਾਨ ਸਿਰਫ਼ ਇੱਟਾਂ-ਪੱਥਰਾਂ ਦੀਆਂ ਇਮਾਰਤਾਂ ਨਹੀਂ, ਸਗੋਂ ਸਿੱਖ ਕੌਮ ਦੀ ਇਤਿਹਾਸਕ ਪਛਾਣ ਅਤੇ ਵਿਰਾਸਤ ਦੀਆਂ ਨਿਸ਼ਾਨੀਆਂ ਹਨ। ਇਨ੍ਹਾਂ ਨੂੰ ਢਾਹ ਕੇ ਵਪਾਰਕ ਉਸਾਰੀਆਂ ਕਰਨਾ ਸਿੱਖ ਭਾਵਨਾਵਾਂ ਦਾ ਨਿਰਾਦਰ ਹੈ। ਐਡਵੋਕੇਟ ਧਾਮੀ ਨੇ ਪਾਕਿਸਤਾਨ ਸਰਕਾਰ ਅਤੇ ਸੰਬੰਧਿਤ ਅਧਿਕਾਰੀਆਂ ਨੂੰ ਆਖਿਆ ਕਿ ਉਹ ਤੁਰੰਤ ਦਖ਼ਲ ਦੇ ਕੇ ਚੱਲ ਰਹੀ ਉਸਾਰੀ ਨੂੰ ਰੋਕਣ ਅਤੇ ਗੁਰਦੁਆਰਾ ਸਾਹਿਬ ਦੀ ਜਾਇਦਾਦ ਨੂੰ ਸਿੱਖ ਕੌਮ ਦੇ ਹਵਾਲੇ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਘੱਟ-ਗਿਣਤੀ ਭਾਈਚਾਰਿਆਂ ਦੀਆਂ ਧਾਰਮਿਕ ਅਤੇ ਇਤਿਹਾਸਕ ਨਿਸ਼ਾਨੀਆਂ ਦੀ ਸੁਰੱਖਿਆ ਯਕੀਨੀ ਬਣਾਉਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਐਡਵੋਕੇਟ ਧਾਮੀ ਨੇ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਵੀ ਇਹ ਮਾਮਲਾ ਕੂਟਨੀਤਕ ਤੌਰ ਤੇ ਪਾਕਿਸਤਾਨ ਸਰਕਾਰ ਕੋਲ ਉਠਾਉਣ ਲਈ ਆਖਿਆ।

ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਅਰਦਾਸ

ਝਬਾਲ (ਹਰਜਿੰਦਰ ਸਿੰਘ ਸੋਨੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਲੈਏ ਫੈਸਲੇ ਮੁਤਾਬਿਕ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰਦੁਆਰਾ ਬੀੜ ਬਾਬਾ

ਬੁੱਢਾ ਸਾਹਿਬ ਵਿਖੇ ਮੀਰੀ ਪੀਰੀ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਇਸ ਮੌਕੇ ਹਜੂਰੀ ਰਾਗੀ ਭਾਈ ਸਰੋਜ ਕਮਲਦੀਪ ਸਿੰਘ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਕੀਤੇ ਗਏ ਇਸ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਚੜ੍ਹਦੀ ਕਲਾ ਦੀ ਅਰਦਾਸ ਹੈਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਵੱਲੋਂ ਕੀਤੀ ਗਈ।

ਇਸ ਮੌਕੇ ਮੈਨੇਜਰ ਧਰਵਿੰਦਰ ਸਿੰਘ ਮਾਨੋਚਾਹਲ ਅਤੇ ਹੈਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨੇ ਸੰਬੋਧਨ ਕਰਦਿਆਂ ਆਖਿਆ ਕਿ ਪੰਥ ਪੰਜਾਬ ਦੇ ਹਿੱਤਾਂ ਲਈ ਤਤਕਾਲੀ ਹਕੂਮਤ ਦੇ ਪਾਸੋਂ ਸੱਚ ਇਨਸਾਫ ਦੀ ਮੰਗ ਕਰਦਿਆਂ ਸ਼ਾਂਤਮਈ ਅਤੇ ਜੁਝਾਰੂ ਬਿਰਤੀ ਨਾਲ ਆਵਾਜ਼ ਚੁੱਕਣ ਵਾਲਿਆਂ ਸਿੱਖ ਨੌਜਵਾਨਾਂ ਨੂੰ ਲਮੇਰੇ ਸਮੇਂ ਤੋਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਕੀਤਾ ਹੋਇਆ ਹੈ।ਉਹਨਾਂ ਕਿਹਾ ਕਿ ਸਰਕਾਰ ਵੱਲੋਂ ਤੈਅ ਕੀਤੇ ਦੋਸ਼ਾਂ ਮੁਤਾਬਕ ਆਪਣੀ ਬੰਦ ਦੀ ਸਜ਼ਾ ਨੂੰ ਦੂਹਰੀ ਦੂਹਰੀ,ਤਿਹਰੀ ਤੇਹਰੀ ਵਾਰ ਸਜ਼ਾ ਭੁਗਤ ਚੁੱਕੇ ਹਨ। ਉਹਨਾਂ ਕਿਹਾ ਕੇ ਵੱਡੇ ਅਪਰਾਧਕ ਮਾਮਲਿਆਂ ਵਿੱਚ ਬੰਦ ਰਾਮ ਰਹੀਮ ਆਦਿ ਨੂੰ ਬਿਨਾਂ ਕਿਸੇ ਸਰਤ ਤੇ ਪੈਰੋਲ ਦਿੱਤੀ ਜਾ ਰਹੀ ਹੈ ਪ੍ਰੰਤੂ ਭਾਈ ਜਗਤਾਰ ਸਿੰਘ ਹਵਾਰਾ ਦੀ ਬਿਰਧ ਮਾਤਾ ਜੋ ਕਿ ਬਿਮਾਰ ਹੈ ਨੂੰ ਮਿਲਣ ਲਈ ਪਰੋਲ ਨਹੀਂ ਦਿੱਤੀ ਜਾ ਰਹੀ ਉਹਨਾਂ ਨੇ ਤੁਰੰਤ ਬੰਦੀ ਸਿੰਘਾਂ ਨੂੰ ਰਿਹਾ ਕਰਨ ਦੀ ਅਪੀਲ ਕੀਤੀ ਇਸ ਮੌਕੇ ਪ੍ਰਿੰਸੀਪਲ ਜਗਰੂਪ ਕੌਰ , ਪ੍ਰਿੰਸੀਪਲ ਸਰਬਜੀਤ ਕੌਰ ਜੱਫਰਵਾਲ, ਮੀਤ ਮੈਨੇਜਰ ਦਿਲਬਾਗ ਸਿੰਘ ਝਬਾਲ, ਮੀਤ ਮੈਨੇਜਰ ਗੁਰਜੀਤ ਸਿੰਘ, ਜਤਿੰਦਰ ਸਿੰਘ ਸਟੋਰ ਕੀਪਰ,ਬਾਬਾ ਬਿਕਰਮ ਸਿੰਘ ਰਿਕਾਰਡ ਕੀਪਰ,ਅਕਾਊਂਟੈਂਟ ਅਮਰਬੀਰ ਸਿੰਘ, ਦਲਜੀਤ ਸਿੰਘ ਵਲਟੋਹਾ,ਅਰਵਨਪ੍ਰੀਤ ਸਿੰਘ ਕੈਰੋ, ਗੁਰਜੀਤ ਸਿੰਘ ਪੰਜਵੜ, ਜਗਜੀਤ ਸਿੰਘ ਖਜਾਨਚੀ, ਨਿਰਮਲ ਸਿੰਘ ਭੂਰਾ, ਕਾਬਲ ਸਿੰਘ ਅਤੇ ਸਮੁੱਚਾ ਸਟਾਫ ਹਾਜ਼ਰ ਸੀ।

ਮੱਲੂ ਨੰਗਲ ਵਿਖੇ ਦਿਹਾਤੀ ਮਜ਼ਦੂਰ ਸਭਾ ਦਾ ਗਠਨ

ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਦਿਹਾਤੀ ਮਜ਼ਦੂਰ ਸਭਾ ਬਰਾਂਚ ਕਮੇਟੀ ਮੱਲੂ ਨੰਗਲ ਦੀ ਮੀਟਿੰਗ ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਯਾਦਗਾਰੀ ਟਰਸਟ ਦੇ ਦਫਤਰ ਵਿਖੇ ਸੰਤੋਖ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮਜ਼ਦੂਰਾਂ ਦੇ ਭਖਦੇ ਮਸਲਿਆਂ ਲਈ ਵਿਚਾਰ ਵਟਾਂਦਰਾ ਕਰਕੇ ਅਗਲੇ ਸੰਘਰਸ਼ਾਂ ਦੀ ਰਣਨੀਤੀ ਕੀਤੀ ਗਈ। ਮੀਟਿੰਗ ਉਪਰੰਤ ਕੁਲਵੰਤ ਸਿੰਘ ਮੱਲੂ ਨੰਗਲ ਸੂਬਾ ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਕਮੇਟੀ ਮੈਂਬਰ ਅਤੇ ਬੇਅੰਤ ਸਿੰਘ ਨੇ ਦੱਸਿਆ ਕਿ ਪੰਜਾਬ ਦੀਆਂ ਦੋ ਮਜ਼ਦੂਰ ਜਥੇਬੰਦੀਆਂ ਅਤੇ ਕਿਸਾਨ ਜਥੇਬੰਦੀਆਂ ਦੀ ਸਾਂਝੀ ਰੈਲੀ 20 ਸਤੰਬਰ ਨੂੰ ਜਲੰਧਰ ਵਿਖੇ ਹੋਣ ਜਾ ਰਹੀ ਹੈ ਜਿਸ ਦੀਆਂ ਤਿਆਰੀਆਂ ਲਈ ਪਿੰਡ ਪਿੰਡ ਮਜ਼ਦੂਰਾਂ ਦੀਆਂ ਮੀਟਿੰਗਾਂ ਕਰਕੇ ਕਮੇਟੀਆਂ ਬਣਾਈਆਂ ਜਾਣਗੀਆਂ ਅਤੇ ਵੱਡੀ ਗਿਣਤੀ ਵਿੱਚ 20 ਸਤੰਬਰ ਚਲੋ ਜਲੰਧਰ ਦੇ ਨਾਅਰੇ ਨੂੰ ਕਾਮਯਾਬ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਜਿਸ ਦੀ ਸ਼ੁਰੂਆਤ ਮੱਲੂ ਨੰਗਲ ਤੋਂ ਕੀਤੀ ਗਈ ਅਤੇ ਬਰਾਂਚ ਕਮੇਟੀ ਦਾ ਗਠਨ ਕੀਤਾ ਗਿਆ।ਮੀਟਿੰਗ ਸਮੇਂ ਪ੍ਰਧਾਨ ਧੀਰ ਸਿੰਘ, ਸਕੱਤਰ ਜਸਪਾਲ ਸਿੰਘ, ਮੀਤ ਪ੍ਰਧਾਨ ਧੀਰ ਸਿੰਘ, ਜੋਇੰਟ ਸਕੱਤਰ ਰਣਜੀਤ ਸਿੰਘ, ਪ੍ਰੈਸ ਸਕੱਤਰ ਅੰਮ੍ਰਿਤ ਪਾਲ ਸਿੰਘ, ਵਿਤ ਸਕੱਤਰ ਮੰਗਲ ਸਿੰਘ ਅਤੇ ਸੰਤੋਖ ਸਿੰਘ, ਕਾਬਲ ਸਿੰਘ, ਬਲਵਿੰਦਰ ਸਿੰਘ, ਪ੍ਰਗਟ ਸਿੰਘ, ਸ਼ਿੰਦਰ ਸਿੰਘ, ਸੁਖਦੇਵ ਸਿੰਘ ਬਿੱਟੂ ਅਤੇ ਰਣਜੀਤ ਸਿੰਘ ਰਾਣਾ ਆਦਿ 15 ਮੈਂਬਰੀ ਕਾਰਜਕਾਰਨੀ ਗਠਤ ਕੀਤੀ ਗਈ।

ਪਲਾਸਟਿਕ ਦੇ ਲਿਫਾਫਿਆਂ ਦੀ ਵਿਕਰੀ ਜ਼ੋਰਾਂ 'ਤੇ, ਸੰਬੰਧਤ ਮਹਿਕਮਾ ਸੁੱਤਾ ਕੁੰਭਕਰਨੀ ਨੀਂਦ

ਗੁਰਦਾਸਪੁਰ, (ਜਨਕ ਮਹਾਜਨ)- ਪਾਬੰਦੀ ਦੇ ਬਾਵਜੂਦ ਸ਼ਹਿਰ ਅਤੇ ਦਿਹਾਤੀ ਖੇਤਰ ਦੀਆਂ ਦੁਕਾਨਾਂ ਅੰਦਰ ਪਲਾਸਟਿਕ ਲਿਫਾਫਿਆਂ ਦੀ ਵਿਕਰੀ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ। ਸੰਬੰਧਿਤ ਵਿਭਾਗ ਵੱਲੋਂ ਕੁਝ ਦਿਨ ਰੌਲਾ ਰੱਪਾ ਕੇ ਪਾ ਕੇ ਖ਼ਾਨਾ ਪੂਰਤੀ ਕਰ ਦਿੱਤੀ ਜਾਂਦੀ ਹੈ ਪਰ ਫ਼ਿਰ ਪਰਨਾਲਾ ਉਥੇ ਦਾ ਉਥੇ ਹੀ ਰਹਿ ਜਾਂਦਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਕੁਝ ਵਾਤਾਵਰਣ ਪ੍ਰੇਮੀਆਂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ਵਿਚ ਦੱਸਿਆ ਕਿ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਿਚ ਪਲਾਸਟਿਕ ਦੇ ਲਿਫਾਫਿਆਂ ਦਾ ਇਕ ਅਹਿਮ ਰੋਲ ਹੈ। ਉਨ੍ਹਾਂ ਕਿਹਾ ਪਲਾਸਟਿਕ ਦਾ ਲਿਫਾਫਾ ਇਕ ਨਾਗਲਣ ਯੋਗ ਵਸਤੂ ਹੈ ਜੋ ਕਾਫ਼ੀ ਸਮਾਂ ਮਿੱਟੀ ਵਿਚ ਦੱਬੇ ਰਹਿਣ ਦੇ ਬਾਵਜੂਦ ਵੀ ਗਲਦਾ ਨਹੀਂ।

ਉਨ੍ਹਾਂ ਇਨ੍ਹਾਂ ਲਿਫਾਫਿਆਂ ਕਾਰਨ ਇਕ ਖ਼ਾਸ ਸਮੱਸਿਆ ਸ਼ਹਿਰ ਅੰਦਰ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਪਲਾਸਟਿਕ ਦੇ ਲਿਫਾਫੇ ਅਕਸਰ ਨਾਲੇ ਅਤੇ ਸੀਵਰੇਜਾਂ ਅੰਦਰ ਫਸ ਜਾਂਦੇ ਹਨ ਤਾਂ ਬਰਸਾਤਾਂ ਦੇ ਦਿਨਾਂ ਵਿਚ ਪਾਣੀ ਦਾ ਨਿਕਾਸ ਸਹੀ ਢੰਗ ਨਾਲ ਨਹੀਂ ਹੁੰਦਾ ਅਤੇ ਪਾਣੀ ਓਵਰਫਲੋ ਹੋ ਕੇ ਸੜਕਾਂ ਉਪਰ ਆ ਜਾਂਦਾ ਹੈ। ਉਨ੍ਹਾਂ ਕਿਹਾ ਸ਼ਹਿਰ ਅੰਦਰ ਤੇ ਦਿਹਾਤੀ ਖੇਤਰ ਵਿਚ ਇਨ੍ਹਾਂ ਪਲਾਸਟਿਕ ਦੇ ਲਿਫਾਫਿਆਂ ਦੀ ਵਿਕਰੀ ਆਮ ਹੀ ਦੇਖੀ ਜਾਂਦੀ ਹੈ।

ਉਨ੍ਹਾਂ ਕਿਹਾ ਦੁਕਾਨਦਾਰਾਂ ਅਤੇ ਸਬਜ਼ੀ, ਫਲ ਦੀਆਂ ਰੇਹੜੀਆਂ ਵਾਲਿਆ ਵਲੋਂ ਇਨ੍ਹਾਂ ਪਲਾਸਟਿਕ ਦੇ ਲਿਫਾਫਿਆਂ ਵਿਚ ਸ਼ਰੇਆਮ ਗਾਹਕਾਂ ਨੂੰ ਸਮਾਨ ਪਾ ਕੇ ਦਿੱਤਾ ਜਾਂਦਾ ਹੈ, ਜਿਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ। ਉਨ੍ਹਾਂ ਕਿਹਾ ਪਹਿਲਾਂ ਹੀ ਧਰਤੀ ਉਪਰ ਲਗਾਤਾਰ ਵਧ ਰਹੇ ਪ੍ਰਦੂਸ਼ਣ ਕਾਰਨ ਕਈ ਬਿਮਾਰੀਆਂ ਜਨਮ ਲੈ ਰਹੀਆਂ ਹਨ ਅਤੇ ਜੇਕਰ ਸਰਕਾਰਾਂ ਵੱਲੋਂ ਸਮਾਂ ਰਹਿੰਦਿਆਂ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਨਾ ਰੋਕਿਆ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਵਾਤਾਵਰਣ ਪ੍ਰਦੂਸ਼ਣ ਹੋਰ ਵੀ ਵਧਦਾ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਸੰਬੰਧਿਤ ਵਿਭਾਗ ਨੂੰ ਹਦਾਇਤਾਂ ਜਾਰੀ ਕਰਕੇ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਕਰਨ ਵਾਲਿਆਂ ਖ਼ਿਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਵਾਤਾਵਰਣ ਪ੍ਰਦੂਸ਼ਣ ਹੋਣ ਤੋਂ ਬਚ ਸਕੇ।

ਰਾਮ ਰਹੀਮ ਨੂੰ ਪੈਰੋਲ ਤੇ ਬੰਦੀ ਸਿੰਘਾਂ ਨਾਲ ਧੱਕਾ ਕਿਉਂ ? ਮਾਨੋਚਾਹਲ

ਸਰਾਏ ਆਮਨਤ ਖਾਂ (ਮੱਖਣ ਮਨੋਜ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਲਏ ਫੈਸਲੇ ਮੁਤਾਬਿਕ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ

ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਮੀਰੀ-ਪੀਰੀ ਹਾਲ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਹਜ਼ੂਰੀ ਰਾਗੀ ਭਾਈ ਸਰੋਜ ਕਮਲਦੀਪ ਸਿੰਘ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਕੀਤੇ ਗਏ ਅਤੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਚੜ੍ਹਦੀ ਕਲਾ ਦੀ ਅਰਦਾਸ ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਵੱਲੋਂ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਮੈਨੇਜਰ ਧਰਵਿੰਦਰ ਸਿੰਘ ਮਾਨੋਚਾਹਲ ਅਤੇ ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨੇ ਕਿਹਾ ਕਿ ਪੰਥ-ਪੰਜਾਬ ਦੇ ਹਿੱਤਾਂ ਲਈ ਤਤਕਾਲੀ ਹਕੂਮਤ ਪਾਸੋਂ ਸੱਚ ਅਤੇ ਇਨਸਾਫ ਦੀ ਮੰਗ ਕਰਦਿਆਂ ਸ਼ਾਂਤਮਈ ਅਤੇ ਜੁਝਾਰੂ ਬਿਰਤੀ ਨਾਲ ਆਵਾਜ਼ ਚੁੱਕਣ ਵਾਲੇ ਸਿੱਖ ਨੌਜਵਾਨਾਂ ਨੂੰ ਲੰਮੇ ਸਮੇਂ ਤੋਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਤੈਅ ਕੀਤੇ ਦੋਸ਼ਾਂ ਮੁਤਾਬਕ ਉਹ ਆਪਣੀ ਬਣਦੀ ਸਜ਼ਾ ਨੂੰ ਦੂਹਰੀ-ਤੀਹਰੀ ਵਾਰ ਭੁਗਤ ਚੁੱਕੇ ਹਨ। ਉਨ੍ਹਾਂ ਕਿਹਾ ਕਿ ਵੱਡੇ ਅਪਰਾਧਿਕ ਮਾਮਲਿਆਂ ਵਿੱਚ ਬੰਦ ਰਾਮ ਰਹੀਮ ਆਦਿ ਨੂੰ ਬਿਨਾਂ ਕਿਸੇ ਸ਼ਰਤ ਤੋਂ ਪੈਰੋਲ ਦਿੱਤੀ ਜਾ ਰਹੀ ਹੈ, ਪਰ ਭਾਈ ਜਗਤਾਰ ਸਿੰਘ ਹਵਾਰਾ ਦੀ ਬਿਰਧ ਅਤੇ ਬਿਮਾਰ ਮਾਤਾ ਨੂੰ ਮਿਲਣ ਲਈ ਵੀ ਪੈਰੋਲ ਨਹੀਂ ਦਿੱਤੀ ਜਾ ਰਹੀ, ਜੋ ਕਿ ਸਿੱਖਾਂ ਨਾਲ ਧੱਕਾ ਹੈ।ਉਨ੍ਹਾਂ ਤੁਰੰਤ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ।ਇਸ ਮੌਕੇ ਪ੍ਰਿੰਸੀਪਲ ਜਗਰੂਪ ਕੌਰ, ਪ੍ਰਿੰਸੀਪਲ ਸਰਬਜੀਤ ਕੌਰ ਜੱਫਰਵਾਲ, ਮੀਤ ਮੈਨੇਜਰ ਦਿਲਬਾਗ ਸਿੰਘ ਝਬਾਲ, ਮੀਤ ਮੈਨੇਜਰ ਗੁਰਜੀਤ ਸਿੰਘ, ਜਤਿੰਦਰ ਸਿੰਘ ਸਟੋਰਕੀਪਰ, ਬਾਬਾ ਬਿਕਰਮ ਸਿੰਘ ਰਿਕਾਰਡ ਕੀਪਰ, ਅਕਾਊਂਟੈਂਟ ਅਮਰਬੀਰ ਸਿੰਘ, ਦਲਜੀਤ ਸਿੰਘ ਵਲਟੋਹਾ, ਅਰਵਨਪ੍ਰੀਤ ਸਿੰਘ ਕੈਰੋਂ, ਗੁਰਜੀਤ ਸਿੰਘ ਪੰਜਵੜ, ਜਗਜੀਤ ਸਿੰਘ ਖਜ਼ਾਨਚੀ, ਨਿਰਮਲ ਸਿੰਘ ਭੂਰਾ, ਕਾਬਲ ਸਿੰਘ ਅਤੇ ਸਮੁੱਚਾ ਸਟਾਫ ਹਾਜ਼ਰ ਸੀ।

ਮਹਿੰਗਾਈ ਵਿਰੁੱਧ ਆਰ ਐੱਮ ਪੀ ਆਈ ਵੱਲੋਂ ਮੋਦੀ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਸੂਬਾ ਕਮੇਟੀ ਦੇ ਸੱਦੇ 'ਤੇ ਭਿੱਖੀਵਿੰਡ ਦੇ ਬਾਜ਼ਾਰਾਂ ਵਿੱਚ ਵੱਧ ਰਹੀ ਬੇਤਹਾਸ਼ਾ ਮਹਿੰਗਾਈ ਵਿਰੁੱਧ ਕੇਂਦਰ ਦੀ ਮੋਦੀ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਪਾਰਟੀ ਵਰਕਰਾਂ ਵੱਲੋਂ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਕੇਂਦਰ ਦੀ ਭਾਜਪਾ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਰੋਸ ਪ੍ਰਦਰਸ਼ਨ ਦੀ ਅਗਵਾਈ ਪਾਰਟੀ ਆਗੂ ਹਰਜਿੰਦਰ ਸਿੰਘ ਚੂੰਘ

ਅਤੇ ਸਵਿੰਦਰ ਸਿੰਘ ਚੱਕ ਨੇ ਕੀਤੀ।ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ ਨੇ ਕਿਹਾ ਕਿ ਮੌਜੂਦਾ ਸਮੇਂ ਖਾਣ-ਪੀਣ ਦੀਆਂ ਵਸਤਾਂ, ਤੇਲ ਅਤੇ ਖ਼ਾਸ ਕਰਕੇ ਖੰਡ ਤੇ ਗੁੜ ਦੀਆਂ ਕੀਮਤਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ।ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਵੱਲੋਂ ਹਰ ਸਾਲ ਦੋ ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਰੁਜ਼ਗਾਰ ਦੇਣ ਦੀ ਬਜਾਏ ਨੌਜਵਾਨਾਂ ਨੂੰ ਕੰਮ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਕੰਮ ਦੇ ਘੰਟੇ ਘਟਾਉਣ ਦੀ ਥਾਂ 12 ਘੰਟੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਲੋਕ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਹਨ ਅਤੇ ਅੱਤ ਦੀ ਮਹਿੰਗਾਈ ਨੇ ਆਮ ਲੋਕਾਂ ਦਾ ਜੀਣਾ ਦੁੱਭਰ ਕਰ ਦਿੱਤਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਮਹਿੰਗਾਈ ਨੂੰ ਕਾਬੂ ਕਰਨ ਲਈ ਮਿੱਲ ਮਾਲਕਾਂ ਅਤੇ ਕਾਲਾਬਾਜ਼ਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਤੋਂ ਕੇਂਦਰ ਸਰਕਾਰ ਜਾਣ-ਬੁੱਝ ਕੇ ਟਾਲਾ ਵੱਟ ਰਹੀ ਹੈ।ਉਨ੍ਹਾਂ ਕਿਹਾ ਕਿ ਮਹਿੰਗਾਈ ਅਤੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਜਥੇਬੰਦੀ ਵੱਲੋਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਉਨ੍ਹਾਂ ਮਿਹਨਤਕਸ਼ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਸਹਿ ਮਹਿੰਗਾਈ ਅਤੇ ਮੋਦੀ ਸਰਕਾਰ ਦੀਆਂ ਗ਼ਰੀਬ ਮਾਰੂ ਨੀਤੀਆਂ ਵਿਰੁੱਧ ਪਿੰਡਾਂ ਵਿੱਚ ਜ਼ੋਰਦਾਰ ਆਵਾਜ਼ ਬੁਲੰਦ ਕਰਨ।ਇਸ ਮੌਕੇ ਜਥੇਬੰਦੀ ਦੇ ਸੀਨੀਅਰ ਆਗੂ ਜਸਵੰਤ ਸਿੰਘ ਭਿੱਖੀਵਿੰਡ, ਗੱਜਣ ਸਿੰਘ, ਗੁਰਲਾਲ ਅਮਰਕੋਟ, ਸੰਤੋਖ ਸਿੰਘ ਮੱਖੀਕਲਾਂ, ਭਗਵੰਤ ਸੁਰਸਿੰਘ, ਬਲਦੇਵ ਕੰਬੋਕੇ ਆਦਿ ਹਾਜ਼ਰ ਸਨ।

ਡਾਕਟਰ ਚਰਨਜੀਤ ਸਿੰਘ ਦੇ ਹੱਕ 'ਚ ਨਿੱਤਰੇ ਇਲਾਕਾ ਵਾਸੀ

ਮੋਰਿੰਡਾ, (ਨਿਹਾਲ ਸਿੰਘ ਕਲਸੀ) ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਵੱਲੋਂ 'ਆਪ' ਦੇ ਸੀਨੀਅਰ ਆਗੂ ਜਸਵੀਰ ਸਿੰਘ ਗੜ੍ਹੀ ਨੂੰ ਹਲਕਾ ਸ੍ਰੀ ਚਮਕੌਰ ਸਾਹਿਬ ਦਾ

ਹਲਕਾ ਇੰਚਾਰਜ ਨਿਯੁਕਤ ਕੀਤੇ ਜਾਣ 'ਤੇ ਹਲਕੇ ਦੇ ਸਿਆਸੀ ਗਲਿਆਰਿਆਂ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਚਰਚਾਵਾਂ ਦਾ ਬਾਜ਼ਾਰ ਗਰਮ ਹੈ। ਉੱਥੇ ਹੀ ਬਹੁਤ ਸਾਰੇ ਲੋਕ ਇਸ ਨਿਯੁਕਤੀ ਨੂੰ ਲੈ ਕੇ ਇਸ ਤੋਂ ਸਿੱਧਾ ਮਤਲਬ ਆਮ ਆਦਮੀ ਪਾਰਟੀ ਵੱਲੋਂ ਜਸਵੀਰ ਸਿੰਘ ਗੜ੍ਹੀ ਨੂੰ ਸਾਲ 2027 ਵਿਧਾਨ ਸਭਾ ਚੋਣਾਂ ਵਿੱਚ ਸ੍ਰੀ ਚਮਕੌਰ ਸਾਹਿਬ ਤੋਂ ਪਾਰਟੀ ਟਿਕਟ 'ਤੇ ਚੋਣ ਲੜਾਉਣ ਦੀ ਤਿਆਰੀ ਵਜੋਂ ਦੇਖ ਰਹੇ ਹਨ।ਜਦਕਿ ਇਸ ਨਿਯੁਕਤੀ ਨੂੰ ਲੈ ਕੇ ਵਿਧਾਇਕ ਡਾਕਟਰ ਚਰਨਜੀਤ ਸਿੰਘ ਵੱਲੋਂ ਆਪਣਾ ਪ੍ਰਤੀਕਰਮ ਜਾਹਰ ਕਰਦਿਆਂ ਕਿਹਾ ਗਿਆ ਪਾਰਟੀ ਹਾਈ ਕਮਾਂਡ ਵੱਲੋਂ ਉਹਨਾਂ ਨੂੰ ਜੋ ਜਿੰਮੇਦਾਰੀ ਦਿੱਤੀ ਹੈ ਉਹ ਇਮਾਨਦਾਰੀ ਨਾਲ ਨਿਭਾ ਰਹੇ ਹਨ ਅਤੇ ਅੱਗੇ ਵੀ ਨਿਭਾਉਂਦੇ ਰਹਿਣਗੇ।ਉਨ੍ਹਾਂ ਕਿਹਾ ਕਿ ਇਸ ਦਾ ਇਲਾਕੇ ਦੇ ਲੋਕਾਂ ਨੂੰ ਫੌਰੀ ਤੌਰ 'ਤੇ ਅਜਿਹਾ ਮਤਲਬ ਨਹੀਂ ਲੈਣਾ ਚਾਹੀਦਾ ਕਿ ਹਲਕਾ ਇੰਚਾਰਜ ਨੂੰ ਹੀ ਟਿਕਟ ਮਿਲੇਗੀ।ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਕਿਹਾ ਕਿ ਉਹ 15 ਸਾਲ ਤੋਂ ਇਲਾਕੇ ਦੀ ਸੇਵਾ ਕਰ ਰਹੇ ਹਨ ਅਤੇ ਪਿੰਡਾਂ ਸ਼ਹਿਰਾਂ ਦੇ ਲੋਕਾਂ ਨਾਲ ਉਹਨਾਂ ਦਾ ਚੰਗਾ ਰਾਬਤਾ ਹੈ। ਉਹ ਹਰ ਪਿੰਡ ਵਿੱਚ ਘੱਟੋ ਘੱਟ ਚਾਰ- ਚਾਰ ਜਾਂ ਪੰਜ ਵਾਰ ਜਾ ਕੇ ਲੋਕਾਂ ਦੀ ਸੇਵਾ ਵਿੱਚ ਵਿਚਰਦੇ ਰਹੇ ਹਨ ਅਤੇ ਉਨ੍ਹਾਂ ਨੇ ਪੂਰੀ ਇਮਾਨਦਾਰੀ ਨਾਲ ਲੋਕਾਂ ਦੇ ਕੰਮ ਕੀਤੇ ਹਨ ਅਤੇ ਕਰਦੇ ਰਹਿਣਗੇ।ਉਹਨਾਂ ਕਿਹਾ ਕਿ ਪਾਰਟੀ ਜੋ ਵੀ ਉਹਨਾਂ ਦੀ ਡਿਊਟੀ ਲਾਉਣ ਦੀ ਕਹੇਗੀ ਉਹ ਇਮਾਨਦਾਰੀ ਨਾਲ ਨਿਭਾਉਣਗੇ।ਜਦਕਿ ਦੂਸਰੇ ਪਾਸੇ ਇਕੱਤਰ ਹੋਏ ਹਲਕੇ ਦੇ ਇੱਕ ਦਰਜਨ ਤੋਂ ਵੱਧ ਵੱਖ-ਵੱਖ ਪਿੰਡਾਂ ਦੇ ਲੋਕਾਂ, ਪੰਚਾਂ ਸਰਪੰਚਾਂ ਅਤੇ ਆਪ ਆਗੂਆਂ ਨੇ ਹਲਕਾ ਇੰਚਾਰਜ ਦੀ ਇਸ ਨਿਯੁਕਤੀ 'ਤੇ ਨਰਾਜ਼ਗੀ ਜਤਾਈ ਅਤੇ ਆਪੋ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਬੁਲਾਰਿਆਂ ਵਿੱਚ ਤੇਜਿੰਦਰ ਸਿੰਘ ਬਿੱਲੂ ਕਲਾਰਾਂ, ਸਰਪੰਚ ਬਲਰਾਮ ਸਿੰਘ ਕੋਟਲੀ, ਕਿਸਾਨ ਆਗੂ ਮਨਜੀਤ ਸਿੰਘ ਬਹਿਰਾਮਪੁਰ, ਵੱਖ-ਵੱਖ ਚੇਅਰਮੈਨਾਂ ਆਗੂਆਂ ਨੇ ਕਿਹਾ ਕਿ ਉਹ ਸਿਰਫ ਡਾਕਟਰ ਚਰਨਜੀਤ ਸਿੰਘ ਨਾਲ ਹਨ ਅਤੇ ਰਹਿਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ, ਗੁਰਮੇਲ ਸਿੰਘ ਬਾੜਾ, ਨਰਿੰਦਰ ਸਿੰਘ ਕਾਈਨੌਰ, ਮਾਰਕੀਟ ਕਮੇਟੀ ਮੋਰਿੰਡਾ ਦੇ ਚੇਅਰਮੈਨ ਕੇਸਰ ਸਿੰਘ ਸਮਾਣਾ, ਸ਼ੂਗਰ ਮਿੱਲ ਮਰਿੰਡਾ ਦੇ ਚੇਅਰਮੈਨ ਸੁਖਜਿੰਦਰ ਸਿੰਘ ਸੋਹੀ, ਚੇਅਰਮੈਨ ਅਮਰੀਕ ਸਿੰਘ ਢੰਗਰਾਲੀ, ਚੇਅਰਮੈਨ ਮਨਜੀਤ ਕੌਰ, ਜਗਮੋਹਨ ਸਿੰਘ ਰੰਗੀਆਂ, ਸਰਪੰਚ ਮਨਵੀਰ ਸਿੰਘ ਰਾਮਗੜ੍ਹ, ਨਿਰਪਾਲ ਸਿੰਘ ਮੰਡੇਰ, ਰੋਹਿਤ ਵਸਿਸ਼ਟ, ਸਰਪੰਚ ਗੋਗੀ ਬਲਦੇਵ ਨਗਰ ਤੇ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

ਭੁਪਿੰਦਰ ਸਿੰਘ ਬਾਜਵਾ ਨੇ 'ਮਿਸ਼ਨ ਕਲੀਨ ਪੰਜਾਬ' ਤਹਿਤ ਬਟਾਲਾ 'ਚ ਸਫ਼ਾਈ ਮੁਹਿੰਮ ਦੀ ਸ਼ੁਰੂਆਤ ਕਰਵਾਈ

ਬਟਾਲਾ (ਡਾਕਟਰ ਮਲਵਿੰਦਰ ਸਿੰਘ) ਪੰਜਾਬ ਸਰਕਾਰ ... ਕਿਹਾ ਕਿ 'ਮਿਸ਼ਨ ਕਲੀਨ ਪੰਜਾਬ' ਦਾ ਮਕਸਦ ਸਿਰਫ ...

ਆਰ ਡੀ ਖੋਸਲਾ ਸਕੂਲ ਦੇ ਖਿਡਾਰੀਆਂ ਨੇ ਖੋ-ਖੋ 'ਚ ਹਾਸਲ ਕੀਤੀ ਸ਼ਾਨਦਾਰ ਜਿੱਤ

ਸਮਰਪਣ, ਅਨੁਸ਼ਾਸਨ, ਇਕਸਾਰ ਅਭਿਆਸ ਅਤੇ ਖੇਡਾਂ ਪ੍ਰਤੀ ਵਚਨਬੱਧਤਾ ਦਾ ਪ੍ਰਮਾਣ ਹੈ। ਉਨ੍ਹਾਂਦੀ ਸਫਲਤਾ ਨੇ ਨਾ ਸਿਰਫ਼ ਸਕੂਲ ...

ਧੋਖਾਧੜੀ ਕਰਨ 'ਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ) ...

ਮਹਿੰਗਾਈ ਵਿਰੁੱਧ ਮੋਦੀ ਸਰਕਾਰ ਦੇ ਪੁਤਲੇ ਫੂਕੇ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ...

ਹਰਭਜਨ ਸਿੰਘ ਈ ਟੀ ਤੇ ਦਲਬੀਰ ਸਿੰਘ ਟੌਂਗ ਨੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਮੱਥਾ ਟੇਕਿਆ

ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਤੇ ਤਾਲਮੇਲ ਕਮੇਟੀ ਵੱਲੋਂ ਅਰਥੀ ਫੂਕ ਪ੍ਰਦਰਸ਼ਨ

ਗਰੇਵਾਲ ਨਾਲ ਰਾਣਾ ਕੇ ਪੀ ਸਿੰਘ ਨੇ ਕੀਤਾ ਦੁੱਖ ਪ੍ਰਗਟ

Please scan this QR code to view the Prospectus

MADHUR KNIT CRAFTS LIMITED

(formerly known as Madhur Knit Crafts Private Limited)

CIN: U17301PB1997PLC020381

Our Company was originally incorporated as Madhur Knit Crafts Private Limited, a private limited company under the provisions of the erstwhile Companies Act, 1956, pursuant to a certificate of incorporation dated August 21, 1997, bearing Corporate Identification Number U17301PB1997PTC020381, issued by the Registrar of Companies, Punjab, Himachal Pradesh and Chandigarh. Subsequently, our Company was converted into a public limited company pursuant to a special resolution passed by our Shareholders at an extraordinary general meeting held on January 22, 2025, and a fresh certificate of incorporation dated January 30, 2025, was issued by the Registrar of Companies, Chandigarh, recording the change in the name of our Company to Madhur Knit Crafts Limited.

Registered Office: Village - Seera, Sattowal Road, Rahon Road, Eros Bajra Road, Ludhiana, Punjab, India - 141007 **Tel:** +91 9878009690; **Fax:** N.A.; **Website:** www.mkcpl.in; **E-mail:** ipo@mkcpl.in
Company Secretary and Compliance Officer: Ms. Nikita Tayal

OUR PROMOTERS: MR. ARUN GUPTA; MR. PIYUSH GUPTA AND MR. CHIRAG GUPTA

INITIAL PUBLIC OFFER OF EQUITY SHARES ON EMERGE PLATFORM OF NSE INDIA LIMITED (NSE) IN COMPLIANCE WITH CHAPTER IX OF THE SECURITIES AND EXCHANGE BOARD OF INDIA (ISSUE OF CAPITAL AND DISCLOSURE REQUIREMENTS) REGULATIONS, 2018

Our Company is engaged in the business of manufacturing of textiles, comprising a diversified range of fabrics, blankets and garments. Originally incorporated on August 21, 1997 and founded by Mr. Arun Gupta along with his brothers, our Company commenced commercial operations in 2013 with a focus on manufacturing blankets and has since grown into a diversified textile business. Our Company has transitioned from minimal processing to a fully integrated yarn-to-cloth manufacturing model, focusing on complete value addition from converting yarn into finished cloth. Our operations are strategically located at Ludhiana, Punjab, a well-established textile hub, providing access to a reliable network of suppliers, raw materials such as yarns, logistics service providers and national distribution channels. Our production infrastructure includes advanced machinery such as a PLC-controlled multi-chamber system with thermal oil heating, brushing machines, fabric embossing 3D punching machines, bonding machines, dyeing machines, and shearing and printing equipment. Our Company has also ventured into technical textiles, including paint roller fabrics requiring precision processes such as chemical coating and lamination.

BASIS OF ALLOTMENT

INITIAL PUBLIC OFFERING OF 53,26,800 EQUITY SHARES OF FACE VALUE OF RS. 10/- EACH ("EQUITY SHARES") OF MADHUR KNIT CRAFTS LIMITED ("MKCL" OR THE "COMPANY") FOR CASH AT A PRICE OF RS. 100/- PER EQUITY SHARE (INCLUDING A SHARE PREMIUM OF RS. 90/- PER EQUITY SHARE) (THE "ISSUE PRICE"), AGGREGATING TO RS. 5,326.80 LAKHS ("THE ISSUE"), COMPRISING A FRESH ISSUE OF 53,26,800 EQUITY SHARES AGGREGATING TO RS. 5,326.80 LAKHS BY OUR COMPANY ("FRESH ISSUE"). THERE IS NO OFFER FOR SALE COMPONENT IN THE ISSUE. OUT OF THE ISSUE, 2,66,400 EQUITY SHARES AGGREGATING TO RS. 266.40 LAKHS WERE RESERVED FOR SUBSCRIPTION BY THE MARKET MAKER ("MARKET MAKER RESERVATION PORTION"). THE ISSUE LESS THE MARKET MAKER RESERVATION PORTION I.E. 50,60,400 EQUITY SHARES OF FACE VALUE OF RS. 10/- EACH AT AN ISSUE PRICE OF RS. 100/- PER EQUITY SHARE AGGREGATING TO RS. 5,060.40 LAKHS IS HEREINAFTER REFERRED TO AS THE "NET ISSUE". THE ISSUE AND THE NET ISSUE CONSTITUTE 28.02% AND 26.62%, RESPECTIVELY, OF THE POST ISSUE PAID UP EQUITY SHARE CAPITAL OF OUR COMPANY.

THE FACE VALUE OF THE EQUITY SHARE IS ₹ 10/- AND ISSUE PRICE IS ₹ 100/-

THE ISSUE PRICE IS 10 TIMES OF THE FACE VALUE OF THE EQUITY SHARE

PRICE BAND: ₹ 95/- TO ₹ 100/- PER EQUITY SHARE | ANCHOR INVESTOR ISSUE PRICE: ₹ 100/-

BID/ISSUE PROGRAMME	
	ANCHOR INVESTOR BIDDING DATE WAS: FRIDAY, AUGUST 21, 2026
	BID / ISSUE OPENED ON: MONDAY, AUGUST 24, 2026
	BID / ISSUE CLOSED ON: THURSDAY, AUGUST 27, 2026

RISKS TO INVESTORS

Summary description of key risk factors based on materiality

1. Our Company has a high geographical concentration in Punjab, with more than 90% of total revenue derived from the State of Punjab over the past three Fiscals, exposing us to region-specific economic, environmental and operational risks.
2. A major portion of our revenue depends upon a few customers. Our top 10 customers contributed 34.14% of total revenue for the eleven months ended February 28, 2026, 34.15% in Fiscal 2025, 41.45% in Fiscal 2024 and 48.50% in Fiscal 2023. The loss of any one or more of our major customers would have a material adverse effect on our business operations and profitability.
3. Our Company has experienced negative cash flows in the past. Net cash from operating activities was negative in Fiscal 2025 (Rs. -255.82 lakhs), Fiscal 2024 (Rs. -367.70 lakhs) and Fiscal 2023 (Rs. -4.78 lakhs). Sustained negative cash flows could affect our business, results of operations and prospects.
4. A substantial portion of our raw materials is sourced from a limited number of suppliers. Any disruption in supply, increase in prices, or inability of these suppliers to meet quality or delivery requirements could materially and adversely affect our operations, production schedules and profitability.
5. A significant portion of our raw materials is sourced from Punjab, accounting for 99.26% of total procurement for the eleven months ended February 28, 2026. Any disruption in this region could materially affect our operations, production and financial performance.
6. Certain adjustments have been made in the financial statements of our Company by our Auditors on account of provision for gratuity and deferred tax, which differ from the initially audited financials.
7. Our Company depends on short-term rental arrangements for certain operational premises and does not own all the premises from which it operates.
8. Our Company has entered into certain related party transactions and may continue to do so in the future.
9. Volatility in the prices and availability of yarns and other raw materials may adversely affect our business and results of operations.
10. Our business is dependent on our manufacturing facility, and any disruption in operations at such facility may adversely affect our business, financial condition and results of operations.
11. We have significant working capital requirements, and our inability to meet them may materially and adversely affect our business, results of operations and financial condition.
12. Our lenders have a charge over our movable and immovable properties, stock, book debts, plant and machinery in respect of finance availed by us.

DETAILS OF SUITABLE RATIOS:

1) Basic and Diluted Earnings per Share (EPS) as per Accounting Standard 20

On the basis of Restated financials:

Financial Year	EPS (Basic & Diluted) (Rs.)	Weight
2022-23	0.74	1
2023-24	1.41	2
2024-25	8.51	3
Weighted Average EPS	**4.86**	**6**
February 28, 2026*	9.20	-

**Not Annualised.*

The figures are based on the Restated Financial Statements of the Company. EPS calculation has been done in accordance with Accounting Standard 20 - Earnings Per Share issued by The Institute of Chartered Accountants of India.

2) Price to Earnings (P/E) ratio in relation to Issue Price of ₹ 100 per Equity Share of face value ₹ 10/- each fully paid up

On the basis of Restated financials:

Particulars	EPS (in Rs.)	P/E Ratio at Issue Price (no. of times)
P/E ratio based on the Basic & Diluted EPS, as restated for FY 2024-25	8.51	11.75
P/E ratio based on the Weighted Average Basic & Diluted EPS, as restated	4.86	20.58

3) Industry P/E*

Particulars	P/E Ratio
Highest	4.69
Lowest	4.69
Average	4.69

**Currently, our Company has only one listed competitor engaged in comparable lines of business, i.e. Kaytex Fabrics Limited. P/E ratio has been computed based on the closing market price of equity shares on NSE as on June 17, 2026, divided by the diluted EPS for the year ended March 31, 2026.*

4) Return on Net Worth (RONW)

On the basis of Restated financials:

Financial Year	Return on Net Worth (%)	Weight
2022-23	6.21%	1
2023-24	10.49%	2
2024-25	37.42%	3
Weighted Average	**23.24%**	**6**
February 28, 2026*	28.33%	-

**Not Annualised.*

5) Net Asset Value per Equity Share

On the basis of restated financial statements:

Particulars	Net Asset Value (NAV) in Rs.
2022-23	11.99
2023-24	13.40
2024-25	22.75
February 28, 2026*	**32.47**
NAV after the Issue - at Issue Price	50.96

**Not Annualised.*

NAV = Net worth excluding preference share capital and revaluation reserve / weighted average number of Equity Shares outstanding at the end of the year or period.

6) Comparison with industry peers

Name of the Company	CMP (Rs.)	Face Value (Rs.)	Revenue (Rs. in Lakhs)	Basic EPS	Diluted EPS	P/E Ratio	RONW (%)	NAV per Equity Share
Madhur Knit Crafts Limited*	100.00	10	17,163.50	8.51	8.51	11.75	37.42%	22.75
Peer Group								
Kaytex Fabrics Limited	60.00	10	16,283.46	12.79	12.79	4.69	14.96%	79.27

**Financial information for the year ended March 31, 2025. Source: Financial information for the listed industry peer is on a standalone/consolidated basis as available and sourced from the financial reports of the peer company uploaded on the NSE website. P/E Ratio has been computed based on the closing market price of Equity Shares on the NSE on June 17, 2026, divided by the Diluted EPS. RONW is computed as net profit after tax divided by net worth. NAV is computed as net worth divided by the outstanding weighted average number of Equity Shares during the period.*

***Notes:** Considering the nature and turnover of the business of the Company, the peer is not strictly comparable. However, the same has been included for broader comparison. Similar to our Company, Kaytex Fabrics Limited operates as a fabric manufacturer and manages the complete production process from yarn to finished fabric.*

For further details, see the section titled "Risk Factors" beginning on page 17 and the financial information of the Company including profitability and return ratios, as set out in the section titled "Restated Financial Information" beginning on page 181 of the Prospectus, for a more informed view.

KEY FINANCIAL AND OPERATIONAL PERFORMANCE INDICATORS ("KPIs")

Our Company considers that the KPIs included below have a bearing for arriving at the basis for the Issue Price. The KPIs disclosed below have been approved by a resolution of our Audit Committee dated September 24, 2025, and the members of the Audit Committee have verified the details of all KPIs pertaining to the Company. Further, the KPIs herein have been certified by V.V. Bhalla and Co., Chartered Accountants, by their certificate dated July 09, 2026. The members of the Audit Committee have confirmed that these KPIs are consistent with those previously disclosed to investors within the three years preceding the date of filing of the Prospectus.

Restated KPI indicators

(Rupees in Lakhs, except EPS, % and ratios)

Key Performance Indicator	28-Feb-26	31-Mar-25	31-Mar-24	31-Mar-23
GAAP Financial Measures				
Revenue from operations	19,469.05	17,163.50	10,838.45	8,932.70
Year-on-year growth in Revenue from Operations	*	58.36%	21.33%	15.41%
PAT	1,235.23	1,103.25	170.43	90.31
PAT Margin (%)	6.34%	6.43%	1.57%	1.01%
Net Worth	4,360.75	2,948.52	1,624.24	1,453.80
Debt	7,354.14	6,719.98	5,778.53	3,417.53
Current Ratio	1.49	1.48	1.41	1.33
Debt-Equity Ratio	1.69	2.28	3.56	2.35
Non-GAAP Financial Measures				
EBITDA	2,567.31	2,327.52	804.40	551.11
EBITDA Margin (%)	13.19%	13.56%	7.42%	6.17%
ROE (%)	28.33%	37.42%	10.49%	6.21%
ROCE (%)	31.11%	33.49%	13.09%	13.78%
Cash Profit after tax	1,478.00	1,340.45	349.00	254.78
Operating Cash flow	443.50	(255.82)	(367.70)	(4.78)
Interest Coverage Ratio	3.43	3.40	1.46	1.25
Operational Measures				
Trade Receivable Days	85	81	95	57
Trade Payable Days	79	48	56	65
Inventory Days	147	120	109	155
Cash Conversion Cycle	153	153	148	147

**Year-on-year comparison for the stub period not made.*

ADDITIONAL INFORMATION FOR INVESTORS

Details of the Pre-IPO Placement undertaken from the date of filing of the Draft Red Herring Prospectus

Our Company, in consultation with the Book Running Lead Manager, undertook a Pre-IPO Placement of 2,72,307 Equity Shares of face value of ₹ 10 each by way of preferential allotment, at a price of ₹ 65 per Equity Share (including a premium of ₹ 55 per Equity Share), aggregating to ₹ 176.99 lakhs, as permitted under applicable law. The Pre-IPO Placement was completed prior to the filing of the Red Herring Prospectus with the RoC, and the amount so raised was reduced from the Fresh Issue. The Pre-IPO Placement did not exceed 20% of the original size of the Fresh Issue as disclosed in the Draft Red Herring Prospectus. The details of the allottees are as under:

Sr. No.	Name of Allottee	Date of Allotment	No. of Equity Shares	% of Pre-Issue Share Capital	Price per Equity Share (₹) / Total Consideration (₹)
1	Inderpal Singh	February 28, 2026	76,923	0.56%	65 / 49,99,995
2	Dinesh Garg	February 28, 2026	76,923	0.56%	65 / 49,99,995
3	Dhruv Gupta	February 28, 2026	46,154	0.34%	65 / 30,00,010
4	Sumit Garg	February 28, 2026	16,923	0.12%	65 / 10,99,995
5	Preeti Kapoor	February 28, 2026	16,923	0.12%	65 / 10,99,995
6	Sunita Bansal	February 28, 2026	15,385	0.11%	65 / 10,00,025
7	Ritika	February 28, 2026	7,692	0.06%	65 / 4,99,980
8	Saurabh Makhija	February 28, 2026	7,692	0.06%	65 / 4,99,980
9	Vikas Bansal	February 28, 2026	7,692	0.06%	65 / 4,99,980
Total			**2,72,307**	**1.99%**	**1,76,99,955**

Note: The percentage of pre-Issue share capital is computed on the pre-Issue paid-up equity share capital of 1,36,82,432 Equity Shares. For further details, see "Capital Structure" beginning on page 62 of the Prospectus.

Continued to next page.....

Continued from previous page....

5 ਨੂੰ ਮਨਾਇਆ ਜਾਵੇਗਾ 'ਕਾਲਾ ਅਧਿਆਪਕ ਦਿਵਸ' : ਏਡਿਡ ਸਕੂਲ ਯੂਨੀਅਨ

ਅੱਠ ਮਹੀਨਿਆਂ ਤੋਂ ਰੋਕੀਆਂ ਤਨਖ਼ਾਹਾਂ ਤੁਰੰਤ ਜਾਰੀ ਕਰੇ ਸਰਕਾਰ : ਸ਼੍ਰੀਕਾਂਤ ਸ਼ਰਮਾ

ਤਲਵੰਡੀ ਸਾਬੋ (ਜਗਦੀਪ ਗਿੱਲ)- ਪੰਜਾਬ ਰਾਜ ਦੇ ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ ਦੇ ਅਧਿਆਪਕਾਂ ਤੇ ਹੋਰ ਕਰਮਚਾਰੀਆਂ ਨੂੰ ਪਿਛਲੇ ਲਗਭਗ ਅੱਠ ਮਹੀਨਿਆਂ ਤੋਂ ਤਨਖ਼ਾਹਾਂ ਨਾ ਮਿਲਣ ਅਤੇ ਸੇਵਾ ਮੁਕਤ ਅਧਿਆਪਕਾਂ ਤੇ ਹੋਰ ਕਰਮਚਾਰੀਆਂ ਨੂੰ ਪੈਨਸ਼ਨ ਦੇ ਪੀ.ਪੀ.ਓ. ਜਾਰੀ ਨਾ ਕੀਤੇ ਜਾਣ ਕਾਰਨ ਅਧਿਆਪਕਾਂ ਤੇ ਕਰਮਚਾਰੀਆਂ ਵਿੱਚ ਸਰਕਾਰ ਪ੍ਰਤੀ ਡੂੰਘਾ ਰੋਸ ਪਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਸ਼੍ਰੀਕਾਂਤ ਸ਼ਰਮਾ ਤੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਮੋਦ ਕੁਮਾਰ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਸਿੱਧੂ ਨੇ ਕਿਹਾ ਕਿ ਏਡਿਡ ਸਕੂਲਾਂ ਦੇ ਅਧਿਆਪਕ ਅਤੇ ਕਰਮਚਾਰੀ ਲੰਮੇ ਸਮੇਂ ਤੋਂ ਆਪਣੀਆਂ ਤਨਖ਼ਾਹਾਂ ਤੇ ਪੈਨਸ਼ਨ ਸਬੰਧੀ ਹੱਕਾਂ ਲਈ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਵੱਲੋਂ ਅਜੇ ਤੱਕ ਇਸ ਗੰਭੀਰ ਮਸਲੇ ਦਾ ਕੋਈ ਢੁੱਕਵਾਂ ਤੇ ਸਥਾਈ ਹੱਲ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਲਗਾਤਾਰ ਅੱਠ ਮਹੀਨਿਆਂ ਤੋਂ ਤਨਖ਼ਾਹਾਂ ਨਾ ਮਿਲਣ ਕਾਰਨ ਅਧਿਆਪਕਾਂ ਤੇ ਕਰਮਚਾਰੀਆਂ ਨੂੰ ਭਾਰੀ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਘਰਾਂ ਦੇ ਰੋਜ਼ਾਨਾ ਖਰਚਿਆਂ, ਬੱਚਿਆਂ ਦੀ ਪੜ੍ਹਾਈ ਤੇ ਹੋਰ ਜ਼ਰੂਰੀ ਲੋੜਾਂ ਨੂੰ ਪੂਰਾ ਕਰਨਾ ਉਨ੍ਹਾਂ ਲਈ ਬਹੁਤ ਮੁਸ਼ਕਲ ਬਣਦਾ ਜਾ ਰਿਹਾ ਹੈ।ਦੂਜੇ ਪਾਸੇ ਸੇਵਾ ਮੁਕਤ ਅਧਿਆਪਕ ਤੇ ਕਰਮਚਾਰੀ ਆਪਣੇ ਪੈਨਸ਼ਨਰੀ ਲਾਭਾਂ ਤੇ ਪੈਨਸ਼ਨ ਦੇ ਪੀ.ਪੀ.ਓ. ਜਾਰੀ ਕਰਵਾਉਣ ਲਈ ਵੱਖ-ਵੱਖ ਦਫ਼ਤਰਾਂ ਦੇ ਚੱਕਰ ਕੱਟਣ ਲਈ ਮਜਬੂਰ ਹਨ।ਸ਼੍ਰੀਕਾਂਤ ਸ਼ਰਮਾ ਨੇ ਕਿਹਾ ਕਿ ਅਧਿਆਪਕ ਤੇ ਕਰਮਚਾਰੀ ਸਮਾਜ ਦੇ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਤੇ ਉਨ੍ਹਾਂ ਨੂੰ ਸਮੇਂ ਸਿਰ ਤਨਖ਼ਾਹਾਂ ਤੋਂ ਵਾਂਝਾ ਰੱਖਣਾ ਬਹੁਤ ਹੀ ਦੁੱਖਦਾਈ ਤੇ ਨਿੰਦਣਯੋਗ ਹੈ।ਸਰਕਾਰ ਨੂੰ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਬਕਾਇਆ ਤਨਖ਼ਾਹਾਂ ਜਾਰੀ ਕਰਨੀਆਂ ਚਾਹੀਦੀਆਂ ਹਨ।

ਯੂਨੀਅਨ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਹਜ਼ਾਰਾਂ ਅਧਿਆਪਕਾਂ, ਹੋਰ ਕਰਮਚਾਰੀਆਂ ਦੇ ਨਾਲ ਨਾਲ ਬਜ਼ੁਰਗ ਪੈਨਸ਼ਨਰਾਂ ਦੇ ਛੇਵੇਂ ਪੇ ਕਮਿਸ਼ਨ ਦੇ ਬਕਾਇਆਂ ਨੂੰ ਵੀ ਜਾਰੀ ਨਹੀਂ ਕਰ ਰਹੀ ਹੈ, ਜਦੋਂਕਿ ਇਸੇ ਸਰਕਾਰ ਵੱਲੋਂ ਹਾਈ ਕੋਰਟ ਵਿੱਚ ਐਫੀਡੇਵਿਟ ਦੇ ਕੇ ਇਹ ਵਚਨ ਦਿੱਤਾ ਗਿਆ ਸੀ ਕਿ ਪੰਜਾਬ ਦੇ ਸਾਰੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਤੇ ਪੈਨਸ਼ਨਰਾਂ ਨੂੰ ਸਰਕਾਰੀ ਸਕੂਲਾਂ ਦੇ ਸਮੂਹ ਕਰਮਚਾਰੀਆਂ ਵਾਂਗ ਛੇਵੇਂ ਪੇ ਕਮਿਸ਼ਨ ਦੇ ਬਕਾਇਆਂ ਦੀ ਅਦਾਇਗੀ ਕੀਤੀ ਜਾਵੇਗੀ।ਜ਼ਿਲ੍ਹਾ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਸਿੱਧੂ ਨੇ ਕਿਹਾ ਕਿ ਸੂਬਾ ਕਮੇਟੀ ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਜੇਕਰ ਸਰਕਾਰ ਨੇ ਅਧਿਆਪਕਾਂ ਤੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦਾ ਤੁਰੰਤ ਹੱਲ ਨਾ ਕੀਤਾ ਤਾਂ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਸੂਬਾ ਪੱਧਰੀ ਰੋਸ ਪ੍ਰਗਟ ਕਰਦਿਆਂ 'ਕਾਲਾ ਅਧਿਆਪਕ ਦਿਵਸ' ਮਨਾਇਆ ਜਾਵੇਗਾ।ਉਪਰੋਕਤ ਆਗੂਆਂ ਨੇ ਬਠਿੰਡਾ ਜ਼ਿਲ੍ਹੇ ਦੇ ਸਮੂਹ ਏਡਿਡ ਸਕੂਲਾਂ ਦੇ ਅਧਿਆਪਕਾਂ ਤੇ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ 5 ਸਤੰਬਰ ਨੂੰ ਹੋਣ ਵਾਲੇ ਸੂਬਾ ਪੱਧਰੀ ਰੋਸ ਪ੍ਰੋਗਰਾਮ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ, ਤਾਂ ਜੋ ਸਰਕਾਰ ਤੱਕ ਆਪਣੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਮਜ਼ਬੂਤੀ ਨਾਲ ਪਹੁੰਚਾਇਆ ਜਾ ਸਕੇ।

600 ਗਰਾਮ ਹੈਰੋਇਨ ਸਮੇਤ ਭਗੌੜਾ ਕਾਬੂ

ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਪੁਲਸ ਨੇ ਇੱਕ ਬਦਨਾਮ ਤਸਕਰ ਨੂੰ ਗ੍ਰਿਫ਼ਤਾਰ ਕਰਨ ਤੇ ਉਸ ਦੇ ਕਬਜ਼ੇ ਵਿੱਚੋਂ 600 ਗ੍ਰਾਮ ਹੈਰੋਇਨ, ਡਰੱਗ ਮਨੀ, ਦੋ ਮੋਬਾਈਲ ਫ਼ੋਨ ਤੇ ਇੱਕ ਬੈਗ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।ਮੁਲਜ਼ਮ ਦੀ ਪਛਾਣ ਪ੍ਰਭਜਿੰਦਰਪ੍ਰੀਤ ਸਿੰਘ ਉਰਫ਼ ਸਿਕੰਦਰ ਵਜੋਂ ਹੋਈ ਹੈ, ਜੋ ਕਿ ਮੋਗਾ ਜ਼ਿਲ੍ਹੇ ਦੇ ਬਧਨੀ ਕਲਾਂ ਦਾ ਰਹਿਣ ਵਾਲਾ ਹੈ।ਫ਼ਰੀਦਕੋਟ ਦੇ ਐੱਸ ਐੱਸ ਪੀ ਗੁਰਲੀਨ ਸਿੰਘ ਬੈਂਸ ਅਨੁਸਾਰ ਇੱਕ ਗਸ਼ਤ ਕਰਨ ਵਾਲੀ ਟੀਮ ਨੇ ਮੁਲਜ਼ਮ ਨੂੰ ਇੱਕ ਬੈਗ ਚੁੱਕੀ ਜਾਂਦਿਆਂ ਉਸ ਦੀ ਸ਼ੱਕੀ ਹਰਕਤਾਂ ਵੇਖਣ ਤੋਂ ਬਾਅਦ ਰੋਕਿਆ।ਪੁਲਸ ਨੇ ਕਿਹਾ ਕਿ ਉਸ ਦੀ ਤਲਾਸ਼ੀ ਲੈਣ 'ਤੇ ਅਧਿਕਾਰੀਆਂ ਨੇ ਨਸ਼ੀਲੇ ਪਦਾਰਥ, ਨਕਦੀ ਤੇ ਮੋਬਾਈਲ ਫ਼ੋਨ ਜ਼ਬਤ ਕਰ ਲਏ।ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪ੍ਰਭਜਿੰਦਰਪ੍ਰੀਤ ਵਿਰੁੱਧ ਪਹਿਲਾਂ ਵੀ ਮੋਗਾ ਤੇ ਲੁਧਿਆਣਾ ਦਿਹਾਤੀ ਜ਼ਿਲ੍ਹਿਆਂ ਵਿੱਚ ਛੇ ਕੇਸ ਦਰਜ ਹਨ।

ਦੇਸ਼ ਭਗਤ ਗਲੋਬਲ ਸਕੂਲ ਦੇ ਬੱਚਿਆਂ ਨੇ ਮਾਣਿਆ ਜਾਦੂ ਦੇ ਸ਼ੋਅ ਦਾ ਅਨੰਦ

ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਮਨੋਰੰਜਕ ਗਤੀਵਿਧੀਆਂ ਵੀ ਜ਼ਰੂਰੀ : ਪ੍ਰਿੰ. ਜਿੰਦਲ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ ਪ੍ਰਜਾ)-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਵਿਦਿਆਰਥੀਆਂ ਦੇ ਮਨੋਰੰਜਨ ਤੇ ਉਨ੍ਹਾਂ ਵਿੱਚ ਉਤਸ਼ਾਹ ਪੈਦਾ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਜਾਦੂ ਦੇ ਸ਼ੋਅ ਦਾ ਆਯੋਜਨ ਕੀਤਾ ਗਿਆ।ਇਹ ਜਾਦੂ ਦਾ ਸ਼ੋਅ ਸ੍ਰੀ ਮੁਕਤਸਰ ਸਾਹਿਬ ਦੇ ਤਾਜ ਪੈਲਸ ਵਿੱਚ ਕੀਤਾ ਗਿਆ।ਜਾਦੂਗਰ ਵੱਲੋਂ ਪੇਸ਼ ਕੀਤੇ ਗਏ ਵੱਖ-ਵੱਖ ਹੈਰਾਨੀਜਨਕ ਤੇ ਦਿਲਚਸਪ ਕਰਤੱਬਾਂ ਨੇ ਬੱਚਿਆਂ ਨੂੰ ਖੂਬ ਪ੍ਰਭਾਵਿਤ ਕੀਤਾ।ਵਿਦਿਆਰਥੀਆਂ ਨੇ ਤਾੜੀਆਂ ਵਜਾ ਕੇ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸ਼ੋਅ ਦਾ ਭਰਪੂਰ ਆਨੰਦ ਮਾਣਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਬੱਚਿਆਂ ਦੇ ਰੋਜ਼ਾਨਾ ਅਕਾਦਮਿਕ ਜੀਵਨ ਵਿੱਚ ਨਵੀਂ ਊਰਜਾ ਭਰਦੀਆਂ ਹਨ। ਮਨੋਰੰਜਨ ਦੇ ਨਾਲ-ਨਾਲ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਜਿਗਿਆਸਾ, ਕਲਪਨਾਸ਼ੀਲਤਾ ਅਤੇ ਰਚਨਾਤਮਕ ਸੋਚ ਨੂੰ ਵੀ ਉਤਸ਼ਾਹਿਤ ਕਰਦੇ ਹਨ।

ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਨੇ ਕਿਹਾ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ-ਨਾਲ ਮਨੋਰੰਜਕ ਤੇ ਰਚਨਾਤਮਕ ਗਤੀਵਿਧੀਆਂ ਵੀ ਬਹੁਤ ਜ਼ਰੂਰੀ ਹਨ।ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ. ਚਾਂਸਲਰ ਡਾ. ਤੇਜਿੰਦਰ ਕੌਰ ਨੇ ਸਕੂਲ ਪ੍ਰਬੰਧਕਾਂ ਤੇ ਅਧਿਆਪਕਾਂ ਨੂੰ ਅਜਿਹੀਆਂ ਗਤੀਵਿਧੀਆਂ ਕਰਵਾਉਣ ਲਈ ਵਧਾਈ ਦਿੱਤੀ।ਅੰਤ ਵਿੱਚ ਵਿਦਿਆਰਥੀਆਂ ਨੇ ਜਾਦੂ ਦੇ ਸ਼ੋਅ ਨੂੰ ਬੇਹੱਦ ਰੋਮਾਂਚਕ ਤੇ ਯਾਦਗਾਰ ਦੱਸਿਆ।

ਬਲਮਗੜ੍ਹ ਰੋਡ 'ਤੇ ਗੋਲੀਆਂ ਚਲਾਉਣ ਦੇ ਮਾਮਲੇ 'ਚ 4 ਮੁਲਜ਼ਮ ਗ੍ਰਿਫ਼ਤਾਰ

ਪਾਕਿਸਤਾਨੀ ਵੱਲੋਂ ਪੈਸਿਆਂ ਦਾ ਲਾਲਚ ਦੇ ਕੇ ਵਾਰਦਾਤ ਕਰਵਾਉਣ ਦਾ ਖੁਲਾਸਾ • ਬਾਕੀ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪ੍ਰਜ, ਪਰਮਜੀਤ ਸਿੰਘ)-ਪੰਜਾਬ ਸਰਕਾਰ ਤੇ ਡਾਇਰੈਕਟਰ ਜਨਰਲ ਆਫ਼ ਪੁਲਸ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐੱਸ ਐੱਸ ਪੀ ਸ੍ਰੀ ਅਭਿਮੰਨਿਊ ਰਾਣਾ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਅਪਰਾਧੀਆਂ ਤੇ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਲਗਾਤਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

... ਆ ਰਿਹਾ ਸੀ।ਜਦੋਂ ਉਹ ਆਪਣੇ ਰਿਸ਼ਤੇਦਾਰ ਦੇ ਘਰ ਦਾ ਗੇਟ ਖੜਕਾ ਰਿਹਾ ਸੀ ਤਾਂ ਦੋ ਮੋਟਰਸਾਈਕਲਾਂ 'ਤੇ ਸਵਾਰ ਅਣਪਛਾਤੇ ਵਿਅਕਤੀ ਉੱਥੇ ਆਏ।ਉਨ੍ਹਾਂ ਵਿੱਚੋਂ ਇੱਕ ਵਿਅਕਤੀ ਨੇ ਉਸ ਦੇ ਨੇੜੇ ਆ ਕੇ ਉਸ ਨਾਲ ਗੱਲ ਕੀਤੀ ਤੇ ਬਾਅਦ ਵਿੱਚ ਪਿਸਟਲ/ਰਿਵਾਲਵਰ ਕੱਢ ਕੇ ਉਸ 'ਤੇ ਫਾਇਰ ਕੀਤੇ।ਗੋਲੀਆਂ ਲੱਗਣ ਕਾਰਨ ਉਹ ਜ਼ਖ਼ਮੀ ਹੋ ਗਿਆ।ਵਾਰਦਾਤ ਤੋਂ ਬਾਅਦ ਸਾਰੇ ਵਿਅਕਤੀ ...

... ਸਿੰਘ, ਵਾਸੀ ਪਿੰਡ ਸੰਮੇਵਾਲੀ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੇ ਸਤਨਾਮ ਸਿੰਘ ਉਰਫ਼ ਸੱਤਾ ਪੁੱਤਰ ਬਲਜੀਤ ਸਿੰਘ, ਵਾਸੀ ਗੋਬਿੰਦ ਨਗਰੀ ਮੋੜ ਰੋਡ, ਸ੍ਰੀ ਮੁਕਤਸਰ ਸਾਹਿਬ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਗ੍ਰਿਫਤਾਰ ਮੁਲਜ਼ਮਾਂ ਦੀ ਮੁੱਢਲੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਮੁੱਖ ਮੁਲਜ਼ਮ ਗੁਰਪ੍ਰੀਤ ਸਿੰਘ ਦੀ ਪਾਕਿਸਤਾਨ ਵਿੱਚ ਬੈਠੇ ਕਿਸੇ ਵਿਅਕਤੀ ਨਾਲ ...

... ਲੋਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਸੀ।ਗ੍ਰਿਫਤਾਰ ਮੁਲਜ਼ਮਾਂ ਪਾਸੋਂ ਪੁਲਸ ਵੱਲੋਂ ਯੂ ਐੱਸ ਏ ਮਾਰਕਾ 2 ਪਿਸਟਲ, 4 ਮੈਗਜ਼ੀਨ, 6 ਜ਼ਿੰਦਾ ਕਾਰਤੂਸ ਤੇ 3 ਪੈਟਰੋਲ ਬੰਬ ਬਰਾਮਦ ਕੀਤੇ ਗਏ ਹਨ। ਪੁਲਸ ਵੱਲੋਂ ਬਾਕੀ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਵੱਖ-ਵੱਖ ਟੀਮਾਂ ਵੱਲੋਂ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ ਤੇ ਮਾਮਲੇ ਦੀ ਅਗਲੇਰੀ ਤਫਤੀਸ਼ ਜਾਰੀ ਹੈ।

ਬਠਿੰਡਾ ਸ਼ਹਿਰ 'ਚ 10 ਰੋਜ਼ਾ ਵਿਸ਼ੇਸ਼ ਸਫਾਈ ਮੁਹਿੰਮ ਦਾ ਆਗਾਜ਼

ਬਠਿੰਡਾ (ਪਰਵਿੰਦਰ ਜੀਤ ਸਿੰਘ)-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਮਿਸ਼ਨ ਕਲੀਨ ਪੰਜਾਬ' ਮੁਹਿੰਮ ਦੀ ਲੜੀ ਤਹਿਤ ਬਠਿੰਡਾ ਸ਼ਹਿਰ ਨੂੰ ਸਾਫ਼-ਸੁਥਰਾ ਤੇ ਪ੍ਰਦੂਸ਼ਣ ਮੁਕਤ ਬਣਾਉਣ ਦੇ ਮਕਸਦ ਨਾਲ 10 ਰੋਜ਼ਾ ਵਿਸ਼ੇਸ਼ ਸਫਾਈ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।ਇਸ ਦੀ ਸ਼ੁਰੂਆਤ ਇਤਿਹਾਸਕ ਗੁਰਦੁਆਰਾ ਕਿਲ੍ਹਾ ਮੁਬਾਰਕ ਸਾਹਿਬ ਤੋਂ ਕੀਤੀ ਗਈ।ਇਸ ਮੌਕੇ ਸਫਾਈ ਮੁਹਿੰਮ ਦੀ ਸ਼ੁਰੂਆਤ ਕਰਵਾਉਂਦਿਆਂ ਨਗਰ ਨਿਗਮ ਕਮਿਸ਼ਨਰ ਮੈਡਮ ਲਵਜੀਤ ਕਲਸੀ ਨੇ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ, ਸੁੰਦਰ ਤੇ ਪ੍ਰਦੂਸ਼ਣ ਮੁਕਤ ਬਣਾਉਣਾ ਮੁੱਖ ਤਰਜੀਹ ਹੈ।ਇਸ ਮੌਕੇ ਨਗਰ ਨਿਗਮ ਕਮਿਸ਼ਨਰ ਮੈਡਮ ਲਵਜੀਤ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸਾਫ਼-ਸੁਥਰੇ ਤੇ ਵਾਤਾਵਰਣ ਪੱਖੋਂ ਬਿਹਤਰ ਪੰਜਾਬ ਦੀ ਸਿਰਜਣਾ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ 10 ਰੋਜ਼ਾ ਵਿਸ਼ੇਸ਼ ਮੁਹਿੰਮ ਸ਼ਹਿਰ ਦੇ ਹਰ ਕੋਨੇ ਵਿੱਚੋਂ ਠੋਸ ਤੇ ਗਿੱਲੇ ਕੂੜੇ ਦੇ ਸੁਚੱਜੇ ਨਿਪਟਾਰੇ ਲਈ ਚਲਾਈ ਗਈ ਹੈ।ਉਨ੍ਹਾਂ ਕਿਹਾ ਕਿ ਇਸ ਅਭਿਆਨ ਦਾ ਮੁੱਖ ਉਦੇਸ਼ ਸ਼ਹਿਰ ਨੂੰ ਕੂੜਾ-ਮੁਕਤ ਬਣਾਉਣਾ ਤੇ ਆਮ ਲੋਕਾਂ ਨੂੰ ਸਫਾਈ ਪ੍ਰਤੀ ਜਾਗਰੂਕਤਾ ਤੇ ਜ਼ਿੰਮੇਵਾਰੀ ਪੈਦਾ ਕਰਨਾ ਹੈ।ਨਗਰ ਨਿਗਮ ਦੀਆਂ ਵਿਸ਼ੇਸ਼ ਟੀਮਾਂ ਵੱਲੋਂ ਵਾਰਡ-ਵਾਰ ਸਫਾਈ ਕੀਤੀ ਜਾਵੇਗੀ ਤੇ ਇਕੱਤਰ ਕੀਤੇ ਕੂੜੇ ਦਾ ਵਾਤਾਵਰਨ ਪੱਖੀ ਤਰੀਕੇ ਨਾਲ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ।ਮੈਡਮ ਕਲਸੀ ਨੇ ਕਿਹਾ ਕਿ ਭਾਵੇਂ ਇਹ ਵਿਸ਼ੇਸ਼ ਸਫਾਈ ਮੁਹਿੰਮ 10 ਦਿਨਾਂ ਲਈ ਚਲਾਈ ਜਾ ਰਹੀ ਹੈ, ਪਰ ਸ਼ਹਿਰ ਨੂੰ ਸਾਫ਼-ਸੁਥਰਾ ਤੇ ਪ੍ਰਦੂਸ਼ਣ ਮੁਕਤ ਰੱਖਣ ਦਾ ਇਹ ਉਪਰਾਲਾ ਅੱਗੇ ਵੀ ਲਗਾਤਾਰ ਜਾਰੀ ਰੱਖਿਆ ਜਾਵੇਗਾ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਪ੍ਰਸ਼ਾਸਨ ਦਾ ਪੂਰਾ ਸਹਿਯੋਗ ਦੇਣ।ਉਨ੍ਹਾਂ ਕਿਹਾ ਕਿ ਲੋਕ ਕੂੜਾ ਸੜਕਾਂ ਜਾਂ ਖੁੱਲ੍ਹੀਆਂ ਥਾਵਾਂ 'ਤੇ ਸੁੱਟਣ ਦੀ ਬਜਾਏ ਕੇਵਲ ਨਿਰਧਾਰਤ ਡਸਟਬਿਨਾਂ ਵਿੱਚ ਹੀ ਪਾਉਣ ਤੇ ਗਿੱਲੇ-ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣ।ਇਸ ਮੌਕੇ ਵੱਖ-ਵੱਖ ਵਾਰਡਾਂ ਦੇ ਕੌਂਸਲਰਾਂ ਤੋਂ ਇਲਾਵਾ ਨਗਰ ਨਿਗਮ ਦੇ ਅਧਿਕਾਰੀ ਆਦਿ ਹਾਜ਼ਰ ਸਨ।

ਸਮੂਹ ਜਥੇਬੰਦੀਆਂ ਨੇ ਸਰਕਾਰ ਦੇ ਧਮਕੀ ਭਰੇ ਹੁਕਮਾਂ ਦੀਆਂ ਕਾਪੀਆਂ ਤੇ ਅਰਥੀ ਸਾੜੀ

ਦਿੜ੍ਹਬਾ (ਜਸਵੀਰ ਲਾਡੀ)-ਸਾਂਝੀ ਕੋਆਰਡੀਨੇਸ਼ਨ ਕਮੇਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਪੰਜਾਬ ਚੰਡੀਗੜ੍ਹ ਦੇ ਸੱਦੇ 'ਤੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਨੂੰ ਮੀਟਿੰਗ ਦੇ ਕੇ ਭੱਜ ਜਾਣਾ ਤੇ ਮਾਨਯੋਗ ਹਾਈਕੋਰਟ ਦੇ ਡੀਏ ਸਬੰਧੀ ਦਿੱਤੇ ਫੈਸਲੇ ਨੂੰ ਮਿੱਥੇ ਸਮੇਂ 'ਚ ਲਾਗੂ ਨਾ ਕਰਨ ਅਤੇ ਹੋਰ ਰਹਿੰਦੀਆਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨੂੰ ਸਮੇਂ ਸਿਰ ਲਾਗੂ ਨਾ ਕਰਨ ਦੇ ਫੈਸਲੇ ਦੇ ਵਿਰੋਧ ਵਿੱਚ ਲਹਿਰਾਗਾਗਾ ਇਲਾਕੇ ਦੀਆਂ ਸਮੂਹ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਦੇ ਧਮਕੀ ਭਰੇ ਹੁਕਮਾਂ ਦੀਆਂ ਕਾਪੀਆਂ ਤੇ ਅਰਥੀ ਸਾੜੀ ਗਈ।ਇਸ ਸਮੇਂ ਭਰਮੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਾਥੀ ਰਘਵੀਰ ਸਿੰਘ ਭਟਾਲ ਨੇ ਦੋਸ਼ ਲਗਾਇਆ ਕਿ ਸਰਕਾਰ ਜਾਣ-ਬੁੱਝ ਕੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨਣ ਤੋਂ ਆਨਾਕਾਨੀ ਕਰ ਰਹੀ ਹੈ।ਉਨ੍ਹਾਂ ਸਮੂਹ ਜਥੇਬੰਦੀਆਂ ਵੱਲੋਂ ਬੋਲਦਿਆਂ ਸਰਕਾਰ ਨੂੰ ਸਖਤ ਚੇਤਾਵਨੀ ਦਿੱਤੀ ਕਿ ਸੰਘਰਸ਼ ਕਰ ਰਹੇ ਲੋਕ ਆਪਣਾ ਹੱਕ ਲੈਣਾ ਜਾਣਦੇ ਹਨ।ਇਸ ਮੌਕੇ ਪੈਨਸ਼ਨਰ ਯੂਨੀਅਨ ਬਿਜਲੀ ਬੋਰਡ ਦੇ ਪ੍ਰਧਾਨ ਗੁਰਚਰਨ ਸਿੰਘ, ਏਕਤਾ ਮੰਚ ਪੰਜਾਬ ਦੇ ਸਾਬਕਾ ਆਗੂ ਮਹਿੰਦਰ ਸਿੰਘ ਖੋਖਰ, ਡੈਮੋਕ੍ਰੇਟਿਕ ਟੀਚਰ ਫਰੰਟ ਦੇ ਹਰਭਗਵਾਨ ਸਿੰਘ ਗੁਰਨੇ, ਡੀਐੱਮਐੱਫ ਦੇ ਜ਼ਿਲ੍ਹਾ ਪ੍ਰਧਾਨ ਮੇਘ ਰਾਜ, ਬਲਾਕ ਪ੍ਰਧਾਨ ਮਨੋਜ ਕੁਮਾਰ, ਗੌਰਮਿੰਟ ਟੀਚਰ ਯੂਨੀਅਨ ਵੱਲੋਂ ਸਤਵੰਤ ਸਿੰਘ ਆਲਮਪੁਰ, ਪੈਨਸ਼ਨਰ ਯੂਨੀਅਨ ਵੱਲੋਂ ਸੁਖਜਿੰਦਰ ਸਿੰਘ ਭਟਾਲ, ਸਫਾਈ ਸੇਵਕ ਯੂਨੀਅਨ ਵੱਲੋਂ ਮੰਗੂ ਸਿੰਘ, ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭਟਾਲ, ਆਂਗਣਵਾੜੀ ਯੂਨੀਅਨ ਦੀ ਬਲਾਕ ਪ੍ਰਧਾਨ ਬਲਵਿੰਦਰ ਕੌਰ, ਲੋਕ ਚੇਤਨਾ ਮੰਚ ਦੇ ਡਾਕਟਰ ਜਗਦੀਸ਼ ਸਿੰਘ ਪਾਪੜਾ, ਪੈਨਸ਼ਨਰ ਵੈੱਲਫੇਅਰ ਜਥੇਬੰਦੀ ਵੱਲੋਂ ਡਾਕਟਰ ਬਿਹਾਰੀ ਮੰਡੇਰ, ਮਾਸਟਰ ਜਰਨੈਲ ਸਿੰਘ, ਕੰਪਿਊਟਰ ਟੀਚਰ ਯੂਨੀਅਨ ਵੱਲੋਂ ਕਮਲਜੀਤ ਸਿੰਘ ਬਲਾਕ ਪ੍ਰਧਾਨ, ਸਰਵਿਸ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਚੰਗਾਲੀ ਵਾਲਾ ਆਦਿ ਆਗੂ ਹਾਜ਼ਰ ਸਨ।

ਕਾਤਰਾਂ

ਗਨਮੈਨ ਲੈਣ ਦੇ ਚੱਕਰ 'ਚ ਗਏ ਸਲਾਖਾਂ ਪਿੱਛੇ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਡਾ: ਜਯੋਤੀ ਯਾਦਵ ਬੈਂਸ ਐੱਸ.ਐੱਸ.ਪੀ. ਬਠਿੰਡਾ ਦੀ ਰਹਿਨੁਮਾਈ ਹੇਠ ਤੇ ਸ਼੍ਰੀ ਅਰੁਨ ਮੁੰਡਨ ਡੀ.ਐੱਸ.ਪੀ ਸਿਟੀ-2, ਬਠਿੰਡਾ ਡੀ ਐੱਸ ਪੀ ਸੰਦੀਪ ਭਾਟੀ ਦੀ ਅਗਵਾਈ ਵਿੱਚ ਥਾਣਾ ਕੈਂਟ ਬਠਿੰਡਾ ਤੇ ਕਾਊਂਟਰ ਇੰਟੈਲੀਜੈਂਸ ਬਠਿੰਡਾ ਦੀਆਂ ਟੀਮਾਂ ਨੇ ਬੀਤੀ 26 ਅਗਸਤ ਦੀ ਰਾਤ ਨੂੰ ਪਿੰਡ ਭੁੱਚੋ ਖੁਰਦ ਵਿਖੇ ਇੱਕ ਵਿਅਕਤੀ ਦੇ ਘਰ ਜਲਣਸ਼ੀਲ ਪਦਾਰਥ ਨਾਲ ਹਮਲਾ ਹੋਣ ਸਬੰਧੀ ਦਰਜ ਮੁਕੱਦਮੇ ਦੀ ਉਲਝਣ ਵਾਲੀ ਗੁੱਥੀ ਨੂੰ ਸੁਲਝਾ ਕੇ ਵੱਡੀ ਸਫਲਤਾ ਹਾਸਲ ਕੀਤੀ ਹੈ।ਬੀਤੀ 26 ਅਗਸਤ ਦੀ ਰਾਤ ਨੂੰ ਕਰੀਬ 11:20 ਵਜੇ ਥਾਣਾ ਕੈਂਟ ਬਠਿੰਡਾ ਦੀ ਪੁਲਸ ਨੂੰ ਹਰਜੀਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਵਾਰਡ ਨੰਬਰ 9 ਭੁੱਚੋ ਖੁਰਦ ਬਠਿੰਡਾ ਦੇ ਘਰ ਕਿਸੇ ਜਲਣਸ਼ੀਲ ਪਦਾਰਥ ਨਾਲ ਅੱਗ ਲੱਗਣ ਸਬੰਧੀ ਇਤਲਾਹ ਮਿਲੀ ਤਾਂ ਪੁਲਸ ਪਾਰਟੀ ਨੇ ਮੌਕੇ 'ਤੇ ਪੁੱਜ ਕੇ ਮੌਜੂਦ ਵਿਅਕਤੀਆਂ ਪਾਸੋਂ ਸਰਸਰੀ ਪੁੱਛਗਿੱਛ ਕੀਤੀ ਤੇ ਮਾਮਲਾ ਕਿਸੇ ਨਾ-ਮਲੂਮ ਵਿਅਕਤੀਆਂ ਵੱਲੋਂ ਕੋਈ ਜਲਣਸ਼ੀਲ ਪਦਾਰਥ ਨਾਲ ਮੁਦੱਈ ਦੇ ਘਰ ਖੜੀ ਗੱਡੀ ਦਾ ਨੁਕਸਾਨ ਕਰਨ ਦਾ ਪਾਇਆ ਗਿਆ, ਜਿਸ 'ਤੇ ਮੌਕੇ 'ਤੇ ਫਰਾਂਸਿਕ ਟੀਮ ਨੂੰ ਬੁਲਾਇਆ ਗਿਆ ਅਤੇ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਮੁਦੱਈ ਹਰਜੀਤ ਸਿੰਘ ਉਕਤ ਦੇ ਬਿਆਨ 'ਤੇ ਮੁਕੱਦਮਾ ਰਜਿਸਟਰ ਕੀਤਾ ਗਿਆ।ਇਸ ਵਾਰਦਾਤ ਨੂੰ ਟਰੇਸ ਕਰਨ ਲਈ ਬਠਿੰਡਾ ਪੁਲਸ ਤੇ ਕਾਊਂਟਰ ਇੰਟੈਲੀਜੈਂਸ ਬਠਿੰਡਾ ਦੀਆਂ ਵੱਖ ਵੱਖ ਟੀਮਾਂ ਬਣਾਈਆਂ ਗਈਆਂ।ਤਫਤੀਸ਼ ਦੌਰਾਨ ਟੈਕਨੀਕਲ, ਸੀ.ਸੀ.ਟੀ.ਵੀ. ਕੈਮਰਿਆਂ ਤੇ ਹਿਊਮਨ ਇੰਟੈਲੀਜੈਂਸੀ ਦੇ ਅਧਾਰ 'ਤੇ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁਲਜ਼ਮਾਂ ਦੀ ਪਹਿਚਾਣ ਕੀਤੀ ਗਈ ਅਤੇ ਅਨਮੋਲਪ੍ਰੀਤ ਸਿੰਘ ਉਰਫ ਮੋਲਾ ਪੁੱਤਰ ਜੱਸਾ ਸਿੰਘ ਵਾਸੀ ਪੱਧਰੀ ਖੁਰਦ ਥਾਣਾ ਝਬਾਲ ਜ਼ਿਲ੍ਹਾ ਤਰਨ ਤਾਰਨ ਨੂੰ ਗ੍ਰਿਫਤਾਰ ਕਰ ਲਿਆ ਗਿਆ।ਪੁੱਛਗਿੱਛ ਦੌਰਾਨ ਅਨਮੋਲਪ੍ਰੀਤ ਸਿੰਘ ਉਕਤ ਨੇ ਖੁਲਾਸਾ ਕੀਤਾ ਕਿ ਇਹ ਮਸਲਾ ਮੁਦੱਈ ਹਰਜੀਤ ਸਿੰਘ ਵੱਲੋਂ ਪੁਲਸ ਸਕਿਓਰਿਟੀ ਲੈਣ ਦਾ ਹੈ।ਇਹ ਹਮਲਾ ਮੁਦੱਈ ਹਰਜੀਤ ਸਿੰਘ ਉਕਤ ਨੇ ਆਪ ਹੀ ਕਰਵਾਇਆ ਸੀ ਤਾਂ ਜੋ ਇਸ ਮਾਮਲੇ ਦੀ ਆੜ ਵਿੱਚ ਮੁਦੱਈ ਮੁਕੱਦਮਾ ਨੂੰ ਸਰਕਾਰ ਵੱਲੋਂ ਸਕਿਓਰਿਟੀ ਮਿਲ ਜਾਵੇ, ਜਿਸ ਤੋਂ ਉਪਰੰਤ ...

ਦਸ ਦਿਨਾਂ 'ਚ ਮਲੋਟ ਨੂੰ ਬਣਾਇਆ ਜਾਵੇਗਾ ਸਾਫ਼-ਸੁਥਰਾ : ਡਾ. ਬਲਜੀਤ ਕੌਰ

ਤਾਲਮੇਲ ਕਮੇਟੀ ਦੇ ਸੱਦੇ 'ਤੇ ਮੁੱਖ ਮੰਤਰੀ ਦੇ ਟਵੀਟ ਦੀਆਂ ਕਾਪੀਆਂ ਸਾੜੀਆਂ

ਜਲਾਲਾਬਾਦ (ਬਲਵਿੰਦਰ ਸਿੰਘ)

ਬੀਤੇ 27 ਅਗਸਤ ਨੂੰ ਸਾਂਝੀ ਤਾਲਮੇਲ ਕਮੇਟੀ ਨਾਲ ਹੋਣ ਵਾਲੀ ਮੀਟਿੰਗ ਤੋਂ ਮੁੱਖ ਮੰਤਰੀ ਦੇ ਭਗੌੜਾ ਹੋ ਜਾਣ 'ਤੇ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਖ਼ਿਲਾਫ਼ ਅਧਿਆਪਕ ਵਰਗ ਵਿੱਚ ਭਾਰੀ ਰੋਸ ਦੀ ਲਹਿਰ ਦੌੜ ਗਈ ਹੈ।ਪੰਜਾਬ ਸਰਕਾਰ ਖ਼ਿਲਾਫ਼ ਰੋਸ ਦੇ ਪ੍ਰਗਟਾਵੇ ਲਈ ਤਾਲਮੇਲ ਕਮੇਟੀ ਵੱਲੋਂ ਦਿੱਤੇ ਗਏ ਸੱਦੇ ਨੂੰ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਜ਼ਿਲ੍ਹਾ ਫਾਜ਼ਿਲਕਾ ਨੇ ਲਾਗੂ ਕਰਦਿਆਂ ਜ਼ਿਲ੍ਹੇ ਭਰ ਵਿੱਚ ਵੱਡੀ ਗਿਣਤੀ ਵਿੱਚ ਸਕੂਲ ਅਧਿਆਪਕਾਂ ਨੇ ਵੱਖ-ਵੱਖ ਵਿਦਿਅਕ ਅਦਾਰਿਆਂ ਦੇ ਗੇਟਾਂ ਅੱਗੇ ਜ਼ੋਰਦਾਰ ਪ੍ਰਦਰਸ਼ਨ ਕੀਤੇ, ਜਿੱਥੇ ਉਨ੍ਹਾਂ ਮੁੱਖ ਮੰਤਰੀ ਦੇ ਹਾਲ ਹੀ ਦੇ ਤਾਨਾਸ਼ਾਹੀ ਟਵੀਟ ਤੇ ਗੈਰ-ਹਾਜ਼ਰ ਮੁਲਾਜ਼ਮਾਂ ਬਾਰੇ ਜਾਰੀ ਕੀਤੇ ਗਏ ਧਮਕੀ ਭਰੇ ਪੱਤਰਾਂ ਦੀਆਂ ਕਾਪੀਆਂ ਸਾੜੀਆਂ ਤੇ ਸਕੂਲਾਂ ਦੇ ਗੇਟਾਂ ਦੇ ਬਾਹਰ ਨਾਅਰੇਬਾਜ਼ੀ ਕੀਤੀ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਗੁਰਵਿੰਦਰ ਸਿੰਘ ਤੇ ਜ਼ਿਲ੍ਹਾ ਸਕੱਤਰ ਕੁਲਜੀਤ ਡੰਗਰ ਖੇੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਫਾਜ਼ਿਲਕਾ ਵਿੱਚ ਅਧਿਆਪਕਾਂ ਨੇ ਵੱਡੇ ਪੱਧਰ 'ਤੇ ਸਕੂਲਾਂ ਦੇ ਗੇਟਾਂ ਅੱਗੇ ਰੋਸ ਪ੍ਰਦਰਸ਼ਨ ਕੀਤੇ ਹਨ। ਇਸ ਮੌਕੇ ਡੀ ਟੀ ਐੱਫ ਜ਼ਿਲ੍ਹਾ ਫਾਜ਼ਿਲਕਾ ਦੇ ਮੀਤ ਪ੍ਰਧਾਨ ਪ੍ਰੇਮ ਕੰਬੋਜ ਤੇ ਬਲਾਕ ਪ੍ਰਧਾਨ ਨੌਰੰਗ ਲਾਲ ਨੇ ਕਿਹਾ ਕਿ ਮੁਲਾਜ਼ਮ ਕਿਸੇ ਵੀ ਅਨੁਸ਼ਾਸਨੀ ਕਾਰਵਾਈ ਜਾਂ ਧਮਕੀ ਭਰੇ ਸਰਕੂਲਰਾਂ ਤੋਂ ਡਰਨ ਵਾਲੇ ਨਹੀਂ ਹਨ।ਉਨ੍ਹਾਂ ਨੇ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਹੱਲ ਕਰਨ ਦੀ ਬਜਾਏ ਚੇਤਾਵਨੀਆਂ ਰਾਹੀਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਦਬਾਉਣ ਦੀ ਸਰਕਾਰ ਦੀ ਪਹੁੰਚ ਦੀ ਸਖ਼ਤ ਨਿੰਦਾ ਕੀਤੀ।ਪ੍ਰਦਰਸ਼ਨ ਦੌਰਾਨ ਯੂਨੀਅਨ ਦੇ ਇੱਕ ਨੁਮਾਇੰਦੇ ਨੇ ਕਿਹਾ ਕਿ ਨਾ ਅਸੀਂ ਪਹਿਲਾਂ ਧਮਕੀਆਂ ਤੋਂ ਡਰੇ ਹਾਂ ਤੇ ਨਾ ਹੀ ਹੁਣ ਡਰਾਂਗੇ।ਅਸੀਂ ਆਪਣੇ ਹੱਕਾਂ ਦੀ ਲੜਾਈ ਲੜਨ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹਾਂ।ਅਧਿਆਪਕਾਂ ਦੀ ਜਮਹੂਰੀ ਆਵਾਜ਼ ਨੂੰ ਸਰਗਰਮੀ ਨਾਲ ਦਬਾਉਣ ਲਈ ਮੁੱਖ ਮੰਤਰੀ ਤੇ ਪ੍ਰਸ਼ਾਸਨਕ ਤੰਤਰ ਖ਼ਿਲਾਫ਼ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਵਿੱਚ ਇੱਕ ਤਿੱਖਾ ਤੇ ਵਿਆਪਕ ਅੰਦੋਲਨ ਭਖ ਰਿਹਾ ਹੈ।ਡੀ.ਟੀ.ਐੱਫ. ਨੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦਾ ਤੁਰੰਤ ਤੇ ਸਾਰਥਕ ਹੱਲ ਨਾ ਕੀਤਾ ਗਿਆ ਤਾਂ ਇਸ ਸੰਘਰਸ਼ ਨੂੰ ਸੂਬੇ ਦੇ ਹਰ ਬਲਾਕ ਤੇ ਜ਼ਿਲ੍ਹੇ ਵਿੱਚ ਹੋਰ ਤੇਜ਼ ਕੀਤਾ ਜਾਵੇਗਾ।ਆਗੂਆਂ ਨੇ ਇਹ ਵੀ ਐਲਾਨ ਕੀਤਾ ਕਿ 30 ਅਗਸਤ ਨੂੰ ਲੁਧਿਆਣਾ ਵਿਖੇ ਹੋਣ ਵਾਲੀ ਤਾਲਮੇਲ ਕਮੇਟੀ ਦੀ ਮੀਟਿੰਗ ਵਿੱਚ ਹੋਣ ਵਾਲੇ ਫੈਸਲਿਆਂ ਨੂੰ ਜ਼ਿਲ੍ਹੇ ਭਰ ਵਿੱਚ ਵਧ ਚੜ੍ਹ ਕੇ ਲਾਗੂ ਕੀਤਾ ਜਾਵੇਗਾ।

ਗੁਰੂ ਨਾਨਕ ਕਾਲਜ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਅਰਦਾਸ ਸਮਾਗਮ

ਮੋਗਾ (ਇਕਬਾਲ ਸਿੰਘ ਖਹਿਰਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੀ ਮੋਗਾ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਨਾਨਕ ਕਾਲਜ ਮੋਗਾ ਵਿਖੇ 29 ਅਗਸਤ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਤੇ ਅਕਾਲ ਪੁਰਖ ਅੱਗੇ ਸਮੂਹਕ ਤੌਰ 'ਤੇ ਬੰਦੀ ਸਿੰਘਾਂ ਦੀ ਜਲਦ ਰਿਹਾਈ ਲਈ ਅਰਦਾਸ ਕੀਤੀ ਗਈ।ਅਰਦਾਸ ਸਮਾਗਮ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ 'ਤੇ ਸਕੱਤਰ ਵਿੱਦਿਆ ਸ. ਸੁਖਮਿੰਦਰ ਸਿੰਘ ਵੱਲੋਂ ਸਮਾਗਮਾਂ ਦੀ ਰੂਪ ਰੇਖਾ ਸੰਬੰਧੀ ਸਮੁੱਚੇ ਵਿੱਦਿਆਕ ਅਦਾਰਿਆਂ ਵੱਲੋਂ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਗਿਆ ਕਿ ਇਹ ਸਿੱਖ ਪੰਥ ਦਾ ਕੌਮੀ ਮਸਲਾ ਹੈ।ਜੇਕਰ ਸਿੰਘ ਕਾਨੂੰਨ ਅਨੁਸਾਰ ਸਜਾਵਾਂ ਪੂਰੀਆਂ ਕਰ ਚੁੱਕੇ ਹਨ ਤਾਂ ਸਰਕਾਰ ਵੱਲੋਂ ਉਨ੍ਹਾਂ ਦੀ ਰਿਹਾਈ ਨੂੰ ਲਮਕਾਉਣਾ ਤੇ ਦੂਜੇ ਪਾਸੇ ਵੱਡੇ ਦੋਸ਼ੀਆਂ ਨੂੰ ਨਿਯਮਾਂ ਤੋਂ ਪਰੇ ਜਾ ਕੇ ਵਾਰ-ਵਾਰ ਪੈਰੋਲ ਦੇਣਾ ਸਿੱਖਾਂ ਨਾਲ ਸੋਚੀ ਸਮਝੀ ਬੇਇਨਸਾਫੀ ਦੀ ਵੱਡੀ ਉਦਾਹਰਨ ਹੈ।ਸੁਖਮਨੀ ਸਾਹਿਬ ਦੇ ਜਾਪ ਦੀ ਸੰਪੂਰਨਤਾ ਤੋਂ ਬਾਅਦ ਸੰਖੇਪ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਸ. ਦਇਆ ਸਿੰਘ ਨੇ ਕਿਹਾ ਕਿ ਬੰਦੀ ਸਿੰਘਾਂ ਨੇ ਜੋ ਕੁਝ ਵੀ ਕੀਤਾ ਹੈ, ਉਹ ਆਪਣੇ ਜਾਂ ਪਰਵਾਰ ਦੇ ਨਿੱਜੀ ਹਿੱਤਾਂ ਲਈ ਨਹੀਂ, ਸਗੋਂ ਕੌਮ ਤੇ ਸਮਾਜ ਦੇ ਹਿੱਤ ਲਈ ਕੀਤਾ ਹੈ।ਉਨ੍ਹਾਂ ਕਿਹਾ ਕਿ ਜੇਕਰ ਬੰਦੀ ਸਿੰਘਾਂ ਦੇ ਬਰਾਬਰ ਦਾ ਕਾਨੂੰਨ ਤੋੜਨ ਵਾਲੇ ਦੱਖਣ ਭਾਰਤ ਦੇ ਵਿਅਕਤੀਆਂ ਨੂੰ ਛੱਡਿਆ ਜਾ ਸਕਦਾ ਹੈ ਅਤੇ ਇੱਕ ਔਰਤ ਦਾ ਬਲਾਤਕਾਰ ਕਰਕੇ ਉਸ ਦੇ ਸਾਹਮਣੇ ਉਸ ਦੇ 8 ਪਰਿਵਾਰਕ ਮੈਂਬਰਾਂ ਨੂੰ ਮਾਰਨ ਵਾਲੇ ਦੋਸ਼ੀਆਂ ਨੂੰ ਛੱਡਿਆ ਜਾ ਸਕਦਾ ਹੈ ਤਾਂ ਸਮੁੱਚੀ ਕੌਮ ਲਈ ਸਜ਼ਾ ਕੱਟ ਰਹੇ ਸਿੰਘਾਂ ਨਾਲ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ।ਕਾਲਜ ਦੇ ਪ੍ਰਿੰਸੀਪਲ ਡਾ. ਗੁਰਿੰਦਰ ਜੀਤ ਸਿੰਘ ਭੁੱਲਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜੇਲ੍ਹਾਂ ਵਿੱਚ ਆਪਣੀ ਜ਼ਿੰਦਗੀ ਦਾ ਲੰਮਾਂ ਸਮਾਂ ਕੱਟ ਚੁੱਕੇ ਤੇ ਬਣਦੀਆਂ ਸਜ਼ਾਵਾਂ ਤੋਂ ਬਹੁਤ ਵੱਧ ਸਮਾਂ ਜੇਲ੍ਹਾਂ ਵਿੱਚ ਬਿਤਾ ਚੁੱਕੇ ਸਿੰਘਾਂ ਨੂੰ ਇਨਸਾਫ ਦੇਣ ਵਿਚ ਸਰਕਾਰ ਨੂੰ ਦੇਰ ਨਹੀਂ ਕਰਨੀ ਚਾਹੀਦੀ।

ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਸਮੁੱਚੀ ਮਾਨਵਤਾ ਲਈ ਜ਼ੁਲਮ ਖ਼ਿਲਾਫ ਉਠਾਈ ਅਵਾਜ਼ ਤੇ ਭਾਈ ਘਨ੍ਹੱਈਆ ਜੀ ਵੱਲੋਂ ਬਿਨਾਂ ਭੇਦ ਭਾਵ ਜ਼ਖ਼ਮੀਆਂ ਦੀ ਕੀਤੀ ਸੇਵਾ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਨਾਲ ਵਿਤਕਰਾ ਕਰਨਾ ਜਾਇਜ਼ ਨਹੀਂ ਹੈ।ਕਾਲਜ ਦੀ ਲੋਕਲ ਪ੍ਰਬੰਧਕ ਕਮੇਟੀ ਦੇ ਸਕੱਤਰ ਸੰਜੀਤ ਸਿੰਘ ਗਿੱਲ ਨੇ ਕਿਹਾ ਕਿ ਸਿੱਖਾਂ ਨਾਲ ਵਿਤਕਰਾ ਕਰਨਾ ਸਰਕਾਰ ਦੀ ਸਿੱਖਾਂ ਪ੍ਰਤੀ ਸੋਚ ਨੂੰ ਉਜਾਗਰ ਕਰਦਾ ਹੈ।ਉਨ੍ਹਾਂ ਕਿਹਾ ਕਿ ਸਿੱਖਾਂ ਦੀ ਰਾਜਨੀਤਕ ਤੌਰ 'ਤੇ ਨੁਮਾਇੰਦਗੀ ਦਾ ਬਿਲਕੁਲ ਘੱਟ ਜਾਣਾ ਤੇ ਪ੍ਰਸ਼ਾਸਨਕ ਸੇਵਾਵਾਂ ਵਿੱਚ ਵੀ ਗਿਣਤੀ ਦਾ ਆਟੇ ਵਿੱਚ ਲੂਣ ਦੇ ਬਰਾਬਰ ਹੋਣਾ ਸਾਡੀ ਅਜੋਕੀ ਹਾਲਤ ਦਾ ਜ਼ਿੰਮੇਵਾਰ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਸਿੱਖਾਂ ਦਾ ਕੱਲ੍ਹ ਦਾ ਭਵਿੱਖ ਹਨ ਤੇ ਉਨ੍ਹਾਂ ਨੂੰ ਰਾਜਨੀਤਕ ਤੇ ਪ੍ਰਸ਼ਾਸਨਕ ਖ਼ੇਤਰ ਵਿੱਚ ਸਿੱਖਾਂ ਦੀ ਨੁਮਾਇੰਦਗੀ ਵਧਾਉਣ ਲਈ ਸਿਰਤੋੜ ਯਤਨ ਕਰਨਾ ਚਾਹੀਦਾ ਹੈ।ਕਾਲਜ ਦੀ ਸਮੁੱਚੀ ਪ੍ਰਬੰਧਕ ਕਮੇਟੀ, ਸਮੂਹ ਸਟਾਫ ਤੇ ਵਿਦਿਆਰਥੀਆਂ ਵੱਲੋਂ ਸਾਂਝੇ ਤੌਰ 'ਤੇ ਅਰਦਾਸ ਕੀਤੀ ਗਈ ਕਿ ਸਰਕਾਰ ਬੰਦੀ ਸਿੰਘਾਂ ਦੀ ਮਾਨਸਿਕ ਦਸ਼ਾ ਨੂੰ ਸਮਝਦੇ ਹੋਏ ਕੁਦਰਤ ਦੇ ਨਿਆ ਦੀ ਪਾਲਣਾ ਕਰਦੇ ਹੋਏ ਉਮਰ ਦੇ ਆਖ਼ਰੀ ਪੜਾਅ 'ਤੇ ਬੈਠੇ ਇਨਸਾਨਾਂ ਨੂੰ ਆਪਣੀ ਉਮਰ ਦਾ ਆਖਰੀ ਸਮਾਂ ਆਪਣੇ ਪਰਵਾਰਾਂ ਨਾਲਾ ਬਿਤਾਉਣ ਦਾ ਮੌਕਾ ਦਵੇ।ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਦੀਪਇੰਦਰ ਸਿੰਘ, ਅਮਰਿੰਦਰ ਸਿੰਘ, ਸ਼ਹਿਬਾਜ਼ ਸਿੰਘ ਤੇ ਬਾਹਰੋਂ ਆਏ ਢਾਡੀ ਸਿੰਘਾਂ ਨੇ ਪੁਰਾਤਨ ਸਿੰਘਾਂ ਦੀ ਬਹਾਦਰੀ ਦੀਆਂ ਵਾਰਾਂ ਵੀ ਸੁਣਾਈਆਂ।

ਅੱਤ ਦੀ ਮਹਿੰਗਾਈ ਨੇ ਆਮ ਆਦਮੀ ਦਾ ਜਿਊਣਾ ਦੁੱਭਰ ਕੀਤਾ : ਬਲਵੀਰ ਲਹਿਰਾ

ਮੱਖੂ (ਰਫ਼ਪਾਲ ਸਿੰਘ ਸੰਧੂ)-ਅਮਰ ਵੇਲ ਵਾਂਗ ਦਿਨੋਂ ਦਿਨ ਵੱਧ ਰਹੀ ਮਹਿੰਗਾਈ ਨੇ ਆਮ ਆਦਮੀ ਦਾ ਜਿਊਣਾ ਦੁੱਭਰ ਕਰਕੇ ਰੱਖ ਦਿੱਤਾ ਹੈ।ਪਹਿਲਾਂ ਡੀਜ਼ਲ, ਪੈਟਰੋਲ ਤੇ ਗੈਸ ਦੀਆਂ ਕੀਮਤਾਂ 'ਚ ਬੇਤਹਾਸ਼ਾ ਵਾਧਾ, ਉਸ ਤੋਂ ਬਾਅਦ ਖੰਡ, ਪਿਆਜ ਤੇ ਸਰ੍ਹੋਂ ਦੇ ਤੇਲ ਵਿੱਚ ਵੀ ਬਹੁਤ ਵਾਧਾ ਹੋ ਚੁੱਕਾ ਹੈ। ਇਸ ਨਾਲ ਗਰੀਬ ਆਦਮੀ ਨੂੰ ਆਪਣੇ ਘਰ ਦਾ ਚੁੱਲ੍ਹਾ ਬਾਲਣਾ ਬਹੁਤ ਔਖਾ ਹੋ ਗਿਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਲੇਬਰ ਯੂਨੀਅਨ ਦੇ ਸੂਬਾਈ ਆਗੂ ਬਲਵੀਰ ਲਹਿਰਾ ਨੇ ਕਿਹਾ ਕਿ ਖਾਣ ਪੀਣ ਦੀਆਂ ਚੀਜਾਂ, ਸਬਜ਼ੀਆਂ, ਦਾਲਾਂ, ਖਾਦ ਪ੍ਰਦਾਰਥਾਂ ਤੇ ਘਰੇਲੂ ਸਾਮਾਨ ਦੇ ਮਹਿੰਗੇ ਹੋਣ ਕਾਰਨ ਗਰੀਬ ਅਤੇ ਮੱਧ ਵਰਗ ਦੇ ਘਰਾਂ ਦਾ ਬਜਟ ਪੂਰੀ ਤਰ੍ਹਾਂ ਵਿਗੜ ਚੁੱਕਾ ਹੈ।ਖੰਡ ਦਾ ਰੇਟ, ਜੋ ਪਿਛਲੇ ਥੋੜ੍ਹੇ ਸਮੇਂ ਪਹਿਲਾਂ 40-45 ਰੁਪਏ ਪ੍ਰਤੀ ਕਿਲੋ ਤੋਂ ਵੱਧ ਕੇ 65 ਰੁਪਏ ਹੋ ਗਿਆ ਹੈ ਤੇ ਪਿਆਜ਼ ਜੋ 30 ਤੋਂ 35 ਰੁਪਏ ਪ੍ਰਤੀ ਕਿਲੋ ਵਿਕਦਾ ਸੀ, ਅੱਜ 65 ਤੋਂ 70 ਰੁਪਏ ਵਿੱਕ ਰਿਹਾ।ਇਸ ਨਾਲ ਆਮ ਆਦਮੀ ਨੂੰ ਆਪਣੇ ਘਰ ਵਿੱਚ ਖਾਣਾ ਬਣਾਉਣ ਵਿੱਚ ਬੜੀ ਮੁਸ਼ਕਲ ਆ ਰਹੀ ਹੈ।

2027 'ਚ ਕਾਂਗਰਸ ਦੀ ਸਰਕਾਰ ਬਣਨਾ ਤਹਿ : ਰਾਜਿੰਦਰ ਸਿੰਘ

ਸਮਾਣਾ ਹਲਕੇ ਦੇ ਪਿੰਡਾਂ 'ਚ ਵਰਕਰਾਂ ਨਾਲ ਕੀਤੀਆਂ ਮੀਟਿੰਗਾਂ

ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)-...

ਅਧਿਆਪਕਾਂ ਨੇ ਸਰਕਾਰ ਦੇ ਧਮਕੀ ਭਰੇ ਪੱਤਰ ਦੀਆਂ ਸਾੜੀਆਂ ਕਾਪੀਆਂ

ਮੰਗਾਂ ਮੰਨਣ ਤੱਕ ਸੰਘਰਸ਼ ਲਗਾਤਾਰ ਰਹੇਗਾ ਜਾਰੀ

ਮਾਨਸਾ (ਆਤਮਾ ਸਿੰਘ ਪਮਾਰ)-...

ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਨੇ ਸਾੜਿਆ ਮੁੱਖ ਮੰਤਰੀ ਦਾ ਪੁਤਲਾ

ਬੁਢਲਾਡਾ (ਅਸ਼ੋਕ ਲਾਕੜਾ)-...

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਜੇਲ੍ਹ ਰੋਡ 'ਤੇ ਲਗਾਇਆ ਝਾੜੂ

'ਮਿਸ਼ਨ ਕਲੀਨ ਪੰਜਾਬ' ਦੇ ਦੂਜੇ ਪੜਾਅ ਦੀ ਸ਼ੁਰੂਆਤ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-...

ਗਰੀਬ ਪਰਵਾਰ ਦਾ ਮਕਾਨ ਡਿੱਗਾ, ਮਾਂ-ਬੱਚੇ ਗੰਭੀਰ ਜ਼ਖ਼ਮੀ

ਪੀੜਤ ਪਰਵਾਰ ਨੇ ਆਰਥਿਕ ਸਹਾਇਤਾ ਦੀ ਕੀਤੀ ਮੰਗ

ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)-...

ਡੀ ਆਈ ਜੀ ਤੇ ਐੱਸ ਐੱਸ ਪੀ ਖੰਨਾ ਵੱਲੋਂ ਸਮਰਾਲਾ ਦੇ ਨਸ਼ਾ ਛੁਡਾਊ ਕੇਂਦਰ ਦਾ ਦੌਰਾ

ਦੋਰਾਹਾ/ਸਮਰਾਲਾ (ਹਰਮਿੰਦਰ ਸੇਠ/ਸੁਰਜੀਤ ਸਿੰਘ)-...

ਜਮਹੂਰੀ ਕਿਸਾਨ ਸਭਾ 1 ਸਤੰਬਰ ਦੇ ਮੋਰਚੇ 'ਚ ਕਰੇਗੀ ਭਰਵੀਂ ਸ਼ਮੂਲੀਅਤ : ਡਾ. ਅਜਨਾਲਾ

ਜਲੰਧਰ (ਸ਼ੈਲੀ ਐਲਬਰਟ) ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾਈ ਮੀਟਿੰਗ ਜੋ ਕਿ ਸ਼ਹੀਦ ਸਰਵਨ ਸਿੰਘ ਚੀਮਾ ਭਵਨ ਗੜ੍ਹਾ, ਜਲੰਧਰ ਵਿਖੇ ਡਾ. ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਹੋਈ ਵਿੱਚ ਫੈਸਲਾ ਕੀਤਾ ਗਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਤੇ ਕਿਸਾਨਾਂ ਦੀਆਂ ਹੱਕੀ ਮੰਗਾਂ ਲਈ ਚੰਡੀਗੜ੍ਹ ਵਿੱਚ 1 ਸਤੰਬਰ ਤੋਂ ਲੱਗ ਰਹੇ ਮੋਰਚੇ ਵਿੱਚ ਭਰਵੀਂ ਸ਼ਮੂਲੀਅਤ ਕਰੇਗੀ। ਮੀਟਿੰਗ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਆਖਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 1 ਸਤੰਬਰ ਤੋਂ ਲੈ ਕੇ 7 ਸਤੰਬਰ ਤੱਕ ਚੰਡੀਗੜ੍ਹ ਵਿੱਚ ਕਿਸਾਨਾਂ ਦੀ ਮੁੱਖ ਮੰਗਾਂ ਦੀ ਪ੍ਰਾਪਤੀ ਲਈ ਲੱਗ ਰਹੇ ਲਗਾਤਾਰ ਮੋਰਚੇ ਵਿੱਚ ਜਮਹੂਰੀ ਕਿਸਾਨ ਸਭਾ ਪੰਜਾਬ ਭਰਵੀਂ ਸ਼ਮੂਲੀਅਤ ਕਰੇਗੀ।ਸੂਬਾ ਪ੍ਰੈਸ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਨੇ ਆਖਿਆ ਕਿ ਏਕਤਾ ਕਾਨਫਰੰਸ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ। ਇਸ ਏਕਤਾ ਕਾਨਫਰੰਸ ਲਈ ਪਿੰਡਾਂ ਵਿੱਚੋਂ ਭਰਵਾਂ ਸਹਿਯੋਗ ਮਿਲ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੰਗਤ ਸਿੰਘ ਘਨਾਣਾ, ਹਰਪ੍ਰੀਤ ਸਿੰਘ ਬੁਟਾਰੀ, ਰੇਸ਼ਮ ਸਿੰਘ ਫੈਲੋਕੇ, ਵਰਿੰਦਰ ਜੀਤ ਸਿੰਘ ਪੁਰੀ, ਮਨੋਹਰ ਸਿੰਘ ਗਿੱਲ, ਸੰਤੋਖ ਸਿੰਘ ਬਿਲਗਾ, ਮੰਗਲ ਸਿੰਘ ਧੁਰਕਾ ਪੁਰ, ਮੁਖਤਿਆਰ ਸਿੰਘ ਮੱਲਾ, ਮਨਜੀਤ ਸਿੰਘ ਬੱਗੂ, ਦਰਸ਼ਨ ਸਿੰਘ ਬੇਗੋਵਾਲ, ਮਲਕੀਤ ਸਿੰਘ ਨਿਆਲ, ਹਰਭਜਨ ਸਿੰਘ, ਹਰਜੀਤ ਸਿੰਘ ਕਾਹਲੋਂ, ਸੁਖਵਿੰਦਰ ਸਿੰਘ ਧਾਲੀਵਾਲ, ਅਮਰੀਕ ਸਿੰਘ ਮਾਨਸਾ, ਰਾਮ ਸਿੰਘ ਕੈਂਥਵਾਲਾ ਆਦਿ ਹਾਜ਼ਰ ਸਨ।

ਦਿਲਜੀਤ ਸਿੰਘ ਬੇਦੀ ਦੀ ਪਹਿਲੀ ਬਰਸੀ ਅੱਜ

ਅੰਮ੍ਰਿਤਸਰ : ਪ੍ਰਮੁੱਖ ਸਿੱਖ ਚਿੰਤਕ, ਲੇਖਕ ਅਤੇ ਪੱਤਰਕਾਰ ਸ੍ਰ. ਦਿਲਜੀਤ ਸਿੰਘ ਬੇਦੀ ਸਾਬਕਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਫਤਰੀ ਸਕੱਤਰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਜੋ ਬੀਤੇ ਵਰ੍ਹੇ 30 ਅਗਸਤ ਨੂੰ ਸੰਖੇਪ ਬਿਮਾਰੀ ਉਪਰੰਤ ਅਕਾਲ ਪੁਰਖ ਵੱਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਭੋਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਉਹਨਾਂ ਦੀ ਪਹਿਲੀ ਬਰਸੀ ਉਹਨਾਂ ਦੇ ਸਮੂੰਹ ਪਰਿਵਾਰ ਅਤੇ ਸਮੂਹ ਸਨੇਹੀਆਂ ਵੱਲੋਂ ਬੜੀ ਸ਼ਰਧਾ ਤੇ ਸਤਿਕਾਰ ਨਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪ੍ਰਤਾਪ ਨਗਰ ਵਿਖੇ 30 ਅਗਸਤ ਨੂੰ ਮਨਾਈ ਜਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਪਰਮਜੀਤ ਕੌਰ ਬੇਦੀ ਨੇ ਦੱਸਿਆ ਕਿ ਉਨ੍ਹਾਂ ਦੀ ਯਾਦ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ ਜਾਣਗੇ, ਉਪਰੰਤ ਕੀਰਤਨ ਸਰਵਣ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੌਕੇ ਗੁਰੂ ਕੇ ਅਟੁੱਟ ਲੰਗਰ ਵੀ ਵਰਤਾਏ ਜਾਣਗੇ।

ਸੋਸ਼ਲ ਮੀਡੀਆ ਵਿਸ਼ਲੇਸ਼ਣ ਨਾਲ ਸਾਈਬਰ ਜਾਂਚ ਨੂੰ ਮਿਲੇਗੀ ਨਵੀਂ ਦਿਸ਼ਾ : ਧਨਪ੍ਰੀਤ ਕੌਰ

ਫਿਲੌਰ (ਨਿਰਮਲ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲਸ ਅਕੈਡਮੀ (ਪੀ ਪੀ ਏ), ਫਿਲੌਰ ਵਿਖੇ ਭਾਰਤੀ ਸਾਈਬਰ ਅਪਰਾਧ ਤਾਲਮੇਲ ਕੇਂਦਰ, ਗ੍ਰਹਿ ਮੰਤਰਾਲਾ, ਨਵੀਂ ਦਿੱਲੀ ਦੇ ਸਹਿਯੋਗ ਨਾਲ ਕਰਵਾਇਆ ਗਿਆ ਤਿੰਨ ਰੋਜ਼ਾ ਸਿਖਲਾਈ ਪ੍ਰੋਗਰਾਮ 'ਸੋਸ਼ਲ ਮੀਡੀਆ ਐਨਾਲਿਸਿਸ' ਸਫ਼ਲਤਾਪੂਰਵਕ ਸੰਪੰਨ ਹੋ ਗਿਆ।ਇਸ ਸਿਖਲਾਈ ਪ੍ਰੋਗਰਾਮ ਦਾ ਉਦੇਸ਼ ਪੁਲਸ ਅਧਿਕਾਰੀਆਂ ਅਤੇ ਜਾਂਚ ਅਧਿਕਾਰੀਆਂ ਨੂੰ ਸੋਸ਼ਲ ਮੀਡੀਆ ਨਾਲ ਸਬੰਧਤ ਜਾਂਚ, ਸਾਈਬਰ ਅਪਰਾਧਾਂ ਦੀ ਪੜਤਾਲ, ਡਿਜੀਟਲ ਸੂਚਨਾਵਾਂ ਦੇ ਵਿਸ਼ਲੇਸ਼ਣ ਅਤੇ ਇਲੈਕਟ੍ਰਾਨਿਕ ਸਬੂਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣ ਲਈ ਵਿਹਾਰਕ ਗਿਆਨ ਅਤੇ ਆਧੁਨਿਕ ਤਕਨੀਕਾਂ ਤੋਂ ਜਾਣੂ ਕਰਵਾਉਣਾ ਸੀ।ਸਿਖਲਾਈ ਦੌਰਾਨ ਭਾਗ ਲੈਣ ਵਾਲੇ ਅਧਿਕਾਰੀਆਂ ਨੂੰ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਪ੍ਰਾਪਤ ਹੋਣ ਵਾਲੀ ਡਿਜੀਟਲ ਜਾਣਕਾਰੀ ਦੇ ਵਿਸ਼ਲੇਸ਼ਣ, ਸਾਈਬਰ ਜਾਂਚ ਦੀਆਂ ਵੱਖ-ਵੱਖ ਪ੍ਰਕਿਰਿਆਵਾਂ ਅਤੇ ਇਲੈਕਟ੍ਰਾਨਿਕ ਸਬੂਤਾਂ ਦੇ ਸੰਗ੍ਰਹਿ ਤੇ ਸੁਰੱਖਿਅਤ ਰੱਖ-ਰਖਾਅ ਨਾਲ ਸਬੰਧਤ ਮਹੱਤਵਪੂਰਨ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ ਗਈ।ਸਿਖਲਾਈ ਪ੍ਰੋਗਰਾਮ ਦੌਰਾਨ ਪੰਜਾਬ ਪੁਲਿਸ ਦੇ ਸਟੇਟ ਸਾਈਬਰ ਸੈੱਲ ਅਤੇ ਸੀ ਆਈ ਵਿੰਗ ਨਾਲ ਜੁੜੇ ਮਾਹਿਰਾਂ ਨੇ ਵੀ ਭਾਗੀਦਾਰਾਂ ਨਾਲ ਆਪਣੇ ਮੈਦਾਨੀ ਤਜਰਬੇ ਅਤੇ ਵਿਹਾਰਕ ਗਿਆਨ ਸਾਂਝਾ ਕੀਤਾ।ਮਾਹਿਰਾਂ ਨੇ ਸਾਈਬਰ ਅਤੇ ਸੋਸ਼ਲ ਮੀਡੀਆ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਦੌਰਾਨ ਦਰਪੇਸ਼ ਵੱਖ-ਵੱਖ ਚੁਣੌਤੀਆਂ, ਉਨ੍ਹਾਂ ਦੇ ਹੱਲ ਅਤੇ ਜਾਂਚ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਅਪਣਾਈਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਦਿੱਤੀ।ਸਮਾਪਤੀ ਸਮਾਗਮ ਮੌਕੇ ਸ੍ਰੀਮਤੀ ਧਨਪ੍ਰੀਤ ਕੌਰ, ਆਈ.ਪੀ.ਐੱਸ., ਆਈ.ਜੀ.ਪੀ.-ਕਮ-ਡਾਇਰੈਕਟਰ, ਪੰਜਾਬ ਪੁਲਸ ਅਕੈਡਮੀ, ਫਿਲੌਰ ਨੇ ਸਿਖਲਾਈ ਵਿੱਚ ਭਾਗ ਲੈਣ ਵਾਲੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ।ਧਨਪ੍ਰੀਤ ਕੌਰ ਨੇ ਕਿਹਾ ਕਿ ਆਧੁਨਿਕ ਸਮੇਂ ਵਿੱਚ ਅਪਰਾਧਾਂ ਦਾ ਰੂਪ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਜਾਂਚ ਏਜੰਸੀਆਂ ਲਈ ਡਿਜੀਟਲ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਨਾਲ ਜੁੜੀ ਜਾਣਕਾਰੀ ਨੂੰ ਸਹੀ ਢੰਗ ਨਾਲ ਸਮਝਣਾ ਬੇਹੱਦ ਮਹੱਤਵਪੂਰਨ ਹੋ ਗਿਆ ਹੈ।

ਉਨ੍ਹਾਂ ਭਾਗੀਦਾਰਾਂ ਨੂੰ ਸਿਖਲਾਈ ਦੌਰਾਨ ਪ੍ਰਾਪਤ ਗਿਆਨ ਨੂੰ ਆਪਣੇ ਕਾਰਜ ਖੇਤਰ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੇ ਸਫ਼ਲ ਸਮਾਪਨ ਮੌਕੇ ਭਾਗੀਦਾਰਾਂ ਨੇ ਸਿਖਲਾਈ ਦੌਰਾਨ ਪ੍ਰਾਪਤ ਤਕਨੀਕੀ ਅਤੇ ਵਿਹਾਰਕ ਗਿਆਨ ਨੂੰ ਪੁਲਿਸ ਜਾਂਚ ਲਈ ਬੇਹੱਦ ਲਾਭਦਾਇਕ ਦੱਸਦਿਆਂ ਭਵਿੱਖ ਵਿੱਚ ਵੀ ਅਜਿਹੇ ਸਿਖਲਾਈ ਪ੍ਰੋਗਰਾਮ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਪੈਨਸ਼ਨਰਾਂ ਦੀ ਸੂਬਾ ਪੱਧਰ ਰੈਲੀ 6 ਨੂੰ ਜਲੰਧਰ 'ਚ

ਫਗਵਾੜਾ/ਖਾਸਾ,(ਮਨੋਜ ਕੁਮਾਰ/ਸ਼ਸ਼ਪਾਲ ਸਿੰਘ)- ਗੌਰਮਿੰਟ ਪੈਨਸ਼ਨਰਜ਼ ਯੂਨੀਅਨ (ਸੀਟੂ) ਦੀ ਜ਼ਰੂਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਾਥੀ ਨਰਿੰਦਰ ਪਾਲ ਚਮਿਆਰੀ ਦੀ ਪ੍ਰਧਾਨਗੀ ਹੇਠ ਸੀਟੂ ਦਫ਼ਤਰ ਪੁਤਲੀਘਰ ਵਿਚ ਹੋਈ। ਇਸ ਮੀਟਿੰਗ ਵਿੱਚ ਸਾਥੀ ਸੁੱਚਾ ਸਿੰਘ ਅਜਨਾਲਾ, ਸਾਥੀ ਰਵਿੰਦਰ ਕੁਮਾਰ ਲੂਥਰਾ, ਨਿਰਮਲ ਸਿੰਘ, ਹਰਵਿੰਦਰ ਸਿੰਘ ਤੇ ਬਲਬੀਰ ਸਿੰਘ ਝਾਮਕਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸੰਘਰਸ਼ ਨੂੰ ਤਾਰਪੀਡੋ ਕਰਨ ਦਾ ਕੋਝਾ ਯਤਨ ਕਰ ਰਹੀ ਹੈ। ਸਮਾਂ ਦੇ ਕੇ ਮੀਟਿੰਗ ਨਾ ਕਰਨਾ ਮੁੱਖ ਮੰਤਰੀ ਦਾ ਸੁਭਾਅ ਬਣ ਗਿਆ ਹੈ।

ਮੀਟਿੰਗ ਵਿੱਚ ਮੁੱਖ ਮੰਤਰੀ ਨੂੰ ਚਿਤਾਵਨੀ ਦਿੱਤੀ ਗਈ ਸੀ ਕਿ ਜੇਕਰ ਪੈਨਸ਼ਨਰਾਂ ਦੀਆਂ ਮੰਗਾਂ ਨਾ ਪ੍ਰਵਾਨ ਕੀਤੀਆਂ, ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਕਾਮਰੇਡ ਅਜਨਾਲਾ ਨੇ ਕਿਹਾ ਕਿ 6 ਸਤੰਬਰ ਨੂੰ ਸੀਟੂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਜਾ ਰਹੀ ਹੈ, ਜਿਸ ਵਿਚ ਸੈਂਕੜੇ ਪੈਨਸ਼ਨਰ ਸ਼ਾਮਿਲ ਹੋਣਗੇ। ਸਾਰੇ ਸਾਥੀ ਵੱਧ ਚੜ੍ਹਕੇ ਜਲੰਧਰ ਪੁੱਜਣਗੇ।

ਇਸ ਮੀਟਿੰਗ ਵਿਚ ਰਵਿੰਦਰ ਲੂਥਰਾ ਨੂੰ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਪੈਨਸ਼ਨਰਾਂ ਦੀ ਮੀਟਿੰਗ ਸੱਦ ਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਚਰਨਜੀਤ ਮਜੀਠਾ, ਸਵਿੰਦਰ ਸਿੰਘ ਮੀਰਾਂਕੋਟ, ਸਵਿੰਦਰ ਸਿੰਘ ਅਟਲੀਵਾਲ, ਸੁਲੱਖਣ ਸਿੰਘ, ਦਲਜੀਤ ਸਿੰਘ ਭੋਮਾ, ਪ੍ਰੇਮਿਸ਼ਰ ਕੁਲਵੰਤ ਸਿੰਘ, ਧਿਆਨ ਚੰਦ, ਕਰਮ ਸਿੰਘ ਆਦਿ ਹਾਜ਼ਰ ਸਨ।

ਸੁਖਬੀਰ ਬਾਦਲ ਵੱਲੋਂ ਸੰਜੀਵ ਤਲਵਾੜ ਨੂੰ ਜ਼ਿਲ੍ਹਾ ਅਕਾਲੀ ਜਥਾ ਹੁਸ਼ਿਆਰਪੁਰ (ਸ਼ਹਿਰੀ) ਦਾ ਪ੍ਰਧਾਨ ਨਿਯੁਕਤ

ਚੰਡੀਗੜ੍ਹ (ਬਲਵੀਰ ਸਿੰਘ ਸੈਣੀ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਕ ਅਹਿਮ ਐਲਾਨ ਕਰਦਿਆਂ ਪਾਰਟੀ ਦੇ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਦੇ ਹਲਕਾ ਇੰਚਾਰਜ ਅਤੇ ਸੀਨੀਅਰ ਆਗੂ ਸੰਜੀਵ ਤਲਵਾੜ ਨੂੰ ਜ਼ਿਲ੍ਹਾ ਅਕਾਲੀ ਜਥਾ ਹੁਸ਼ਿਆਰਪੁਰ (ਸ਼ਹਿਰੀ) ਦਾ ਪ੍ਰਧਾਨ ਨਿਯੁਕਤ ਕੀਤਾ ਹੈ।ਇਸ ਨਿਯੁਕਤੀ ਲਈ ਸੰਜੀਵ ਤਲਵਾੜ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਸਮੂਹ ਅਕਾਲੀ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ 'ਤੇ ਜੋ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ, ਉਹ ਉਸ ਨੂੰ ਪੂਰੀ ਇਮਾਨਦਾਰੀ, ਮਿਹਨਤ ਤੇ ਤਨਦੇਹੀ ਨਾਲ ਨਿਭਾਉਣਗੇ।

ਸ਼ੈਰੀ ਕਲਸੀ ਤੇ ਚੇਅਰਮੈਨ ਜੋਬਨ ਰੰਧਾਵਾ ਨੇ ਆਂਗਣਵਾੜੀ ਵਰਕਰਾਂ ਨੂੰ ਨਿਯੁਕਤੀ ਪੱਤਰ ਸੌਂਪੇ

ਬਟਾਲਾ (ਡਾਕਟਰ ਮਲਵਿੰਦਰ ਸਿੰਘ, ਤਰਲੋਕ ਬੱਗਾ) - ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਪੰਜਾਬ ਸਰਕਾਰ ਵੱਲੋਂ ਯੋਗ ਉਮੀਦਵਾਰਾਂ ਨੂੰ ਪਾਰਦਰਸ਼ੀ ਢੰਗ ਨਾਲ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਉਣ ਦੀ ਮੁਹਿੰਮ ਤਹਿਤ ਬਲਾਕ ਬਟਾਲਾ, ਧਾਰੀਵਾਲ ਅਤੇ ਕਾਦੀਆਂ ਵਿੱਚ ਨਵ-ਨਿਯੁਕਤ 29 ਆਂਗਣਵਾੜੀ ਵਰਕਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਅਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਿਆਂ ਆਪਣੀ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ, ਇਮਾਨਦਾਰੀ, ਮਿਹਨਤ ਅਤੇ ਸਮਰਪਿਤ ਭਾਵਨਾ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਫਤਿਹਗੜ੍ਹ ਚੂੜੀਆਂ ਦੇ ਹਲਕਾ ਇੰਚਾਰਜ ਚੇਅਰਮੈਨ ਜੋਬਨ ਰੰਧਾਵਾ, ਚੇਅਰਮੈਨ ਨਿਸ਼ਾਨ ਸਿੰਘ ਰੰਧਾਵਾ, ਸੀ.ਡੀ.ਪੀ.ਓ ਵਰਿੰਦਰ ਸਿੰਘ, ਨਵਦੀਪ ਸਿੰਘ ਪਨੇਸਰ,ਸੀਨੀਅਰ ਸਹਾਇਕ ਸੁਰਜੀਤ ਸਿੰਘ, ਅਭਿਸ਼ੇਕ ਸ਼ਰਮਾ ਅਤੇ ਗੁਰਦੀਪ ਸਿੰਘ ਮੌਜੂਦ ਸਨ। ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ ਕਲੱਬ ਵਿਖੇ ਕਰਵਾਏ ਸਮਾਗਮ ਵਿੱਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ-ਰਹਿਤ ਢੰਗ ਨਾਲ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿੱਚ 70 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਰੁਜ਼ਗਾਰ ਦੇ ਹੋਰ ਮੌਕੇ ਉਪਲਬਧ ਕਰਵਾਉਣ ਲਈ ਭਰਤੀ ਪ੍ਰਕਿਰਿਆ ਲਗਾਤਾਰ ਜਾਰੀ ਰਹੇਗੀ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹਰ ਯੋਗ ਨੌਜਵਾਨ ਨੂੰ ਉਸ ਦੀ ਮਿਹਨਤ ਅਤੇ ਯੋਗਤਾ ਦੇ ਆਧਾਰ 'ਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ਼ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਹੋਵੇਗਾ, ਸਗੋਂ ਪੰਜਾਬ ਦੇ ਵਿਕਾਸ ਨੂੰ ਵੀ ਨਵੀਂ ਗਤੀ ਮਿਲੇਗੀ। ਉਨ੍ਹਾਂ ਇਹ ਵੀ ਕਿਹਾ ਕਿ ਆਂਗਣਵਾੜੀ ਕੇਂਦਰ ਬੱਚਿਆਂ, ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਦੀ ਸਿਹਤ, ਪੋਸ਼ਣ ਅਤੇ ਸ਼ੁਰੂਆਤੀ ਸਿੱਖਿਆ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਇਸ ਲਈ ਨਵ-ਨਿਯੁਕਤ ਵਰਕਰ ਆਪਣੀਆਂ ਸੇਵਾਵਾਂ ਪੂਰੀ ਤਨਦੇਹੀ ਨਾਲ ਨਿਭਾਉਣ। ਇਸ ਮੌਕੇ ਫਤਿਹਗੜ੍ਹ ਚੂੜੀਆਂ ਦੇ ਹਲਕਾ ਇੰਚਾਰਜ ਜੋਬਨ ਰੰਧਾਵਾ ਨੇ ਵੀ ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਨਿਯੁਕਤੀ ਪੱਤਰ ਉਮੀਦਵਾਰਾਂ ਦੀ ਮਿਹਨਤ ਅਤੇ ਯੋਗਤਾ ਦਾ ਨਤੀਜਾ ਹਨ। ਉਨ੍ਹਾਂ ਨਵੇਂ ਕਰਮਚਾਰੀਆਂ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਸਮਾਗਮ ਦੌਰਾਨ ਨਵ-ਨਿਯੁਕਤ ਆਂਗਣਵਾੜੀ ਹੈਲਪਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਪੰਜਾਬ ਸਰਕਾਰ ਅਤੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ।

ਡੇਰਾ ਬਾਬਾ ਨਾਨਕ ਪੁਲਸ ਵੱਲੋਂ ਤਿੰਨ ਗ੍ਰਿਫ਼ਤਾਰ, ਬਾਕੀਆਂ ਦੀ ਭਾਲ ਜਾਰੀ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਪੁਲਸ ਵੱਲੋਂ 1 ਚੋਰੀ ਕੀਤੀ ਬੱਕਰੀ, 4 ਚੋਰੀ ਕੀਤੇ ਮੋਟਰਸਾਈਕਲਾਂ ਸਮੇਤ 3 ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕਰਦਿਆਂ ਉਕਤ ਨੌਜਵਾਨਾਂ ਖਿਲਾਫ਼ ਚੋਰੀ ਦਾ ਕੇਸ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਿਸ ਥਾਣਾ ਡੇਰਾ ਬਾਬਾ ਨਾਨਕ ਦੇ ਮੁਖੀ ਅਸ਼ੋਕ ਕੁਮਾਰ ਸ਼ਰਮਾ ਵੱਲੋਂ ਐੱਸ ਪ੍ਰੈਸ ਕਾਨਫਰੰਸ ਕਰਕੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਮਿਤੀ 27 ਅਗਸਤ ਦੀ ਦਰਮਿਆਨੀ ਰਾਤ ਨੂੰ ਬਾਜ਼ਾਂ ਮਸੀਹ ਪੁੱਤਰ ਪ੍ਰਗਟ ਮਸੀਹ ਪਿੰਡ ਪੱਡਾ ਨੇ ਪੁਲਸ ਨੂੰ ਇਤਲਾਹ ਦਿੱਤੀ ਕਿ ਉਹ ਆਪਣੇ ਘਰ ਵਿੱਚ ਸੁੱਤੇ ਪਏ ਸਨ ਕਿ ਉਨ੍ਹਾਂ ਦੇ ਘਰ ਵਿੱਚ ਅੱਠ-ਦਸ ਬੰਦੇ ਦਾਖਲ ਹੋਏ, ਉਨ੍ਹਾਂ ਦੇ ਵਿਹੜੇ ਵਿੱਚ ਇੱਕ ਉਨ੍ਹਾਂ ਦਾ ਮੋਟਰਸਾਈਕਲ ਖੜਾ ਸੀ, ਜੋ ਉਕਤ ਵਿਅਕਤੀਆਂ ਵੱਲੋਂ ਚੋਰੀ ਕਰ ਲਿਆ ਗਿਆ ਅਤੇ ਉਨ੍ਹਾਂ ਦੀ ਬੱਕਰੀ, ਜੋ ਕਿ ਵਿਹੜੇ ਵਿੱਚ ਬੱਝੀ ਹੋਈ ਸੀ, ਉਹ ਵੀ ਚੋਰੀ ਕਰ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਏ ਐਸ ਆਈ ਸ਼ਰੀਫ ਮਸੀਹ ਨੇ ਪਿੰਡ ਪੱਡੇ ਮੋੜ 'ਤੇ ਨਾਕਾ ਲਗਾਇਆ ਹੋਇਆ ਸੀ ਕਿ ਤਿੰਨ ਨੌਜਵਾਨ ਮੋਟਰਸਾਈਕਲ ਤੇ ਸਵਾਰ ਹੋ ਕੇ ਆ ਰਹੇ ਸਨ, ਜਿਨ੍ਹਾਂ ਵੱਲੋਂ ਬੱਕਰੀ ਆਪਣੇ ਵਿਚਕਾਰ ਮੋਟਰਸਾਈਕਲ 'ਤੇ ਰੱਖੀ ਹੋਈ ਸੀ, ਪੁਲਸ ਵੱਲੋਂ ਉਕਤ ਨੌਜਵਾਨਾਂ ਨੂੰ ਚੋਰੀ ਕੀਤੀ ਬੱਕਰੀ ਸਮੇਤ ਕਾਬੂ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਉਕਤ ਦੋਸ਼ੀਆਂ ਵਿੱਚ ਸੁਨੀਲ ਕੁਮਾਰ ਉਰਫ਼ ਨੋਨੀ ਪੁੱਤਰ ਸਾਹਬ ਮਸੀਹ ਵਾਸੀ ਪਿੰਡ ਮਾਹਲ ਨੰਗਲ, ਮੰਗਤਾ ਮਸੀਹ ਉਰਫ਼ (ਮੰਗਾ) ਪੁੱਤਰ ਗਰੀਬੂ ਮਸੀਹ ਪਿੰਡ ਖੰਦੇ ਬੇਟ, ਜਸ਼ਨ ਮਸੀਹ (ਮੋਟਾ) ਪੁੱਤਰ ਰਹਮਤ ਮਸੀਹ ਪਿੰਡ ਮਾਹਲ ਨੰਗਲ ਕੋਲੋਂ 1 ਬੱਕਰੀ ਤੇ 1 ਚੋਰੀ ਦਾ ਮੋਟਰਸਾਈਕਲ ਬਰਾਮਦ ਹੋਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਦੋਸ਼ੀਆਂ ਨੂੰ ਪੁਲਿਸ ਥਾਣੇ ਲਿਆ ਕੇ ਸਖ਼ਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਇਹਨਾਂ ਕੋਲੋਂ 3 ਹੋਰ ਚੋਰੀ ਦੇ ਮੋਟਰਸਾਈਕਲ ਬਰਾਮਦ ਹੋਏ ਹਨ। ਉਨ੍ਹਾਂ ਕਿਹਾ ਕਿ ਇਹਨਾਂ ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਇਹਨਾਂ ਦਾ ਰਿਮਾਂਡ ਲਿਆ ਜਾਵੇਗਾ,ਔਰ ਹੋਰ ਵੀ ਚੋਰੀਆਂ ਸਬੰਧੀ ਖੁਲਾਸੇ ਹੋਣ ਦੀ ਸੰਭਾਵਨਾ ਹੈ,ਦੋਸ਼ੀਆਂ ਖਿਲਾਫ ਡੇਰਾ ਬਾਬਾ ਨਾਨਕ ਪੁਲਿਸ ਵੱਲੋਂ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਚੋਰੀ ਦੀ ਵਾਰਦਾਤ ਵਿੱਚ 7 ਵਿਅਕਤੀ ਹੋਰ ਨਾਮਜ਼ਦ ਕੀਤੇ ਗਏ ਹਨ, ਜਿਨ੍ਹਾਂ ਦੀ ਭਾਲ ਜਾਰੀ ਹੈ ਅਤੇ ਜਲਦੀ ਹੀ ਉਨ੍ਹਾਂ ਨੂੰ ਵੀ ਪੁਲਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਸ ਮੌਕੇ ਏ ਐਸ ਆਈ ਸ਼ਰੀਫ਼ ਮਸੀਹ,ਹੌਲਦਾਰ ਗੁਰਜੀਤ ਸਿੰਘ,ਹੌਲਦਾਰ ਧਰਮਿੰਦਰ ਸਿੰਘ,ਹੌਲਦਾਰ ਅਵਤਾਰ ਸਿੰਘ ਅਤੇ ਹੋਮਗਾਰਡ ਜਵਾਨ ਦਰਸ਼ਨ ਸਿੰਘ ਮੰਝ ਵੀ ਹਾਜ਼ਰ ਸਨ।

ਪੱਤਰਕਾਰ ਮੋਹਨ ਸਿੰਘ ਅਰੋੜਾ ਨੂੰ ਸਦਮਾ, ਮਾਤਾ ਦਾ ਦੇਹਾਂਤ

ਮੋਰਿੰਡਾ (ਨਿਹਾਲ ਸਿੰਘ ਕਲਸੀ) ਪੱਤਰਕਾਰ ਮੋਹਨ ਸਿੰਘ ਅਰੋੜਾ ਦੀ ਮਾਤਾ ਸੁਖਵਿੰਦਰ ਕੌਰ ਦਾ ਦੇਹਾਂਤ ਹੋ ਗਿਆ।ਜਿਸ ਦਾ ਸ਼ਮਸ਼ਾਨ ਘਾਟ ਮੋਰਿੰਡਾ ਵਿਖੇ ਸੰਸਕਾਰ ਕੀਤਾ ਗਿਆ।

ਸਮੂਹ ਪੱਤਰਕਾਰ ਭਾਈਚਾਰੇ ਅਤੇ ਵੱਖ ਵੱਖ ਸਿਆਸੀ, ਸਮਾਜਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਵੱਲੋਂ ਮਾਤਾ ਸੁਖਵਿੰਦਰ ਕੌਰ ਦੀ ਮੌਤ ਤੇ ਗਹਿਰਾ ਦੁਖ ਪ੍ਰਗਟ ਕੀਤਾ ਗਿਆ।ਇਸ ਸੰਬੰਧੀ ਦੁਖ ਪ੍ਰਗਟ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ ਪੀ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਹਰਮੋਹਨ ਸਿੰਘ ਸੰਧੂ, ਵਿਜੇ ਕੁਮਾਰ ਸ਼ਰਮਾ ਸਾਬਕਾ ਪ੍ਰਧਾਨ ਨਗਰ ਕੌਂਸਲ ਮੋਰਿੰਡਾ, ਕਰਨੈਲ ਸਿੰਘ ਜੀਤ ਚੇਅਰਮੈਨ ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਜ਼ਿਲ੍ਹਾ ਰੂਪਨਗਰ, ਗੁਰਮੀਤ ਸਿੰਘ ਚੱਪੜਾ ਪ੍ਰਧਾਨ ਮੋਰਿੰਡਾ ਪ੍ਰੈਸ ਕਲੱਬ, ਪੱਤਰਕਾਰ ਗਿਆਨ ਸਿੰਘ ਸਰੋਯਾ, ਪ੍ਰਿਤਪਾਲ ਸਿੰਘ ਖ਼ਾਲਸਾ, ਰਾਜ ਕੁਮਾਰ ਦਸੌੜ, ਹਰਵਿੰਦਰ ਸੂਦ, ਕਮਲੇਸ਼ ਸਿੰਘ ਅਰਨੌਲੀ, ਰਾਧੇ ਸ਼ਿਆਮ ਸ਼ਰਮਾ, ਅਰਵਿੰਦਰ ਸਿੰਘ ਬੱਬੂ, ਨਿਹਾਲ ਸਿੰਘ ਕਲਸੀ, ਗਗਨ ਸ਼ੁਕਲਾ, ਗਗਨਦੀਪ ਸ਼ਰਮਾ, ਬਲਵੀਰ ਸਿੰਘ ਚਲਾਕੀ, ਜਸਵੀਰ ਸਿੰਘ ਸ਼ਾਹ ਪੁਰੀ, ਵਰੁਣ ਸ਼ੁਕਲਾ, ਤਰਲੋਚਨ ਸਿੰਘ ਕੰਗ, ਮਨਜੀਤ ਸਿੰਘ ਸੋਹੀ, ਲਖਵੀਰ ਸਿੰਘ, ਸੁਖਵਿੰਦਰ ਕੁਮਾਰ, ਫਤਿਹ ਚੰਦ, ਅਮਰਜੀਤ ਸਿੰਘ ਧੀਮਾਨ, ਮਨਜੀਤ ਸਿੰਘ ਧੀਮਾਨ, ਸੋਨੀ ਸਾਗੀ ਆਦਿ ਪੱਤਰਕਾਰਾਂ ਸਮੇਤ ਅਨੇਕਾਂ ਐਮ ਸੀ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

ਇੱਕ ਘਰ, ਤਿੰਨ ਬਜ਼ੁਰਗ ਤੇ ਦੋ ਮੰਜੇ, ਇਲਾਜ ਲਈ ਪੈਸਿਆਂ ਨੂੰ ਤਰਸ ਰਿਹਾ ਪਰਿਵਾਰ

ਬਿਮਾਰ ਪਤੀ ਤੇ ਭਰਾ ਦੀ ਸੇਵਾ ਕਰ ਰਹੀ ਖੁਦ ਬਜ਼ੁਰਗ ਮਾਤਾ, ਸਮਾਜ ਸੇਵੀਆਂ ਨੂੰ ਮਦਦ ਦੀ ਅਪੀਲ

ਅਲਗਾਂ ਕੋਠੀ ਵਿੱਚ ਬਿਮਾਰੀ ਕਾਰਨ ਮੰਜੇ 'ਤੇ ਪਏ ਦਾਰਾ ਸਿੰਘ ਅਤੇ ਦਲੀਪ ਸਿੰਘ। (ਫੋਟੋ: ਰਣਬੀਰ ਸਿੰਘ)

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਹੱਥਾਂ ਵਿੱਚ ਸੇਵਾ ਕਰਨ ਦੀ ਤਾਕਤ ਘਟ ਰਹੀ ਹੈ, ਪਰ ਮੰਜੇ 'ਤੇ ਪਏ ਆਪਣੇ ਪਤੀ ਤੇ ਭਰਾ ਨੂੰ ਇਕੱਲਾ ਕਿਵੇਂ ਛੱਡ ਦਿਆਂ?' ਇਹ ਕਹਿਣਾ ਹੈ ਅਲਗੋਂ ਕੋਠੀ ਵਾਸੀ ਬਜ਼ੁਰਗ ਮਾਤਾ ਸਵਰਨ ਕੌਰ ਦਾ, ਜੋ ਖੁਦ ਵੀ ਬਿਮਾਰ ਰਹਿਣ ਦੇ ਬਾਵਜੂਦ ਆਪਣੇ ਪਤੀ ਅਤੇ ਭਰਾ ਦੀ ਦੇਖਭਾਲ ਕਰ ਰਹੀ ਹੈ। ਘਰ ਵਿੱਚ ਤਿੰਨ ਬਜ਼ੁਰਗ ਹਨ, ਜਿਨ੍ਹਾਂ ਵਿੱਚੋਂ ਦੋ ਗੰਭੀਰ ਬਿਮਾਰੀ ਕਾਰਨ ਮੰਜੇ 'ਤੇ ਹਨ। ਸਭ ਤੋਂ ਵੱਡੀ ਮੁਸ਼ਕਲ ਇਹ ਹੈ ਕਿ ਇਲਾਜ ਲਈ ਲੋੜੀਂਦੇ ਪੈਸੇ ਪਰਿਵਾਰ ਕੋਲ ਨਹੀਂ ਹਨ।ਸਵਰਨ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਦਲੀਪ ਸਿੰਘ ਪੁੱਤਰ ਪਾਲਾ ਸਿੰਘ, ਉਮਰ 65 ਸਾਲ ਅਤੇ ਭਰਾ ਦਾਰਾ ਸਿੰਘ ਪੁੱਤਰ ਬਚਿੱਤਰ ਸਿੰਘ, ਉਮਰ 75 ਸਾਲ, ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਹਨ। ਦੋਵਾਂ ਦੀ ਹਾਲਤ ਅਜਿਹੀ ਹੈ ਕਿ ਉਹ ਆਪਣਾ ਰੋਜ਼ਾਨਾ ਕੰਮ ਕਰਨ ਤੋਂ ਵੀ ਅਸਮਰੱਥ ਹਨ ਅਤੇ ਮੰਜੇ 'ਤੇ ਹੀ ਰਹਿੰਦੇ ਹਨ। ਉਨ੍ਹਾਂ ਨੂੰ ਲਗਾਤਾਰ ਦਵਾਈਆਂ ਅਤੇ ਇਲਾਜ ਦੀ ਲੋੜ ਹੈ।ਉਸ ਨੇ ਦੱਸਿਆ ਕਿ ਪਰਿਵਾਰ ਦੀ ਆਰਥਿਕ ਹਾਲਤ ਬਹੁਤ ਚੰਗੀ ਨਹੀਂ। ਉਨ੍ਹਾਂ ਕੋਲ ਕਰੀਬ ਇੱਕ ਕਿੱਲਾ ਜ਼ਮੀਨ ਹੈ, ਜਿਸ ਨੂੰ ਠੇਕੇ 'ਤੇ ਦੇ ਕੇ ਘਰ ਦਾ ਖਰਚਾ ਚਲਾਇਆ ਜਾ ਰਿਹਾ ਹੈ। ਕੋਈ ਧੀ-ਪੁੱਤਰ ਨਾ ਹੋਣ ਕਾਰਨ ਪਰਿਵਾਰ ਦੀ ਆਮਦਨ ਦਾ ਹੋਰ ਕੋਈ ਸਾਧਨ ਨਹੀਂ ਹੈ। ਦੋ ਬਿਮਾਰ ਬਜ਼ੁਰਗਾਂ ਦੇ ਇਲਾਜ ਦਾ ਖਰਚਾ ਇਸ ਆਮਦਨ ਨਾਲ ਚਲਾਉਣਾ ਉਸ ਲਈ ਮੁਸ਼ਕਲ ਹੋ ਗਿਆ ਹੈ।ਸਵਰਨ ਕੌਰ ਨੇ ਦੱਸਿਆ ਕਿ ਉਹ ਖੁਦ ਵੀ ਬਜ਼ੁਰਗ ਹੋਣ ਕਾਰਨ ਅਕਸਰ ਬਿਮਾਰ ਰਹਿੰਦੀ ਹੈ ਅਤੇ ਦਵਾਈਆਂ ਲੈਂਦੀ ਹੈ। ਇਸ ਦੇ ਬਾਵਜੂਦ ਉਹ ਆਪਣੇ ਪਤੀ ਅਤੇ ਭਰਾ ਦੀ ਸੇਵਾ-ਸੰਭਾਲ ਕਰ ਰਹੀ ਹੈ। ਉਸ ਨੇ ਦੱਸਿਆ ਕਿ ਘਰ ਵਿੱਚ ਕਈ ਵਾਰ ਆਰਥਿਕ ਸਥਿਤੀ ਇੰਨੀ ਤੰਗ ਹੋ ਜਾਂਦੀ ਹੈ ਕਿ ਦਵਾਈ ਲੈਣ ਲਈ ਵੀ ਪੈਸੇ ਨਹੀਂ ਹੁੰਦੇ।ਮਰੀਜ਼ਾਂ ਲਈ ਦੋਵੇਂ ਹੀ ਆਪਣੇ ਹਨ। ਉਸ ਦਾ ਪਤੀ ਬਿਮਾਰ ਹੈ ਤੇ ਦੂਜੇ ਪਾਸੇ ਭਰਾ। ਦੋਵਾਂ ਨੂੰ ਇਸ ਹਾਲਤ ਵਿੱਚ ਵੇਖ ਕੇ ਦਿਲ ਦੁਖਦਾ ਹੈ, ਪਰ ਆਰਥਿਕ ਤੰਗੀ ਅੱਗੇ ਮੈਂ ਬੇਵੱਸ ਹਾਂ।' ਸਵਰਨ ਕੌਰ ਨੇ ਕਿਹਾ।ਉਸ ਨੇ ਸਮਾਜ ਸੇਵੀ ਸੰਸਥਾਵਾਂ, ਦਾਨੀ ਸੱਜਣਾਂ ਅਤੇ ਵਿਦੇਸ਼ਾਂ ਵਿੱਚ ਵੱਸਦੇ ਐਨ.ਆਰ.ਆਈ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਪਰਿਵਾਰ ਦੀ ਮਦਦ ਲਈ ਅੱਗੇ ਆਉਣ। ਉਸ ਨੇ ਕਿਹਾ ਕਿ ਜੇਕਰ ਦੋਵਾਂ ਬਜ਼ੁਰਗਾਂ ਦੇ ਇਲਾਜ ਲਈ ਕੋਈ ਸਹਾਇਤਾ ਮਿਲ ਜਾਵੇ ਤਾਂ ਉਨ੍ਹਾਂ ਨੂੰ ਵੱਡੀ ਰਾਹਤ ਮਿਲ ਸਕਦੀ ਹੈ। ਮਾਤਾ ਸਵਰਨ ਕੌਰ ਨੂੰ ਮਦਦ ਕਰਨ ਦੇ ਇੱਛੁਕ ਸੱਜਣਾਂ ਨੂੰ ਆਪਣੇ ਮੋਬਾਈਲ ਨੰਬਰ 94639-49435 'ਤੇ ਸੰਪਰਕ ਕਰ ਸਕਦੇ ਹਨ।

ਹਾਵਰਡ ਲੇਨ ਸੀਨੀਅਰ ਸਕੂਲ ਠੱਠਾ ਵਿਖੇ ਏ ਆਈ ਤੇ ਸੀ ਟੀ ਵਿਸ਼ੇ 'ਤੇ ਸੈਮੀਨਾਰ ਕਰਵਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)ਹਾਵਰਡ ਲੇਨ ਸੀਨੀਅਰ ਸਕੂਲ ਵਿਖੇ ਅਧਿਆਪਕਾਂ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ (ਏ ਆਈ) ਅਤੇ ਸੀ .ਟੀ (ਸੀ ਟੀ) ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਚੰਦਰਬਾਨੋ ਮੁਖਰਜੀ ਨੇ ਸਮੂਹ ਅਧਿਆਪਕਾਂ ਨੂੰ ਏ.ਆਈ ਦੀ ਮਹੱਤਤਾ, ਇਸ ਦੀ ਵਰਤੋਂ ਅਤੇ ਸਿੱਖਿਆ ਦੇ ਖੇਤਰ ਵਿੱਚ ਇਸ ਦੇ ਪ੍ਰਭਾਵ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਉਨ੍ਹਾਂ ਨੇ ਅਧਿਆਪਕਾਂ ਨੂੰ ਸਮਝਾਇਆ ਕਿ ਏ.ਆਈ ਦੇ ਵੱਖ-ਵੱਖ ਸਾਧਨਾਂ ਦੀ ਮਦਦ ਨਾਲ ਪੜ੍ਹਾਈ ਨੂੰ ਹੋਰ ਰੌਚਕ,ਪ੍ਰਭਾਵਸ਼ਾਲੀ ਅਤੇ ਵਿਦਿਆਰਥੀ-ਕੇਂਦਰਿਤ ਬਣਾਇਆ ਜਾ ਸਕਦਾ ਹੈ।ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਧਿਆਪਕ ਆਪਣੇ-ਆਪਣੇ ਵਿਸ਼ਿਆਂ ਨਾਲ ਏ.ਆਈ ਨੂੰ ਕਿਵੇਂ ਜੋੜ ਸਕਦੇ ਹਨ ਅਤੇ ਕਲਾਸਰੂਮ ਵਿੱਚ ਇਸ ਦੀ ਸਹੀ ਤੇ ਰਚਨਾਤਮਕ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ।ਸੈਮੀਨਾਰ ਦੌਰਾਨ ਅਧਿਆਪਕਾਂ ਨੇ ਏ.ਆਈ ਨਾਲ ਸਬੰਧਿਤ ਵੱਖ-ਵੱਖ ਗਤੀਵਿਧੀਆਂ ਅਤੇ ਤਕਨੀਕਾਂ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਇਸ ਨੂੰ ਆਪਣੀ ਅਧਿਆਪਨ ਪ੍ਰਕਿਰਿਆ ਵਿੱਚ ਸ਼ਾਮਲ ਕਰਨ ਲਈ ਉਤਸ਼ਾਹ ਪ੍ਰਗਟਾਇਆ।ਸਕੂਲ ਦੇ ਪ੍ਰਿੰਸੀਪਲ ਅਤੇ ਮੈਨੇਜਮੈਂਟ ਵੱਲੋਂ ਸੈਮੀਨਾਰ ਵਿੱਚ ਪਹੁੰਚੇ ਮਹਿਮਾਨ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਨੇ ਸੈਮੀਨਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਗਿਆਨ ਭਰਪੂਰ ਅਤੇ ਤਕਨੀਕੀ ਸੈਮੀਨਾਰ ਅਧਿਆਪਕਾਂ ਨੂੰ ਸਮੇਂ ਦੇ ਹਾਣੀ ਬਣਾਉਣ ਦੇ ਨਾਲ-ਨਾਲ ਸਿੱਖਿਆ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਉਨ੍ਹਾਂ ਨੇ ਭਵਿੱਖ ਵਿੱਚ ਵੀ ਅਜਿਹੇ ਸੈਮੀਨਾਰ ਕਰਵਾਉਣ'ਤੇ ਜ਼ੋਰ ਦਿੱਤਾ,ਤਾਂ ਜੋ ਅਧਿਆਪਕ ਨਵੀਆਂ ਤਕਨੀਕਾਂ ਨਾਲ ਜੁੜ ਕੇ ਵਿਦਿਆਰਥੀਆਂ ਨੂੰ ਹੋਰ ਬਿਹਤਰ ਢੰਗ ਨਾਲ ਸਿੱਖਿਆ ਪ੍ਰਦਾਨ ਕਰ ਸਕਣ।

ਪੰਜਾਬ ਸਰਕਾਰ ਨੇ ਆਸ਼ਰਿਤ ਤੇ ਅਨਾਥ ਬੱਚਿਆਂ ਲਈ 181.23 ਕਰੋੜ ਰੁਪਏ ਜਾਰੀ ਕੀਤੇ : ਡਾ. ਬਲਜੀਤ ਕੌਰ

ਚੰਡੀਗੜ੍ਹ (ਗੁਰਜੀਤ ਬਿੱਲਾ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਦ੍ਰਿੜ੍ਹ ਵਚਨਬੱਧ ਹੈ। ਇਸੇ ਵਚਨਬੱਧਤਾ ਨੂੰ ਅੱਗੇ ਵਧਾਉਂਦਿਆਂ ਆਸ਼ਰਿਤ ਅਤੇ ਅਨਾਥ ਬੱਚਿਆਂ ਨੂੰ ਸੁਰੱਖਿਅਤ ਬਚਪਨ, ਬਿਹਤਰ ਸਿੱਖਿਆ ਅਤੇ ਸਨਮਾਨਤ ਜੀਵਨ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਲਗਾਤਾਰ ਠੋਸ ਕਦਮ ਚੁੱਕੇ ਜਾ ਰਹੇ ਹਨ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿੱਤੀ ਸਾਲ 2026-27 ਦੌਰਾਨ ਇਸ ਯੋਜਨਾ ਲਈ ਪੰਜਾਬ ਸਰਕਾਰ ਵੱਲੋਂ 432.38 ਕਰੋੜ ਰੁਪਏ ਦਾ ਬਜਟ ਪ੍ਰਬੰਧ ਕੀਤਾ ਗਿਆ ਹੈ। ਇਸ ਵਿੱਚੋਂ ਹੁਣ ਤੱਕ 181.23 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ, ਤਾਂ ਜੋ ਆਸ਼ਰਿਤ ਅਤੇ ਅਨਾਥ ਬੱਚਿਆਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਸਮੇਂ ਸਿਰ ਵਿੱਤੀ ਸਹਾਇਤਾ ਮਿਲਦੀ ਰਹੇ ਅਤੇ ਉਨ੍ਹਾਂ ਦਾ ਭਵਿੱਖ ਹੋਰ ਸੁਰੱਖਿਅਤ ਬਣਾਇਆ ਜਾ ਸਕੇ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਸੂਬੇ ਦੇ ਕਰੀਬ 2.45 ਲੱਖ ਆਸ਼ਰਿਤ ਅਤੇ ਅਨਾਥ ਬੱਚਿਆਂ ਨੂੰ ਨਿਯਮਿਤ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਹ ਸਹਾਇਤਾ ਉਨ੍ਹਾਂ ਦੀ ਪੜ੍ਹਾਈ, ਰੋਜ਼ਾਨਾ ਦੀਆਂ ਲੋੜਾਂ ਅਤੇ ਬਿਹਤਰ ਭਵਿੱਖ ਲਈ ਮਜ਼ਬੂਤ ਆਧਾਰ ਬਣ ਰਹੀ ਹੈ, ਤਾਂ ਜੋ ਉਹ ਆਤਮ-ਵਿਸ਼ਵਾਸ ਨਾਲ ਅੱਗੇ ਵਧ ਕੇ ਸਮਾਜ ਦੀ ਮੁੱਖ ਧਾਰਾ ਨਾਲ ਜੁੜ ਸਕਣ। ਡਾ. ਬਲਜੀਤ ਕੌਰ ਨੇ ਕਿਹਾ ਕਿ ਆਸ਼ਰਿਤ ਅਤੇ ਅਨਾਥ ਬੱਚੇ ਸਿਰਫ਼ ਸਰਕਾਰੀ ਅੰਕੜੇ ਨਹੀਂ, ਸਗੋਂ ਸਾਡੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਕੋਈ ਵੀ ਬੱਚਾ ਗਰੀਬੀ, ਮਜਬੂਰੀ, ਅਣਗਹਿਲੀ ਜਾਂ ਮਾਪਿਆਂ ਦੇ ਸਹਾਰੇ ਤੋਂ ਵਾਂਝਾ ਹੋਣ ਕਾਰਨ ਆਪਣੀ ਪੜ੍ਹਾਈ ਜਾਂ ਆਪਣੇ ਸੁਪਨਿਆਂ ਨਾਲ ਸਮਝੌਤਾ ਨਾ ਕਰੇ। ਹਰ ਬੱਚੇ ਨੂੰ ਸੁਰੱਖਿਆ, ਮੌਕੇ ਅਤੇ ਸਨਮਾਨ ਨਾਲ ਅੱਗੇ ਵਧਣ ਦਾ ਅਧਿਕਾਰ ਹੈ।

ਬਿਰਧ ਆਸ਼ਰਮ 'ਚ ਬਜ਼ੁਰਗਾਂ ਨਾਲ ਜਨਮ ਦਿਨ ਮਨਾਉਣਾ ਬਣਿਆ ਪਿਆਰ ਤੇ ਸੇਵਾ ਦਾ ਸੁਨੇਹਾ

ਭਵਾਨੀਗੜ੍ਹ (ਰਾਜ ਖੁਰਮੀ)-ਆਪਣੇ ਜਨਮ ਦਿਨ ਨੂੰ ਯਾਦਗਾਰ ਬਣਾਉਣ ਤੇ ਸਮਾਜ ਵਿੱਚ ਬਜ਼ੁਰਗਾਂ ਪ੍ਰਤੀ ਪਿਆਰ, ਸਤਿਕਾਰ ਤੇ ਸੇਵਾ ਦੀ ਭਾਵਨਾ ਦਾ ਸੁਨੇਹਾ ਦੇਣ ਦੇ ਮਕਸਦ ਨਾਲ ਸਮਾਜ ਸੇਵੀ ਡਾ. ਅਵਿਨਾਸ਼ ਰਾਣਾ ਵੱਲੋਂ ਆਪਣਾ ਜਨਮ ਦਿਨ ਬਾਬਾ ਸਾਹਿਬ ਦਾਸ ਬਿਰਧ ਆਸ਼ਰਮ ਘਰਾਚੋਂ ਵਿਖੇ ਰਹਿੰਦੇ ਬਜ਼ੁਰਗਾਂ ਨਾਲ ਮਨਾਇਆ ਗਿਆ।ਇਸ ਮੌਕੇ ਕੇਕ ਕੱਟਿਆ ਗਿਆ ਤੇ ਬਿਰਧ ਆਸ਼ਰਮ ਵਿੱਚ ਰਹਿੰਦੇ ਸਾਰੇ ਬਜ਼ੁਰਗਾਂ ਨੂੰ ਮਿਠਾਈਆਂ ਵੰਡ ਕੇ ਉਨ੍ਹਾਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ।ਰਾਣਾ ਨੇ ਕਿਹਾ ਕਿ ਜ਼ਿੰਦਗੀ ਦੀਆਂ ਖੁਸ਼ੀਆਂ ਸਿਰਫ਼ ਆਪਣੇ ਪਰਵਾਰ ਤੱਕ ਸੀਮਤ ਰੱਖਣ ਦੀ ਬਜਾਏ ਲੋੜਵੰਦ ਤੇ ਬੇਸਹਾਰਾ ਲੋਕਾਂ ਨਾਲ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ।ਉਨ੍ਹਾਂ ਕਿਹਾ ਕਿ ਬਿਰਧ ਆਸ਼ਰਮਾਂ ਵਿੱਚ ਰਹਿੰਦੇ ਬਜ਼ੁਰਗ ਸਾਡੇ ਸਮਾਜ ਦਾ ਅਹਿਮ ਹਿੱਸਾ ਹਨ ਤੇ ਉਨ੍ਹਾਂ ਨੂੰ ਪਿਆਰ, ਸਤਿਕਾਰ ਤੇ ਅਪਣੇਪਣ ਦੀ ਹਮੇਸ਼ਾ ਲੋੜ ਰਹਿੰਦੀ ਹੈ।ਉਨ੍ਹਾਂ ਕਿਹਾ ਕਿ ਜਨਮ ਦਿਨ, ਵਿਆਹ ਦੀ ਵਰ੍ਹੇਗੰਢ ਜਾਂ ਜ਼ਿੰਦਗੀ ਦੇ ਹੋਰ ਖੁਸ਼ੀ ਦੇ ਮੌਕਿਆਂ ਨੂੰ ਲੋੜਵੰਦ ਲੋਕਾਂ ਨਾਲ ਬਿਤਾਉਣ ਨਾਲ ਇਨ੍ਹਾਂ ਦਿਨਾਂ ਦੀ ਖੁਸ਼ੀ ਹੋਰ ਵੀ ਵਧ ਜਾਂਦੀ ਹੈ।ਇਸ ਦੌਰਾਨ ਬਿਰਧ ਆਸ਼ਰਮ ਵਿੱਚ ਰਹਿੰਦੇ ਇੱਕ ਬਜ਼ੁਰਗ ਨੇ ਡਾ. ਅਵਿਨਾਸ਼ ਰਾਣਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਸੇਵਾ-ਸੰਭਾਲ ਲਈ ਬੇਹੱਦ ਧੰਨਵਾਦੀ ਹਨ।ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਜਿਨ੍ਹਾਂ ਪਿਆਰ ਤੇ ਸਤਿਕਾਰ ਦੀ ਉਮੀਦ ਆਪਣੇ ਧੀਆਂ-ਪੁੱਤਰਾਂ ਤੋਂ ਹੁੰਦੀ ਹੈ, ਉਹ ਪਿਆਰ ਤੇ ਸਤਿਕਾਰ ਉਨ੍ਹਾਂ ਨੂੰ ਇੱਥੇ ਆ ਕੇ ਮਿਲਿਆ ਹੈ।

ਜਥੇਦਾਰ ਗੜਗੱਜ ਦਾ ਦਿੜ੍ਹਬਾ ਪਹੁੰਚਣ 'ਤੇ ਭਰਵਾਂ ਸਵਾਗਤ

ਦਿੜ੍ਹਬਾ (ਜਸਵੀਰ ਲਾਡੀ)-ਇੱਥੋਂ ਨਾਲ ਦੇ ਪਿੰਡ ਖਡਿਆਲ ਵਿਖੇ ਮੀਰੀ ਪੀਰੀ ਦਿਵਸ ਖਾਲਸਾ ਮਾਰਚ ਦੀ ਚੱਲ ਰਹੀ ਲਹਿਰ ਦੀ ਲੜੀ ਤਹਿਤ ਵਿਧਾਨ ਸਭਾ ਹਲਕਾ ਦਿੜ੍ਹਬਾ ਦੇ ਕਈ ਪਿੰਡਾਂ ਵਿੱਚ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੇ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਗਿਆ।ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪੀ.ਏ.ਸੀ. ਦੇ ਮੈਂਬਰ ਹਰਪਾਲ ਸਿੰਘ ਖਡਿਆਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੇ ਪਿੰਡ ਖਡਿਆਲ ਵਿਖੇ ਪਹੁੰਚਣ 'ਤੇ ਭਰਵਾਂ ਸੁਆਗਤ ਕੀਤ ਗਿਆ।ਜਥੇਦਾਰ ਗੜਗੱਜ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਹਰ ਤਰ੍ਹਾਂ ਦੇ ਨਸ਼ੇ ਤੋਂ ਦੂਰ ਰਹਿ ਕੇ ਆਪਣਾ ਤੇ ਆਪਣੇ ਬੱਚਿਆਂ ਦੀ ਚੰਗੇ ਭਵਿੱਖ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।ਨਸ਼ੇ ਬੰਦ ਕਰਨੇ-ਕਰਾਉਣੇ ਸਰਕਾਰਾਂ ਦੇ ਹੱਥ ਹੁੰਦਾ ਹੈ, ਪਰ ਸਰਕਾਰ ਦੀ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਠੁੱਸ ਹੋ ਕੇ ਰਹਿ ਗਿਆ ਹੈ।ਉਨ੍ਹਾਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ।ਉਨ੍ਹਾਂ ਦੱਸਿਆ ਕਿ ਮੀਰੀ-ਪੀਰੀ ਦਾ ਸਿਧਾਂਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਿੰਘ ਦਾ ਚਲਾਇਆ ਹੋਇਆ ਸਿਧਾਂਤ ਹੈ।ਇਸ ਦਾ ਮੁੱਖ ਮਕਸਦ ਸਿੱਖ ਸੰਗਤਾਂ ਤੇ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬਾਨ ਦੇ ਇਤਿਹਾਸ, ਬਾਣੀ ਤੇ ਮੀਰੀ-ਪੀਰੀ ਦੇ ਸਿਧਾਂਤ ਨਾਲ ਜੋੜਨਾ ਹੈ।ਇਸ ਮੌਕੇ ਗੁਲਜ਼ਾਰ ਸਿੰਘ ਮੂਨਕ ਹਲਕਾ ਇੰਚਾਰਜ ਦਿੜ੍ਹਬਾ, ਵਿਨਰਜੀਤ ਗੋਲਡੀ ਹਲਕਾ ਇੰਚਾਰਜ ਸੁਨਾਮ, ਤੇਜਿੰਦਰ ਸਿੰਘ ਸਿੰਘ ਸੰਘਰੇੜੀ ਜ਼ਿਲ੍ਹਾ ਪ੍ਰਧਾਨ ਹਰਦੇਵ ਸਿੰਘ ਰੋਗਲਾ ਮੈਂਬਰ ਐੱਸ.ਜੀ.ਪੀ.ਸੀ., ਸਤਗੁਰ ਸਿੰਘ ਖਡਿਆਲ, ਕੁਲਵੰਤ ਸਿੰਘ ਕਲੱਬ ਪ੍ਰਧਾਨ ਖਡਿਆਲ, ਬਾਬਾ ਗੁਰਤੇਜ ਸਿੰਘ ਗੰਥੀ ਸਿੰਘ ਆਦਿ ਹਾਜ਼ਰ ਸਨ।

ਵਰਲਡ ਯੂਨੀਵਰਸਿਟੀ ਵਿਖੇ ਕਰਾਇਆ ਵੋਟਰ ਜਾਗਰੂਕਤਾ ਸੈਮੀਨਾਰ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜ਼ਿਲ੍ਹੇ ਵਿੱਚ ਨੌਜਵਾਨਾਂ ਨੂੰ ਆਪਣੇ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਮੇਰਾ ਯੁਵਾ ਭਾਰਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਵੋਟਰ ਜਾਗਰੂਕਤਾ ਸੈਮੀਨਾਰ ਕਰਾਇਆ ਗਿਆ।ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਲਈ ਹਰੇਕ ਯੋਗ ਨਾਗਰਿਕ ਦਾ ਵੋਟਰ ਵਜੋਂ ਰਜਿਸਟਰ ਹੋਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਵੋਟ ਦਾ ਅਧਿਕਾਰ ਦੇਸ਼ ਦੇ ਹਰ ਨਾਗਰਿਕ ਨੂੰ ਪ੍ਰਾਪਤ ਇੱਕ ਮਹੱਤਵਪੂਰਨ ਸੰਵਿਧਾਨਕ ਹੱਕ ਹੈ ਤੇ ਇਸ ਦੀ ਵਰਤੋਂ ਕਰਕੇ ਹੀ ਲੋਕ ਆਪਣੇ ਨੁਮਾਇੰਦੇ ਚੁਣਦੇ ਹਨ।ਉਨ੍ਹਾਂ ਦੱਸਿਆ ਕਿ ਸੈਮੀਨਾਰ ਦੌਰਾਨ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਵੋਟਰ ਸੂਚੀ ਦੀ ਮਹੱਤਤਾ, ਵੋਟ ਦੇ ਅਧਿਕਾਰ ਅਤੇ ਚੋਣ ਪ੍ਰਕਿਰਿਆ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਹੀ ਨਵੇਂ ਵੋਟਰਾਂ ਨੂੰ ਫਾਰਮ ਨੰਬਰ-6 ਭਰ ਕੇ ਆਪਣੀ ਵੋਟ ਬਣਵਾਉਣ ਦੀ ਪ੍ਰਕਿਰਿਆ ਬਾਰੇ ਜਾਣੂ ਕਰਾਇਆ ਗਿਆ।ਉਨ੍ਹਾਂ ਦੱਸਿਆ ਕਿ ਯੋਗ ਨਾਗਰਿਕ ਭਾਰਤ ਚੋਣ ਕਮਿਸ਼ਨ ਦੀ ਅਧਿਕਾਰਤ ਵੈੱਬਸਾਈਟ ਜਾਂ ਆਪਣੇ ਖੇਤਰ ਦੇ ਬੀ.ਐਲ.ਓ. ਨਾਲ ਸੰਪਰਕ ਕਰਕੇ ਵੀ ਆਪਣਾ ਨਾਂਅ ਵੋਟਰ ਸੂਚੀ ਵਿੱਚ ਦਰਜ ਕਰਵਾ ਸਕਦੇ ਹਨ।ਸੈਮੀਨਾਰ ਦੌਰਾਨ ਜ਼ਿਲ੍ਹਾ ਯੂਥ ਅਫਸਰ ਕਾਰਤਿਕ ਸਿੰਗਲਾ ਤੇ ਸਵੀਪ ਕਮੇਟੀ ਦੇ ਮੈਂਬਰ ਖੁਸ਼ਵੰਤ ਸਿੰਘ ਨੇ ਦੱਸਿਆ ਕਿ ਜਿਹੜੇ ਨੌਜਵਾਨ 01 ਅਕਤੂਬਰ 2026 ਨੂੰ 18 ਸਾਲ ਦੀ ਉਮਰ ਪੂਰੀ ਕਰ ਰਹੇ ਹਨ, ਉਹ ਨਵੇਂ ਵੋਟਰ ਵਜੋਂ ਰਜਿਸਟ੍ਰੇਸ਼ਨ ਕਰਾਉਣ ਲਈ ਯੋਗ ਹਨ।

ਭਗਵੰਤ ਮਾਨ ਦੇ ਰਾਜ 'ਚ ਅੰਗਹੀਣ ਅਸੁਰੱਖਿਅਤ : ਅਵਿਨਾਸ਼ ਸ਼ਰਮਾ

ਮਾਨਸਾ (ਆਤਮਾ ਸਿੰਘ ਪਮਾਰ)-ਫਿਜੀਕਲੀ ਹੈਂਡੀਕੈਪਡ ਐਸੋਸੀਏਸ਼ਨ ਜ਼ਿਲ੍ਹਾ ਇਕਾਈ ਮਾਨਸਾ ਦੇ ਪ੍ਰਧਾਨ ਅਵਿਨਾਸ਼ ਸ਼ਰਮਾ ਨੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਰਾਜ 'ਚ ਸੂਬੇ ਦੇ ਅੰਗਹੀਣ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਅਨੇਕਾਂ ਵਾਅਦੇ ਤੇ ਦਾਅਵਿਆਂ ਦੇ ਬਾਵਜੂਦ ਆਪ ਸਰਕਾਰ ਵੱਲੋਂ ਸਾਢੇ ਚਾਰ ਸਾਲਾਂ 'ਚ ਅੰਗਹੀਣ ਵਰਗ ਦੇ ਹਿੱਤ 'ਚ ਸਰਕਾਰੀ ਖਜ਼ਾਨੇ 'ਚੋਂ ਇੱਕ ਧੇਲਾ ਵੀ ਖਰਚ ਨਹੀਂ ਕੀਤਾ।ਉਨ੍ਹਾਂ ਦੇ ਹੱਕੀ ਮਸਲਿਆਂ ਦਾ ਹੱਲ ਤਾਂ ਕਰਨਾ ਹੀ ਕੀ ਉਨ੍ਹਾਂ ਨੂੰ ਦਿੱਤੀਆਂ ਗਰੰਟੀਆਂ ਤੋਂ ਵੀ ਭੱਜ ਰਹੀ ਹੈ।ਇਸ ਲਈ ਉਨ੍ਹਾਂ ਨੂੰ ਤਪਦੀ ਗਰਮੀ 'ਚ ਵੀ ਸੰਘਰਸ਼ ਦਾ ਰਾਹ ਅਪਣਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ।ਉਨ੍ਹਾਂ ਸਮੁੱਚੇ ਅੰਗਹੀਣਾਂ ਨੂੰ ਆਪਣੇ ਹਿੱਤਾਂ ਦੀ ਰਖਵਾਲੀ ਲਈ ਕਿਸੇ ਹੋਰ ਰਹਿਮੋ-ਕਰਮ 'ਤੇ ਨਿਰਭਰ ਹੋਣ ਦੀ ਬਜਾਏ ਜਥੇਬੰਦੀ ਦੇ ਝੰਡੇ ਹੇਠ ਇਕਜੁੱਟ ਹੋ ਕੇ ਸੰਘਰਸ਼ 'ਚ ਨਿੱਤਰਨ ਦਾ ਸੱਦਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਆਪਣੇ ਹੱਕੀ ਮਸਲਿਆਂ ਦੇ ਹੱਲ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਧੂਰੀ ਵਾਲੀ ਰਿਹਾਇਸ਼ ਲਾਗੇ ਪਿਛਲੇ 21 ਦਿਨਾਂ ਤੋਂ ਦਿਨ-ਰਾਤ ਦੇ ਪੱਕਾ ਮੋਰਚੇ 'ਚ ਅੰਗਹੀਣ ਆਗੂ ਜੁੱਟੇ ਹੋਏ ਹਨ, ਅੱਗ ਵਾਂਗ ਤਪਦੀ ਧੁੱਪ ਕਾਰਨ ਅੰਗਹੀਣ ਲਗਾਤਾਰ ਬਿਮਾਰ ਹੋ ਰਹੇ ਹਨ।ਇਸ ਦੇ ਬਾਵਜੂਦ ਪੰਜਾਬ ਸਰਕਾਰ ਉਨ੍ਹਾਂ ਦੇ ਹਿੱਤਾਂ ਨੂੰ ਅਣਗੌਲਿਆਂ ਕਰ ਰਹੀ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ ਜਾ ਰਹੀ, ਜਿਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ।ਉਨ੍ਹਾਂ ਅਪੀਲ ਕੀਤੀ ਕਿ ਸਰਕਾਰ ਵੱਲੋਂ ਅੰਗਹੀਣ ਵਰਗ ਨੂੰ ਪੈਨਸ਼ਨ ਰਾਸ਼ੀ 'ਚ ਵਾਧਾ ਕਰਕੇ 2500 ਰੁਪਏ ਮਾਸਿਕ ਕਰਨ ਦੀ ਦਿੱਤੀ ਗਰੰਟੀ ਤੁਰੰਤ ਪੂਰੀ ਕਰਨ ਤੋਂ ਇਲਾਵਾ ਉਨ੍ਹਾਂ ਦੇ ਜੀਵਨ ਲਈ ਲੋੜੀਂਦੇ ਬੁਨਿਆਦੀ ਹੱਕ ਦਿੱਤੇ ਜਾਣ।ਉਨ੍ਹਾਂ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਅੰਗਹੀਣਾਂ ਨੂੰ ਦਿੱਤੀਆਂ ਗਰੰਟੀਆਂ ਪੂਰੀਆਂ ਨਾ ਹੋਈਆਂ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

ਡਾ. ਪਾਰਥ ਬਿਸਵਾਸ ਦਾ ਪੰਜਾਬ ਪਹੁੰਚਣ 'ਤੇ ਡਾ. ਹਰਜੋਤ ਕਮਲ ਵੱਲੋਂ ਸਨਮਾਨ



ਮੋਗਾ (ਇਕਬਾਲ ਸਿੰਘ ਖਹਿਰਾ)-ਭਾਰਤ ਸਰਕਾਰ ਦੇ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਡਾ. ਪਾਰਥ ਬਿਸਵਾਸ ਦੇ ਮੋਗਾ ਪਹੁੰਚਣ 'ਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ।ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਜਰਨਲ ਸਕੱਤਰ ਮੁਖਤਿਆਰ ਸਿੰਘ ਰਿਟਾ. ਐੱਸ. ਪੀ., ਸਰਕਲ ਪ੍ਰਧਾਨ ਹੈਪੀ ਢੇਸੀ, ਸਰਕਲ ਪ੍ਰਧਾਨ ਤਰੁਣਜੀਤ ਸਿੰਘ, ਸਰਕਲ ਪ੍ਰਧਾਨ ਵਿਨੋਦ ਸ਼ਰਮਾ, ਯੁਵਾ ਮੋਰਚਾ ਕਾਲਜ਼ ਆਊਟਰੀਚ ਦੇ ਪ੍ਰਧਾਨ ਹਰਮਨਦੀਪ ਮੀਤਾ, ਲਾਲਾ ਤਾਇਲ, ਪਰਦੀਪ ਸਿੰਘ, ਧੀਰਜ ਕੁਮਾਰ ਆਦਿ ਹਾਜ਼ਰ ਸਨ।ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਡਾ. ਪਾਰਥ ਬਿਸਵਾਸ ਨਾਲ ਪੰਜਾਬ ਵਿੱਚ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ।ਉਨ੍ਹਾਂ ਅਨੁਸੂਚਿਤ ਜਾਤੀ ਸਮਾਜ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ, ਉਨ੍ਹਾਂ ਦੇ ਅਧਿਕਾਰਾਂ ਤੇ ਸਰਕਾਰ ਦੀਆਂ ਭਲਾਈ ਯੋਜਨਾਵਾਂ ਦੇ ਪ੍ਰਭਾਵਸ਼ਾਲੀ ਲਾਗੂਕਰਨ ਨਾਲ ਸਬੰਧਤ ਵਿਸ਼ੇ ਕਮਿਸ਼ਨ ਦੇ ਮੈਂਬਰ ਸਾਹਮਣੇ ਰੱਖੇ।ਡਾ. ਹਰਜੋਤ ਕਮਲ ਨੇ ਕਿਹਾ ਕਿ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਨੂੰ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਤੇ ਸਰਕਾਰੀ ਯੋਜਨਾਵਾਂ ਦਾ ਪੂਰਾ ਲਾਭ ਮਿਲਣਾ ਚਾਹੀਦਾ ਹੈ।ਉਨ੍ਹਾਂ ਉਮੀਦ ਜਤਾਈ ਕਿ ਕਮਿਸ਼ਨ ਪੰਜਾਬ ਵਿੱਚ ਅਨੁਸੂਚਿਤ ਜਾਤੀ ਵਰਗ ਨਾਲ ਸਬੰਧਤ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਸਬੰਧਤ ਸਮੱਸਿਆਵਾਂ ਦੇ ਹੱਲ ਲਈ ਲੋੜੀਂਦੇ ਕਦਮ ਚੁੱਕੇਗਾ।ਇਸ ਦੇ ਨਾਲ ਹੀ, ਡਾ. ਪਾਰਥ ਬਿਸਵਾਸ ਦੇ ਪੰਜਾਬ ਦੌਰੇ ਨੂੰ ਅਨੁਸੂਚਿਤ ਜਾਤੀ ਵਰਗ ਨਾਲ ਜੁੜੇ ਮੁੱਦਿਆਂ ਦੀ ਜ਼ਮੀਨੀ ਸਥਿਤੀ ਨੂੰ ਸਮਝਣ ਤੇ ਸਬੰਧਤ ਧਿਰਾਂ ਨਾਲ ਸੰਵਾਦ ਦੀ ਦਿਸ਼ਾ ਵਿੱਚ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

ਹੈਰੋਇਨ ਸਮੇਤ ਤਿੰਨ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦੋ ਵੱਖ-ਵੱਖ ਮਾਮਲਿਆਂ ਵਿੱਚ ਥਾਣਾ ਬਸੀ ਪਠਾਣਾਂ ਤੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਤਿੰਨ ਵਿਅਕਤੀਆਂ ਨੂੰ ਹੈਰੋਇਨ ਸਮੇਤ ਕਾਬੂ ਕੀਤੇ ਜਾਣ ਦੀ ਸੂਚਨਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਬਸੀ ਪਠਾਣਾਂ ਦੀ ਦਾਣਾ ਮੰਡੀ ਨਜ਼ਦੀਕ ਚੈਕਿੰਗ ਲਈ ਮੌਜੂਦ ਥਾਣਾ ਬਸੀ ਪਠਾਣਾਂ ਦੀ ਇੱਕ ਪੁਲਸ ਪਾਰਟੀ ਵੱਲੋਂ ਮੋਰਿੰਡਾ ਸਾਈਡ ਤੋਂ ਆ ਰਹੀ ਬਰੀਜ਼ਾ ਕਾਰ ਨੰਬਰ ਸੀ.ਐਚ.01-ਏ.ਐਨ-2405 ਨੂੰ ਚੈਕਿੰਗ ਲਈ ਰੋਕਿਆ ਗਿਆ।ਕਾਰ ਵਿੱਚ ਸਵਾਰ ਦੋ ਵਿਅਕਤੀਆਂ 'ਚੋਂ ਇੱਕ ਨੇ ਆਪਣੀ ਪਹਿਚਾਣ ਹਰਪ੍ਰੀਤ ਸਿੰਘ ਵਾਸੀ ਪਿੰਡ ਮੁਸਤਫਾਬਾਦ ਵਜੋਂ ਤੇ ਦੂਸਰੇ ਨੇ ਆਪਣੀ ਪਹਿਚਾਣ ਮੁਹੰਮਦ ਅਸਲਮ ਵਾਸੀ ਪਿੰਡ ਰਾਮਪੁਰ ਵਜੋਂ ਦੱਸੀ।ਜਿਨ੍ਹਾਂ ਸੰਬੰਧੀ ਸ਼ੱਕ ਪੈਣ 'ਤੇ ਪੁਲਸ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਉਕਤ ਵਿਅਕਤੀਆਂ ਦੇ ਕਬਜ਼ੇ ਵਿੱਚੋਂ 27 ਗ੍ਰਾਮ ਹੈਰੋਇਨ ਤੇ 1,000/- ਰੁਪਏ ਦੀ ਡਰੱਗ ਮਨੀ ਬਰਾਮਦ ਹੋਈ।ਇਸ ਸਬੰਧੀ ਦਰਜ ਕਰਵਾਏ ਗਏ ਮੁਕੱਦਮੇ ਵਿੱਚ ਹਰਪ੍ਰੀਤ ਸਿੰਘ ਤੇ ਮੁਹੰਮਦ ਅਸਲਮ ਨੂੰ ਗ੍ਰਿਫ਼ਤਾਰ ਕਰਕੇ ਥਾਣਾ ਬਸੀ ਪਠਾਣਾਂ ਦੇ ਸਬ-ਇੰਸਪੈਕਟਰ ਰਘਬੀਰ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ ਵਿੱਚ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਪਾਰਟੀ ਜਦੋਂ ਮੰਡੀ ਗੋਬਿੰਦਗੜ੍ਹ ਦੇ ਅਗਰਸੈਨ ਪਾਰਕ ਤੋਂ ਮਾਸਟਰ ਕਲੋਨੀ ਵੱਲ ਨੂੰ ਗਸ਼ਤ ਕਰਦੀ ਹੋਈ ਜਾ ਰਹੀ ਸੀ ਤਾਂ ਪੈਦਲ ਤੁਰਿਆ ਜਾ ਰਿਹਾ ਸੋਨੂੰ ਵਾਸੀ ਪਿੰਡ ਅਜਨਾਲੀ ਪੁਲਸ ਦੀ ਗੱਡੀ ਨੂੰ ਦੇਖ ਕੇ ਘਬਰਾ ਗਿਆ ਤੇ ਉਸ ਨੇ ਕਾਹਲੀ ਨਾਲ ਆਪਣੀ ਪੈਂਟ ਦੀ ਜੇਬ ਵਿੱਚੋਂ ਇੱਕ ਮੋਮੀ ਲਿਫ਼ਾਫ਼ਾ ਕੱਢ ਕੇ ਸਾਈਡ 'ਤੇ ਸੁੱਟ ਦਿੱਤਾ, ਜਿਸ ਸਬੰਧੀ ਸ਼ੱਕ ਦੇ ਆਧਾਰ 'ਤੇ ਸੋਨੂੰ ਨੂੰ ਕਾਬੂ ਕਰਕੇ ਉਸ ਵੱਲੋਂ ਸੁੱਟੇ ਗਏ ਲਿਫਾਫੇ ਨੂੰ ਚੁਕਵਾ ਕੇ ਚੈੱਕ ਕੀਤਾ ਗਿਆ ਤਾਂ ਉਸ ਵਿੱਚੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ।ਇਸ ਸਬੰਧੀ ਦਰਜ ਕਰਵਾਏ ਮੁਕੱਦਮੇ ਵਿੱਚ ਸੋਨੂੰ ਨੂੰ ਗ੍ਰਿਫ਼ਤਾਰ ਕਰਕੇ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

ਵਿਦਿਆਰਥੀਆਂ ਨੂੰ ਵਜ਼ੀਫ਼ਿਆਂ ਦੀਆਂ ਮੁਸ਼ਕਲਾਂ ਤੋਂ ਕਮਿਸ਼ਨ ਦਿਵਾਏਗਾ ਰਾਹਤ : ਡਾ. ਬਿਸਵਾਸ

ਭਾਜਪਾ ਅਨੁਸੂਚਿਤ ਜਾਤੀ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਕਰੇਗੀ ਹੱਲ : ਡਾ. ਗਰਗ

ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਦੇ ਸਰਕਾਰੀ ਤੇ ਨਿੱਜੀ ਸਕੂਲਾਂ ਤੇ ਕਾਲਜਾਂ ਵਿੱਚ ਪੜ੍ਹ ਰਹੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਵਜ਼ੀਫ਼ਿਆਂ ਨਾਲ ਜੁੜੀਆਂ ਸਮੱਸਿਆਵਾਂ 'ਤੋਂ ਰਾਹਤ ਦਿਵਾਉਣ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੀ ਪਹਿਲ ਹੈ, ਤਾਂ ਜੋ ਵਿਦਿਆਰਥੀ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਆਪਣੀ ਸਿੱਖਿਆ ਜਾਰੀ ਰੱਖ ਸਕਣ।ਕਈ ਅਨੁਸੂਚਿਤ ਜਾਤੀ ਦੇ ਵਿਦਿਆਰਥੀ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਕਾਰਨ ਵਜ਼ੀਫ਼ਿਆਂ 'ਤੇ ਨਿਰਭਰ ਕਰਦੇ ਹਨ।ਇਸ ਲਈ ਅਜਿਹੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਹੈ।ਇਹ ਪ੍ਰਗਟਾਵਾ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਡਾ. ਪਾਰਥ ਬਿਸਵਾਸ ਨੇ ਬੀਤੀ ਦੇਰ ਸ਼ਾਮ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਫਰੀਦਕੋਟ ਜ਼ਿਲ੍ਹੇ ਦੇ ਇੰਚਾਰਜ ਡਾ. ਸੀਮਾਂਤ ਗਰਗ ਦੇ ਨਿਵਾਸ ਸਥਾਨ 'ਤੇ ਗੱਲਬਾਤ ਦੌਰਾਨ ਕੀਤਾ।ਇਸ ਮੌਕੇ ਡਾਇਰੈਕਟਰ ਪਰਮਿੰਦਰ ਸਿੰਘ, ਡਿਪਟੀ ਕਮਿਸ਼ਨਰ ਦਫ਼ਤਰ ਦੇ ਸੋਸ਼ਲ ਵਿਭਾਗ ਦੇ ਅਧਿਕਾਰੀ ਕੁਲਵੰਤ ਸਿੰਘ ਸੰਧੂ, ਉਦੈ ਸੂਦ, ਮੁਕੇਸ਼ ਸ਼ਰਮਾ, ਜਤਿੰਦਰ ਚੱਢਾ ਸਮੇਤ ਹੋਰ ਹਾਜ਼ਰ ਸਨ।ਡਾ. ਬਿਸਵਾਸ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਵਜ਼ੀਫ਼ਾ ਪ੍ਰਾਪਤ ਕਰਨ ਵਿੱਚ ਆ ਰਹੀਆਂ ਤਕਨੀਕੀ ਤੇ ਪ੍ਰਸ਼ਾਸਨਕ ਮੁਸ਼ਕਲਾਂ ਦੀ ਉੱਚ ਅਧਿਕਾਰੀਆਂ ਵੱਲੋਂ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਨੂੰ ਸਮੇਂ ਸਿਰ ਵਜ਼ੀਫ਼ਾ ਮਿਲ ਸਕੇ।ਉਨ੍ਹਾਂ ਕਿਹਾ ਕਿ ਵਜ਼ੀਫ਼ਾ ਪ੍ਰਕਿਰਿਆ ਨੂੰ ਸਰਲ ਤੇ ਸੁਚਾਰੂ ਬਣਾਇਆ ਜਾਵੇ, ਤਾਂ ਜੋ ਕੋਈ ਵੀ ਵਿਦਿਆਰਥੀ ਵਜ਼ੀਫ਼ਾ ਨਾ ਮਿਲਣ ਕਾਰਨ ਆਪਣੀ ਸਿੱਖਿਆ ਅਧੂਰੀ ਛੱਡਣ ਲਈ ਮਜਬੂਰ ਨਾ ਹੋਵੇ।ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਵਜ਼ੀਫ਼ਾ ਪ੍ਰਕਿਰਿਆ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।ਡਾ. ਬਿਸਵਾਸ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਆਸਾਨੀ ਨਾਲ ਮਿਲੇ, ਇਸ ਲਈ ਅਧਿਕਾਰੀਆਂ ਨੂੰ ਸਮੇਂਬੱਧ ਢੰਗ ਨਾਲ ਕੰਮ ਕਰਨਾ ਚਾਹੀਦਾ ਹੈ।ਇਸ ਸਬੰਧੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ।ਉਨ੍ਹਾਂ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਅਨੁਸੂਚਿਤ ਜਾਤੀ ਨਾਲ ਸਬੰਧਤ ਸਮੱਸਿਆਵਾਂ, ਵਜ਼ੀਫ਼ਿਆਂ ਤੇ ਉਨ੍ਹਾਂ 'ਤੇ ਹੋਣ ਵਾਲੇ ਕਿਸੇ ਵੀ ਤਸ਼ੱਦਦ ਦੇ ਮਾਮਲਿਆਂ 'ਤੇ ਬਿਨਾਂ ਦੇਰੀ ਕਾਰਵਾਈ ਕੀਤੀ ਜਾਵੇ, ਤਾਂ ਜੋ ਅਨੁਸੂਚਿਤ ਜਾਤੀ ਦੇ ਨੌਜਵਾਨਾਂ ਤੇ ਲੋਕਾਂ ਨੂੰ ਸਮੇਂ ਸਿਰ ਨਿਨਸਾਫ਼ ਮਿਲ ਸਕੇ।

ਇਸ ਮੌਕੇ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਫਰੀਦਕੋਟ ਜ਼ਿਲ੍ਹੇ ਦੇ ਇੰਚਾਰਜ ਡਾ. ਸੀਮਾਂਤ ਗਰਗ ਨੇ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਡਾ. ਪਾਰਥ ਬਿਸਵਾਸ ਨੂੰ ਬੁੱਕੇ ਤੇ ਦੋਸ਼ਾਲਾ ਭੇਟ ਕਰਕੇ ਸਨਮਾਨਤ ਕੀਤਾ।ਉਨ੍ਹਾਂ ਕਿਹਾ ਕਿ ਭਾਜਪਾ ਦਾ ਹਰ ਅਹੁਦੇਦਾਰ ਅਨੁਸੂਚਿਤ ਜਾਤੀ ਨਾਲ ਸਬੰਧਤ ਮੁਸ਼ਕਲਾਂ ਤੇ ਸਮੱਸਿਆਵਾਂ ਦੇ ਹੱਲ ਲਈ ਹਮੇਸ਼ਾ ਤਿਆਰ ਰਹੇਗਾ।ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਕੋਲ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਉਹ ਉੱਚ ਅਧਿਕਾਰੀਆਂ ਨਾਲ ਸੰਪਰਕ ਕਰਕੇ ਉਸ ਦਾ ਹੱਲ ਕਰਵਾਉਣ ਲਈ ਪੂਰੀ ਕੋਸ਼ਿਸ਼ ਕਰਨਗੇ।

ਦੋ ਭਗੌੜੇ ਮੁਲਜ਼ਮ ਕਾਬੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਵੱਖ-ਵੱਖ ਮਾਮਲਿਆਂ ਵਿੱਚ ਮਾਨਯੋਗ ਅਦਾਲਤ ਵੱਲੋਂ ਭਗੌੜੇ (ਪੀ.ਓ.) ਐਲਾਨੇ ਗਏ ਮੁਲਜ਼ਮਾਂ ਖਿਲਾਫ਼ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ।ਇਸੇ ਮੁਹਿੰਮ ਤਹਿਤ ਸ੍ਰੀ ਮੁਕਤਸਰ ਸਾਹਿਬ ਪੁਲਸ ਨੇ ਕਾਰਵਾਈ ਕਰਦਿਆਂ ਦੋ ਭਗੌੜੇ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ।ਪਹਿਲਾ ਮਾਮਲਾ : ਸਪੈਸ਼ਲ ਸਟਾਫ਼ ਵੱਲੋਂ ਮਿਤੀ 27.08.2026 ਨੂੰ ਕਾਰਵਾਈ ਕਰਦਿਆਂ ਮੁਕੱਦਮਾ ਥਾਣਾ ਲੱਖੇਵਾਲੀ ਵਿੱਚ ਧਾਰਾ ਅਧੀਨ ਭਗੌੜਾ ਐਲਾਨੇ ਗਏ ਮੁਲਜ਼ਮ ਕੁਲਵੰਤ ਸਿੰਘ ਪੁੱਤਰ ਕਾਕਾ ਸਿੰਘ ਵਾਸੀ ਭੰਗਚੜੀ ਨੂੰ ਕਾਬੂ ਕੀਤਾ ਗਿਆ।

ਦੂਜਾ ਮਾਮਲਾ : ਪੁਲਸ ਵੱਲੋਂ ਕਾਰਵਾਈ ਕਰਦਿਆਂ ਥਾਣਾ ਕਬਰਵਾਲਾ ਵਿੱਚ ਭਗੌੜੇ ਐਲਾਨੇ ਗਏ ਮੁਲਜ਼ਮ ਰਣਜੀਤ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਛੋਟਾ ਰੱਤਾ ਖੇੜਾ ਨੂੰ ਵੀ ਕਾਬੂ ਕੀਤਾ ਗਿਆ।ਕਾਬੂ ਕੀਤੇ ਗਏ ਦੋਵੇਂ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਭਗੌੜੇ ਮੁਲਜ਼ਮਾਂ ਖਿਲਾਫ਼ ਕਾਰਵਾਈ ਲਗਾਤਾਰ ਜਾਰੀ ਰਹੇਗੀ।

ਮੀਰੀ ਪੀਰੀ ਦਿਵਸ ਨੂੰ ਸਮਰਪਤ ਚੇਤਨਾ ਮਾਰਚ ਦਾ ਨਿੱਘਾ ਸਵਾਗਤ

ਨਸ਼ਿਆਂ ਦੇ ਖਾਤਮੇ ਤੇ ਪੰਥਕ ਚੜ੍ਹਦੀ ਕਲਾ ਲਈ ਵਿਸ਼ੇਸ਼ ਅਪੀਲ

ਸਮਾਣਾ (ਇਕਬਾਲ ਸਿੰਘ ਬੱਲ)-ਮੀਰੀ ਪੀਰੀ ਦੇ ਮਾਲਕ, ਛੇਵੇਂ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਵਿੱਤਰ ਮੀਰੀ ਪੀਰੀ ਦਿਵਸ ਨੂੰ ਸਮਰਪਤ ਇੱਕ ਵਿਸ਼ਾਲ 'ਮੀਰੀ ਪੀਰੀ ਚੇਤਨਾ ਮਾਰਚ' ਦਾ ਸਮਾਣਾ ਇਲਾਕੇ ਵਿੱਚ ਪਹੁੰਚਣ 'ਤੇ ਜਥੇਦਾਰ ਜਗਮੀਤ ਸਿੰਘ ਹਰਿਆਊ ਦੀ ਅਗਵਾਈ ਹੇਠ ਸਿੱਖ ਸੰਗਤਾਂ, ਧਾਰਮਿਕ ਸ਼ਖ਼ਸੀਅਤਾਂ ਤੇ ਸਥਾਨਕ ਸਮਾਜ ਸੇਵੀਆਂ ਵੱਲੋਂ ਨਿੱਘਾ ਤੇ ਭਰਵਾਂ ਸਵਾਗਤ ਕੀਤਾ ਗਿਆ।ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਮਾਰਚ ਦਾ ਸਵਾਗਤ ਕਰਦਿਆਂ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਗਈ।ਇਸ ਮੌਕੇ ਧਾਰਮਿਕ ਮਰਿਆਦਾ ਅਨੁਸਾਰ ਅਰਦਾਸ ਕੀਤੀ ਗਈ ਤੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ। ?ਇਸ ਚੇਤਨਾ ਮਾਰਚ ਦੀ ਅਗਵਾਈ ਸ੍ਰੀ ਅਕਾਲ ਤਖਤ ਸਾਹਿਬ ਕੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਕਰ ਰਹੇ ਸਨ।ਇਸ ਸਮਾਗਮ ਦੌਰਾਨ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਨ ਦੇ ਇਤਿਹਾਸਕ ਮਹੱਤਵ 'ਤੇ ਚਾਨਣਾ ਪਾਇਆ ਤੇ ਅੱਜ ਦੇ ਸਮੇਂ ਵਿੱਚ ਇਸ ਸਿਧਾਂਤ ਦੀ ਅਹਿਮ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਪੰਜਾਬ ਵਿੱਚ ਦਿਨ-ਬ-ਦਿਨ ਵਧ ਰਹੇ ਨਸ਼ਿਆਂ ਦੇ ਦੈਂਤ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਤੇ ਪੰਜਾਬ ਸਰਕਾਰ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਪੰਜਾਬ ਦੀ ਜਵਾਨੀ ਨੂੰ ਤਬਾਹੀ ਦੇ ਕੰਢੇ ਤੋਂ ਬਚਾਉਣ ਲਈ ਨਸ਼ਿਆਂ ਦੇ ਮੁਕੰਮਲ ਖਾਤਮੇ ਹਿੱਤ ਠੋਸ ਤੇ ਫੈਸਲਾਕੁੰਨ ਨੀਤੀ ਬਣਾਈ ਜਾਵੇ।ਸੰਗਠਨ ਦੇ ਆਗੂਆਂ ਨੇ ਐਲਾਨ ਕੀਤਾ ਕਿ 'ਮੀਰੀ ਪੀਰੀ ਏਕਤਾ ਸੰਗਠਨ' ਨਸ਼ਾ ਵਿਰੋਧੀ ਮੁਹਿੰਮ ਵਿੱਚ ਹਰ ਪੱਧਰ 'ਤੇ ਪ੍ਰਸ਼ਾਸਨ ਤੇ ਧਾਰਮਿਕ ਸੰਸਥਾਵਾਂ ਨੂੰ ਪੂਰਨ ਸਹਿਯੋਗ ਦੇਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਬਾਣੀ ਤੇ ਬਾਣੇ ਨਾਲ ਜੋੜਨਾ ਅੱਜ ਸਮੇਂ ਦੀ ਸਭ ਤੋਂ ਵੱਡੀ ਮੰਗ ਹੈ।ਉਨ੍ਹਾਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਪਰਿਵਾਰ ਵਿੱਚ ਕੇਵਲ 'ਇੱਕ ਬੱਚੇ' ਦੇ ਰੁਝਾਨ ਨੂੰ ਬਦਲਿਆ ਜਾਵੇ, ਸਿੱਖ ਸੰਗਤਾਂ ਨੂੰ ਆਪਣੇ ਪਰਿਵਾਰਕ ਵਾਧੇ ਵੱਲ ਧਿਆਨ ਦਿੰਦਿਆਂ ਇੱਕ ਤੋਂ ਵੱਧ ਬੱਚੇ ਪੈਦਾ ਕਰਨੇ ਚਾਹੀਦੇ ਹਨ ਤੇ ਉਨ੍ਹਾਂ ਨੂੰ ਉੱਚ ਗੁਰਸਿੱਖੀ ਜੀਵਨ, ਚੰਗੀ ਸਿੱਖਿਆ ਤੇ ਉੱਚੇ-ਸੁੱਚੇ ਅਖਲਾਕੀ ਸੰਸਕਾਰ ਦੇਣੇ ਚਾਹੀਦੇ ਹਨ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਅਸੀਂ ਘਟਦੀ ਜਨਸੰਖਿਆ ਪ੍ਰਤੀ ਸੁਚੇਤ ਨਾ ਹੋਏ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਦੇ ਗੰਭੀਰ ਸਮਾਜਿਕ ਤੇ ਪੰਥਕ ਨਤੀਜੇ ਸਾਹਮਣੇ ਆ ਸਕਦੇ ਹਨ।

ਜਥੇਦਾਰ ਜਗਮੀਤ ਸਿੰਘ ਹਰਿਆਊ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਗੁਰੂ ਸਾਹਿਬ ਨੇ ਸਾਨੂੰ ਜ਼ੁਲਮ ਵਿਰੁੱਧ ਡਟਣ ਤੇ ਮਜ਼ਲੂਮ ਦੀ ਰੱਖਿਆ ਕਰਨ ਦਾ ਰੂਹਾਨੀ ਤੇ ਜਿਸਮਾਨੀ ਬਲ ਬਖਸ਼ਿਆ ਹੈ। ਅੱਜ ਸਾਡੇ ਨੌਜਵਾਨਾਂ ਨੂੰ ਆਪਣੇ ਮਹਾਨ ਵਿਰਸੇ, ਸ਼ਸਤਰ ਵਿੱਦਿਆ ਤੇ ਗੁਰਮਤਿ ਰਹਿਣੀ-ਬਹਿਣੀ ਨਾਲ ਜੁੜਨ ਦੀ ਲੋੜ ਹੈ।ਉਨ੍ਹਾਂ ਪਿੰਡ-ਪਿੰਡ ਵਿੱਚ ਗੁਰਮਤਿ ਕਲਾਸਾਂ ਤੇ ਖੇਡ ਕਲੱਬ ਸ਼ੁਰੂ ਕਰਨ ਦਾ ਸੁਝਾਅ ਦਿੱਤਾ ਤਾਂ ਜੋ ਨੌਜਵਾਨਾਂ ਦੀ ਊਰਜਾ ਨੂੰ ਹਾਂ-ਪੱਖੀ ਦਿਸ਼ਾ ਵੱਲ ਮੋੜਿਆ ਜਾ ਸਕੇ। ਇਸ ਚੇਤਨਾ ਮਾਰਚ ਤੇ ਸਵਾਗਤੀ ਸਮਾਗਮ ਵਿੱਚ ਇਲਾਕੇ ਦੀਆਂ ਕਈ ਪ੍ਰਮੁੱਖ ਸਿਆਸੀ, ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।

ਮੁੱਖ ਮੰਤਰੀ ਦੀ ਮੁਲਾਜ਼ਮਾਂ ਦੀ ਹੜਤਾਲ ਬਾਰੇ 'ਐਕਸ' 'ਤੇ ਪੋਸਟ ਨਿਰੀ ਬੁਖਲਾਹਟ : ਪੈਨਸ਼ਨਰਜ਼ ਆਗੂ

ਧੂਰੀ (ਸੁਖਦੇਵ ਧੂਰੀ)-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਨੇ ਮੁੱਖ ਮੰਤਰੀ ਦੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਗੱਲਬਾਤ ਲਈ ਹੜਤਾਲ ਨੂੰ ਅੜਿੱਕਾ ਮੰਨਦੇ ਹੋਏ ਐਕਸ 'ਤੇ ਕੀਤੀ ਪੋਸਟ, ਕਿ 'ਗੱਲਬਾਤ ਤੇ ਹੜਤਾਲ ਇਕੱਠੇ ਨਹੀਂ ਚੱਲ ਸਕਦੇ', ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸ਼ਰਮਾ, ਜਨਰਲ ਸਕੱਤਰ ਡਾ. ਅਮਰਜੀਤ ਸਿੰਘ, ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ ਤੇ ਸੀਨੀਅਰ ਆਗੂ ਚਰਨਜੀਤ ਸਿੰਘ ਕੈਂਥ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ 54 ਮਹੀਨੇ ਤੋਂ ਮੁਲਾਜ਼ਮਾਂ ਦੀ ਕਿਹੜੀ ਹੜਤਾਲ ਚੱਲ ਰਹੀ ਸੀ, ਜਿਸ ਕਾਰਨ ਮੁੱਖ ਮੰਤਰੀ ਨੇ ਗੱਲਬਾਤ ਕਰਨਾ ਉਚਿਤ ਨਹੀਂ ਸਮਝਿਆ।ਉਨ੍ਹਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਸਰਕਾਰ ਕੀਤੇ ਹੋਏ ਵਾਅਦਿਆਂ ਤੋਂ ਮੁੱਕਰ ਗਈ ਹੈ ਅਤੇ ਹੁਣ ਚੋਣਾਂ ਨੇੜੇ ਹੋਣ ਕਾਰਨ ਉਲਟੇ ਸਿੱਧੇ ਬਿਆਨ ਦੇ ਕੇ ਬੁੱਤਾ ਸਾਰਨਾ ਚਾਹੁੰਦੀ ਹੈ।ਜਦੋਂ ਸਰਕਾਰ ਦੀਆਂ ਐਲਾਨੀਆਂ ਕ੍ਰਾਂਤੀਆਂ ਪੁੱਠਾ ਮੋੜ ਕੱਟ ਗਈਆਂ ਹਨ ਤਾਂ ਸਰਕਾਰ ਅੱਕੀਂ ਪਲਾਹੀ ਹੱਥ ਮਾਰ ਕੇ ਡੰਗ ਟਪਾਈ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਇਹ ਹੈ ਕਿ ਹੁਣ ਜਦੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਲਾ-ਮਿਸਾਲ ਏਕੇ ਨੇ ਸਰਕਾਰ ਨੂੰ ਪੜ੍ਹਨੇ ਪਾ ਲਿਆ ਹੈ ਤਾਂ ਸਰਕਾਰ ਅਜੇ ਵੀ ਜਾਇਜ਼ ਮੰਗਾਂ ਮੰਨਣ ਦੀ ਥਾਂ ਸਿਰਫ਼ ਬੁਖਲਾਹਟ ਭਰੀ ਬਿਆਨਬਾਜ਼ੀ ਵਿੱਚ ਮਸ਼ਰੂਫ ਹੈ।ਉੱਤੋਂ ਸਿਤਮ ਜ਼ਰੀਫੀ ਇਹ ਕਿ ਹਰ ਹੀਲਾ, ਭਾਵ ਸਾਮ ਦਾਮ ਦੰਡ ਭੇਦ ਵਰਤ ਕੇ ਪੰਜਾਬ ਦੇ ਲੋਕਾਂ ਵਿੱਚ ਹੀ ਪੰਜਾਬ ਦੇ ਮੁਲਾਜ਼ਮਾਂ ਵਿਰੁੱਧ ਭੜਕਾਹਟ ਪੈਦਾ ਕਰ ਰਹੀ ਹੈ, ਜਿਵੇਂ ਕਿ ਪੰਜਾਬ ਸਰਕਾਰ ਦੇ ਮੁਲਾਜ਼ਮ ਪਾਕਿਸਤਾਨ ਦੇ ਪੰਜਾਬ ਦੇ ਮੁਲਾਜ਼ਮ ਹੋਣ।ਆਗੂਆਂ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਅੜੀਅਲ ਵਤੀਰੇ ਨੂੰ ਛੱਡ ਕੇ ਉਸਾਰੂ ਗੱਲਬਾਤ ਦਾ ਰਾਹ ਅਖਤਿਆਰ ਕਰਨ, ਤਾਂ ਕਿ ਜਿਨ੍ਹਾਂ ਮੁਲਾਜ਼ਮਾਂ ਨੂੰ ਮੁੱਖ ਮੰਤਰੀ ਸਰਕਾਰ ਦੀ ਰੀੜ੍ਹ ਦੀ ਹੱਡੀ ਕਹਿੰਦੇ ਹਨ, ਉਹ ਮਜ਼ਬੂਤੀ ਨਾਲ ਆਪਣੀ ਡਿਊਟੀ ਨਿਭਾਉਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਧਾਂਦਰਾ, ਪ੍ਰੀਤਮ ਸਿੰਘ, ਪ੍ਰਿੰਸੀਪਲ ਸੁਖਵੀਰ ਸਿੰਘ, ਪ੍ਰਿੰਸੀਪਲ ਰਵਿੰਦਰ ਸ਼ਰਮਾ, ਰਾਮ ਚੰਦ ਸ਼ਰਮਾ, ਫ਼ਕੀਰ ਸਿੰਘ, ਇੰਦਰਜੀਤ ਸ਼ਰਮਾ, ਅਮਰਜੀਤ ਗੋਇਲ, ਸੁਨੀਲ ਕੁਮਾਰ, ਕਰਮਜੀਤ ਸਿੰਘ, ਗਿਆਨ ਚੰਦ, ਸਰਬਜੀਤ ਸਿੰਘ, ਕਰਮ ਸਿੰਘ ਸੋਢੀ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ।

ਦਾਜ ਲਈ ਪਤਨੀ ਦੀ ਕੁੱਟਮਾਰ ਕਰਨ ਦੇ ਦੋਸ਼ 'ਚ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦਾਜ ਲਈ ਪਤਨੀ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਉਸ ਦੀ ਕੁੱਟਮਾਰ ਕਰਨ ਦੇ ਇੱਕ ਕਥਿਤ ਮਾਮਲੇ ਵਿੱਚ ਬਸੀ ਪਠਾਣਾਂ ਪੁਲਸ ਨੇ ਉਸ ਦੇ ਪਤੀ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਇੱਕ ਮਹਿਲਾ ਨੇ ਦੱਸਿਆ ਕਿ ਉਸ ਦਾ ਵਿਆਹ ਗੁਰਿੰਦਰ ਸਿੰਘ ਵਾਸੀ ਪਿੰਡ ਸਹਿਜਾਦਪੁਰ ਨਾਲ ਹੋਇਆ ਸੀ।ਵਿਆਹ ਤੋਂ ਬਾਅਦ ਉਸ ਦਾ ਪਤੀ ਗੁਰਿੰਦਰ ਸਿੰਘ ਹੋਰ ਦਾਜ ਦਹੇਜ ਲੈ ਕੇ ਆਉਣ ਦੀ ਮੰਗ ਕਰਨ ਲੱਗ ਪਿਆ ਤੇ ਇਸ ਗੱਲ ਨੂੰ ਲੈ ਕੇ ਉਸ ਦੀ ਕੁੱਟਮਾਰ ਕਰਨ ਲੱਗ ਪਿਆ।ਸ਼ਿਕਾਇਤ ਕਰਤਾ ਨੇ ਦੋਸ਼ ਲਗਾਏ ਕਿ ਬੀਤੀ 26 ਅਗਸਤ ਨੂੰ ਉਸ ਦੇ ਪਤੀ ਗੁਰਿੰਦਰ ਸਿੰਘ ਵੱਲੋਂ ਹੋਰ ਦਾਜ ਦੀ ਮੰਗ ਕਰਦੇ ਹੋਏ ਉਸ ਦੀ ਕੁੱਟਮਾਰ ਕੀਤੀ ਗਈ।ਸ਼ਿਕਾਇਤ ਕਰਤਾ ਦੇ ਬਿਆਨਾਂ 'ਤੇ ਗੁਰਿੰਦਰ ਸਿੰਘ ਵਾਸੀ ਪਿੰਡ ਸਹਿਜਾਦਪੁਰ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਬਸੀ ਪਠਾਣਾਂ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ' ਤਹਿਤ ਕਈ ਪਰਚੇ ਦਰਜ

ਹਠੂਰ (ਨਛੱਤਰ ਸੰਧੂ)-ਹਠੂਰ ਪੁਲਸ ਵੱਲੋਂ ਤ੍ਰਿਪਦੀਪ ਸਿੰਘ ਉਰਫ ਹਨੀ ਪੁੱਤਰ ਸਰਬਜੀਤ ਸਿੰਘ ਵਾਸੀ ਕਮਾਲਪੁਰਾ, ਥਾਣਾ ਹਠੂਰ ਜ਼ਿਲ੍ਹਾ ਲੁਧਿਆਣਾ, ਸਬਰਦਪਾਲ ਸਿੰਘ ਪੁੱਤਰ ਜਸਵਿੰਦਰ ਸਿੰਘ, ਗੁਰਪ੍ਰੀਤ ਸਿੰਘ ਉਰਫ ਗੋਰਾ ਪੁੱਤਰ ਨਛੱਤਰ ਸਿੰਘ, ਕਰਮਜੀਤ ਸਿੰਘ ਉਰਫ ਬੁਗਨੂ ਪੁੱਤਰ ਬਲਵੀਰ ਸਿੰਘ, ਰਾਜਦੀਪ ਸਿੰਘ ਉਰਫ ਰਾਜੂ ਪੁੱਤਰ ਕੁਲਦੀਪ ਸਿੰਘ, ਜਗਦੀਸ਼ ਸਿੰਘ ਉਰਫ ਬੋਲਾ ਪੁੱਤਰ ਜਾਗਰ ਸਿੰਘ, ਮਨਜਿੰਦਰ ਸਿੰਘ ਉਰਫ ਭਿੰਡਰ ਪੁੱਤਰ ਗੁਰਮੀਤ ਸਿੰਘ, ਸੰਦੀਪ ਸਿੰਘ ਉਰਫ ਮੋਟੂ ਪੁੱਤਰ ਮਨਜੀਤ ਸਿੰਘ, ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਜਸਵੀਰ ਸਿੰਘ ਤੇ ਦਲੇਰ ਸਿੰਘ ਬਟੇਰਾ ਪੁੱਤਰ ਮਲਕੀਤ ਸਿੰਘ ਵਾਸੀਆਨ ਪਿੰਡ ਡੱਲਾ ਥਾਣਾ ਹਠੂਰ ਜ਼ਿਲ੍ਹਾ ਲੁਧਿਆਣਾ, ਜੋ ਨਸ਼ਾ ਕਰਨ ਦੇ ਆਦੀ ਹਨ, ਨੂੰ ਦਾਣਾ ਮੰਡੀ ਪਿੰਡ ਡੱਲਾ ਤੋਂ ਕਾਬੂ ਕੀਤਾ ਗਿਆ ਹੈ ਅਤੇ ਇਨ੍ਹਾਂ ਖਿਲਾਫ ਮੁਕੱਦਮਾ ਥਾਣਾ ਹਠੂਰ ਦਰਜ ਕੀਤਾ ਗਿਆ ਹੈ।ਇਨ੍ਹਾਂ ਨੂੰ ਇਲਾਜ ਲਈ ਨਸ਼ਾ ਛਡਾਊ ਕੇਂਦਰ ਜਗਰਾਓਂ ਵਿਖੇ ਦਾਖਲ ਕਰਵਾਇਆ ਜਾ ਰਿਹਾ ਹੈ।

ਮੁੱਖ ਮੰਤਰੀ ਦੇ ਧਮਕੀ ਭਰੇ ਟਵੀਟ ਦੀਆਂ ਫੂਕੀਆਂ ਕਾਪੀਆਂ

ਜੀ ਟੀ ਯੂ ਪੰਜਾਬ ਵੱਲੋਂ ਸੰਘਰਸ਼ ਹੋਰ ਤੇਜ਼ ਕਰਨ ਦਾ ਐਲਾਨ

ਜ਼ੀਰਾ (ਨਰਿੰਦਰ ਅਨੇਜਾ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਪੰਜਾਬ ਸਰਕਾਰ ਦੇ ਮੁਲਾਜ਼ਮ ਵਿਰੋਧੀ ਰਵੱਈਏ ਤੇ ਮੁੱਖ ਮੰਤਰੀ ਪੰਜਾਬ ਵੱਲੋਂ ਮੁਲਾਜ਼ਮਾਂ ਨੂੰ ਧਮਕੀਆਂ ਦੇਣ ਵਾਲੇ ਟਵੀਟ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕਰਦਿਆਂ ਉਕਤ ਟਵੀਟ ਦੀਆਂ ਕਾਪੀਆਂ ਫੂਕ ਕੇ ਤਿੱਖਾ ਰੋਸ ਜ਼ਾਹਰ ਕੀਤਾ ਗਿਆ।ਇਸ ਮੌਕੇ ਜੀ.ਟੀ.ਯੂ. ਪੰਜਾਬ ਦੇ ਆਗੂਆਂ ਨੇ ਕਿਹਾ ਕਿ ਮੁਲਾਜ਼ਮ ਤੇ ਅਧਿਆਪਕ ਵਰਗ ਆਪਣੀਆਂ ਜਾਇਜ਼ ਤੇ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਦੀ ਪੂਰਤੀ ਲਈ ਲੋਕਤੰਤਰਿਕ ਢੰਗ ਨਾਲ ਸੰਘਰਸ਼ ਕਰ ਰਿਹਾ ਹੈ, ਪਰ ਸਰਕਾਰ ਵੱਲੋਂ ਮਸਲਿਆਂ ਦਾ ਹੱਲ ਕਰਨ ਦੀ ਬਜਾਏ ਧਮਕੀਆਂ ਤੇ ਦਬਾਅ ਦੀ ਨੀਤੀ ਅਪਣਾਉਣਾ ਬੇਹੱਦ ਨਿੰਦਣਯੋਗ ਹੈ।ਆਗੂਆਂ ਨੇ ਕਿਹਾ ਕਿ ਸਰਕਾਰ ਨੂੰ ਮੁਲਾਜ਼ਮਾਂ ਦੀਆਂ ਆਵਾਜ਼ਾਂ ਦਬਾਉਣ ਦੀ ਬਜਾਏ ਉਨ੍ਹਾਂ ਨਾਲ ਗੱਲਬਾਤ ਕਰਕੇ ਮੰਗਾਂ ਦਾ ਸਾਰਥਕ ਹੱਲ ਕੱਢਣਾ ਚਾਹੀਦਾ ਹੈ।ਅਧਿਆਪਕ ਵਰਗ ਆਪਣੀ ਆਵਾਜ਼ ਬੁਲੰਦ ਕਰਦਾ ਰਹੇਗਾ ਤੇ ਕਿਸੇ ਵੀ ਤਰ੍ਹਾਂ ਦੀਆਂ ਧਮਕੀਆਂ ਤੋਂ ਡਰਨ ਵਾਲਾ ਨਹੀਂ ਹੈ।ਜੀ.ਟੀ.ਯੂ. ਪੰਜਾਬ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਨਾਲ ਟਕਰਾਅ ਵਾਲਾ ਰਵੱਈਆ ਛੱਡ ਕੇ ਤੁਰੰਤ ਗੱਲਬਾਤ ਦਾ ਰਸਤਾ ਅਪਣਾਇਆ ਜਾਵੇ ਤੇ ਪੁਰਾਣੀ ਪੈਨਸ਼ਨ ਬਹਾਲੀ, ਬਕਾਇਆ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕਰਨ, ਤਨਖ਼ਾਹ ਦੇ ਪੁਰਾਣੇ ਤਨਖਾਹ ਸਕੇਲ ਲਾਗੂ ਕਰਨ, ਏ.ਸੀ.ਪੀ. ਸਕੀਮ ਬਹਾਲ ਕਰਨ, ਵੱਖ-ਵੱਖ ਕੈਟਾਗਰੀਆਂ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਸਮੇਤ ਮੁਲਾਜ਼ਮਾਂ ਦੀਆਂ ਹੋਰ ਹੱਕੀ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਗੰਭੀਰਤਾ ਨਾ ਦਿਖਾਈ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਮੁੱਖ ਮੰਤਰੀ ਵੱਲੋਂ ਕੱਢੇ ਗਏ ਧਮਕੀ ਪੱਤਰ ਤੇ ਟਵੀਟ ਦੀਆਂ ਕਾਪੀਆਂ ਸਾੜੀਆਂ ਗਈਆਂ।ਇਸ ਮੌਕੇ ਬਲਵਿੰਦਰ ਸਿੰਘ ਭੁੱਟੋ, ਮਨੀਸ਼ ਕੁਮਾਰ, ਹਰਜੀਤ ਕੌਰ, ਲਵਪ੍ਰੀਤ ਕੌਰ, ਮੈਡਮ ਅਲਪਨਾ ਕੋਚਰ, ਮੁਡ ਡੇ ਮੀਲ ਵਰਕਰਾਂ ਜਸਬੀਰ ਕੌਰ, ਸਰਬਜੀਤ ਕੌਰ, ਮਨਦੀਪ ਕੌਰ, ਕੁਲਵਿੰਦਰ ਕੌਰ, ਕੁਲਵਿੰਦਰ ਕੌਰ, ਆਂਗਨਵਾੜੀ ਹੈਲਪਰ ਪਰਵਿੰਦਰ ਕੌਰ ਆਦਿ ਹਾਜ਼ਰ ਸਨ।

ਕਬਾੜੀਏ ਦੇ ਕਾਤਲ ਪ੍ਰਵਾਸੀ ਮਜ਼ਦੂਰ ਨੂੰ ਉਮਰ ਕੈਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਕਰੀਬ ਡੇਢ ਸਾਲ ਪਹਿਲਾਂ ਪਿੰਡ ਭਗੜਾਣਾ ਵਿਖੇ ਚਾਕੂ ਮਾਰ ਕੇ ਮੌਤ ਦੇ ਘਾਟ ਉਤਾਰੇ ਗਏ 40 ਸਾਲਾ ਪ੍ਰਵਾਸੀ ਕਬਾੜੀਏ ਦੇ ਕਤਲ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਪ੍ਰਵਾਸੀ ਮਜ਼ਦੂਰ ਨੂੰ ਫ਼ਤਹਿਗੜ੍ਹ ਸਾਹਿਬ ਦੀ ਇੱਕ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਮਿਤੀ 15/1/25 ਨੂੰ ਪਿੰਡ ਭਗੜਾਣਾ ਵਿਖੇ ਕਤਲ ਕੀਤੇ ਗਏ ਰਜਿੰਦਰ ਕੁਮਾਰ ਦੇ ਸੰਬੰਧ ਵਿੱਚ ਥਾਣਾ ਬਡਾਲੀ ਆਲਾ ਸਿੰਘ ਵਿਖੇ ਅ/ਧ 103 ਬੀ.ਐਨ.ਐੱਸ. ਤਹਿਤ ਦਰਜ ਕੀਤੇ ਗਏ ਮੁਕੱਦਮੇ ਵਿੱਚ ਪੁਲਸ ਵੱਲੋਂ ਮ੍ਰਿਤਕ ਦੇ ਜਾਣਕਾਰ ਜੀਵਨ ਸ਼ਾਹ ਉਰਫ ਜੀਵਨ ਕੁਮਾਰ ਵਾਸੀ ਪੱਛਮੀ ਬੰਗਾਲ ਹਾਲ ਵਾਸੀ ਪਿੰਡ ਭਗੜਾਣਾ ਨੂੰ ਗ੍ਰਿਫਤਾਰ ਕੀਤਾ ਗਿਆ ਸੀ।ਸਥਾਨਕ ਅਦਾਲਤ ਵਿੱਚ ਚੱਲੇ ਮੁਕੱਦਮੇ ਦੀ ਸੁਣਵਾਈ ਪੂਰੀ ਹੋਣ 'ਤੇ ਜ਼ਿਲ੍ਹਾ ਸੈਸ਼ਨਜ਼ ਜੱਜ ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਨੇ ਜੀਵਨ ਸ਼ਾਹ ਉਰਫ ਜੀਵਨ ਕੁਮਾਰ ਨੂੰ ਮਾਮਲੇ ਵਿੱਚ ਅ/ਧ 103 ਬੀ.ਐਨ.ਐਸ. ਤਹਿਤ ਦੋਸ਼ੀ ਮੰਨਦੇ ਹੋਏ ਉਮਰ ਕੈਦ ਬਾਮੁਸ਼ੱਕਤ ਤੇ 30,000/- ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਸੈਂਟੀਨਲ ਸਕੂਲ ਦੇ ਵਿਦਿਆਰਥੀਆਂ ਦੀ ਖੇਡਾਂ 'ਚ ਸ਼ਾਨਦਾਰ ਕਾਰਗੁਜ਼ਾਰੀ

ਸਮਰਾਲਾ (ਸੁਰਜੀਤ ਸਿੰਘ)-ਸਕੂਲ ਸਿੱਖਿਆ ਵਿਭਾਗ ਵੱਲੋਂ ਕਰਾਏ ਇੰਟਰ-ਸਕੂਲ ਸੈਂਟਰ-ਲੈਵਲ ਮੁਕਾਬਲਿਆਂ ਵਿੱਚ ਸੈਂਟੀਨਲ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ।ਐਥਲੈਟਿਕਸ, ਸ਼ਤਰੰਜ ਤੇ ਰੱਸਾਕਸ਼ੀ ਦੇ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਕਈ ਮੈਡਲ ਅਤੇ ਪੁਜ਼ੀਸ਼ਨਾਂ ਹਾਸਲ ਕੀਤੀਆਂ।ਐਥਲੈਟਿਕਸ ਵਿੱਚ ਸਮਰਵੀਰ ਸਿੰਘ ਨੇ 100 ਮੀਟਰ ਦੌੜ ਵਿੱਚ ਸੋਨੇ ਦਾ ਮੈਡਲ ਜਿੱਤਿਆ ਤੇ 200, 400 ਅਤੇ 600 ਮੀਟਰ ਮੁਕਾਬਲਿਆਂ ਵਿੱਚ ਚਾਂਦੀ ਦੇ ਮੈਡਲ ਹਾਸਲ ਕੀਤੇ।ਗੁਰ ਏਕਮ ਸਿੰਘ ਨੇ 200 ਮੀਟਰ ਵਿੱਚ ਚਾਂਦੀ ਦਾ ਮੈਡਲ ਜਿੱਤਿਆ, ਸੁਖਮਨਵੀਰ ਕੌਰ ਨੇ 400 ਅਤੇ 600 ਮੀਟਰ ਵਿੱਚ ਚਾਂਦੀ ਦੇ ਮੈਡਲ ਪ੍ਰਾਪਤ ਕੀਤੇ, ਜਦਕਿ ਨਵਪ੍ਰੀਤ ਕੌਰ ਨੇ 600 ਮੀਟਰ ਵਿੱਚ ਕਾਂਸੀ ਦਾ ਮੈਡਲ ਹਾਸਲ ਕੀਤਾ।ਸ਼ਾਟਪੁੱਟ ਵਿੱਚ ਅਰਸ਼ਪ੍ਰੀਤ ਨੇ ਚਾਂਦੀ ਦਾ ਮੈਡਲ ਜਿੱਤਿਆ।ਬੈਚਿਕ ਰਿਲੇਅ ਰੇਸ ਵਿੱਚ ਸਮਰਵੀਰ ਸਿੰਘ ਸਾਹਿਬ ਸਿੰਘ, ਸਮਰਵੀਰ ਸਿੰਘ ਤੇ ਮਹਿਤਾਬ ਸਿੰਘ ਨੇ ਦੂਜਾ ਸਥਾਨ ਹਾਸਲ ਕਰਕੇ ਚਾਂਦੀ ਦਾ ਮੈਡਲ ਜਿੱਤਿਆ।ਗਰਲਜ਼ ਰਿਲੇਅ ਰੇਸ ਵਿੱਚ ਬਵਨੀਤ ਕੌਰ, ਨਵਪ੍ਰੀਤ ਕੌਰ, ਸੁਖਮਨਵੀਰ ਕੌਰ ਅਤੇ ਅਨਿਕ੍ਰਿਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।ਰਿਲੇਅ ਬਲਾਕ ਲਈ ਸਮਰਵੀਰ ਸਿੰਘ ਅਤੇ ਨਵਪ੍ਰੀਤ ਕੌਰ ਦੀ ਚੋਣ ਹੋਈ।ਰੱਸਾਕਸ਼ੀ ਵਿੱਚ ਸਕੂਲ ਦੀ ਲੜਕੀਆਂ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ।ਅਨਿਕ ਅਰੋੜਾ, ਜਸਮਨ ਸਿੰਘ ਢੀਂਡਸਾ, ਸਹਿਜਦੀਪ ਸਿੰਘ ਤੇ ਗੁਰਤਾਜ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚੌਥਾ ਸਥਾਨ ਪ੍ਰਾਪਤ ਕੀਤਾ।ਰੱਸਾਕਸ਼ੀ ਵਿੱਚ ਸਕੂਲ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕਰਕੇ ਸ਼ਾਨਦਾਰ ਜਿੱਤ ਦਰਜ ਕੀਤੀ।ਟੀਮ ਵਿੱਚ ਗੁਰਸੇਵਕ ਸਿੰਘ ਬਾਠ, ਪ੍ਰਭਦੀਪ ਸਿੰਘ, ਜਸਨੂਰ ਸਿੰਘ, ਕਵਿਨਦੀਪ ਸਿੰਘ, ਆਰਵ ਰਾਣਾ, ਤੇਜਸਦੀਪ ਸਿੰਘ, ਮਹਿਤਾਬ ਸਿੰਘ ਤੇ ਜਿਆਨ ਭਾਰਤੀ ਸ਼ਾਮਲ ਸਨ।ਵਿਦਿਆਰਥੀਆਂ ਨੇ ਆਪਣੀ ਤਾਕਤ ਦਾ ਜ਼ੋਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਤੇ ਸਮੂਹ ਸਟਾਫ਼ ਨੇ ਜੇਤੂ ਟੀਮਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਖਿਡਾਰੀਆਂ ਦੀ ਇਹ ਉਪਲਬਧੀ ਸਖ਼ਤ ਮਿਹਨਤ ਤੇ ਨਿਰੰਤਰ ਅਭਿਆਸ ਦਾ ਨਤੀਜਾ ਹੈ।ਉਨ੍ਹਾਂ ਨੇ ਸਾਰੀ ਟੀਮ ਦੀਆਂ ਖਿਡਾਰੀਆਂ ਦੇ ਅਗਲੇ ਪੱਧਰ ਦੇ ਜ਼ਿਲ੍ਹਾ ਮੁਕਾਬਲਿਆਂ ਲਈ ਚੁਣੀਆਂ ਗਏ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਦੇ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ, ਮੈਨੇਜਿੰਗ ਡਾਇਰੈਕਟਰ ਅਮ੍ਰਿਤਪਾਲ ਕੌਰ ਢਿੱਲੋਂ, ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਬਾਬਾ ਉਜਾਗਰ ਸਿੰਘ ਦੀ ਬਰਸੀ ਮਨਾਈ

ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੀਰ ਨਿਗਾਹੇ ਵਾਲਾ ਪਿੰਡ ਮਿਸ਼ਰੀ ਵਾਲਾ ਵਿਖੇ ਬਾਬਾ ਉਜਾਗਰ ਸਿੰਘ ਦੀ ਸਾਲਾਨਾ ਬਰਸੀ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੰਧਵਾਂ ਨੇ ਪੀਰ ਨਿਗਾਹੇ ਵਾਲਾ ਦੀ ਦਰਗਾਹ 'ਤੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ।ਸਪੀਕਰ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਇੱਕ ਪਾਕ ਤੇ ਪਵਿੱਤਰ ਅਸਥਾਨ ਹੈ, ਜਿੱਥੇ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ ਤੇ ਆਸ-ਪਾਸ ਦੇ ਵੱਡੀ ਗਿਣਤੀ ਪਿੰਡਾਂ ਤੋਂ ਸੰਗਤਾਂ ਇੱਥੇ ਨਤਮਸਤਕ ਹੋਣ ਲਈ ਪੁੱਜਦੀਆਂ ਹਨ।ਸਮਾਗਮ ਦੌਰਾਨ ਸਪੀਕਰ ਸੰਧਵਾਂ ਨੇ ਪਿੰਡ ਵਾਸੀਆਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ ਤੇ ਉਨ੍ਹਾਂ ਦੀਆਂ ਦਰਪੇਸ਼ ਸਮੱਸਿਆਵਾਂ ਨੂੰ ਧਿਆਨਪੂਰਵਕ ਸੁਣਿਆ।ਪਿੰਡ ਵਾਸੀਆਂ ਨੇ ਨੌਜਵਾਨਾਂ ਅਤੇ ਬੱਚਿਆਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਦੇ ਮਕਸਦ ਨਾਲ ਪਿੰਡ ਵਿੱਚ ਇੱਕ ਖੇਡ ਗਰਾਊਂਡ ਬਣਾਉਣ ਦੀ ਮੰਗ ਰੱਖੀ, ਜਿਸ 'ਤੇ ਸੰਧਵਾਂ ਨੇ ਸਕਾਰਾਤਮਕ ਹੁੰਗਾਰਾ ਭਰਦਿਆਂ ਪਿੰਡ ਵਿੱਚ ਜਲਦ ਖੇਡ ਮੈਦਾਨ ਤਿਆਰ ਕਰਵਾਉਣ ਦਾ ਪੂਰਾ ਵਿਸ਼ਵਾਸ ਦਿਵਾਇਆ।

ਕੋਆਪ੍ਰੇਟਿਵ ਬੈਂਕ ਇੰਪਲਾਈਜ਼ ਫੈਡਰੇਸ਼ਨ ਵੱਲੋਂ ਮੁਲਾਜ਼ਮਾਂ ਦੇ ਸੰਘਰਸ਼ ਨੂੰ ਪੂਰਨ ਸਮਰਥਨ

ਮੋਗਾ (ਇਕਬਾਲ ਸਿੰਘ ਖਹਿਰਾ)-ਕੋਆਪ੍ਰੇਟਿਵ ਬੈਂਕ ਇੰਪਲਾਈਜ਼ ਫੈਡਰੇਸ਼ਨ ਸਟੇਟ ਆਫ ਪੰਜਾਬ ਵੱਲੋਂ ਮੁਲਾਜ਼ਮਾਂ ਦੇ ਹੱਕਾਂ, ਸੇਵਾ ਸੁਰੱਖਿਆ ਤੇ ਜਾਇਜ਼ ਮੰਗਾਂ ਲਈ ਚਲਾਏ ਜਾ ਰਹੇ ਸੰਘਰਸ਼ ਦਾ ਡੱਟ ਕੇ ਸਮਰਥਨ ਕੀਤਾ ਗਿਆ।ਫੈਡਰੇਸ਼ਨ ਵੱਲੋਂ ਸਾਰੇ ਜ਼ਿਲ੍ਹਿਆਂ ਵਿੱਚ ਰੋਸ ਪ੍ਰਦਰਸ਼ਨਾਂ, ਧਰਨਿਆਂ, ਰੈਲੀਆਂ, ਸਮੂਹਕ ਛੁੱਟੀਆਂ ਤੇ ਹੋਰ ਸੰਘਰਸ਼ਸ਼ੀਲ ਪ੍ਰੋਗਰਾਮਾਂ ਵਿੱਚ ਸਰਗਰਮ ਭੂਮਿਕਾ ਨਿਭਾਈ ਜਾਵੇਗੀ।ਪੰਜਾਬ ਭਰ ਦੇ ਕੋਆਪ੍ਰੇਟਿਵ ਬੈਂਕ ਮੁਲਾਜ਼ਮ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਆਪਣੀ ਏਕਤਾ ਤੇ ਸੰਘਰਸ਼ ਪ੍ਰਤੀ ਦ੍ਰਿੜ੍ਹ ਇਰਾਦੇ ਦਾ ਪ੍ਰਗਟਾਵਾ ਕੀਤਾ।ਇਸ ਸੰਘਰਸ਼ ਵਿੱਚ ਫੈਡਰੇਸ਼ਨ ਦੀ ਅਗਵਾਈ ਹੇਠ ਪੰਜਾਬ ਦੇ ਕੋਆਪ੍ਰੇਟਿਵ ਬੈਂਕ ਮੁਲਾਜ਼ਮਾਂ ਨੇ ਇਕਜੁੱਟ ਹੋ ਕੇ ਆਪਣੀ ਆਵਾਜ਼ ਬੁਲੰਦ ਕੀਤੀ।ਫੈਡਰੇਸ਼ਨ ਦੇ ਪ੍ਰਧਾਨ ਨਿਤਿਨ ਕੱਕੜ ਤੇ ਜਨਰਲ ਸਕੱਤਰ ਧੀਰਜ ਸ਼ਰਮਾ ਨੇ ਕਿਹਾ ਕਿ ਮੁਲਾਜ਼ਮਾਂ ਦੇ ਜਾਇਜ਼ ਹੱਕਾਂ ਤੇ ਸੇਵਾ ਸੁਰੱਖਿਆ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀ ਏਕਤਾ ਹੀ ਸੰਘਰਸ਼ ਦੀ ਸਭ ਤੋਂ ਵੱਡੀ ਤਾਕਤ ਹੈ ਤੇ ਭਵਿੱਖ ਵਿੱਚ ਵੀ ਕਿਸੇ ਵੀ ਮੁਲਾਜ਼ਮ ਵਿਰੋਧੀ ਫੈਸਲੇ ਖ਼ਿਲਾਫ਼ ਫੈਡਰੇਸ਼ਨ ਵੱਲੋਂ ਡੱਟ ਕੇ ਸੰਘਰਸ਼ ਕੀਤਾ ਜਾਵੇਗਾ।ਫੈਡਰੇਸ਼ਨ ਆਗੂਆਂ ਨੇ ਪੰਜਾਬ ਭਰ ਦੇ ਸਮੂਹ ਕੋਆਪ੍ਰੇਟਿਵ ਬੈਂਕ ਮੁਲਾਜ਼ਮਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਥੀਆਂ ਦੀ ਏਕਤਾ, ਅਨੁਸ਼ਾਸਨ ਤੇ ਸੰਘਰਸ਼ਸ਼ੀਲ ਭਾਵਨਾ ਸਦਕਾ ਹੀ ਇਹ ਮਹੱਤਵਪੂਰਨ ਪ੍ਰਾਪਤੀ ਸੰਭਵ ਹੋਈ ਹੈ।

ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਓਰੀਐਂਟੇਸ਼ਨ ਸੈਸ਼ਨਾਂ ਦਾ ਆਯੋਜਨ

ਤਲਵੰਡੀ ਸਾਬੋ (ਜਗਦੀਪ ਗਿੱਲ)-ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਬਿਜ਼ਨੈਸ ਸਟੱਡੀਜ਼ ਵਿਭਾਗ ਨੇ ਬੀ. ਕਾਮ ਤੇ ਬੀਬੀਏ ਕੋਰਸਾਂ ਅਤੇ ਯਾਦਵਿੰਦਰਾ ਸਾਇੰਸ ਵਿਭਾਗ ਨੇ ਬੀ. ਐੱਸ. ਸੀ. ਕੋਰਸ ਵਿੱਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਵੱਖਰੇ-ਵੱਖਰੇ ਤੌਰ 'ਤੇ ਓਰੀਐਂਟੇਸ਼ਨ ਸੈਸ਼ਨਾਂ ਦਾ ਆਯੋਜਨ ਕਰਵਾਇਆ।ਇਨ੍ਹਾਂ ਸੈਸ਼ਨਾਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨਾਲ ਜਾਣ-ਪਹਿਚਾਣ ਕਰਵਾਉਣਾ ਤੇ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ ਤਲਵੰਡੀ ਸਾਬੋ ਕੈਂਪਸ ਨੂੰ ਚਲਾਉਣ ਦੇ ਉਦੇਸ਼ ਤੇ ਇੱਥੇ ਚੱਲ ਰਹੇ ਵੱਖ ਵੱਖ ਕੋਰਸਾਂ ਸਬੰਧੀ ਜਾਣੂ ਕਰਵਾਉਣਾ ਸੀ।ਇਨ੍ਹਾਂ ਸੈਸ਼ਨਾਂ ਦੌਰਾਨ ਵਿਦਿਆਰਥੀਆਂ ਤੇ ਫੈਕਲਟੀ ਨੇ ਗੱਲਬਾਤ ਕੀਤੀ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਿਭਾਗ, ਵੱਖ-ਵੱਖ ਵਿਭਾਗੀ ਕਮੇਟੀਆਂ ਤੇ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਗਿਆ।ਬਿਜ਼ਨੈਸ ਸਟੱਡੀਜ਼ ਵਿਭਾਗ ਦੇ ਸੈਸ਼ਨ ਦਾ ਸੰਚਾਲਨ ਡਾ. ਅਨੰਦ ਬਾਂਸਲ ਤੇ ਡਾ. ਅਮਨਦੀਪ ਕੌਰ ਦੀ ਅਕਾਦਮਿਕ ਕਮੇਟੀ ਦੁਆਰਾ ਕੀਤਾ ਗਿਆ।ਵਿਭਾਗ ਦੇ ਮੁਖੀ ਡਾ. ਨਰਿੰਦਰ ਕੌਰ ਨੇ ਨਵੇਂ ਵਿਦਿਆਰਥੀਆਂ ਨੇ ਆਪਣੇ ਸਵਾਗਤੀ ਭਾਸ਼ਣ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਜੀਵਨ ਵਿੱਚ ਅਨੁਸ਼ਾਸਨ ਤੇ ਸਮਾਂ ਪ੍ਰਬੰਧਨ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਇਸੇ ਤਰ੍ਹਾਂ ਯਾਦਵਿੰਦਰਾ ਸਾਇੰਸ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਵਿਭਾਗ ਦੇ ਮੁਖੀ ਡਾ. ਪ੍ਰੀਤੀ ਬਾਂਸਲ ਦੀ ਅਗਵਾਈ ਹੇਠ ਬੀ ਐੱਸ ਸੀ ਕੋਰਸ 'ਚ ਦਾਖਲ ਹੋਏ ਵਿਦਿਆਰਥੀਆਂ ਦਾ ਸਵਾਗਤ ਕੀਤਾ।ਇਸ ਉਪਰੰਤ ਵਿਦਿਆਰਥੀਆਂ ਨੂੰ ਕੈਂਪਸ ਦਾ ਟੂਰ ਲਗਾਵਾ ਕੇ ਬਾਕੀ ਵਿਭਾਗਾਂ ਤੇ ਉਪਲਬਧ ਸਹੂਲਤਾਂ ਦੀ ਜਾਣਕਾਰੀ ਦਿੱਤੀ।

ਜ਼ਿਲ੍ਹਾ ਪੱਧਰੀ ਸ਼ਤਰੰਜ ਮੁਕਾਬਲਿਆਂ 'ਚ ਏਕਮਦੀਪ ਅੱਵਲ

ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਵਿਭਾਗ ਪੰਜਾਬ ਵੱਲੋਂ ਕਰਵਾਏ ਜਾ ਰਹੇ ਖੇਡ ਮੁਕਾਬਲਿਆਂ ਦੀ ਲੜੀ ਤਹਿਤ ਜ਼ਿਲ੍ਹਾ ਮੋਗਾ ਵਿਖੇ ਹੋਏ ਜ਼ਿਲ੍ਹਾ ਪੱਧਰੀ ਸ਼ਤਰੰਜ ਮੁਕਾਬਲਿਆਂ ਵਿੱਚ ਪਿੰਡ ਮਾਛੀਕੇ ਦੇ ਏਕਮਦੀਪ ਸਿੰਘ 'ਕੰਗ' ਨੇ ਅੰਡਰ-14 ਵਰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੰਜ ਵਿੱਚੋਂ ਪੰਜ ਅੰਕ ਹਾਸਲ ਕਰਕੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।ਏਕਮਦੀਪ ਸਿੰਘ ਦੀ ਇਸ ਸ਼ਾਨਦਾਰ ਪ੍ਰਾਪਤੀ ਨਾਲ ਪਿੰਡ ਮਾਛੀਕੇ, ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਹੋਇਆ ਹੈ।ਉਸ ਦੀ ਇਸ ਸਫ਼ਲਤਾ ਪਿੱਛੇ ਉਸ ਦੀ ਲਗਨ ਤੇ ਮਿਹਨਤ ਦੇ ਨਾਲ-ਨਾਲ ਰਾਇਲ ਕਾਨਵੈਂਟ ਸਕੂਲ ਨਿਹਾਲ ਸਿੰਘ ਵਾਲਾ ਦੇ ਕੋਚ ਸ੍ਰੀ ਹਰਜੀਤ ਸਿੰਘ ਦੀ ਸੁਚੱਜੀ ਅਗਵਾਈ ਦਾ ਵੀ ਅਹਿਮ ਯੋਗਦਾਨ ਰਿਹਾ।ਏਕਮਦੀਪ ਸਿੰਘ ਦੀ ਇਸ ਉਪਲਬਧੀ 'ਤੇ ਉਸ ਦੇ ਪਿਤਾ ਮਾਸਟਰ ਹਾਕਮ ਸਿੰਘ, ਮਾਤਾ ਮੈਡਮ ਮਨਜਿੰਦਰ ਕੌਰ ਤੇ ਭਰਾ ਅਰਮਾਨ ਦੀਪ ਸਿੰਘ 'ਕੰਗ' ਨੇ ਖੁਸ਼ੀ ਤੇ ਮਾਣ ਦਾ ਪ੍ਰਗਟਾਵਾ ਕੀਤਾ।ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਨੇ ਏਕਮਦੀਪ ਸਿੰਘ ਨੂੰ ਭਵਿੱਖ ਵਿੱਚ ਹੋਰ ਵੱਡੀਆਂ ਮੱਲਾਂ ਮਾਰਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

ਕੇਕੇਯੂ ਕੋਟਲੀ ਅਬਲੂ ਦੀ ਚੋਣ, ਚੰਡੀਗੜ੍ਹ ਮੋਰਚੇ 'ਚ ਹੋਵੇਗੀ ਵੱਡੀ ਸ਼ਮੂਲੀਅਤ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਕਿਰਤੀ ਕਿਸਾਨ ਯੂਨੀਅਨ ਪਿੰਡ ਕੋਟਲੀ ਅਬਲੂ ਦੀ ਨਵੀਂ ਕਮੇਟੀ ਦੀ ਚੋਣ ਕੀਤੀ ਗਈ, ਜਿਸ ਸਰਬ ਸੰਮਤੀ ਨਾਲ ਜਗਮੀਤ ਸਿੰਘ ਕੋਟਲੀ ਅਬਲੂ ਨੂੰ ਪਿੰਡ ਇਕਾਈ ਦਾ ਪ੍ਰਧਾਨ, ਜਸਪ੍ਰੀਤ ਸਿੰਘ ਗਰੇਵਾਲ ਨੂੰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਨੂੰ ਸਕੱਤਰ, ਨਿੰਦਰ ਸਿੰਘ ਨੂੰ ਖਜ਼ਾਨਚੀ ਤੇ ਕੁਲਦੀਪ ਸਿੰਘ ਨੂੰ ਪ੍ਰੈੱਸ ਸਕੱਤਰ ਚੁਣਿਆ ਗਿਆ।ਇਸ ਤੋਂ ਇਲਾਵਾ ਸੁਖਪ੍ਰੀਤ ਸਿੰਘ, ਪ੍ਰਗਟ ਸਿੰਘ, ਗੁਰਮੇਟ ਸਿੰਘ, ਬਲਵੀਰ ਸਿੰਘ, ਜਸਵਿੰਦਰ ਸਿੰਘ, ਤਾਰੀ ਸਿੰਘ ਬਿੱਟੂ ਖਾਲਸਾ, ਪਾਲਾ ਸਿੰਘ, ਲੱਖਾ ਸਿੰਘ, ਸੁਖਪਾਲ ਸਿੰਘ, ਗੁਰਲਾਲ ਸਿੰਘ ਤੇ ਗੁਰਜੰਟ ਸਿੰਘ ਕਮੇਟੀ ਮੈਂਬਰ ਚੁਣੇ ਗਏ। ਇਸ ਮੌਕੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੇਡੇ ਰੋਡੇ ਤੇ ਜ਼ਿਲ੍ਹਾ ਕਮੇਟੀ ਮੈਂਬਰ ਦਵਿੰਦਰ ਸਿੰਘ ਲਬਾਣਿਆਂ ਵਾਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਭਾਰਤ ਅਮਰੀਕਾ ਮੁਕਤ ਵਪਾਰ ਸਮਝੌਤਾ ਕਰ ਰਹੀ, ਜੇਕਰ ਇਹ ਸਿਰੇ ਚੜ੍ਹ ਗਿਆ ਤਾਂ ਖੇਤੀਬਾੜੀ ਤੇ ਡੇਰੀ ਪੋਲਟਰੀ ਨਾਲ ਸਬੰਧਤ ਵੱਡੀ ਪੱਧਰ ਤੇ ਸਸਤੀਆਂ ਵਸਤੂਆਂ ਭਾਰਤ ਦੀ ਮੰਡੀ ਵਿੱਚ ਆਉਣਗੀਆਂ, ਜਿਸ ਦੇ ਨਾਲ ਖੇਤੀ ਵਿੱਚ ਲੱਗੇ ਕਿਸਾਨਾਂ ਦੇ ਕਿੱਤੇ ਵਿੱਚ ਰੁਲ ਜਾਵੇਗੀ।ਉਨ੍ਹਾਂ ਕਿਹਾ ਕਿ ਭਾਰਤ ਮੁਕਤ ਵਪਾਰ ਸਮਝੌਤਾ ਤੁਰੰਤ ਰੱਦ ਹੋਵੇ, ਇਸ ਤੋਂ ਇਲਾਵਾ ਕਿਸਾਨਾਂ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ 'ਤੇ ਲੀਕ ਮਾਰੀ ਜਾਵੇ, ਹਰ ਘਰ ਨੂੰ ਪੀਣ ਵਾਲਾ ਸਾਫ ਪਾਣੀ, ਹਰ ਖੇਤ ਵਾਸਤੇ ਸੱਚਾਈ ਲਈ ਨਹਿਰੀ ਪਾਣੀ ਦਿੱਤਾ ਜਾਵੇ, ਤੋਂ ਇਲਾਵਾ ਪਾਣੀਆਂ ਦਾ ਮਸਲਾ ਰਿਪੇਰੀਅਨ ਸਿਧਾਂਤ ਮੁਤਾਬਕ ਹੱਲ ਹੋਵੇ ਆਦਿ ਮੰਗਾਂ ਨੂੰ ਲੈ ਕੇ ਇੱਕ ਸਤੰਬਰ ਤੋਂ 7 ਸਤੰਬਰ ਤੱਕ ਚੰਡੀਗੜ੍ਹ ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਧਰਨਾ ਦਿੱਤਾ ਜਾ ਰਿਹਾ ਹੈ।ਉਨ੍ਹਾਂ ਲੋਕਾਂ ਨੂੰ ਧਰਨੇ ਵਿੱਚ ਟਰੈਕਟਰ ਟਰਾਲੀਆਂ ਸਮੇਤ ਪਹੁੰਚਣ ਦੀ ਅਪੀਲ ਕੀਤੀ।

ਮਾਤਾ ਗੁਜਰੀ ਕਾਲਜ ਵਿਖੇ ਰਾਸ਼ਟਰੀ ਖੇਡ ਦਿਵਸ ਮੌਕੇ ਰੱਸਾਕਸ਼ੀ ਮੁਕਾਬਲੇ



ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਦੇ ਖੇਡ ਵਿਭਾਗ ਵੱਲੋਂ ਰਾਸ਼ਟਰੀ ਖੇਡ ਦਿਵਸ ਮੌਕੇ ਲੜਕਿਆਂ ਤੇ ਲੜਕੀਆਂ ਦੇ ਰੱਸਾਕਸ਼ੀ ਮੁਕਾਬਲਿਆਂ ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ।ਇਨ੍ਹਾਂ ਮੁਕਾਬਲਿਆਂ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਤੇ ਜੋਸ਼ ਨਾਲ ਭਾਗ ਲਿਆ।ਲੜਕੀਆਂ ਦੇ ਰੱਸਾਕਸ਼ੀ ਮੁਕਾਬਲੇ ਵਿੱਚ ਕਾਮਰਸ ਤੇ ਕੰਪਿਊਟਰ ਸਾਇੰਸ ਵਿਭਾਗ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਖੇਤੀਬਾੜੀ ਵਿਭਾਗ ਦੀ ਟੀਮ ਨੇ ਦੂਜਾ ਸਥਾਨ ਅਤੇ ਖੇਡ ਵਿਭਾਗ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਲੜਕੀਆਂ ਦੇ ਰੱਸਾਕਸ਼ੀ ਮੁਕਾਬਲੇ ਵਿੱਚ ਐਨ.ਸੀ.ਸੀ. ਯੂਨਿਟ ਦੀ ਟੀਮ ਨੇ ਪਹਿਲਾ ਤੇ ਖੇਡ ਵਿਭਾਗ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ।ਕਾਲਜ ਦੇ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ 'ਤੇ ਜ਼ਾਨੂ ਕਰਵਾਉਂਦਿਆਂ ਕਿਹਾ ਕਿ ਖੇਡਾਂ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਸਵੈ-ਅਨੁਸ਼ਾਸਨ, ਸਹਿਯੋਗ ਤੇ ਟੀਮ ਭਾਵਨਾ ਵਰਗੇ ਗੁਣਾਂ ਦਾ ਵਿਕਾਸ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਕਾਲਜ ਦੇ ਡੀਨ ਸਪੋਰਟਸ ਡਾ. ਹਰਵਿੰਦਰ ਸਿੰਘ ਨੇ ਕਿਹਾ ਕਿ ਖੇਡਾਂ ਵਿੱਚ ਸਰਗਰਮ ਭਾਗੀਦਾਰੀ ਵਿਦਿਆਰਥੀਆਂ ਦੀ ਸੰਪੂਰਨ ਸ਼ਖ਼ਸੀਅਤ ਤੇ ਚਰਿੱਤਰ ਨਿਰਮਾਣ ਲਈ ਬੇਹੱਦ ਮਹੱਤਵਪੂਰਨ ਹੈ।ਇਸ ਮਗਰੋਂ ਖੇਡ ਵਿਭਾਗ ਦੇ ਮੁਖੀ ਪ੍ਰੋ. ਪਵਨਪ੍ਰੀਤ ਕੌਰ ਨੇ ਕਾਲਜ ਵੱਲੋਂ ਖੇਡਾਂ ਦੇ ਖੇਤਰ ਵਿੱਚ ਹਾਸਲ ਕੀਤੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਖੇਡ ਵਿਭਾਗ ਦੇ ਪ੍ਰੋ. ਜਸਪ੍ਰੀਤ ਸਿੰਘ, ਕਾਲਜ ਕ੍ਰਿਕਟ ਟੀਮ ਦੇ ਇੰਚਾਰਜ ਪ੍ਰੋ. ਮੁਹੰਮਦ ਅਨਵਰ, ਡਾ. ਸਤਨਾਮ ਸਿੰਘ, ਪ੍ਰੋ. ਜੋਗਾ ਸਿੰਘ, ਡਾ. ਸੰਦੀਪ ਕੁਮਾਰ ਸਿੰਘ, ਡਾ. ਵਿਜੇ ਸਿੰਘ, ਡਾ. ਗਗਨਦੀਪ ਸਿੰਘ, ਡਾ. ਪੁਸ਼ਪਿੰਦਰ ਸਿੰਘ, ਫੁੱਟਬਾਲ ਕੋਚ ਸ. ਬਹਾਦਰ ਸਿੰਘ, ਹਾਕੀ ਕੋਚ ਸ. ਜਸਵੀਰ ਸਿੰਘ, ਕਬੱਡੀ ਕੋਚ ਸ. ਧਰਮ ਸਿੰਘ ਸਮੇਤ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।

ਸਿਟੀ ਗਰੁੱਪ 'ਚ ਰਵਾਇਤੀ ਰੰਗਾਂ ਨਾਲ ਮਨਾਇਆ ਤੀਆਂ ਦਾ ਤਿਉਹਾਰ

ਜਲੰਧਰ (ਸ਼ੈਲੀ ਐਲਬਰਟ) ਸਿਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਸਾਹੂਵਾ ਅਤੇ ਮਕਸੂਦਾਂ ਕੈਂਪਸ ਵਿੱਚ ਤੀਆਂ-2026 ਦਾ ਤਿਉਹਾਰ ਪੂਰੇ ਉਤਸ਼ਾਹ, ਰਵਾਇਤੀ ਰੰਗ ਅਤੇ ਚਾਵਾਂ ਨਾਲ ਮਨਾਇਆ ਗਿਆ। ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਮੈਂਬਰਾਂ ਨੇ ਪੰਜਾਬ ਦੀ ਅਮੀਰ ਲੋਕ-ਵਿਰਾਸਤ, ਸੱਭਿਆਚਾਰ ਅਤੇ ਸਾਂਝੀ ਖ਼ੁਸ਼ੀ ਨੂੰ ਸਮਰਪਿਤ ਇਸ ਸਮਾਗਮ ਵਿੱਚ ਉਤਸ਼ਾਹ ਨਾਲ ਭਾਗ ਲਿਆ। ਤੀਆਂ ਪੰਜਾਬ ਦੀ ਲੋਕ-ਪਰੰਪਰਾ ਦਾ ਅਹਿਮ ਤਿਉਹਾਰ ਹੈ, ਜੋ ਸਾਉਣ ਦੀ ਆਮਦ, ਖ਼ੁਸ਼ੀਆਂ ਅਤੇ ਸਾਂਝੇ ਜਸ਼ਨ ਨਾਲ ਜੁੜਿਆ ਹੋਇਆ ਹੈ। ਪੀਂਘਾਂ, ਲੋਕ-ਗੀਤ, ਗਿੱਧਾ, ਬੋਲੀਆਂ, ਰੰਗ-ਬਿਰੰਗੇ ਰਵਾਇਤੀ ਪਹਿਰਾਵੇ ਅਤੇ ਸੱਭਿਆਚਾਰਕ ਗਤੀਵਿਧੀਆਂ ਤੀਆਂ ਦੀ ਵਿਸ਼ੇਸ਼ ਪਛਾਣ ਹਨ। ਇਹ ਤਿਉਹਾਰ ਸਿਰਫ਼ ਖ਼ੁਸ਼ੀਆਂ ਮਨਾਉਣ ਦਾ ਮੌਕਾ ਹੀ ਨਹੀਂ, ਸਗੋਂ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਅਤੇ ਵਿਰਾਸਤ ਨਾਲ ਜੋੜਨ ਦਾ ਵੀ ਸਾਧਨ ਹੈ। ਦੋਵਾਂ ਕੈਂਪਸਾਂ ਵਿੱਚ ਵਿਦਿਆਰਥਣਾਂ, ਅਧਿਆਪਕਾਂ ਅਤੇ ਸਟਾਫ਼ ਨੇ ਰਵਾਇਤੀ ਤੇ ਸੱਭਿਆਚਾਰਕ ਪਹਿਰਾਵਿਆਂ ਵਿੱਚ ਸਜ ਕੇ ਸਮਾਗਮ ਦੀ ਰੌਣਕ ਵਧਾਈ। ਗਿੱਧਾ, ਲੋਕ-ਨਾਚ, ਸੱਭਿਆਚਾਰਕ ਨਾਟਕ, ਬੋਲੀਆਂ ਅਤੇ ਪੰਜਾਬੀ ਲੋਕ-ਗੀਤਾਂ ਨੇ ਪੂਰੇ ਕੈਂਪਸ ਨੂੰ ਪੰਜਾਬੀ ਵਿਰਸੇ ਦੇ ਰੰਗ ਵਿੱਚ ਰੰਗ ਦਿੱਤਾ। ਸਮਾਗਮ ਦਾ ਵਿਸ਼ੇਸ਼ ਆਕਰਸ਼ਣ ਮਲਵਈ ਗਿੱਧਾ ਰਿਹਾ। ਜੇਤੂਆਂ ਅਤੇ ਦਿਲਕਸ਼ ਪੇਸ਼ਕਾਰੀਆਂ ਨੇ ਪੰਜਾਬ ਦੀ ਲੋਕ-ਵਿਰਾਸਤ ਦੀ ਜੀਵੰਤ ਝਲਕ ਪੇਸ਼ ਕੀਤੀ, ਜਿਸ ਨੂੰ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਵੱਲੋਂ ਭਰਪੂਰ ਸਰਾਹਨਾ ਮਿਲੀ। ਮਕਸੂਦਾਂ ਕੈਂਪਸ ਵਿੱਚ ਤੀਆਂ ਦਾ ਸਮਾਗਮ ਦੇ ਸ਼ੋਅ ਵਿੱਚ ਫ਼ਰਵਾਇਰਾਂ ਵੱਲੋਂ ਪੇਸ਼ ਕੀਤੇ ਗਏ ਸੁਨਹਿਰੀ ਰੰਗਾਂ ਵਿੱਚ ਵਿਦਿਆਰਥੀਆਂ ਨੂੰ ਸਮਰਪਿਤ ਰਿਹਾ, ਜਿਸ ਦੌਰਾਨ ਰੰਗੋਲੀ, ਨੇਲ ਆਰਟ, ਹੇਅਰ ਸਟਾਈਲਿੰਗ, ਮਹਿੰਦੀ, ਪਰਾਂਦਾ ਗੁੰਦਣਾ, ਸੱਭਿਆਚਾਰਕ ਗਤੀਵਿਧੀਆਂ, ਰੈਂਪ ਵਾਕ ਅਤੇ ਫੈਂਸੀ ਡਰੈੱਸ ਮੁਕਾਬਲੇ ਕਰਵਾਏ ਗਏ। ਮਨੋਰੰਜਕ ਗਤੀਵਿਧੀਆਂ ਕਰਵਾਈਆਂ ਗਈਆਂ। ਮਿਸ ਤੀਆਂ ਮੁਕਾਬਲਾ ਸਮਾਗਮ ਦਾ ਖ਼ਾਸ ਆਕਰਸ਼ਣ ਰਿਹਾ। ਸਮਾਗਮ ਵਿੱਚ ਸ੍ਰੀਮਤੀ ਪਰਵੀਨ ਅਬਰੋਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਹਿ-ਚੇਅਰਪਰਸਨ ਸੁਸ਼੍ਰੀ ਪਰਮਿੰਦਰ ਕੌਰ ਚੰਨੀ, ਜੁਆਇੰਟ ਮੈਨੇਜਿੰਗ ਡਾਇਰੈਕਟਰ ਸੁਸ਼੍ਰੀ ਤਾਨਿਆ ਅਤੇ ਚੇਅਰਪਰਸਨ ਐਡਵੋਕੇਟ ਮਨਜਿੰਦਰ ਕੌਰ ਨੇ ਵੀ ਸਮਾਗਮ ਦੀ ਸ਼ੋਭਾ ਵਧਾਈ ਅਤੇ ਭਾਗੀਦਾਰਾਂ ਦਾ ਹੌਸਲਾ ਵਧਾਇਆ। ਇਸ ਮੌਕੇ ਪ੍ਰਬੰਧਕ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਦੀ ਉਤਸ਼ਾਹਪੂਰਨ ਭਾਗੀਦਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਰਵਾਇਤੀ ਤਿਉਹਾਰ ਸਾਡੀ ਸੱਭਿਆਚਾਰਕ ਪਛਾਣ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਡਾ. ਰਾਜ ਕੁਮਾਰ ਚੱਬੇਵਾਲ ਤੇ ਡਾ. ਇਸ਼ਾਂਕ ਕੁਮਾਰ ਵੱਲੋਂ 'ਮੁੱਖ ਮੰਤਰੀ ਖੇਡ ਮੈਦਾਨ' ਦਾ ਉਦਘਾਟਨ

ਮਾਹਿਲਪੁਰ (ਜਗਤਾਰ ਸਿੰਘ ਭੁੰਗਰਨੀ) ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਨੇੜਲੇ ਪਿੰਡ ਪੱਟੀ ਵਿਖੇ 'ਮੁੱਖ ਮੰਤਰੀ ਖੇਡ ਮੈਦਾਨ' ਦਾ ਉਦਘਾਟਨ ਕਰਦਿਆਂ ਕਿਹਾ ਕਿ ਇਹ ਖੇਡ ਮੈਦਾਨ ਪੇਂਡੂ ਨੌਜਵਾਨਾਂ ਨੂੰ ਆਧੁਨਿਕ ਖੇਡ ਸਹੂਲਤਾਂ ਮੁਹੱਈਆ ਕਰਵਾ ਕੇ ਜ਼ਮੀਨੀ ਪੱਧਰ 'ਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਖੇਡ ਪ੍ਰਤਿਭਾ ਨੂੰ ਨਿਖਾਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਇਸ ਮੌਕੇ ਰੱਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਇਸ ਸਾਲ 3,100 ਪੇਂਡੂ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ ਅਤੇ ਮੁੱਖ ਮੰਤਰੀ ਵੱਲੋਂ ਅਜਿਹੇ 500 'ਪੇਂਡੂ ਖੇਡ ਮੈਦਾਨ' ਲੋਕਾਂ ਨੂੰ ਸਮਰਪਿਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਖੇਡ ਮੈਦਾਨ ਪੰਜਾਬ ਦੇ ਨੌਜਵਾਨਾਂ ਲਈ ਇੱਕ ਵੱਡਾ ਮੰਚ ਸਾਬਤ ਹੋਣਗੇ ਜਿੱਥੇ ਉਹ ਆਪਣੀ ਪਸੰਦੀਦਾ ਖੇਡ ਨੂੰ ਹੋਰ ਨਿਖਾਰਨ ਅਤੇ ਵੱਖ-ਵੱਖ ਖੇਡਾਂ ਵਿੱਚ ਪੱਧਰ 'ਤੇ ਆਪਣੀ ਖੇਡ ਨੂੰ ਬਿਹਤਰੀਨ ਢੰਗ ਨਾਲ ਪੇਸ਼ ਕਰਕੇ ਨਾਮਣਾ ਖੱਟਣਗੇ। ਉਨ੍ਹਾਂ ਕਿਹਾ ਕਿ ਖੇਡਾਂ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਅਹਿਮ ਯੋਗਦਾਨ ਪਾਉਣ ਦੇ ਨਾਲ-ਨਾਲ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਵੀ ਸਹਾਈ ਹੁੰਦੀਆਂ ਹਨ। ਡਾ. ਚੱਬੇਵਾਲ ਨੇ ਕਿਹਾ ਕਿ ਖੇਡਾਂ ਦੇ ਖੇਤਰ ਵਿੱਚ ਪੰਜਾਬ ਨੇ ਹਮੇਸ਼ਾ ਹੀ ਮੋਹਰੀ ਭੂਮਿਕਾ ਨਿਭਾਈ ਹੈ ਅਤੇ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਖੇਡਾਂ ਵਤਨ ਪੰਜਾਬ ਦੀਆਂ ਦੇ ਚੌਥੇ ਸੀਜ਼ਨ ਦੀ ਸ਼ੁਰੂਆਤ 5 ਸਤੰਬਰ ਨੂੰ ਬਠਿੰਡਾ ਤੋਂ ਹੋਵੇਗੀ। ਇਸ ਮੌਕੇ ਸਰਪੰਚ ਸ਼ਿੰਦਰ ਪਾਲ, ਜਗਜੀਤ ਸਿੰਘ, ਦਲਜੀਤ ਸਿੰਘ, ਅਮਰਜੀਤ ਸਿੰਘ ਗਿੱਲ, ਮਨਜਿੰਦਰ ਸਿੰਘ, ਸਤੀਸ਼ ਕੁਮਾਰ, ਹਰਬੰਸ ਸਿੰਘ, ਅਵਤਾਰ ਸਿੰਘ, ਕਮਲੇਸ਼ ਕੁਮਾਰੀ, ਸੁਰਿੰਦਰ ਕੌਰ, ਮਹਿੰਦਰ ਸਿੰਘ, ਕੁਲਵਿੰਦਰ ਕੌਰ, ਗੁਰਮੀਤ ਕੌਰ, ਜਸਵਿੰਦਰ ਕੌਰ ਆਦਿ ਵੀ ਮੌਜੂਦ ਸਨ। ਦੀ ਮਜ਼ਬੂਤੀ ਨਾਲ ਪੰਜਾਬੀ ਖਿਡਾਰੀ ਭਵਿੱਖ ਵਿੱਚ ਵੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਨਾਮਣਾ ਖੱਟ ਕੇ ਸੂਬੇ ਦਾ ਨਾਮ ਚਮਕਾਉਣਗੇ। ਇਸ ਮੌਕੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਲਗਾਤਾਰ ਵੱਡੇ ਪੱਧਰ 'ਤੇ ਕਦਮ ਚੁੱਕ ਰਹੀ ਹੈ।

ਮੁੱਖ ਮੰਤਰੀ ਤੀਰਥ ਸਥਾਨ ਯਾਤਰਾ ਸਕੀਮ ਤਹਿਤ ਲਾਲੜੂ ਤੋਂ ਤਿੰਨ ਹੋਰ ਬੱਸਾਂ ਤੀਰਥ ਯਾਤਰਾ ਲਈ ਰਵਾਨਾ

ਲਾਲੜੂ (ਵਿਨੈ ਕੁਮਾਰ ਸੈਨ) ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਸਥਾਨ ਯਾਤਰਾ ਸਕੀਮ ਤਹਿਤ ਹਲਕਾ ਡੇਰਾਬੱਸੀ ਦੇ ਸ਼ਰਧਾਲੂਆਂ ਨੂੰ ਵੱਖ-ਵੱਖ ਪਵਿੱਤਰ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਭੇਜਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਡੇਰਾਬੱਸੀ ਹਲਕੇ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਪਿੰਡ ਝੋਰਮਾਜਰਾ ਤੋਂ 121ਵੀਂ, ਪਿੰਡ ਤਸਿੰਬਲੀ ਤੋਂ 122ਵੀਂ ਅਤੇ ਪਿੰਡ ਆਲਮਗੀਰ ਤੋਂ 123ਵੀਂ ਬੱਸ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕੀਤੀ ਗਈ। ਬੱਸਾਂ ਦੀ ਰਵਾਨਗੀ ਮੌਕੇ ਸੰਗਤਾਂ ਵਿੱਚ ਤੀਰਥ ਯਾਤਰਾ ਨੂੰ ਲੈ ਕੇ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਸ਼ਰਧਾਲੂਆਂ ਨੇ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਪਵਿੱਤਰ ਤੀਰਥ ਸਥਾਨਾਂ ਦੇ ਦਰਸ਼ਨਾਂ ਦੀ ਸਹੂਲਤ ਪ੍ਰਦਾਨ ਕਰਨ ਲਈ ਸ਼ੁਰੂ ਕੀਤੀ ਗਈ ਇਸ ਪਹਿਲ ਦਾ ਸਵਾਗਤ ਕੀਤਾ। ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਯਾਤਰਾ 'ਤੇ ਰਵਾਨਾ ਹੋ ਰਹੀਆਂ ਸੰਗਤਾਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੁਖਦ ਅਤੇ ਸਫਲ ਯਾਤਰਾ ਦੀ ਕਾਮਨਾ ਕੀਤੀ।

ਰਾਮ ਲੀਲ੍ਹਾ ਤੇ ਦੁਸਹਿਰਾ ਉਤਸਵ ਦਾ ਆਗਾਜ਼

ਲੋਹੀਆਂ ਖਾਸ (ਯੋਗੇਸ਼ਵਰ, ਗੀਤਾ ਸ਼ਰਮਾ) ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਤੇ ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰ ਗਿਰੀ ਦੀ ਅਪਾਰ ਕਿਰਪਾ, ਗੁਰੂਦੇਵ ਸ੍ਰੀ ਸ੍ਰੀ 1008 ਮਹਾਂਮੰਡਲੇਸ਼ਵਰ ਮਹੰਤ ਸ੍ਰੀ ਸ੍ਰੀ ਸ਼ਿਵਰਾ ਗਿਰੀ ਜੀ ਮਹਾਰਾਜ ਦੇ ਆਸ਼ੀਰਵਾਦ ਅਤੇ ਮਹੰਤ ਸ੍ਰੀ ਸ੍ਰੀ ਰਾਮ ਗਿਰੀ ਜੀ ਮਹਾਰਾਜ ਦੀ ਅਗਵਾਈ ਹੇਠ ਸ੍ਰੀ ਕੁੰਦਨ ਲਾਲ ਰਾਮਲੀਲਾ ਤੇ ਦੁਸਹਿਰਾ ਕਮੇਟੀ ਲੋਹੀਆਂ ਖਾਸ (ਰਜਿ.) ਵੱਲੋਂ 60ਵੀਂ ਰਾਮਲੀਲਾ ਅਤੇ ਦੁਸਹਿਰਾ ਉਤਸਵ ਦੇ ਸਬੰਧ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਸਮੇਸ਼ ਪਾਰਕ ਵਿਖੇ ਝੰਡੇ ਦੀ ਰਸਮ ਸ਼ਰਧਾ ਅਤੇ ਧੂਮਧਾਮ ਨਾਲ ਅਦਾ ਕੀਤੀ ਗਈ। ਇਸ ਮੌਕੇ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਤੋਂ ਝੰਡੇ ਦੀ ਪੂਜਾ-ਅਰਚਨਾ ਕਰਨ ਉਪਰੰਤ ਸ਼ੋਭਾ ਯਾਤਰਾ ਕੱਢੀ ਗਈ, ਜੋ ਦਸਮੇਸ਼ ਪਾਰਕ ਵਿਖੇ ਪਹੁੰਚੀ। ਇੱਥੇ ਵੈਦਿਕ ਰੀਤੀ-ਰਿਵਾਜਾਂ ਅਤੇ ਮੰਤਰ ਉਚਾਰਨ ਨਾਲ ਝੰਡੇ ਦੀ ਸਥਾਪਨਾ ਕੀਤੀ ਗਈ। ਕਮੇਟੀ ਦੇ ਨਿਰਦੇਸ਼ਕ ਪ੍ਰੇਮ ਕੁਮਾਰ ਸੇਠੀ ਅਤੇ ਸਹਾਇਕ ਨਿਰਦੇਸ਼ਕ ਗਜਰਾਜ ਜਦੂਵੰਸ਼ੀ ਨੇ ਦੱਸਿਆ ਕਿ ਇਸ ਸਾਲ ਵੀ ਦਸਮੇਸ਼ ਪਾਰਕ ਵਿਖੇ ਰਾਮਲੀਲਾ ਦਾ ਮੰਚਨ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਸ਼ਾਲ ਦੁਸਹਿਰਾ ਉਤਸਵ ਕੁਟੀਆ ਗਰਾਊਂਡ, ਸਿੱਧੂਪੁਰ ਰੋਡ ਵਿਖੇ ਸ਼ਾਨਦਾਰ ਢੰਗ ਨਾਲ ਮਨਾਇਆ ਜਾਵੇਗਾ। ਇਸ ਮੌਕੇ ਪੰਡਿਤ ਪਵਨ ਪ੍ਰਸਾਦ, ਪੰਡਿਤ ਪਰਮਰਾਜ, ਨਿਰਦੇਸ਼ਕ ਪ੍ਰੇਮ ਕੁਮਾਰ ਸੇਠੀ, ਸਹਾਇਕ ਨਿਰਦੇਸ਼ਕ ਗਜਰਾਜ ਜਦੂਵੰਸ਼ੀ, ਵਰਿੰਦਰ ਕੁਮਾਰ ਰਤਨ, ਪ੍ਰੇਮ ਕੁਮਾਰ ਟਾਂਗਰ, ਰਵੀ ਸ਼ਰਮਾ, ਰੂਪੇਸ਼ ਸੇਠੀ, ਪਰਮਜੀਤ ਪੰਮਾ, ਅਰਜੁਨ ਅਰੋੜਾ, ਮੰਨੂ ਸਾਹ, ਮਨਜਿੰਦਰ ਸਿੰਘ (ਗੋਗੂ), ਸਾਜੂ ਸੇਠੀ, ਨਰਿੰਦਰ ਕਾਲੀਆ, ਯੋਗੇਸ਼ਵਰ, ਲਲਨ ਵਰਮਾ, ਰੱਕੀ ਕੰਡਲ, ਹਨੀ ਸ਼ਰਮਾ, ਸੱਤਵ ਟਾਂਗਰ, ਸਾਹਿਲ ਸ਼ਰਮਾ, ਰਾਜਾ ਨਾਹਰ, ਨਰੇਸ਼ ਕੁਮਾਰ, ਮਨੀ ਕੰਡਾ, ਬੈਂਕੀ, ਸਮੀਰ ਖੋੜਾ ਸਮੇਤ ਹੋਰ ਸੇਵਾਦਾਰ ਹਾਜ਼ਰ ਸਨ।

ਸ਼ਹਿਰਾਂ ਤੇ ਪਿੰਡਾਂ ਨੂੰ ਰੰਗਲਾ ਪੰਜਾਬ ਅਧੀਨ ਗਰਾਂਟਾਂ ਵੰਡੀਆਂ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਹਲਕਾ ਨਕੋਦਰ ਵਿੱਚ ਵਿਕਾਸ ਕਾਰਜਾਂ ਦੀ ਹਨੇਰੀ ਚੱਲ ਰਹੀ ਹੈ, ਜਿਸ ਦੇ ਤਹਿਤ ਪਿੰਡਾਂ ਅਤੇ ਸ਼ਹਿਰਾਂ ਨੂੰ ਲਗਾਤਾਰ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਸ਼ਹਿਰਾਂ ਅਤੇ ਪਿੰਡਾਂ ਨੂੰ ਰੰਗਲਾ ਪੰਜਾਬ ਅਧੀਨ 5 ਕਰੋੜ ਦੀਆਂ ਗਰਾਂਟਾਂ ਵੰਡੀਆਂ ਗਈਆਂ। ਜਿਸ ਦੇ ਤਹਿਤ ਬਲਾਕ ਨਕੋਦਰ ਨੂੰ 2 ਕਰੋੜ 85 ਲੱਖ ਅਤੇ ਬਲਾਕ ਨੂਰਮਹਿਲ ਨੂੰ 2 ਕਰੋੜ 15 ਲੱਖ ਰੁਪਏ ਦੀਆਂ ਗਰਾਂਟਾਂ ਦੇ ਚੈਕ ਪੰਚਾਇਤਾਂ ਨੂੰ ਤਕਸੀਮ ਕੀਤੇ ਗਏ। ਮੀਡੀਆ ਨੂੰ ਸੰਬੋਧਨ ਕਰਦਿਆਂ ਬੀਬੀ ਮਾਨ ਨੇ ਆਖਿਆ ਕਿ ਬਲਾਕ ਸੰਮਤੀ ਦੀਆਂ ਗਰਾਂਟਾਂ ਪੰਚਾਇਤਾਂ ਨੂੰ ਇੱਕ ਕਰੋੜ ਰੁਪਏ ਪਹਿਲਾਂ ਹੀ ਤਕਸੀਮ ਕੀਤੇ ਜਾ ਚੁੱਕਾ ਹਨ। ਇਸ ਤੋਂ ਇਲਾਵਾ ਵੀ ਪਿੰਡਾਂ ਨੂੰ ਲੋੜ ਅਨੁਸਾਰ ਸਮੇਂ ਸਮੇਂ 'ਤੇ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਗਰਾਂਟਾਂ ਵੰਡਣ ਸਮੇਂ ਨਕੋਦਰ ਦੇ ਬੀ.ਡੀ.ਓ ਅਵੇ ਚੰਦਰ, ਨੂਰਮਹਿਲ ਦੇ ਬੀ.ਡੀ.ਓ ਅਸ਼ੋਕ ਕੁਮਾਰ, ਪਾਰਟੀ ਦੇ ਅਫ਼ਸਰ ਰਾਮ ਪ੍ਰਕਾਸ਼ ਤੋਂ ਇਲਾਵਾ ਜ਼ਿਲਾ ਪ੍ਰੀਸ਼ਦ ਦੇ ਚੇਅਰਮੈਨ ਦਰਸ਼ਨ ਸਿੰਘ ਟਾਹਲੀ, ਨੂਰਮਹਿਲ ਮਾਰਕਿਟ ਕਮੇਟੀ ਦੇ ਚੇਅਰਮੈਨ ਲਖਵੀਰ ਸਿੰਘ, ਮਾਰਕਿਟ ਕਮੇਟੀ ਨਕੋਦਰ ਦੇ ਚੇਅਰਮੈਨ ਜਸਵੀਰ ਸਿੰਘ ਧੰਜਲ, ਮਾਰਕਿਟ ਕਮੇਟੀ ਬਿਲਗਾ ਦੇ ਚੇਅਰਮੈਨ ਜਸਬੀਰ ਸਿੰਘ ਸੰਗੋਵਾਲ, ਬਲਾਕ ਸੰਮਤੀ ਨਕੋਦਰ ਦੇ ਚੇਅਰਮੈਨ ਚਰਨਜੀਤ ਸਿੰਘ, ਵਾਇਸ ਚੇਅਰਮੈਨ ਜੀਵਨ ਸਿੰਘ, ਬਲਾਕ ਸੰਮਤੀ ਨੂਰਮਹਿਲ ਦੇ ਚੇਅਰਮੈਨ ਚਰਨਜੀਤ ਰਾਏ ਸਮੇਤ ਬੀਬੀ ਮਾਨ ਨੇ ਸੰਬੋਧਨ ਕੀਤਾ। ਇਸ ਮੌਕੇ 'ਤੇ ਹਾਜ਼ਰ ਸਨ। ਇਸ ਮੌਕੇ ਬਲਾਕ ਪ੍ਰਧਾਨ, ਪਿੰਡਾਂ ਦੀਆਂ ਪੰਚਾਇਤਾਂ ਦੇ ਪੰਚ, ਸਰਪੰਚ ਅਤੇ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਮੌਜੂਦ ਸਨ।

ਬੰਦੀ ਸਿੰਘਾਂ ਦੀ ਰਿਹਾਈ ਤੇ ਪੰਥਕ ਏਕਤਾ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਬੰਦੀ ਸਿੰਘਾਂ ਦੀ ਰਿਹਾਈ, ਪੰਥਕ ਏਕਤਾ, ਸਿੱਖ ਕੌਮ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨੂੰ ਸਮਰਪਿਤ ਇੱਕ ਵਿਸ਼ੇਸ਼ ਧਾਰਮਿਕ ਸਮਾਗਮ ਸ਼ਹੀਦ ਨੰਦ ਲਾਲ ਪਬਲਿਕ ਸਕੂਲ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਰਧਾ ਅਤੇ ਸਤਿਕਾਰ ਨਾਲ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਮੂਹ ਸਟਾਫ਼ ਨੇ ਸ਼ਰਧਾ ਸਹਿਤ ਸ਼ਮੂਲੀਅਤ ਕੀਤੀ। ਪਾਠ ਦੀ ਸਮਾਪਤੀ ਉਪਰੰਤ ਅਰਦਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਹੁਕਮਨਾਮਾ ਲਿਆ ਗਿਆ। ਬੰਦੀ ਸਿੰਘਾਂ ਦੀ ਰਿਹਾਈ, ਸਿੱਖ ਪੰਥ ਦੀ ਏਕਤਾ, ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਦ੍ਰਿੜਤਾ ਨਾਲ ਪਹਿਰਾ ਦੇਣ, ਸਿੱਖ ਕੌਮ ਦੀ ਚੜ੍ਹਦੀ ਕਲਾ ਅਤੇ ਸਮੂਹ ਮਨੁੱਖਤਾ ਦੇ ਭਲੇ ਲਈ ਗੁਰੂ ਚਰਨਾਂ ਵਿੱਚ ਬੇਨਤੀ ਕੀਤੀ ਗਈ। ਇਸ ਮੌਕੇ ਇਹ ਵਿਚਾਰ ਵੀ ਉਭਰ ਕੇ ਸਾਹਮਣੇ ਆਇਆ ਕਿ ਬੰਦੀ ਸਿੰਘਾਂ ਦਾ ਮਸਲਾ ਸਿਰਫ਼ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਹੀ ਨਹੀਂ, ਸਗੋਂ ਮਨੁੱਖੀ ਅਧਿਕਾਰਾਂ ਅਤੇ ਨਿਆਂ ਨਾਲ ਵੀ ਜੁੜਿਆ ਹੋਇਆ ਹੈ। ਜਿਹੜੇ ਸਿੰਘ ਆਪਣੀਆਂ ਕਾਨੂੰਨੀ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ, ਉਨ੍ਹਾਂ ਦੀ ਰਿਹਾਈ ਲਈ ਪੰਥ ਪੱਧਰ 'ਤੇ ਲਗਾਤਾਰ ਆਵਾਜ਼ ਉੱਠਦੀ ਰਹੀ ਹੈ। ਇਸ ਮਸਲੇ ਦੇ ਹੱਲ ਲਈ ਸਿੱਖ ਪੰਥ ਵੱਲੋਂ ਸ਼ਾਂਤੀਪੂਰਨ, ਲੋਕਤੰਤਰਿਕ ਅਤੇ ਸੰਵਿਧਾਨਕ ਢੰਗ ਨਾਲ ਯਤਨ ਜਾਰੀ ਰੱਖਣ ਦੀ ਲੋੜ ਹੈ। ਸਕੂਲ ਵਿੱਚ ਕਰਵਾਏ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਨੂੰ ਧਾਰਮਿਕ ਗਤੀਵਿਧੀਆਂ ਨਾਲ ਜੋੜਨਾ ਹੀ ਨਹੀਂ, ਸਗੋਂ ਉਨ੍ਹਾਂ ਨੂੰ ਸਿੱਖ ਇਤਿਹਾਸ, ਗੁਰਬਾਣੀ, ਸਿੱਖੀ ਦੇ ਮਹਾਨ ਸਿਧਾਂਤਾਂ, ਕੁਰਬਾਨੀਆਂ ਅਤੇ ਪੰਥਕ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕਰਨਾ ਵੀ ਸੀ। ਵਿਦਿਆਰਥੀਆਂ ਨੂੰ ਇਹ ਸੰਦੇਸ਼ ਦਿੱਤਾ ਗਿਆ ਕਿ ਸਿੱਖੀ ਸਾਨੂੰ ਸੱਚ, ਨਿਆਂ, ਨਿਮਰਤਾ, ਸੇਵਾ, ਹੱਕ ਸੱਚ ਲਈ ਡਟਣ ਅਤੇ ਸਰਬੱਤ ਦੇ ਭਲੇ ਦਾ ਮਾਰਗ ਦਿਖਾਉਂਦੀ ਹੈ। ਹਰਜਿੰਦਰ ਸਿੰਘ ਧਾਮੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ਸੁਖਮਿੰਦਰ ਸਿੰਘ, ਸਕੱਤਰ ਵਿਦਿਆ ਅਤੇ ਬੀਬੀ ਸਰਬੰਸ ਕੌਰ, ਅਸਿਸਟੈਂਟ ਡਾਇਰੈਕਟਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਵਾਇਆ ਗਿਆ। ਪ੍ਰਿੰਸੀਪਲ ਸਤਨਾਮ ਸਿੰਘ ਭਾਈ ਨੰਦ ਲਾਲ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਇਹ ਵੀ ਪ੍ਰਗਟ ਕੀਤਾ ਗਿਆ ਕਿ ਵਿਦਿਆਰਥੀਆਂ ਨੂੰ ਸਿੱਖੀ ਦੇ ਮਹਾਨ ਵਿਰਸੇ, ਗੁਰਬਾਣੀ, ਸਿੱਖ ਇਤਿਹਾਸ ਅਤੇ ਸੇਵਾ ਦੀ ਭਾਵਨਾ ਨਾਲ ਜੋੜਨ ਲਈ ਭਵਿੱਖ ਵਿੱਚ ਵੀ ਅਜਿਹੇ ਧਾਰਮਿਕ ਅਤੇ ਇਤਿਹਾਸਿਕ ਸਮਾਗਮ ਕਰਵਾਏ ਜਾਂਦੇ ਰਹਿਣਗੇ। ਅੰਤ ਵਿੱਚ ਸਮੂਹ ਸੰਗਤ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ, ਪੰਥਕ ਏਕਤਾ, ਸਿੱਖ ਕੌਮ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕੀਤੀ ਗਈ।

ਐਡਵੋਕੇਟ ਕਰਮਬੀਰ ਸਿੰਘ ਚੰਦੀ ਨੇ ਕਪੂਰਥਲਾ 'ਚ ਚਲਾਈ ਸਾਫ ਸਫ਼ਾਈ ਮੁਹਿੰਮ

ਕਪੂਰਥਲਾ (ਮਨਜੀਤ ਮਾਨ) ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੂਬੇ ਭਰ ਵਿੱਚ ਸਾਫ਼ ਸਫ਼ਾਈ ਅਤੇ ਸੈਨੀਟੇਸ਼ਨ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ, 29 ਅਗਸਤ ਤੋਂ 8 ਸਤੰਬਰ ਤੱਕ ਚਲਾਏ ਜਾ ਰਹੇ 10 ਦਿਨਾਂ ਵਿਸ਼ੇਸ਼ ਸਵੱਛਤਾ ਅਭਿਆਨ ਤਹਿਤ ਨਗਰ ਨਿਗਮ ਕਮਿਸ਼ਨਰ ਅਨੁਪਮ ਕਲੇਰ ਅਤੇ ਆਪ ਹਲਕਾ ਇੰਚਾਰਜ ਐਡਵੋਕੇਟ ਕਰਮਬੀਰ ਸਿੰਘ ਚੰਦੀ ਨੇ ਕਪੂਰਥਲਾ ਵਿੱਚ ਇੱਕ ਵੱਡੀ ਸਫ਼ਾਈ ਮੁਹਿੰਮ ਦੀ ਅਗਵਾਈ ਕੀਤੀ। ਇਹ ਸਫ਼ਾਈ ਮੁਹਿੰਮ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਚਲਾਈ ਗਈ, ਜਿਸ ਵਿੱਚ ਸਫ਼ਾਈ ਟੀਮਾਂ ਵੱਲੋਂ ਸਾਫ ਸਫ਼ਾਈ, ਇਕੱਠੇ ਹੋਏ ਕੂੜੇ ਨੂੰ ਹਟਾਉਣ ਅਤੇ ਪਛਾਣੇ ਗਏ ਕੂੜੇ ਦੇ ਗਾਰਬੇਜ ਵਲਨਰੇਬਲ ਪੁਆਇੰਟ ਅਤੇ ਬਲੈਕ ਸਪਾਟਸ ਨੂੰ ਸਾਫ਼ ਕਰਨ ਦਾ ਕੰਮ ਕੀਤਾ ਗਿਆ। ਮੁਹਿੰਮ ਦੇ ਦੌਰਾਨ ਗੱਲਬਾਤ ਕਰਦਿਆਂ ਕਮਿਸ਼ਨਰ ਅਨੁਪਮ ਕਲੇਰ ਨੇ ਦੱਸਿਆ ਕਿ ਇਸ ਮੁਹਿੰਮ ਦਾ ਮਕਸਦ ਕਪੂਰਥਲਾ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਵਿੱਚ ਸੁਧਾਰ ਲਿਆਉਣਾ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਅਤੇ ਸਫ਼ਾਈ ਸਟਾਫ਼ ਨੂੰ ਨਿਰਦੇਸ਼ ਦਿੱਤੇ ਕਿ ਪਛਾਣੇ ਗਏ ਸਾਰੇ ਸੰਵੇਦਨਸ਼ੀਲ ਥਾਵਾਂ ਦੀ ਚੰਗੀ ਤਰ੍ਹਾਂ ਸਫ਼ਾਈ ਯਕੀਨੀ ਬਣਾਈ ਜਾਵੇ ਅਤੇ ਦੁਬਾਰਾ ਕੂੜਾ ਸੁੱਟਣ ਤੋਂ ਰੋਕਣ ਲਈ ਨਜ਼ਰ ਰੱਖੀ ਜਾਵੇ। ਐਡਵੋਕੇਟ ਕਰਮਬੀਰ ਸਿੰਘ ਚੰਦੀ ਨੇ ਨਗਰ ਨਿਗਮ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸ਼ਹਿਰਵਾਸੀਆਂ ਨੂੰ ਸਫ਼ਾਈ ਟੀਮਾਂ ਦਾ ਪੂਰਨ ਸਹਿਯੋਗ ਕਰਨ ਦੀ ਅਪੀਲ ਕੀਤੀ। ਉਨ੍ਹਾਂ ਲੋਕਾਂ ਨੂੰ ਜ਼ਿੰਮੇਵਾਰੀ ਨਾਲ ਕੂੜੇ ਦਾ ਨਿਪਟਾਰਾ ਕਰਨ ਅਤੇ ਜਨਤਕ ਥਾਵਾਂ 'ਤੇ ਕੂੜਾ ਨਾ ਸੁੱਟਣ ਦੀ ਅਪੀਲ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਲਈ ਭਾਈਚਾਰਕ ਭਾਗੀਦਾਰੀ ਬਹੁਤ ਜ਼ਰੂਰੀ ਹੈ।

ਕੇਂਦਰੀ ਜੇਲ੍ਹ 'ਚ ਭੈਣਾਂ ਨੇ ਵੀਰਾਂ ਨੂੰ ਰੱਖੜੀ ਬੰਨ੍ਹ ਕੇ ਮਨਾਇਆ ਰੱਖੜੀ ਦਾ ਤਿਓਹਾਰ

ਹੁਸ਼ਿਆਰਪੁਰ (ਬਲਵਿੰਦਰ ਸਿੰਘ ਸੈਣੀ, ਓ ਪੀ ਰਾਣਾ) ਸਥਾਨਕ ਕੇਂਦਰੀ ਜੇਲ੍ਹ ਵਿੱਚ ਰੱਖੜੀ ਦੇ ਤਿਉਹਾਰ ਮੌਕੇ ਜੇਲ੍ਹ ਪ੍ਰਸ਼ਾਸਨ ਵੱਲੋਂ ਬੰਦੀਆਂ ਦੇ ਪਰਿਵਾਰਾਂ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਸਨ। ਇਸ ਮੌਕੇ ਭੈਣਾਂ ਨੇ ਆਪਣੇ ਭਰਾਵਾਂ ਨੂੰ ਰੱਖੜੀ ਬੰਨ੍ਹੀ ਅਤੇ ਲੰਮੀ ਉਮਰ ਲਈ ਅਰਦਾਸ-ਬੇਨਤੀ ਕਰਦਿਆਂ ਤਿਉਹਾਰ ਨੂੰ ਭਾਵੁਕ ਅਤੇ ਪਰਿਵਾਰਕ ਮਾਹੌਲ ਵਿਚ ਮਨਾਇਆ ਗਿਆ। ਜੇਲ੍ਹ ਪ੍ਰਸ਼ਾਸਨ ਵੱਲੋਂ 224 ਬੰਦੀਆਂ ਦੇ ਕਰੀਬ 500 ਮੈਂਬਰਾਂ ਲਈ ਵਿਸ਼ੇਸ਼ ਮੁਲਾਕਾਤ ਦਾ ਪ੍ਰਬੰਧ ਕੀਤਾ ਗਿਆ, ਜਿਸ ਦੌਰਾਨ ਭੈਣਾਂ ਨੇ ਆਪਣੇ ਭਰਾਵਾਂ ਦੇ ਗੁੱਟ 'ਤੇ ਰੱਖੜੀ ਬੰਨ੍ਹ ਕੇ ਤਿਉਹਾਰ ਦੀਆਂ ਖ਼ੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਮੁਲਾਕਾਤ ਦੌਰਾਨ ਭੈਣਾਂ ਨੇ ਆਪਣੇ ਭਰਾਵਾਂ ਨੂੰ ਭਾਵਨਾਤਮਕ ਤੌਰ 'ਤੇ ਪ੍ਰੇਰਿਆ ਕਿ ਉਹ ਸਮਾਜ ਦੀ ਮੁੱਖ ਧਾਰਾ ਵਿੱਚ ਵਾਪਸ ਆਉਣ ਅਤੇ ਜੇਲ੍ਹ ਤੋਂ ਰਿਹਾਈ ਤੋਂ ਬਾਅਦ ਜ਼ਿੰਮੇਵਾਰ ਨਾਗਰਿਕਾਂ ਵਜੋਂ ਰਹਿਣ। ਉਨ੍ਹਾਂ ਕਿਹਾ ਕਿ ਰੱਖੜੀ ਦਾ ਤਿਉਹਾਰ ਭੈਣ-ਭਰਾ ਦੇ ਸਦੀਵੀ ਅਤੇ ਪਵਿੱਤਰ ਰਿਸ਼ਤੇ ਦਾ ਗਹਿਰਾ ਅਹਿਸਾਸ ਕਰਵਾਉਂਦਾ ਹੈ ਅਤੇ ਰੱਖੜੀ ਭੈਣ-ਭਰਾ ਦੀ ਅਟੁੱਟ ਸਾਂਝ ਦਾ ਪ੍ਰਗਟਾਵਾ ਕਰਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਅਤੇ ਏ.ਡੀ.ਜੀ.ਪੀ. ਜੇਲਾਂ ਆਰ. ਕੇ. ਜਾਇਸਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੇਂਦਰੀ ਜੇਲ੍ਹ ਵਿੱਚ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਸਨ ਤਾਂ ਜੋ ਸੰਬੰਧਤ ਪਰਿਵਾਰ ਰੱਖੜੀ ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾ ਸਕਣ। ਇਸ ਸੰਬੰਧੀ ਸੁਪਰਡੈਂਟ ਐੱਚ.ਐੱਸ. ਗਿੱਲ ਨੇ ਕੈਦੀਆਂ ਨੂੰ ਰੱਖੜੀ ਤਿਉਹਾਰ ਦੀਆਂ ਮੁਬਾਰਕਾਂ ਦਿੱਤੀਆਂ ਜਿਨ੍ਹਾਂ ਵਿੱਚ ਮਰਦ ਅਤੇ ਔਰਤਾਂ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਬੰਦੀਆਂ ਨੂੰ ਅਨੁਸ਼ਾਸਨ ਵਿੱਚ ਰਹਿਣ ਅਤੇ ਜਦੋਂ ਉਹ ਆਪਣੀ ਸਜ਼ਾ ਕੱਟ ਕੇ ਵਾਪਸ ਜਾਂਦੇ ਹਨ ਤਾਂ ਉਹ ਸਮਾਜ ਵਿੱਚ ਚੰਗਾ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਜੇਲ੍ਹ ਸੁਪਰਡੈਂਟ ਨੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਕਿ ਆਪਣੇ ਸਮਾਜਿਕ ਜੀਵਨ ਵਿਚ ਰਹਿਣ-ਸਹਿਣ ਅਤੇ ਸਜ਼ਾ ਕੱਟਣ ਉਪਰੰਤ ਕਿਸ ਤਰ੍ਹਾਂ ਆਪਣਾ ਜੀਵਨ ਬਤੀਤ ਕਰਨ ਅਤੇ ਜੀਵਨ ਵਿਚ ਸਾਕਾਰਤਮਕ ਰਵੱਈਆ ਰੱਖਣਾ ਹੈ। ਬੁਰਾਈਆਂ ਨੂੰ ਤਿਆਗ ਕੇ ਕਿਸ ਤਰ੍ਹਾਂ ਆਪਣਾ ਜੀਵਨ ਜਿਉਣਾ ਹੈ ਅਤੇ ਇਕ ਆਮ ਨਾਗਰਿਕ ਦੀ ਤਰ੍ਹਾਂ ਕਿਸ ਤਰ੍ਹਾਂ ਜੀਵਨ ਨਿਰਬਾਹ ਕਰਨਾ ਹੈ।

'ਹਮਾਰੇ ਰਾਮ' ਦਾ ਸਫਲ ਮੰਚਨ



ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ, ਸੁਰਿੰਦਰ ਕੁਮਾਰ) ਸਥਾਨਕ ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਸ਼ਾਹਪੁਰ ਕੈਂਪਸ ਵਿੱਚ ਆਯੋਜਿਤ ਵਿਸ਼ਵ ਪ੍ਰਸਿੱਧ ਨਾਟਕ 'ਹਮਾਰੇ ਰਾਮ' ਦੇ ਦੋ ਪਲੇਅ ਸ਼ੋਅ ਦੀ ਸ਼ੁਰੂਆਤ ਕਰਵਾਉਣਾਂ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਭਗਵਾਨ ਸ੍ਰੀ ਰਾਮ ਜੀ ਦੇ ਸਦੀਵੀ ਆਦਰਸ਼ਾਂ ਨੂੰ ਘਰ-ਘਰ ਪਹੁੰਚਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਾਡੇ ਧਰਮਾਂ ਦਾ ਬਰਾਬਰ ਸਤਿਕਾਰ ਕਰਦੀ ਹੈ ਅਤੇ ਸਰਕਾਰ ਦੇ ਇਸ ਉਪਰਾਲੇ ਦਾ ਉਦੇਸ਼ ਥੀਏਟਰ ਦੇ ਪ੍ਰਭਾਵਸ਼ਾਲੀ ਮਾਧਿਅਮ ਰਾਹੀਂ ਭਗਵਾਨ ਸ੍ਰੀ ਰਾਮ ਜੀ ਦੇ ਸੱਚ, ਧਰਮ, ਦਇਆ ਅਤੇ ਏਕਤਾ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਦੇ ਨਾਲ-ਨਾਲ ਸਨਾਤਨ ਧਰਮ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਗਸਤ ਤੇ ਸਤੰਬਰ ਮਹੀਨੇ ਦੌਰਾਨ ਸੂਬੇ ਦੇ 12 ਸ਼ਹਿਰਾਂ ਵਿੱਚ ਇਸ ਪ੍ਰਸਿੱਧ ਨਾਟਕ ਦੇ 41 ਸ਼ੋਅ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਇਹ ਪਹਿਲਕਦਮੀ ਜਿੱਥੇ ਸਾਡੇ ਅਮੀਰ ਵਿਰਸੇ ਅਤੇ ਰਿਵਾਇਤੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰੇਗੀ ਉਥੇ ਨੌਜਵਾਨ ਪੀੜ੍ਹੀ ਨੂੰ ਭਾਰਤ ਦੀ ਅਧਿਆਤਮਕ ਤੇ ਸੱਭਿਆਚਾਰਕ ਵਿਰਾਸਤ ਨਾਲ ਵੀ ਜੋੜੇਗੀ। ਭਗਤ ਨੇ ਨੌਜਵਾਨਾਂ ਨੂੰ ਭਗਵਾਨ ਸ੍ਰੀ ਰਾਮ ਜੀ ਉਪਦੇਸ਼ਾਂ ਤੋਂ ਪ੍ਰੇਰਨਾ ਲੈ ਕੇ ਆਦਰਸ਼ ਸਮਾਜ ਦੀ ਸਿਰਜਣਾ ਵਿੱਚ ਅਹਿਮ ਭੂਮਿਕਾ ਨਿਭਾਉਣ ਲਈ ਅੱਗੇ ਆਉਣ ਦਾ ਸੱਦਾ ਵੀ ਦਿੱਤਾ। ਦੂਜੇ ਸ਼ੋਅ ਦੌਰਾਨ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਮੀਡੀਆ ਸਲਾਹਕਾਰ ਦੀਪਕ ਬਾਲੀ ਨੇ ਕਿਹਾ ਕਿ ਵਿਸ਼ਵ ਪ੍ਰਸਿੱਧ ਨਾਟਕ 'ਹਮਾਰੇ ਰਾਮ' ਮਸ਼ਹੂਰ ਅਦਾਕਾਰ ਆਸ਼ੁਤੋਸ਼ ਰਾਣਾ, ਰਾਹੁਲ ਆਰ ਭੁੱਚਰ, ਤਰੁਣ ਖੰਨਾ ਅਤੇ ਟੀਮ ਵੱਲੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਪੇਸ਼ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਸ਼ੋਅ ਬਿਲਕੁਲ ਮੁਫ਼ਤ ਕਰਵਾਏ ਜਾ ਰਹੇ ਹਨ ਤਾਂ ਜੋ ਸਮਾਜ ਦੇ ਹਰ ਵਰਗ ਦੇ ਲੋਕ ਭਗਵਾਨ ਸ੍ਰੀ ਰਾਮ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਯਤਨ ਸਮਾਜ ਵਿੱਚ ਸੱਚ, ਧਰਮ, ਏਕਤਾ ਅਤੇ ਦਇਆ ਦੇ ਸੰਦੇਸ਼ ਨੂੰ ਹੋਰ ਮਜ਼ਬੂਤ ਕਰੇਗਾ। ਉਨ੍ਹਾਂ ਦੱਸਿਆ ਕਿ 29 ਅਗਸਤ ਨੂੰ ਵੀ ਸੀ.ਟੀ. ਇੰਸਟੀਚਿਊਟ ਸ਼ਾਹਪੁਰ ਵਿਖੇ ਭਗਵਾਨ ਸ੍ਰੀ ਰਾਮ ਜੀ ਦੇ ਜੀਵਨ ਅਤੇ ਉਪਦੇਸ਼ਾਂ 'ਤੇ ਆਧਾਰਿਤ ਵਿਸ਼ਵ ਪ੍ਰਸਿੱਧ ਨਾਟਕ 'ਹਮਾਰੇ ਰਾਮ' ਦੇ ਦੋ ਸ਼ੋਅ ਦੁਪਹਿਰ 2 ਅਤੇ ਸ਼ਾਮ 6.30 ਵਜੇ ਕਰਵਾਏ ਜਾਣਗੇ। ਉਨ੍ਹਾਂ ਲੋਕਾਂ ਨੂੰ 'ਹਮਾਰੇ ਰਾਮ' ਨਾਟਕ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਿਰਕਤ ਕਰਕੇ ਭਗਵਾਨ ਸ੍ਰੀ ਰਾਮ ਦੇ ਆਦਰਸ਼ਾਂ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ। ਨਾਟਕ ਦੇ ਕਿਰਦਾਰ ਵਿੱਚ ਪ੍ਰਸਿੱਧ ਅਦਾਕਾਰ ਆਸ਼ੂਤੋਸ਼ ਰਾਣਾ ਦੀ ਦਮਦਾਰ ਅਦਾਕਾਰੀ ਤੇ ਸੰਵਾਦ ਅਦਾਇਗੀ ਨੇ ਦਰਸ਼ਕਾਂ ਨੂੰ ਖੂਬ ਤਾੜੀਆਂ ਵਜਾਉਣ ਲਈ ਮਜਬੂਰ ਕੀਤਾ। ਇਸ ਤਰ੍ਹਾਂ ਨਾਟਕ ਦੇ ਨਿਰਮਾਤਾ ਰਾਹੁਲ ਆਰ. ਭੁੱਚਰ ਵੱਲੋਂ ਸ੍ਰੀ ਰਾਮ ਜੀ ਦੇ ਕਿਰਦਾਰ ਦੀ ਕੀਤੀ ਗਈ ਪ੍ਰਭਾਵਸ਼ਾਲੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਦਰਸ਼ਕਾਂ ਨੇ ਸ਼ਲਾਘਾ ਕੀਤੀ। ਵਿਸ਼ਵ ਮਹਾਦੇਵਨ, ਸੰਨ੍ਹੇ ਨਿਗਮ ਅਤੇ ਕੈਲਾਸ਼ ਖੇਰ ਵਰਗੇ ਨਾਮਵਰ ਗਾਇਕਾਂ ਦੀਆਂ ਪਿੱਠਵਰਤੀ ਰੂਹਾਨੀ ਅਤੇ ਸੰਗੀਤਕ ਪੇਸ਼ਕਾਰੀਆਂ ਨੇ ਮਾਹੌਲ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਇਆ। ਇਸ ਮੌਕੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਕੀਮਤੀ ਭਗਤ, ਵਧੀਕ ਡਿਪਟੀ ਕਮਿਸ਼ਨਰ ਅਮਰਜੀਤ ਬੈਂਸ , ਐਸ.ਡੀ.ਐਮ.ਸ਼ੁਭੀ ਆਂਗਰਾ, ਚਰਨਜੀਤ ਸਿੰਘ ਚੰਨੀ, ਚੇਅਰਮੈਨ ਸੀ.ਟੀ. ਗਰੁੱਪ , ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਅਤੇ ਹੋਰ ਉੱਘੀਆਂ ਸ਼ਖਸੀਅਤਾਂ ਵੀ ਮੌਜੂਦ ਸਨ।

ਪਿੰਡ ਢੱਡਰ ਨੂੰ ਬਿੰਦੂ ਘੁੰਮਣ ਨੇ ਪੀਣ ਵਾਲੇ ਪਾਣੀ ਦਾ ਸਟੀਲ ਟੈਂਕਰ ਦਿੱਤਾ

ਦਸੂਹਾ (ਕਰਨੈਲ ਮਾਂਗਟ) ਬਲਾਕ ਦਸੂਹਾ ਦੇ ਪਿੰਡ ਢੱਡਰ ਦੀ ਪੰਚਾਇਤ ਨੂੰ ਵਿਧਾਇਕ ਦਸੂਹਾ ਐਡਵੋਕੇਟ ਕਰਮਵੀਰ ਸਿੰਘ ਘੁੰਮਣ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਧਾਇਕ ਦੇ ਭਰਾ ਬਰਿੰਦਰ ਇਕਬਾਲ ਸਿੰਘ ਬਿੰਦੂ ਘੁੰਮਣ ਨੇ ਪੀਣ ਵਾਲੇ ਪਾਣੀ ਦਾ ਸਟੀਲ ਟੈਂਕਰ ਦਿੱਤਾ ਗਿਆ। ਇਸ ਮੌਕੇ ਵਿਧਾਇਕ ਘੁੰਮਣ ਦੇ ਭਰਾ ਬਰਿੰਦਰ ਇਕਬਾਲ ਸਿੰਘ ਬਿੰਦੂ ਘੁੰਮਣ ਨੇ ਕਿਹਾ ਕਿ ਲੰਬੇ ਸਮੇਂ ਤੋਂ ਪਿੰਡ ਦੀ ਮੰਗ ਨੂੰ ਪੂਰਾ ਕੀਤਾ ਗਿਆ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਬਹੁਤ ਮਜਬੂਤੀ ਨਾਲ ਚੱਲ ਰਹੀ ਹੈ ਅਤੇ ਹਲਕਾ ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ ਦੇ ਯਤਨਾਂ ਸਦਕਾ ਵਿਕਾਸ ਕਾਰਜਾਂ ਅੰਦਰ ਕਾਫੀ ਤੇਜ਼ੀ ਆਈ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਵੱਲੋਂ ਜੋ ਵਾਅਦੇ ਲੋਕਾਂ ਨਾਲ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਗਏ ਸਨ, ਉਨ੍ਹਾਂ ਨੂੰ ਪੂਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਹਲਕਾ ਵਿਧਾਇਕ ਦਸੂਹਾ ਵੱਲੋਂ ਕੰਢੀ ਖੇਤਰ ਦੇ ਨਾਲ ਨਾਲ ਹੋਰ ਖੇਤਰਾਂ ਵਿੱਚ ਵੀ ਲੰਬੇ ਸਮੇਂ ਤੋਂ ਜੋ ਸਮੱਸਿਆਵਾਂ ਨਾਲ ਖੇਤਰ ਵਾਸੀ ਜੂਝ ਰਹੇ ਹਨ, ਉਨ੍ਹਾਂ ਦਾ ਹੱਲ ਪਹਿਲ ਦੇ ਅਧਾਰ 'ਤੇ ਕਰਵਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਖੇਤਰ ਅੰਦਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਅਤੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਖੇਡ ਪਾਰਕਾਂ ਦਾ ਨਿਰਮਾਣ ਕਰਵਾਏ ਗਏ, ਗਿਆ ਜਿਸ ਦਾ ਨੌਜਵਾਨ ਭਰਪੂਰ ਲਾਭ ਪ੍ਰਾਪਤ ਕਰ ਰਹੇ ਹਨ। ਪਿੰਡ ਦੀ ਪੰਚਾਇਤ ਅਤੇ ਪਿੰਡ ਵਾਸੀਆਂ ਵੱਲੋਂ ਪੰਜਾਬ ਸਰਕਾਰ ਹਲਕਾ ਵਿਧਾਇਕ ਦਸੂਹਾ ਵਿਧਾਇਕ ਘੁੰਮਣ ਤੇ ਉਨਾਂ ਦੇ ਭਰਾ ਬਿੰਦੂ ਘੁੰਮਣ ਦਾ ਧੰਨਵਾਦ ਕੀਤਾ ਗਿਆ ਇਸ ਮੌਕੇ ਬਲਾਕ ਸੰਮਤ ਦਸੂਹਾ ਦੇ ਮੀਤ ਚੇਅਰਮੈਨ ਗਗਨਦੀਪ ਸਿੰਘ ਚੀਮਾ, ਅੰਮ੍ਰਿਤ ਵਾਲੀਆ, ਸੰਦੀਪ ਢਿੱਲੋਂ ਬੀ.ਡੀ.ਪੀ.ਓ. ਸਹਾਇਕ , ਅੰਕੁਸ਼ ਤਿਹਾੜਾ, ਸਰਪੰਚ ਨਿਰਮਲਾ ਦੇਵੀ, ਸਤਬੀਰ ਸਿੰਘ, ਸੰਦੀਪ ਕੁਮਾਰ, ਰਵੀ ਸਿੰਘ, ਗੁਲਸ਼ਨ ਕੁਮਾਰ, ਡਿੰਪਲ, ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

ਪਾਵਰਕਾਮ ਦੇ ਮੁਲਾਜ਼ਮਾਂ ਵੱਲੋਂ ਅਰਥੀ ਫੂਕ ਮੁਜ਼ਾਹਰਾ

ਖਰੜ (ਹਰਨਾਮ ਸਿੰਘ ਡੱਲਾ) ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ, ਐਸੋਸੀਏਸ਼ਨ ਆਫ਼ ਜੇ.ਈਜ਼, ਮੁਲਾਜ਼ਮ ਯੂਨਾਈਟਡ ਆਰਗੇਨਾਈਜ਼ੇਸ਼ਨ, ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਵੱਲੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਦੀ ਹਮਾਇਤ ਵਿੱਚ ਡਵੀਜ਼ਨ ਦਫ਼ਤਰ ਖਰੜ ਵਿਖੇ ਪੰਜਾਬ ਸਰਕਾਰ ਦਾ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ। ਰੈਲੀ ਵਿੱਚ ਡਵੀਜ਼ਨ ਖਰੜ ਦੀਆਂ ਵੱਖ-ਵੱਖ ਸਬ-ਡਵੀਜ਼ਨਾਂ ਤੋਂ ਬਿਜਲੀ ਮੁਲਾਜ਼ਮਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਪ੍ਰਧਾਨ ਬਲਵਿੰਦਰ ਸਿੰਘ ਰਡਿਆਲਾ, ਭੁਪਿੰਦਰ ਸਿੰਘ, ਸਕੱਤਰ ਪੈਨਸ਼ਨਜ ਐਸੋਸੀਏਸ਼ਨ, ਯੋਗਰਾਜ ਸਿੰਘ ਜੋਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ। ਇਨ੍ਹਾਂ ਵਿੱਚ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਨੂੰ ਬਕਾਇਆ ਡੀ.ਏ. ਦੇਣਾ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ, ਮਿਤੀ 17-07-2020 ਦੇ ਪੱਤਰ ਨੂੰ ਰੱਦ ਕਰਨਾ ਅਤੇ ਪੈਨਸ਼ਨਰਾਂ ਲਈ 2.59 ਦਾ ਫੈਕਟਰ ਲਾਗੂ ਕਰਨਾ ਆਦਿ ਪ੍ਰਮੁੱਖ ਮੰਗਾਂ ਸਨ। ਪਰੰਤੂ ਸਰਕਾਰ ਬਣਨ ਤੋਂ ਬਾਅਦ ਇਨ੍ਹਾਂ ਵਿੱਚੋਂ ਇੱਕ ਵੀ ਵਾਅਦਾ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਆਗੂਆਂ ਨੇ ਐਲਾਨ ਕੀਤਾ ਕਿ ਪੰਜਾਬ ਭਰ ਦੇ ਮੁਲਾਜ਼ਮ ਆਪਣੇ-ਆਪਣੇ ਦਫ਼ਤਰਾਂ ਅੱਗੇ ਅਰਥੀ ਫੂਕ ਮੁਜ਼ਾਹਰੇ ਕਰਕੇ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦਾ ਤਿੱਖਾ ਵਿਰੋਧ ਕਰ ਰਹੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਦਾ ਤੁਰੰਤ ਹੱਲ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਵੀ ਤਿੱਖਾ ਅਤੇ ਵਿਸ਼ਾਲ ਕੀਤਾ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਰੋਸ ਰੈਲੀ, ਅਤੇ ਅਰਥੀ ਫੂਕ ਮੁਜਾਹਰੇ ਵਿਚ ਸ਼ਾਮਲ ਹੋਏ ਸ਼ੇਰ ਸਿੰਘ ਪ੍ਰਧਾਨ ਸਿਟੀ ਖਰੜ, ਜਰਨੈਲ ਸਿੰਘ ਪ੍ਰਧਾਨ ਸ/ਅ ਖਰੜ, ਮਨਦੀਪ ਰੱਤੂ, ਗੁਰਪ੍ਰੀਤ ਸਿੰਘ, ਹਰਜੀਤ ਸਿੰਘ, ਨਰਿੰਦਰ ਸਿੰਘ, ਕਾਕਾ ਸਿੰਘ, ਸਤਵਿੰਦਰ ਸਿੰਘ, ਵਿਕਰਾਂਤ, ਜਗਨਦੀਪ, ਗੁਰਦੀਪ ਸਿੰਘ ਵੱਡੀ ਗਿਣਤੀ ਵਿੱਚ ਬਿਜਲੀ ਕਾਮੇ ਹਾਜ਼ਰ ਸਨ।

ਵੱਖ-ਵੱਖ ਸ਼ਖਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ

ਅੱਡਾ ਸਰਾਂ (ਜਸਵੀਰ ਕਾਜਲ) ਟਾਂਡਾ ਉੜਮੁੜ ਦੇ ਸੀਨੀਅਰ ਪੱਤਰਕਾਰ ਤੇ ਪੱਤਰਕਾਰ ਮੰਚ ਟਾਂਡਾ ਦੇ ਪ੍ਰਧਾਨ ਵਰਿੰਦਰ ਪੰਡਿਤ ਦੀ ਮਾਤਾ ਕਮਲਾ ਰਾਣੀ ਵਾਸੀ ਪੁੱਲ ਪੁਖਤਾ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ। ਉਨ੍ਹਾਂ ਦੇ ਦਿਹਾਂਤ 'ਤੇ ਪੱਤਰਕਾਰ ਮੰਚ ਟਾਂਡਾ, ਟਾਡਾਂ ਨਿਊਜ਼ ਏਜੰਸੀ ਪ੍ਰਵੀਨ ਬਹਿਲ, ਵਿੱਕੀ ਬਹਿਲ, ਜਸਵੀਰ ਕਾਜਲ ਅੱਡਾ ਸਰਾਂ, ਚਰਨਜੀਤ ਸਿੰਘ ਪੜਬੱਗਾ, ਜੁਗਲ ਕਿਸ਼ੋਰ ਭਾਗੀਆ ਸਾਬਕ ਸਰਪੰਚ, ਅੰਮ੍ਰਿਪਾਲ ਸਿੰਘ ਪ੍ਰਧਾਨ ਬਾਬਾ ਬਿਸਨ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਕੰਧਾਲਾ ਜੱਟਾ, ਜਸਵਿੰਦਰ ਸਿੰਘ ਚੌਹਾਨ ਵਾਰਸ ਪੰਜਾਬ ਪ੍ਰਧਾਨ ਅੱਡਾ ਸਰਾਂ, ਐਡਵੋਕੇਟ ਦਮਨਦੀਪ ਸਿੰਘ ਸਰਪੰਚ ਦਰੀਆਂ ਸਾਬਕ ਕਾਂਗਰਸ ਯੂਥ ਪ੍ਰਧਾਨ ਹੁਸ਼ਿਆਰਪੁਰ, ਜਸਵੰਤ ਸਿੰਘ ਭਾਗੋਵਾਲ, ਇੰਜ, ਅਨਿਲ ਮਹਿਤਾ ਬੀ ਐਨ ਡੀ ਕੰਧਾਲਾ ਜੱਟਾ, ਨੰਬਰਦਾਰ ਸਤਨਾਮ ਸਿੰਘ ਢਿੱਲੋਂ, ਜਸਵੰਤ ਸਿੰਘ ਚੋਟਾਲਾ ਸੀਨੀਅਰ ਕਾਗਰਸ ਆਗੂ, ਯੂਥ ਕਾਗਰਸ ਆਗੂ ਐਡਵੋਕੇਟ ਗੁਰਵੀਰ ਸਿੰਘ ਚੋਟਾਲਾ ਨੇ ਵਰਿੰਦਰ ਪੰਡਿਤ ਤੇ ਉਨ੍ਹਾਂ ਦੇ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

ਐੱਨ ਆਰ ਆਈਜ਼ ਨੇ ਲੋੜਵੰਦ ਪਰਵਾਰ ਦੀ ਕੀਤੀ ਆਰਥਿਕ ਸਹਾਇਤਾ

ਕਪੂਰਥਲਾ (ਮਨਜੀਤ ਮਾਨ) ਐਨ ਆਰ ਆਈਜ਼ ਹਮੇਸ਼ਾ ਲੋੜਵੰਦ ਪਰਵਾਰਾਂ ਦੀ ਸਹਾਇਤਾ ਕਰਨ ਲਈ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲੇ ਮੁੱਖ ਸੇਵਾਦਾਰ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ ਵਾਲਿਆ ਵੱਲੋਂ ਐਨ ਆਰ ਆਈਜ਼ ਵੀਰਾਂ ਨੂੰ ਬੇਨਤੀ ਕੀਤੀ ਗਈ ਸੀ ਜਿਸ ਨੂੰ ਪ੍ਰਵਾਨ ਕਰਦਿਆਂ ਐਨ ਆਰ ਆਈਜ਼ ਪਰਮਜੀਤ ਸਿੰਘ ਸਿੱਧੂ ਯੂ ਐਸ ਏ ਵੱਲੋਂ 20 ਹਜ਼ਾਰ ਰੁਪਏ, ਗੁਰਪ੍ਰੀਤ ਸਿੰਘ ਸਪੇਨ ਬੰਬੇ ਰੈਸਟੋਰੈਂਟ ਵਾਲਿਆ ਵਲੋਂ ਆਪਣੇ ਸਾਥੀਆਂ ਦੇ ਸਹਿਯੋਗ ਨਾਲ 16 ਹਜ਼ਾਰ ਰੁਪਏ ਦਾ ਯੋਗਦਾਨ ਦੀ ਸਹਾਇਤਾ ਘਰ ਦੇ ਲੈਟਰ ਵਾਸਤੇ ਬਾਬਾ ਜੋਗਾ ਸਿੰਘ ਸਿੱਧਵਾਂ ਦੋਨਾਂ ਵਾਲਿਆ ਦੇ ਸਪੁੱਤਰ ਗੁਰਪ੍ਰੀਤ ਸਿੰਘ ਜੋ ਕਿਸੇ ਬੀਮਾਰੀ ਕਾਰਨ ਕੰਮਕਾਜ ਕਰਨ ਤੋਂ ਅਸਮਰਥ ਹਨ ਤੇ ਗੁਰੂ ਘਰ ਕਕਾਰ ਵੇਚ ਕੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਿਹਾ ਹੈ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲਿਆ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਐਨ ਆਰ ਆਈਜ਼ ਦੇ ਸਹਿਯੋਗ ਨਾਲ ਇਹ ਸੇਵਾ ਨਿਰੰਤਰ ਜਾਰੀ ਰਹੇਗੀ ਇਸ ਮੌਕੇ ਗਿਆਨੀ ਮਨਵੀਰ ਸਿੰਘ ਅੰਮ੍ਰਿਤਸਰ, ਗਿਆਨੀ ਮਨਜੀਤ ਸਿੰਘ ਤਰਨਤਾਰਨ, ਗਿਆਨੀ ਕ੍ਰਿਪਾਲ ਸਿੰਘ ਲੱਲੀਆਂ ਕਲਾਂ, ਬਾਬਾ ਜੋਗਾ ਸਿੰਘ ਸਿੱਧਵਾਂ ਦੋਨਾਂ, ਗਿਆਨੀ ਗੁਰਦਿਆਲ ਸਿੰਘ ਭੰਡਾਲ ਦੋਨਾਂ ਆਦਿ ਹਾਜ਼ਰ ਸਨ।

ਡਾ. ਰਾਜ ਕੁਮਾਰ ਚੱਬੇਵਾਲ ਨੇ ਫਗਵਾੜਾ 'ਚ 'ਸਵੱਛਤਾ ਅਭਿਆਨ' ਦੀ ਕੀਤੀ ਸ਼ੁਰੂਆਤ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਫਗਵਾੜਾ ਵਿੱਚ ਸਾਫ਼ ਸਫ਼ਾਈ ਦੀ ਮੁਹਿੰਮ ਚਲਾ ਕੇ 10 ਦਿਨਾਂ ਦੇ ਵਿਸ਼ੇਸ਼

ਸਵੱਛਤਾ ਅਭਿਆਨ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਉਨ੍ਹਾਂ ਸਾਰਿਆਂ ਨੂੰ ਮਿਲ ਕੇ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਅਰੋਗ ਬਣਾਉਣ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ। ਇਹ ਅਭਿਆਨ 8 ਸਤੰਬਰ ਤੱਕ ਚਲਾਇਆ ਜਾਵੇਗਾ। ਇਸ ਦਾ ਮੁੱਖ ਮਕਸਦ ਕੂੜੇ ਦੇ ਪੁਰਾਣੇ ਪੁਆਇੰਟਾਂ, ਕੂੜੇ ਦੇ ਢੇਰਾਂ, ਖੁੱਲ੍ਹੇ ਵਿੱਚ ਸੁੱਟੇ ਕੂੜੇ ਅਤੇ ਸਫ਼ਾਈ ਪੱਖੋਂ ਖ਼ਰਾਬ ਥਾਵਾਂ ਦੀ ਪੂਰੀ ਤਰ੍ਹਾਂ ਸਫ਼ਾਈ ਕਰਨਾ ਹੈ। ਡਾ. ਚੱਬੇਵਾਲ ਨੇ ਮੇਅਰ ਰਾਮਪਾਲ ਉੱਪਲ, ਨਗਰ ਨਿਗਮ ਕਮਿਸ਼ਨਰ ਰਣਦੀਪ ਸਿੰਘ ਹੀਰ ਅਤੇ ਹੋਰ ਅਧਿਕਾਰੀਆਂ ਨਾਲ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਜਾ ਕੇ ਸਫ਼ਾਈ ਕੀਤੀ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮਕਸਦ ਸਿਰਫ਼ ਕੂੜਾ ਚੁੱਕਣਾ ਹੀ ਨਹੀਂ, ਸਗੋਂ ਸਾਫ਼ ਕੀਤੀਆਂ ਥਾਵਾਂ 'ਤੇ ਦੁਬਾਰਾ ਕੂੜਾ ਡੰਪ ਹੋਣ ਤੋਂ ਰੋਕਣਾ ਹੈ। ਉਨ੍ਹਾਂ ਦੱਸਿਆ ਕਿ ਸਫ਼ਾਈ ਟੀਮਾਂ, ਲੋੜੀਂਦੇ ਕਰਮਚਾਰੀਆਂ, ਮਸ਼ੀਨਰੀ ਅਤੇ ਵਾਹਨਾਂ ਨੂੰ ਇਸ ਕੰਮ ਲਈ ਤਾਇਨਾਤ ਕਰ ਦਿੱਤਾ ਗਿਆ ਹੈ। ਸੰਸਦ ਮੈਂਬਰ ਨੇ ਕਿਹਾ ਕਿ ਇਸ ਅਭਿਆਨ ਦੌਰਾਨ ਲੋਕਾਂ ਦੀਆਂ ਸਫ਼ਾਈ ਨਾਲ ਜੁੜੀਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇਗਾ। ਇਸ ਵਿੱਚ ਆਮ ਲੋਕਾਂ, ਐਨ.ਜੀ.ਓਜ਼, ਮਾਰਕਿਟ ਕਮੇਟੀਆਂ, ਸਕੂਲਾਂ-ਕਾਲਜਾਂ ਅਤੇ ਯੂਥ ਕਲੱਬਾਂ ਦੀ ਭਾਗੀਦਾਰੀ ਵੀ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਖੁੱਲ੍ਹੇ ਵਿੱਚ ਕੂੜਾ ਨਾ ਸੁੱਟਣ ਅਤੇ ਪ੍ਰਸ਼ਾਸਨ ਦਾ ਸਾਥ ਦੇਣ। ਡਾ. ਚੱਬੇਵਾਲ ਨੇ ਸਾਫ਼ ਕੀਤਾ ਕਿ ਫਗਵਾੜਾ ਵਿੱਚ ਸਫ਼ਾਈ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਨਿਗਰਾਨੀ ਰੱਖੀ ਜਾਵੇਗੀ ਅਤੇ ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਬੰਗਾ ਡਵੀਜ਼ਨ ਅੱਗੇ ਸਰਕਾਰ ਦਾ ਪੁਤਲਾ ਫੂਕਿਆ

ਬੰਗਾ (ਅਵਤਾਰ ਕਲੇਰ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਮੁਲਾਜ਼ਮ ਤੇ ਸਾਂਝਾ ਤਾਲਮੇਲ ਸੰਘਰਸ਼ ਕਮੇਟੀ ਨੂੰ ਮੀਟਿੰਗ ਦੇ ਕੇ ਉਸ ਦੀ ਜਗ੍ਹਾ ਬਦਲ ਕੇ ਚੰਡੀਗੜ੍ਹ ਤੋਂ ਜਲੰਧਰ ਕੀਤੀ ਗਈ। ਪ੍ਰੰਤੂ ਜਲੰਧਰ ਵਿੱਚ ਵੀ ਮੀਟਿੰਗ ਨਾ ਕਰਨ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ। ਜਿਸ ਵਿੱਚ ਵੱਖ ਵੱਖ ਬੁਲਾਰਿਆਂ ਵੱਲੋਂ ਜਿਨ੍ਹਾਂ ਦੇ ਵਿੱਚ ਡਾ. ਨਿਰੰਜਨ ਪਾਲ, ਠਾਕੁਰ ਦਾਸ, ਨਸੀਬ ਚੰਦ, ਸੁਰਿੰਦਰ ਪਾਲ, ਰਾਮ ਲੁਭਾਇਆ ਸਾਬਕਾ ਸੂਬਾ ਵਿੱਤ ਸਕੱਤਰ ਟੀ ਐਸ ਯੂ ਵੱਲੋਂ ਬੋਲਦੇ ਸਮੇਂ ਸਰਕਾਰ ਦੀ ਉਹਨਾਂ ਗਲਤ ਨੀਤੀਆਂ ਦੀ ਨਿਖੇਧੀ ਕੀਤੀ ਗਈ ਅਤੇ ਚਿਤਾਵਨੀ ਵੀ ਦਿੱਤੀ ਗਈ। ਜਥੇਬੰਦੀਆਂ ਨੂੰ ਮੀਟਿੰਗ ਦੇ ਕੇ ਮੁਲਾਜ਼ਮਾਂ ਦੇ ਮਸਲੇ ਹੱਲ ਨਾ ਕੀਤੇ ਗਏ ਤਾਂ ਜਥੇਬੰਦੀਆਂ ਵੱਲੋਂ ਅਗਲੇ ਐਕਸ਼ਨ ਉਲੀਕੇ ਜਾਣਗੇ। ਜਿਸ ਦੀ ਪੂਰੀ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਹੋਵੇਗੀ। ਅਗਰ ਜਥੇਬੰਦੀਆਂ ਨੂੰ ਬੁਲਾ ਕੇ ਉਹਨਾਂ ਦੇ ਮਸਲੇ ਹੱਲ ਨਾ ਕੀਤੇ ਗਏ ਤਾਂ ਕੱਲ 30-08-2026 ਨੂੰ ਸਾਂਝੀ ਸੰਘਰਸ਼ ਤਾਲਮੇਲ ਕਮੇਟੀ ਵਲੋਂ ਲੁਧਿਆਣਾ ਵਿਖੇ ਮੀਟਿੰਗ ਦੇ ਵਿੱਚ ਜੋ ਫੈਸਲਾ ਹੋਵੇਗਾ ਉਸ ਨੂੰ ਥੱਲੇ ਸਫਾਂ ਦੇ ਵਿੱਚ ਇਨ ਬਿਨ ਲਾਗੂ ਕਰਕੇ ਸਰਕਾਰ ਦੇ ਨੱਕ ਵਿੱਚ ਦਮ ਕੀਤਾ ਜਾਵੇਗਾ। ਆਪਣੀਆਂ ਹੱਕੀ ਮੰਗਾਂ ਜਿਹੜੀਆਂ ਮਨਵਾਈਆਂ ਜਾਣਗੀਆਂ ਇਸ ਵਿੱਚ ਹੋਣ ਵਾਲੀ ਆਮ ਜਨਤਾ ਦੀ ਖੱਜਲ ਖੁਆਰੀ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਹੋਵੇਗੀ। ਇਸ ਮੌਕੇ ਅਜੀਤ ਰਾਮ, ਗੁਰਜੀਤ ਸਿੰਘ, ਹਰਜਿੰਦਰ ਕੁਮਾਰ, ਸੰਤਨ ਸਿੰਘ, ਚਰਨਜੀਤ ਸਿੰਘ, ਰਜਿੰਦਰ ਸਿੰਘ, ਸੁਖਵੰਤ ਸਿੰਘ ਸੁਖਦੀਪ ਸਿੰਘ, ਹਰਮੇਸ਼ ਲਾਲ, ਦਿਨੇਸ਼ ਕੁਮਾਰ, ਬਲਵੀਰ ਸਿੰਘ, ਮਲਕੀਤ ਚੰਦ, ਨਰਿੰਦਰ ਕੁਮਾਰ, ਤੇਜਿੰਦਰ ਸਿੰਘ ਆਦਿ ਹਾਜ਼ਰ ਸਨ।

ਸੜਕੀ ਹਾਦਸਿਆਂ ਤੋਂ ਬਚਣ ਲਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ : ਡਾ. ਪ੍ਰਿੰਸ

ਫਿਲੌਰ (ਨਿਰਮਲ) - ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪਿੰਡ ਰਸੂਲਪੁਰ ਦੇ ਸਰਪੰਚ ਡਾਕਟਰ ਪ੍ਰਿੰਸ ਨੇ ਕਿਹਾ ਕਿ ਦਿਨ ਪ੍ਰਤੀ ਦਿਨ ਵੱਧ ਰਹੀ ਆਬਾਦੀ ਦੇ ਕਾਰਨ ਆਵਾਜਾਈ ਦੇ ਸਾਧਨਾਂ ਵਿੱਚ ਬਹੁਤ ਵਾਧਾ ਹੋਇਆ ਹੈ ਅਤੇ ਹਜ਼ਾਰਾਂ ਦੀ ਗਿਣਤੀ ਦੇ ਵਿੱਚ ਨਵੇਂ ਮੋਟਰਸਾਈਕਲ, ਸਕੂਟਰੀਆਂ, ਕਾਰਾਂ ਅਤੇ ਹੋਰ ਸਾਧਨ ਹਰ ਰੋਜ ਵਿੱਕ ਰਹੇ ਹਨ। ਵਾਹਨਾਂ ਦੀ ਵੱਧ ਰਹੀ ਗਿਣਤੀ ਨੇ ਟਰੈਫਿਕ ਨੂੰ ਇੱਕ ਗੰਭੀਰ ਚੁਣੌਤੀ ਬਣਾ ਕੇ ਰੱਖ ਦਿੱਤਾ ਹੈ, ਇਹਨਾਂ ਆਵਾਜਾਈ ਦੇ ਸਾਧਨਾਂ ਨੂੰ ਸਹੀ ਢੰਗ ਨਾਲ ਚਲਾਉਣਾ ਅਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਬਹੁਤ ਜਰੂਰੀ ਹੈ, ਜਿਸ ਨਾਲ ਅਸੀਂ ਆਪਣਾ ਜੀਵਨ ਅਤੇ ਹੋਰ ਲੋਕਾਂ ਦਾ ਜੀਵਨ ਬਚਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਨਾਲ ਅਸੀਂ ਆਪ ਗੰਭੀਰ ਸੱਟ ਚੋਟ ਤੋਂ ਬਚ ਸਕਦੇ ਹਾਂ ਅਤੇ ਹੋਰਾਂ ਨੂੰ ਵੀ ਬਚਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਇਹਨਾਂ ਸਾਰੀਆਂ ਸਮੱਸਿਆ ਦਾ ਹੱਲ ਸਿਰਫ ਤੇ ਸਿਰਫ ਇੱਕ ਹੀ ਹੈ ਕਿ ਆਪਣੀ ਸੀਮਾ ਅੰਦਰ ਰਹਿ ਕੇ ਵਾਹਨਾਂ ਨੂੰ ਹੋਲੀ ਚਲਾਓ ਕਿਉਂਕਿ ਤੇਜ਼ ਰਫਤਾਰ ਹਾਦਸਿਆਂ ਦਾ ਸਭ ਤੋਂ ਵੱਡਾ ਕਾਰਨ ਬਣਦੀ ਹੈ, ਚਾਰ ਪਹੀਆ ਵਾਹਨ ਚਲਾਉਂਦੇ ਸਮੇਂ ਹਮੇਸ਼ਾ ਸੀਟ ਬੈਲਟ ਲਗਾਓ ਅਤੇ ਦੋ ਪਹੀਆ ਵਾਹਨ ਚਲਾਉਂਦੇ ਸਮੇਂ ਹੈਲਮੇਟ ਜਰੂਰ ਪਾਓ, ਵਾਹਨ ਚਲਾਉਂਦੇ ਸਮੇਂ ਫੋਨ 'ਤੇ ਗੱਲ ਕਰਨ ਜਾਂ ਮੈਸੇਜ ਟਾਈਪ ਕਰਨ ਤੋਂ ਬਚੋ ਧਿਆਨ ਭਟਕਣ ਨਾਲ ਵੱਡਾ ਹਾਦਸਾ ਹੋ ਸਕਦਾ ਹੈ, ਸਰਾਬ ਜਾਂ ਕਿਸੇ ਵੀ ਹੋਰ ਨਸ਼ੇ ਦੇ ਪ੍ਰਭਾਵ ਹੇਠਾਂ ਵਾਹਨ ਚਲਾਉਣਾ ਕਾਨੂੰਨ ਜੁਰਮ ਹੈ ਅਤੇ ਇਹ ਜਾਨਲੇਵਾ ਹੋ ਸਕਦਾ ਹੈ, ਉਨ੍ਹਾਂ ਕਿਹਾ ਕਿ ਮੋੜ ਕੱਟਣ ਸਮੇਂ ਇੰਡੀਕੇਟਰ ਦੀ ਵਰਤੋਂ ਜ਼ਰੂਰ ਕਰੋ, ਅੱਗੇ ਚੱਲ ਰਹੇ ਵਾਹਨ ਤੋਂ ਹਮੇਸ਼ਾ ਉਚਿਤ ਦੂਰੀ ਬਣਾ ਕੇ ਰੱਖੋ ਤਾਂ ਜੋ ਅਚਾਨਕ ਬ੍ਰੇਕ ਲਗਾਉਣ ਤੇ ਟੱਕਰ ਨਾ ਹੋਵੇ, ਪੈਦਲ ਚੱਲਦਿਆਂ ਹਮੇਸ਼ਾ ਫੁਟਪਾਥ ਦੀ ਵਰਤੋਂ ਕਰੋ, ਗੱਡੀ ਚਲਾਉਣ ਤੋਂ ਪਹਿਲਾਂ ਵਾਹਨਾਂ ਦੀਆਂ ਬ੍ਰੇਕਾਂ, ਟਾਇਰਾਂ ਅਤੇ ਲਾਈਟਾਂ ਦੀ ਨਿਯਮਤ ਜਾਂਚ ਜਰੂਰ ਕਰੋ, ਸੰਜਮ ਅਤੇ ਜ਼ਿੰਮੇਵਾਰੀ ਨਾਲ ਵਾਹਨ ਚਲਾਉਣਾ ਹੀ ਸਭ ਤੋਂ ਵੱਡੀ ਸੁਰੱਖਿਆ ਹੈ।

'ਮਾਨਸਿਕ ਰੋਗ ਅਤੇ ਕਾਰਨ' ਵਿਸ਼ੇ 'ਤੇ ਸੈਮੀਨਾਰ ਅੱਜ

ਜਲੰਧਰ (ਲਖਵਿੰਦਰ ਸਿੰਘ ਆਧੀ) ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਜਲੰਧਰ ਵੱਲੋਂ ਅੰਬੇਡਕਰ ਮਿਸ਼ਨ ਸੁਸਾਇਟੀ ਜਲੰਧਰ ਦੇ ਸਹਿਯੋਗ ਨਾਲ ਮਿਤੀ 30 ਅਗਸਤ ਨੂੰ ਸਥਾਨਕ ਅੰਬੇਡਕਰ ਭਵਨ ਵਿਖੇ 'ਮਾਨਸਿਕ ਰੋਗ ਅਤੇ ਕਾਰਨ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਸੈਮੀਨਾਰ ਬਾਰੇ ਜਾਣਕਾਰੀ ਦਿੰਦਿਆਂ ਆਯੋਜਕਾਂ ਨੇ ਦੱਸਿਆ ਕਿ ਇਸ ਮੌਕੇ ਤਰਕਸ਼ੀਲ ਸੁਸਾਇਟੀ ਦੇ ਪ੍ਰਮੁੱਖ ਆਗੂ ਸੁਰਜੀਤ ਟਿੱਬਾ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਨਗੇ ਅਤੇ ਸਮਾਜ ਵਿੱਚ ਵੱਧ ਰਹੇ ਮਾਨਸਿਕ ਰੋਗਾਂ ਦੇ ਅਸਲ ਕਾਰਨਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਉਣਗੇ। ਇਸ ਤੋਂ ਇਲਾਵਾ ਅੰਬੇਡਕਰ ਭਵਨ ਵੱਲੋਂ ਪ੍ਰੋ. ਬਲਬੀਰ ਆਪਣੇ ਵਿਚਾਰ ਸਾਂਝੇ ਕਰਨਗੇ, ਜਦਕਿ ਜ਼ੋਨ ਆਗੂ ਸੁਖਦੇਵ ਸਿੰਘ ਫਗਵਾੜਾ ਇਸ ਗੱਲ 'ਤੇ ਚਰਚਾ ਕਰਨਗੇ ਕਿ ਆਖ਼ਰ ਸਮਾਜ ਦੇ ਲੋਕ ਅਜਿਹੇ ਰੋਗਾਂ ਦਾ ਸ਼ਿਕਾਰ ਕਿਉਂ ਹੋ ਰਹੇ ਹਨ। ਇਕਾਈ ਮੁਖੀ ਪਰਮਜੀਤ ਸਿੰਘ ਕਿਰਤੀ (ਜਲੰਧਰ ਇਕਾਈ) ਵੱਲੋਂ ਸੈਮੀਨਾਰ ਦੌਰਾਨ ਤਰਕਸ਼ੀਲ ਸੁਸਾਇਟੀ ਪਾਸ ਹੱਲ ਕੀਤੇ ਗਏ ਮਾਨਸਿਕ ਰੋਗਾਂ ਦੇ ਵੱਖ-ਵੱਖ ਕੇਸਾਂ ਬਾਰੇ ਵੀ ਅਹਿਮ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

ਸਾਨੂੰ ਆਪਣੇ ਸਫ਼ਾਈ ਸੇਵਕਾਂ ਦਾ ਸਾਥ ਦੇਣਾ ਚਾਹੀਦੈ : ਬੈਂਸ

ਨੰਗਲ ਭਲਾਣ (ਹਰਜਤਨ ਸਿੰਘ ਢਿੱਲੋਂ) ਭਗਵੰਤ ਮਾਨ ਸਰਕਾਰ ਦੇ 'ਮਿਸ਼ਨ ਕਲੀਨ ਪੰਜਾਬ' ਨੂੰ ਹੋਰ ਮਜ਼ਬੂਤੀ ਦਿੰਦਿਆਂ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਵਿਧਾਇਕ ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਨੀਵਾਰ ਨੂੰ ਨੰਗਲ ਤੋਂ ਸੂਬੇ ਭਰ ਵਿੱਚ ਕੂੜਾ ਸੰਵੇਦਨਸ਼ੀਲ ਸਥਾਨਾਂ ਨੂੰ ਖ਼ਤਮ ਕਰਨ ਲਈ 10 ਰੋਜ਼ਾ ਵਿਸ਼ੇਸ਼ ਸਫ਼ਾਈ ਮੁਹਿੰਮ ਦੀ ਸ਼ੁਰੂਆਤ ਕੀਤੀ।ਹਰਜੋਤ ਸਿੰਘ ਬੈਂਸ ਨੇ ਸਫ਼ਾਈ ਸੇਵਕਾਂ, ਸਥਾਨਕ ਕੌਂਸਲਰਾਂ ਅਤੇ ਸ਼ਹਿਰ ਵਾਸੀਆਂ ਨਾਲ ਮਿਲ ਕੇ ਸਫ਼ਾਈ ਮੁਹਿੰਮ ਵਿੱਚ ਹਿੱਸਾ ਲਿਆ।ਇਸ ਮੌਕੇ ਲੋਕਾਂ ਨੇ ਮੁਹਿੰਮ ਨੂੰ ਭਰਪੂਰ ਸਮਰਥਨ ਦਿੱਤਾ। 29 ਅਗਸਤ ਤੋਂ 7 ਸਤੰਬਰ ਤੱਕ ਚੱਲਣ ਵਾਲੀ ਇਹ ਮੁਹਿੰਮ ਲੋਕਾਂ ਦੀ ਸਾਂਝੀ ਭਾਗੀਦਾਰੀ ਰਾਹੀਂ ਪੰਜਾਬ ਨੂੰ ਹੋਰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਹੈ।ਇਸ ਮੌਕੇ ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ ਵਿਸ਼ੇਸ਼ ਸਫ਼ਾਈ ਮੁਹਿੰਮ ਸ਼ਹਿਰਾਂ ਅਤੇ ਕਸਬਿਆਂ ਵਿੱਚ ਖੁੱਲ੍ਹੇਆਮ ਕੂੜਾ ਸੁੱਟਣ ਵਾਲੀਆਂ ਥਾਵਾਂ ਨੂੰ ਖ਼ਤਮ ਕਰਨ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਤੇਜ਼ ਕਰਨਾ ਹੈ।ਹਰਜੋਤ ਸਿੰਘ ਬੈਂਸ ਨੇ ਕਿਹਾ, ਪੰਜਾਬ ਸਾਡੇ ਗੁਰੂਆਂ ਅਤੇ ਸੰਤਾਂ ਦੀ ਪਵਿੱਤਰ ਧਰਤੀ ਹੈ ਅਤੇ ਇਹ ਅਥਾਹ ਅਧਿਆਤਮਿਕ

ਸ਼ਕਤੀ ਵਾਲੀ ਧਰਤੀ ਹੈ।ਇਸ ਨੂੰ ਸਾਫ਼-ਸੁਥਰਾ ਅਤੇ ਸੁੰਦਰ ਰੱਖਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਦੱਸਿਆ ਕਿ ਅਗਲੇ 10 ਦਿਨਾਂ ਦੌਰਾਨ ਵਿਧਾਇਕ, ਡਿਪਟੀ ਕਮਿਸ਼ਨਰ, ਨਗਰ ਨਿਗਮ ਕਮਿਸ਼ਨਰ, ਵਧੀਕ ਡਿਪਟੀ ਕਮਿਸ਼ਨਰ, ਕਾਰਜ ਸਾਧਕ ਅਫ਼ਸਰ, ਕੌਂਸਲਰ, ਗੈਰ-ਸਰਕਾਰੀ ਸੰਸਥਾਵਾਂ ਅਤੇ ਹੋਰ ਸਾਰੇ ਸਬੰਧਤ ਹਿੱਸੇਦਾਰ ਸੂਬਾ ਪੱਧਰੀ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣਗੇ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਆਮ ਲੋਕਾਂ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ।ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਸਿਰਫ਼ ਸਰਕਾਰ ਦੀ ਮੁਹਿੰਮ ਨਹੀਂ, ਸਗੋਂ ਲੋਕਾਂ ਦੀ ਸਾਂਝੀ ਮੁਹਿੰਮ ਹੈ। ਉਨ੍ਹਾਂ ਨੇ ਨਾਗਰਿਕਾਂ ਨੂੰ ਆਪਣੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਸਫ਼ਾਈ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। ਕੈਬਨਿਟ ਮੰਤਰੀ ਨੇ ਲੋਕਾਂ ਨੂੰ ਐਮ-ਸੇਵਾ ਐਪ ਡਾਊਨਲੋਡ ਕਰਕੇ ਇਸ ਦੀ ਵਰਤੋਂ ਕਰਨ, ਕੂੜਾ ਸੰਵੇਦਨਸ਼ੀਲ ਸਥਾਨਾਂ ਦੀ ਸੂਚਨਾ ਦੇਣ ਅਤੇ ਆਪਣੇ ਇਲਾਕਿਆਂ ਵਿੱਚ ਸਫ਼ਾਈ ਬਰਕਰਾਰ ਰੱਖਣ ਲਈ ਸਰਗਰਮ ਯੋਗਦਾਨ ਪਾਉਣ ਦੀ ਅਪੀਲ ਕੀਤੀ।ਨੰਗਲ ਵਿੱਚ ਸਫ਼ਾਈ ਸੇਵਕਾਂ, ਕੌਂਸਲਰਾਂ ਅਤੇ ਸਥਾਨਕ ਨਾਗਰਿਕਾਂ ਦੀ ਉਤਸ਼ਾਹਪੂਰਵਕ ਭਾਗੀਦਾਰੀ ਨਾਲ 10 ਰੋਜ਼ਾ ਸੂਬਾ ਪੱਧਰੀ ਸਫ਼ਾਈ ਮੁਹਿੰਮ ਦੀ ਸ਼ਾਨਦਾਰ ਸ਼ੁਰੂਆਤ ਹੋਈ। ਇਸ ਨੇ ਪੰਜਾਬ ਨੂੰ ਹੋਰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਸੁੰਦਰ ਬਣਾਉਣ ਲਈ ਸਾਂਝੇ ਸੰਕਲਪ ਦਾ ਪ੍ਰਗਟਾਵਾ ਕੀਤਾ।

'ਮਿਸ਼ਨ ਕਲੀਨ ਪੰਜਾਬ' : ਮੁਹਿੰਮ ਤਹਿਤ ਡੇਰਾਬੱਸੀ ਹਲਕੇ ਦੀਆਂ ਤਿੰਨੋਂ ਨਗਰ ਕੌਂਸਲਾਂ 'ਚ ਵਿਸ਼ੇਸ਼ ਸਫ਼ਾਈ ਮੁਹਿੰਮ

ਜ਼ੀਰਕਪੁਰ (ਜਤਿੰਦਰ ਕੁਮਾਰ)- ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਸਿਹਤਮੰਦ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ 'ਮਿਸ਼ਨ ਕਲੀਨ ਪੰਜਾਬ' ਮੁਹਿੰਮ ਤਹਿਤ 29 ਅਗਸਤ ਤੋਂ 8 ਸਤੰਬਰ ਤੱਕ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਤਹਿਤ ਡੇਰਾਬੱਸੀ ਹਲਕੇ ਵਿੱਚ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਅਗਵਾਈ ਹੇਠ ਹਲਕੇ ਦੀਆਂ ਤਿੰਨੋਂ ਨਗਰ ਕੌਂਸਲਾਂ ਡੇਰਾਬੱਸੀ, ਲਾਲੜੂ ਅਤੇ ਜ਼ੀਰਕਪੁਰ ਵਿੱਚ ਸਫ਼ਾਈ ਅਤੇ ਸਵੱਛਤਾ ਸਬੰਧੀ

ਵਿਸ਼ੇਸ਼ ਗਤੀਵਿਧੀਆਂ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਡੇਰਾਬੱਸੀ ਨਗਰ ਕੌਂਸਲ ਦੀ ਪ੍ਰਧਾਨ ਆਸ਼ੂ ਉਪਨੇਜਾ, ਮੀਤ ਪ੍ਰਧਾਨ ਰਵਿੰਦਰ ਸੈਣੀ, ਲਾਲੜੂ ਨਗਰ ਕੌਂਸਲ ਦੇ ਪ੍ਰਧਾਨ ਜ਼ੋਰਾਵਰ ਸਿੰਘ ਅਤੇ ਜ਼ੀਰਕਪੁਰ ਨਗਰ ਕੌਂਸਲ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਵਿਰਕ ਸਮੇਤ ਕੌਂਸਲਰਾਂ, ਵਾਰਡ ਇੰਚਾਰਜਾਂ ਅਤੇ ਸੰਬੰਧਤ ਅਧਿਕਾਰੀਆਂ ਨੇ ਸਫ਼ਾਈ ਮੁਹਿੰਮ ਵਿੱਚ ਸਰਗਰਮੀ ਨਾਲ ਸ਼ਮੂਲੀਅਤ ਕੀਤੀ। ਇਸ ਵਿਸ਼ੇਸ਼ ਮੁਹਿੰਮ ਦੌਰਾਨ ਨਗਰ ਕੌਂਸਲਾਂ ਦੇ ਵੱਖ-ਵੱਖ ਖੇਤਰਾਂ ਵਿੱਚ ਸਫ਼ਾਈ, ਕੂੜੇ ਦੀ ਚੁਕਾਈ, ਜਨਤਕ ਸਥਾਨਾਂ ਦੀ ਸਫ਼ਾਈ ਅਤੇ ਲੋਕਾਂ ਨੂੰ ਸਵੱਛਤਾ ਪ੍ਰਤੀ ਜਾਗਰੂਕ ਕਰਨ ਸੰਬੰਧੀ ਗਤੀਵਿਧੀਆਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਆਪਣੇ ਆਲੇ-ਦੁਆਲੇ ਸਫ਼ਾਈ ਬਣਾਈ ਰੱਖਣ ਅਤੇ ਕੂੜਾ ਨਿਰਧਾਰਤ ਸਥਾਨਾਂ 'ਤੇ ਹੀ ਸੁੱਟਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ 'ਮਿਸ਼ਨ ਕਲੀਨ ਪੰਜਾਬ' ਸਿਰਫ਼ ਸਰਕਾਰੀ ਮੁਹਿੰਮ ਨਹੀਂ, ਬਲਕਿ ਲੋਕ ਭਾਗੀਦਾਰੀ ਨਾਲ ਸਾਫ਼ ਅਤੇ ਸਿਹਤਮੰਦ ਪੰਜਾਬ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਡੇਰਾਬੱਸੀ, ਲਾਲੜੂ ਅਤੇ ਜ਼ੀਰਕਪੁਰ ਨੂੰ ਸਾਫ਼-ਸੁਥਰਾ ਰੱਖਣਾ ਸਿਰਫ਼ ਨਗਰ ਕੌਂਸਲਾਂ ਜਾਂ ਸਰਕਾਰੀ ਵਿਭਾਗਾਂ ਦੀ ਜ਼ਿੰਮੇਵਾਰੀ ਨਹੀਂ, ਸਗੋਂ ਹਰੇਕ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ।ਵਿਧਾਇਕ ਰੰਧਾਵਾ ਨੇ ਕਿਹਾ ਕਿ 'ਸਾਫ਼ ਹਲਕਾ—ਸੋਹਣਾ ਹਲਕਾ—ਸਾਡੀ ਸਾਂਝੀ ਜ਼ਿੰਮੇਵਾਰੀ' ਦੇ ਸੰਦੇਸ਼ ਨੂੰ ਹਰ ਘਰ ਤੱਕ ਪਹੁੰਚਾਉਣਾ ਇਸ ਮੁਹਿੰਮ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਅਤੇ ਕਾਰੋਬਾਰੀ ਅਦਾਰਿਆਂ ਦੇ ਨਾਲ-ਨਾਲ ਜਨਤਕ ਸਥਾਨਾਂ ਦੀ ਸਫ਼ਾਈ ਪ੍ਰਤੀ ਵੀ ਜ਼ਿੰਮੇਵਾਰੀ ਨਿਭਾਉਣ ਅਤੇ ਗਿੱਲਾ ਤੇ ਸੁੱਕਾ ਕੂੜਾ ਨਿਰਧਾਰਤ ਥਾਵਾਂ 'ਤੇ ਹੀ ਪਾਉਣ।

ਐੱਲ ਪੀ ਯੂ ਦਾ ਵਿਦਿਆਰਥੀ 'ਵਰਲਡ ਸਕਿਲਸ ਸ਼ੰਘਾਈ 2026' 'ਚ ਭਾਰਤ ਦੀ ਕਰੇਗਾ ਨੁਮਾਇੰਦਗੀ

ਜਲੰਧਰ (ਸ਼ੈਲੀ ਐਲਬਰਟ) ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਵਿਸ਼ਵ ਪੱਧਰ 'ਤੇ ਪ੍ਰਤਿਭਾਸ਼ੀਲ ਪ੍ਰਤਿਭਾ ਨੂੰ ਪਾਲਣ-ਪੋਸ਼ਣ ਦੀ ਆਪਣੀ ਵਿਰਾਸਤ ਵਿੱਚ ਇੱਕ ਹੋਰ ਖੰਭ ਜੋੜਿਆ ਹੈ। ਬੀ.ਟੈਕ ਇਲੈਕਟ੍ਰਾਨਿਕਸ ਇੰਜੀਨੀਅਰਿੰਗ ਦੇ ਵਿਦਿਆਰਥੀ ਨਿਖਿਲ ਜੇ. ਐਮ. ਨੂੰ ਚੀਨ ਦੇ ਸ਼ੰਘਾਈ ਵਿੱਚ ਹੋਣ ਵਾਲੇ 48ਵੇਂ 'ਵਰਲਡ ਸਕਿਲਸ ਮੁਕਾਬਲੇ' ਵਿੱਚ 'ਅਨਮੈਨਡ ਏਰੀਅਲ ਸਿਸਟਮਜ਼ (ਯੂਏਐਸ) ਟੈਕਨਾਲੋਜੀ' ਹੁਨਰ ਸ਼੍ਰੇਣੀ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ ਹੈ।ਤਕਨੀਕੀ ਉੱਤਮਤਾ ਲਈ ਦੁਨੀਆ ਦੇ ਸਭ ਤੋਂ ਵੱਡੇ ਅੰਤਰਰਾਸ਼ਟਰੀ ਪਲੇਟਫਾਰਮ ਵਜੋਂ ਮਾਨਤਾ ਪ੍ਰਾਪਤ, ਇਸ ਵੱਕਾਰੀ ਪ੍ਰੋਗਰਾਮ ਵਿੱਚ 70 ਤੋਂ ਵੱਧ ਦੇਸ਼ਾਂ ਅਤੇ ਖੇਤਰਾਂ ਦੇ 1,400 ਤੋਂ ਵੱਧ ਪ੍ਰਤੀਯੋਗੀ ਸ਼ਾਮਲ ਹੋਣਗੇ।ਨਿਖਿਲ ਨੇ ਰਾਸ਼ਟਰੀ ਚੋਣ ਪ੍ਰਕਿਰਿਆ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਕੇ ਭਾਰਤੀ ਦਲ ਵਿੱਚ ਆਪਣਾ ਸਥਾਨ ਸੁਰੱਖਿਅਤ ਕੀਤਾ।ਉਸਦੀ ਯਾਤਰਾ ਨੇ ਸ਼ਾਨਦਾਰ ਇਕਸਾਰਤਾ ਅਤੇ ਤਕਨੀਕੀ ਉੱਤਮਤਾ ਦਾ ਪ੍ਰਦਰਸ਼ਨ ਕੀਤਾ ਹੈ।ਇਸ ਗਲੋਬਲ ਮੁਕਾਬਲੇ ਵਿੱਚ, ਨਿਖਿਲ ਮਨੁੱਖ ਰਹਿਤ ਹਵਾਈ ਪ੍ਰਣਾਲੀਆਂ (ਯੂਏਐਸ) ਤਕਨਾਲੋਜੀ ਸ਼੍ਰੇਣੀ ਵਿੱਚ ਮੁਕਾਬਲਾ ਕਰੇਗਾ। ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ ਮੈਂਬਰ (ਰਾਜ ਸਭਾ), ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ, ਉਭਰਦੀ ਗਲੋਬਲ ਗਿਆਨ ਅਰਥਵਿਵਸਥਾ ਵਿੱਚ, ਇੱਕ ਦੇਸ਼ ਦੀ ਅਸਲ ਤਾਕਤ ਇਸਦੇ ਸਰੋਤਾਂ ਦੇ ਪੈਮਾਨੇ ਦੁਆਰਾ ਨਹੀਂ, ਸਗੋਂ ਇਸਦੀ ਹੁਨਰਮੰਦ ਮਨੁੱਖੀ ਪੂੰਜੀ ਦੀ ਡੂੰਘਾਈ ਦੁਆਰਾ ਨਿਰਧਾਰਤ ਕੀਤੀ ਜਾਵੇਗੀ।ਐਲਪੀਯੂ ਵਿਖੇ, ਅਸੀਂ ਇੱਕ ਅਜਿਹਾ ਈਕੋਸਿਸਟਮ ਬਣਾਇਆ ਹੈ ਜਿੱਥੇ ਉਦਯੋਗ ਦਾ ਤਜਰਬਾ, ਖੋਜ, ਨਵੀਨਤਾ ਅਤੇ ਵਿਹਾਰਕ ਸਿੱਖਿਆ ਵਿਦਿਆਰਥੀਆਂ ਨੂੰ ਆਪਣੀ ਸਮਰੱਥਾ ਨੂੰ ਵਿਸ਼ਵ ਪੱਧਰੀ ਯੋਗਤਾਵਾਂ ਵਿੱਚ ਬਦਲਣ ਵਿੱਚ ਮਦਦ ਕਰਨ ਲਈ ਜੋੜਦੀ ਹੈ।

ਚੰਡੀਗੜ੍ਹ ਕੈਬ ਡਰਾਈਵਰ ਯੂਨੀਅਨ ਦੀ ਭੁੱਖ ਹੜਤਾਲ ਛੇਵੇਂ ਦਿਨ 'ਚ ਦਾਖਲ

ਚੰਡੀਗੜ੍ਹ (ਸੁਰਜੀਤ ਸੁਮਨ) ਚੰਡੀਗੜ੍ਹ ਕੈਬ ਡਰਾਈਵਰ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਪਿਛਲੇ ਤਕਰੀਬਨ ਤਿੰਨ ਮਹੀਨੇ ਤੋਂ ਚੰਡੀਗੜ੍ਹ ਪ੍ਰਸ਼ਾਸਨ ਦੇ ਟਰਾਂਸਪੋਰਟ ਵਿਭਾਗ ਵਿਰੁੱਧ ਧਰਨਾ ਸੰਘਰਸ਼ ਕੀਤਾ ਜਾ ਰਿਹਾ ਹੈ। ਚੰਡੀਗੜ੍ਹ ਐਡਮਨਿਸਟਰੇਸ਼ਨ ਮੋਟਰ ਵਹੀਕਲਜ਼ ਐਗਰੀਗੇਟਰਜ਼ ਰੂਲਜ਼, 2026 ਦੀ ਰਾਹੀਂ ਜਾਰੀ ਕੀਤੀ ਪਾਲਿਸੀ ਨੂੰ ਇਨ-ਬਿਨ ਲਾਗੂ ਨਾ ਕਰਨ ਕਰਕੇ ਯੂਨੀਅਨ ਵੱਲੋਂ ਧਰਨਾ ਦਿੱਤਾ ਜਾ ਰਿਹਾ ਹੈ।ਯੂਨੀਅਨ ਦੇ ਪ੍ਰਧਾਨ ਅਮਨਦੀਪ ਸਿੰਘ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਕੈਬ ਡਰਾਈਵਰਾਂ ਦੀਆਂ ਮੰਗਾਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾ ਰਿਹਾ, ਜਦਕਿ ਵਾਰ ਵਾਰ ਮੰਗ ਪੱਤਰ ਦਿੱਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਤਿੰਨ ਮਹੀਨੇ ਦੇ ਧਰਨਿਆਂ ਤੋਂ ਬਾਅਦ ਯੂਨੀਅਨ ਦੇ ਪ੍ਰਧਾਨ ਅਮਨਦੀਪ ਅਤੇ ਪਵਿੰਦਰ ਸਿੰਘ, ਪਿਛਲੇ ਛੇ ਦਿਨਾਂ ਤੋਂ ਚੰਡੀਗੜ੍ਹ ਸੈਕਟਰ 25 ਦੇ ਰੈਲੀ ਗਰਾਊਂਡ ਵਿਖੇ ਭੁੱਖ ਹੜਤਾਲ 'ਤੇ ਬੈਠੇ ਹਨ, ਜਿੱਥੇ ਮੈਡੀਕਲ ਹਸਪਤਾਲ, ਸੈਕਟਰ 16, ਚੰਡੀਗੜ੍ਹ ਦੇ ਡਾਕਟਰਾਂ ਦੀ ਟੀਮ ਵੱਲੋਂ ਉਨ੍ਹਾਂ ਦਾ ਲਗਾਤਾਰ ਚੈੱਕਅਪ

ਕੀਤਾ ਜਾ ਰਿਹਾ ਹੈ।ਉਨ੍ਹਾਂ ਨੇ ਕਿਹਾ ਕਿ ਚੰਡੀਗੜ੍ਹ ਵਿਖੇ ਓਲਾ, ਉਬਰ, ਇਨਡੈਵਰ ਤੇ ਰੈਪੀਡੋ ਆਦਿ ਐਗਰੀਗੇਟਰ ਕੰਪਨੀਆਂ ਵੱਲੋਂ ਚੰਡੀਗੜ੍ਹ ਟਰਾਂਸਪੋਰਟ ਵਿਭਾਗ ਦੇ ਨੋਟੀਫਿਕੇਸ਼ਨ ਵਿੱਚ ਦਰਸਾਈ ਪਾਲਿਸੀ ਅਨੁਸਾਰ ਚੰਡੀਗੜ੍ਹ ਦੇ ਕੈਬ ਡਰਾਈਵਰਾਂ ਨੂੰ ਬਣਦੀਆਂ ਸਹੂਲਤਾਂ ਦੇਣ ਤੋਂ ਇਨਕਾਰੀ ਹੋਇਆ ਜਾ ਰਿਹਾ ਹੈ।ਉਹ ਚੰਡੀਗੜ੍ਹ ਪ੍ਰਸ਼ਾਸਨ ਤੋਂ ਮੰਗ ਕਰ ਰਹੇ ਹਨ ਕਿ ਇਨਕਾਰੀ ਕੰਪਨੀਆਂ ਵਿਰੁੱਧ ਉਚਿਤ ਕਾਰਵਾਈ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਬੇਸ਼ੱਕ ਪ੍ਰਸ਼ਾਸਨ ਵੱਲੋਂ ਓਲਾ ਤੇ ਇਲਡਰਾਈਵ ਦੇ ਲਾਇਸੰਸ ਰੱਦ ਕੀਤੇ ਜਾ ਚੁੱਕੇ ਹਨ, ਪਰੰਤੂ ਅਸੀ ਚਾਹੁੰਦੇ ਹਾਂ ਕਿ ਬਾਕੀ ਕੰਪਨੀਆਂ ਵਿਰੁੱਧ ਵੀ ਤੁਰੰਤ ਉਚਿਤ ਕਾਰਵਾਈ ਕੀਤੀ ਜਾਵੇ।

ਰੱਕੜਾਂ ਬੇਟ ਵਿਖੇ ਛਿੰਝ ਮੇਲਾ 8 ਨੂੰ

ਬਲਾਚੌਰ (ਜਸਵਿੰਦਰ ਬੈਂਸ)- ਪਿੰਡ ਰੱਕੜਾਂ ਬੇਟ ਵਿਖੇ ਵਿਸ਼ਾਲ ਛਿੰਝ ਮੇਲਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੁੱਚੇ ਪਿੰਡ ਵਾਸੀਆਂ ਦੇ ਵੱਡੇ ਸਹਿਯੋਗ ਨਾਲ ਚੇਲਾ ਸੁਖਦੇਵ ਰਾਜ ਦੀ ਅਗਵਾਈ ਹੇਠ 8 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ। ਛਿੰਝ ਮੇਲੇ ਸੰਬੰਧੀ ਪ੍ਰਬੰਧਕਾਂ ਵੱਲੋਂ ਤਿਆਰੀਆਂ ਜ਼ੋਰਾਂ 'ਤੇ ਹਨ। ਪ੍ਰਧਾਨ ਜਸਵੀਰ ਸਿੰਘ ਰੱਕੜ ਅਤੇ ਸਮੁੱਚੇ ਪ੍ਰਬੰਧਕਾਂ ਨੇ ਦੱਸਿਆ ਕਿ ਛਿੰਝ ਮੇਲੇ ਦੌਰਾਨ ਲਗਪਗ 50 ਕੁਸ਼ਤੀਆਂ ਕਰਵਾਈਆਂ ਜਾਣਗੀਆਂ, ਜਿਨ੍ਹਾਂ ਵਿੱਚ ਵੱਖ-ਵੱਖ ਇਲਾਕਿਆਂ ਤੋਂ ਨਾਮਵਰ ਪਹਿਲਵਾਨ ਹਿੱਸਾ ਲੈਣਗੇ। ਮੇਲੇ ਵਿੱਚ ਪਹਿਲੀ ਵੱਡੀ ਕੁਸ਼ਤੀ ਕਲਵਾ ਗੁੱਜਰ ਅਤੇ ਮੇਜਰ ਡੇਰਾ ਬਾਬਾ ਨਾਨਕ ਦੇ ਵਿਚਕਾਰ ਇਨਾਮ 2 ਲੱਖ ਰੁਪਏ (ਸੁਖਦੇਵ ਰਾਜ ਚੇਲਾ ਦੇ ਪਰਵਾਰ ਵੱਲੋਂ), ਦੂਜੀ ਕੁਸ਼ਤੀ ਪਰਮਿੰਦਰ ਪੱਟੀ ਅਤੇ ਗੁਰਜੀਤ ਮਕਰੋੜ ਦੇ ਵਿਚਕਾਰ ਇਨਾਮ 51 ਹਜ਼ਾਰ, ਤੀਜੀ ਕੁਸ਼ਤੀ ਘੋੜਾ ਬਾਬਾ ਫਲਾਹੀ ਅਤੇ ਸਲਮਾਨ ਲੱਲੀਆਂ ਦੇ ਵਿਚਕਾਰ ਇਨਾਮ 31 ਹਜ਼ਾਰ ਰੁਪਏ ਅਤੇ ਚੌਥੀ ਕੁਸ਼ਤੀ ਫਰਿਆਦ ਨਵਾਂ ਪਿੰਡ ਅਕਾਲੀਆਂ ਅਤੇ ਲੱਕੀ ਗਰਚਾ ਵਿਚਕਾਰ ਇਨਾਮ 21 ਹਜ਼ਾਰ ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ ਵੀ ਹੋਰ ਪਹਿਲਵਾਨਾਂ ਨੂੰ ਸਨਮਾਨਜਨਕ ਇਨਾਮਾਂ ਨਾਲ ਨਿਵਾਜਿਆ ਜਾਵੇਗਾ। ਇਸ ਮੌਕੇ ਜਸਬੀਰ ਸਿੰਘ ਰੱਕੜ ਪ੍ਰਧਾਨ, ਤਰਲੋਚਨ ਸਿੰਘ ਰੱਕੜ ਸਾਬਕਾ ਚੈਅਰਮੈਨ ਮਾਰਕੀਟ ਕਮੇਟੀ ਬਲਾਚੌਰ, ਸੁਰਿੰਦਰ ਸਿੰਘ ਪੰਚ, ਗੁਰਨਾਮ ਸਿੰਘ ਪੰਚ, ਬਲਵੰਤ ਸਿੰਘ ਪੰਚ, ਪਰਮਜੀਤ ਸਿੰਘ ਰਾਏ, ਤਰਸੇਮ ਸਿੰਘ ਰਾਏ, ਕੁਲਵੀਰ ਸਿੰਘ ਰੱਕੜ, ਸੁਖਦੇਵ ਰਾਜ, ਕੁਲਵਿੰਦਰ ਸਿੰਘ, ਸਵਰਨ ਸਿੰਘ, ਮੱਖਣ ਸਿੰਘ, ਅਮਰਜੀਤ ਸਿੰਘ ਰਾਏ, ਭਾਗ ਸਿੰਘ ਸਰਪੰਚ ਨਿਊ ਕਲੋਨੀ, ਬੂਟਾ ਰਾਮ, ਮੋਹਣ ਸਿੰਘ ਰਾਏ ਹੈੱਡਮਾਸਟਰ, ਕੁਲਦੀਪ ਸਿੰਘ, ਜੁਗਿੰਦਰ ਰਾਮ ਸਾਬਕਾ ਪੰਚ, ਨਵਜੋਤ ਸਿੰਘ ਮਾਨ, ਪਰਮਜੀਤ ਸਿੰਘ, ਭੁਪਿੰਦਰ ਸਿੰਘ ਅਤੇ ਹੋਰ ਵੱਖ ਵੱਖ ਸ਼ਖਸੀਅਤਾਂ ਹਾਜ਼ਰ ਸਨ।

ਗੋਲੀ ਲੱਗਣ ਨਾਲ ਵਿਅਕਤੀ ਦੀ ਮੌਤ

ਮੋਰਿੰਡਾ (ਨਿਰਾਲ ਸਿੰਘ ਕਲਸੀ) ਮੋਰਿੰਡਾ ਵਿਖੇ ਉਸ ਸਮੇਂ ਹਰ ਪਾਸੇ ਦੁੱਖ ਅਤੇ ਸੋਗ ਦੀ ਲਹਿਰ ਫੈਲ ਗਈ ਜਦੋਂ ਮੋਰਿੰਡਾ ਦੇ ਪੌਸ਼ ਇਲਾਕੇ ਦਰਪਨ ਇਨਕਲੇਵ ਵਿਖੇ 32 ਸਾਲਾ ਇਕ ਵਿਅਕਤੀ ਦੀ ਸ਼ੱਕੀ ਹਾਲਾਤ ਵਿੱਚ ਗੋਲੀ ਲੱਗਣ ਨਾਲ ਮੌਤ ਹੋ ਗਈ।ਮ੍ਰਿਤਕ ਦੇ ਮਾਮੇ ਦੇ ਪੁੱਤਰ ਗਿਆਨੀ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਇਹ ਦਰਦਨਾਕ ਘਟਨਾ ਸ਼ਾਮੀ ਲਗਭਗ ਸਾਡੇ 7 ਵਜੇ ਦੇ ਕਰੀਬ ਵਾਪਰੀ।ਉਹਨਾਂ ਦੱਸਿਆ ਕਿ ਜਦੋਂ ਉਹਨਾਂ ਨੂੰ ਪਤਾ ਲੱਗਾ ਤਾਂ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਪੁਲਸ ਨੂੰ ਸੂਚਿਤ ਕੀਤਾ।ਉਦੋਂ ਤੱਕ ਹਰਦੀਪ ਸਿੰਘ ਦੀ ਮੌਤ ਹੋ ਚੁੱਕੀ ਸੀ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ।ਮ੍ਰਿਤਕ ਹਰਦੀਪ ਸਿੰਘ ਦਾ ਪਰਵਾਰਕ ਪਿਛੋਕੜ ਪਿੰਡ ਬਡਵਾਲਾ ਨਾਲ ਸੰਬੰਧਿਤ ਹੈ ਅਤੇ ਉਹ ਇੱਥੇ ਆਪਣੀ ਪਤਨੀ ਤੇ ਬੱਚਿਆਂ ਸਮੇਤ ਦਰਪਨ ਇਨਕਲੇਵ ਵਿਖੇ ਰਹਿ ਰਿਹਾ ਸੀ।ਗਿਆਨੀ ਰਾਜਵਿੰਦਰ ਸਿੰਘ ਅਤੇ ਆਸ ਪਾਸ ਦੇ ਲੋਕਾਂ ਦਾ ਦੱਸਣਾ ਹੈ ਕਿ ਉਸ ਦਾ ਕਦੇ ਵੀ ਕੋਈ ਪਰਿਵਾਰਿਕ ਜਾਂ ਕਿਸੇ ਹੋਰ ਨਾਲ ਕਦੇ ਕੋਈ ਝਗੜਾ ਤੱਕ ਵੀ ਨਹੀਂ ਹੋਇਆ।

ਦ ਨੋਰਵੁੱਡ ਸਕੂਲ ਚਾਹਲ ਦੀ ਵਾਲੀਬਾਲ ਟੀਮ ਨੇ ਸੋਨੇ ਦਾ ਤਗਮਾ ਜਿੱਤ ਕੇ ਸਟੇਟ ਲਈ ਕੀਤਾ ਕੁਆਲੀਫਾਈ

ਬਲਾਚੌਰ (ਜਸਵਿੰਦਰ ਬੈਂਸ)- ਦ ਨੋਰਵੁੱਡ ਸਕੂਲ ਚਾਹਲ ਦੇ ਵਿਦਿਆਰਥੀਆਂ ਨੇ ਖੇਡਾਂ ਦੇ ਖੇਤਰ ਵਿੱਚ ਇੱਕ ਵਾਰ ਫਿਰ ਸਕੂਲ ਦਾ ਨਾਮ ਰੌਸ਼ਨ ਕਰਦਿਆਂ ਸ਼ਾਨਦਾਰ ਉਪਲਬਧੀ ਹਾਸਲ ਕੀਤੀ ਹੈ। ਪੰਜਾਬ ਰਾਜ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਸਕੂਲ ਦੀ ਵਾਲੀਬਾਲ ਅੰਡਰ-14 (ਲੜਕੇ) ਟੀਮ ਨੇ ਪਹਿਲਾ ਸਥਾਨ ਹਾਸਲ ਕਰਕੇ ਸੋਨੇ ਦਾ ਤਗਮਾ ਆਪਣੇ ਨਾਮ ਕੀਤਾ

ਅਤੇ ਹੁਣ ਟੀਮ ਨੇ ਸਟੇਟ ਪੱਧਰੀ ਮੁਕਾਬਲਿਆਂ ਲਈ ਆਪਣੀ ਜਗ੍ਹਾ ਪੱਕੀ ਕਰ ਲਈ ਹੈ। ਸਕੂਲ ਮੈਨੇਜਮੈਂਟ ਨੇ ਇਸ ਸ਼ਾਨਦਾਰ ਪ੍ਰਦਰਸ਼ਨ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਜਿੱਤ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਦ੍ਰਿੜ੍ਹ ਇਰਾਦੇ, ਅਨੁਸ਼ਾਸਨ ਅਤੇ ਖੇਡ ਪ੍ਰਤੀ ਸਮਰਪਣ ਦਾ ਨਤੀਜਾ ਹੈ। ਮੈਨੇਜਮੈਂਟ ਨੇ ਕਿਹਾ ਕਿ ਸਕੂਲ ਵੱਲੋਂ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨੂੰ ਵੀ ਵਿਸ਼ੇਸ਼ ਮਹੱਤਤਾ ਦਿੱਤੀ ਜਾ ਰਹੀ ਹੈ, ਜਿਸ ਸਦਕਾ ਵਿਦਿਆਰਥੀ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ। ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਸਾਰੇ ਜੇਤੂ ਖਿਡਾਰੀਆਂ ਅਤੇ ਉਨ੍ਹਾਂ ਦੇ ਵਾਲੀਬਾਲ ਕੋਚ ਭੁਪਿੰਦਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਮੁਬਾਰਕਬਾਦ ਦਿੱਤੀ ਗਈ। ਮੈਨੇਜਮੈਂਟ ਨੇ ਕੋਚ ਅਤੇ ਖਿਡਾਰੀਆਂ ਦੀ ਮਿਹਨਤ, ਲਗਨ ਅਤੇ ਸਮਰਪਣ ਦੀ ਸ਼ਲਾਘਾ ਕਰਦਿਆਂ ਆਉਣ ਵਾਲੇ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

ਸਰਕਾਰ ਸੰਘਰਸ਼ ਕਰ ਰਹੇ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਵਾਨ ਕਰੇ : ਕੁਲਦੀਪ ਸਿੰਘ ਔਲਖ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ) ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਔਲਖ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਵੱਲੋਂ ਆਪਣੀਆਂ ਲੰਮੇ ਸਮੇ ਤੋਂ ਲਟਕਦੀਆਂ ਆ ਰਹੀਆਂ ਪੁਰਾਣੀ ਪੈਨਸ਼ਨ ਬਹਾਲੀ, ਡੀ ਏ ਤੇ ਕੱਚੇ ਕਾਮਿਆਂ ਨੂੰ ਪੱਕਾ ਕਰਨ ਸਮੇਤ ਹੋਰ ਭਖਦੀਆਂ ਮੰਗਾਂ ਸੰਬੰਧੀ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਟਾਲੋ-ਮਟੋਲ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ, ਮੁੱਖ ਮੰਤਰੀ ਵੱਲੋਂ ਸੰਘਰਸ਼ ਕਰ ਰਹੇ ਮੁਲਾਜਮਾ ਨੂੰ ਮੀਟਿੰਗ ਦਾ ਟਾਇਮ ਦੇ ਕੇ ਮੀਟਿੰਗ ਨਾ ਕਰਨਾ ਲੋਕਤੰਤਰ ਦਾ ਸ਼ਰੇਆਮ ਕਤਲ ਕਰਨ ਦੇ ਬਰਾਬਰ ਹੈ।

ਪੰਜਾਬ ਸਰਕਾਰ ਵੱਲੋਂ ਪੂਰੇ ਪੰਜਾਬ ਵਿੱਚ ਚਲਾਈ ਜਾ ਰਹੀ 'ਮੈਗਾ ਸਫ਼ਾਈ ਮੁਹਿੰਮ' ਦੀ ਸ਼ੁਰੂਆਤ ਹਲਕਾ ਫਿਲੌਰ ਵਿੱਚ ਕੀਤੀ ਗਈ।ਇਸ ਮੁਹਿੰਮ ਤਹਿਤ ਹਲਕਾ ਇੰਚਾਰਜ ਮੈਡਮ ਹਰਜੋਤ ਕੌਰ ਲੋਹਟੀਆ ਵੱਲੋਂ ਸਫ਼ਾਈ ਦੀ ਸ਼ੁਰੂਆਤ ਕਰਕੇ ਹਲਕੇ ਨੂੰ ਸਾਫ਼-ਸੁਥਰਾ ਬਣਾਉਣ ਦਾ ਸੰਕਲਪ ਲਿਆ ਹੈ।ਉਹਨਾ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੀ ਗਲੀ, ਆਪਣੇ ਮੁਹੱਲੇ ਨੂੰ ਸਾਫ਼ ਰੱਖਣ ਵਿੱਚ ਸਾਡਾ ਸਾਥ ਦਿਓ।ਛੋਟੀ ਜਿਹੀ ਪਹਿਲ ਨਾਲ ਹੀ ਵੱਡਾ ਬਦਲਾਅ ਆਉਂਦਾ ਹੈ।

(ਫੋਟੋ ਤੇ ਵੇਰਵਾ : ਨਿਰਮਲ, ਫਿਲੌਰ)

ਬੈਂਚ ਪ੍ਰੈੱਸ ਮੁਕਾਬਲੇ 'ਚ ਰਿਤਿਕ ਸ਼ਰਮਾ ਨੇ ਪਹਿਲਾ ਸਥਾਨ ਕੀਤਾ ਹਾਸਲ

ਫਗਵਾੜਾ (ਜਸਵਿੰਦਰ ਢੱਡਾ) ਖੇਡਾ ਅਤੇ ਫਿਟਨੈਸ ਨੂੰ ਉਤਸ਼ਾਹਿਤ ਕਰਨ ਦੇ ਮਨੋਰਥ ਸਦਕਾ ਬੀ ਫਿਟਨੈਸ ਜਿਮ ਪਲਾਹੀ ਰੋਡ ਫਗਵਾੜਾ ਵੱਲੋਂ ਹੈਰੀ ਬਤਰਾ ਅਤੇ ਗਗਨ ਬਤਰਾ

ਦੀ ਰਹਿਨੁਮਾਈ ਹੇਠ ਬੈਨਚ ਪ੍ਰੈਸ ਕੰਪਟੀਸ਼ਨ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਰਣਜੀਤ ਪਾਲ ਪਾਬਲਾ (ਮਿਸਟਰ ਪੰਜਾਬ ਏਸ਼ੀਆ ਮੈਡਲਿਸਟ ਵਰਲਡ ਰਿਕਾਰਡ ਹੋਲਡਰ) ਅਤੇ ਸਮਾਜ ਸੇਵੀ ਸੁਖਵਿੰਦਰ ਸਿੰਘ ਸੈਣੀ ਸ਼ਾਮਲ ਹੋਏ। ਇਸ ਮੌਕੇ ਕਰਵਾਏ ਗਏ ਬੈਂਚ ਪ੍ਰੈਸ ਮੁਕਾਬਲੇ 'ਚ ਪਹਿਲੇ ਕਰਵਾਏ ਮੁਕਾਬਲੇ 'ਚ 60-70 ਵਰਗ ਭਾਰ 'ਚ ਸਮਾਜ ਸੇਵੀ ਡਾ. ਰਮਨ ਸ਼ਰਮਾ ਦੇ ਬੇਟੇ ਰਿਤਿਕ ਸ਼ਰਮਾ ਨੇ 105 ਕਿੱਲੋ 'ਚ ਪਹਿਲਾ ਸਥਾਨ ਹਾਸਲ ਕੀਤਾ। ਦੂਜੇ ਮੁਕਾਬਲੇ 'ਚ 70-80 ਵਰਗ ਭਾਰ 'ਚ ਪ੍ਰਿੰਸ ਨੇ 110 ਕਿਲੋ 'ਚ ਪਹਿਲਾ ਸਥਾਨ ਹਾਸਲ ਕੀਤਾ, ਤੀਜੇ ਅਤੇ ਆਖਰੀ ਕਰਵਾਏ ਗਏ ਮੁਕਾਬਲੇ 'ਚ 80-90 ਵਰਗ ਭਾਰ 'ਚ ਨਵੀਨ ਨੇ 125 ਕਿਲੋ 'ਚ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਜੇਤੂ ਖਿਡਾਰੀਆਂ ਨੂੰ ਪ੍ਰੋਟੀਨ ਸਪਲੀਮੈਂਟ ਅਤੇ ਸਨਮਾਨ ਚਿੰਨ੍ਹ ਭੇਟ ਕਰ ਸਨਮਾਨਿਤ ਕੀਤਾ। ਇਸ ਮੌਕੇ ਹੈਰੀ ਬਤਰਾ ਨੇ ਆਖਿਆ ਕਿ ਜਿਮ ਕੰਪੀਟੀਸ਼ਨ ਵਿੱਚ ਭਾਗ ਲੈਣਾ ਸਿਰਫ਼ ਸਰੀਰ ਬਣਾਉਣ ਦੀ ਗੱਲ ਨਹੀਂ ਹੈ, ਸਗੋਂ ਇਹ ਤੁਹਾਡੇ ਅਨੁਸ਼ਾਸਨ, ਸਬਰ ਅਤੇ ਮਾਨਸਿਕ ਤਾਕਤ ਦਾ ਇਮਤਿਹਾਨ ਹੈ। ਗਗਨ ਬਤਰਾ ਨੇ ਆਖਿਆ ਕਿ ਸਟੇਜ 'ਤੇ ਬਿਤਾਏ ਕੁਝ ਮਿੰਟਾਂ ਪਿੱਛੇ ਮਹੀਨਿਆਂ ਦੀ ਕੜੀ ਮਿਹਨਤ, ਸਹੀ ਖੁਰਾਕ ਅਤੇ ਤਿਆਗ ਹੁੰਦਾ ਹੈ ਜਿੱਤ ਜਾਂ ਹਾਰ ਤੋਂ ਵੀ ਵੱਡਾ ਮਹੱਤਵ ਤੁਹਾਡੇ ਆਪਣੇ ਕੱਲ੍ਹ ਨਾਲੋਂ ਬਿਹਤਰ ਬਣਨ ਦਾ ਹੁੰਦਾ ਹੈ ਉਨ੍ਹਾਂ ਜੇਤੂ ਖਿਡਾਰੀਆਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ।

ਜਗਜੀਤ ਸੰਧੂ ਦੇ ਕਾਵਿ-ਸੰਗ੍ਰਹਿ 'ਹਾਕ' 'ਤੇ ਵਿਚਾਰ-ਚਰਚਾ

ਚੰਡੀਗੜ੍ਹ (ਸੁਰਜੀਤ ਸੁਮਨ) ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵੱਲੋਂ ਪੰਜਾਬ ਕਲਾ ਭਵਨ ਸੈਕਟਰ 16 ਵਿਖੇ ਉੱਘੇ ਕਵੀ ਜਗਜੀਤ ਸੰਧੂ ਦੇ ਕਾਵਿ-ਸੰਗ੍ਰਹਿ 'ਹਾਕ' 'ਤੇ ਵਿਚਾਰ ਚਰਚਾ ਕਰਵਾਈ ਗਈ।ਪ੍ਰਧਾਨਗੀ ਮੰਡਲ ਵੱਲੋਂ ਕਿਤਾਬ ਦਾ ਲੋਕ ਅਰਪਣ ਕੀਤਾ ਗਿਆ।ਇਸ ਤੋਂ

ਬਾਅਦ ਜਗਜੀਤ ਸੰਧੂ ਨੇ ਨਿਰਵਾਣ, ਹਾਕ, ਲਿਖਤੁਮ ਐਨ ਆਰ ਆਈ, ਲਿਖਤੁਮ ਹਿੰਦੋਸਤਾਨ ਆਦਿ ਕਵਿਤਾਵਾਂ ਦਾ ਪਾਠ ਕੀਤਾ।

ਇਸ ਉਪਰੰਤ ਮੁੱਖ ਬੁਲਾਰੇ ਵਜੋਂ ਬੋਲਦਿਆਂ ਡਾ. ਮਨਪ੍ਰੀਤ ਜਸ ਨੇ ਕਿਹਾ ਕਿ ਇਹ ਕਵਿਤਾ ਇਕ ਸੰਕਲਪ ਨਾਲ ਬੱਝੀ ਨਹੀਂ।ਇਸ ਵਿਚ ਪਿਆਰ ਦੇ ਬਹੁਤ ਸਾਰੇ ਰੰਗ ਪ੍ਰਗਟ ਹੁੰਦੇ ਹਨ।ਉਹਨਾਂ ਅਗਾਂਹ ਕਿਹਾ ਕਿ ਇਸ ਕਵਿਤਾ ਵਿਚ ਆਮ ਪਾਠਕ ਦੀ ਦਿਲਚਸਪੀ ਘੱਟ ਹੋ ਸਕਦੀ ਹੈ। ਡਾ. ਪ੍ਰਵੀਨ ਕੁਮਾਰ ਨੇ ਕਿਹਾ ਕਿ ਇਹ ਕਵਿਤਾ ਇਕ ਥੀਮ ਦੀ ਕਵਿਤਾ ਨਹੀਂ।ਇਹ ਕਵਿਤਾ ਮਸਤਕ ਤੋਂ ਮਨ ਦਾ ਸਫ਼ਰ ਕਰਦੀ ਹੈ।ਡਾ. ਯੋਗਰਾਜ ਨੇ ਕਿਹਾ ਕਿ ਜਗਜੀਤ ਸੰਧੂ ਆਪਣੇ ਪ੍ਰਵਚਨ ਨੂੰ ਕਵਿਤਾ ਵਿਚ ਢਾਲਦਾ ਹੈ।

ਇਹ ਰਿਦਮਕ ਕਵਿਤਾ ਹੈ।ਵੱਡੇ ਆਲੋਚਕ ਤੇ ਉੱਘੇ ਕਵੀ ਡਾ. ਮਨਮੋਹਨ ਨੇ ਕਿਹਾ ਕਿ ਇਹ ਕਵਿਤਾ ਪ੍ਰਮਾਣਿਕ ਅਨੁਭਵ ਦੀ ਕਵਿਤਾ ਹੈ। ਇਹਨਾਂ ਕਵਿਤਾਵਾਂ ਨੂੰ ਸਰਲ ਤੇ ਸਿੱਧੇ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਇਹਨਾਂ ਕਵਿਤਾਵਾਂ ਵਿਚ ਸਰਬਕਾਲਿਕ ਮਸਲੇ ਪੇਸ਼ ਕੀਤੇ ਗਏ ਹਨ।ਆਖ਼ਰ ਵਿਚ ਪੰਜਾਬ ਕਲਾ ਪਰਿਸ਼ਦ ਚੇਅਰਮੈਨ ਕਵੀ ਤੇ ਚਿੱਤਰਕਾਰ ਸਵਰਨਜੀਤ ਸਵੀ ਨੇ ਕਿਹਾ ਕਿ ਉਹ ਜਗਜੀਤ ਨੂੰ ਚਾਰ ਦਹਾਕਿਆਂ ਤੋਂ ਜਾਣਦੇ ਹਨ।ਉਹਨਾਂ ਕਿਹਾ ਕਿ ਜਗਜੀਤ ਦੀ ਕਵਿਤਾ ਲੋਕ ਮਨ ਦੇ ਨੇੜੇ ਹੈ। ਉਹਨਾਂ ਆਏ ਸਰੋਤਿਆਂ ਦਾ ਧੰਨਵਾਦ ਵੀ ਕੀਤਾ।ਮੰਚ ਸੰਚਾਲਨ ਸ਼ਾਇਰ ਤੇ ਵਾਰਤਕਕਾਰ ਜਗਦੀਪ ਸਿੱਧੂ ਨੇ ਕੀਤਾ। ਸਮਾਗਮ ਵਿਚ ਉੱਘੇ ਵਿਦਵਾਨ ਸੁਮੇਲ ਸਿੰਘ ਸਿੱਧੂ, ਵਰਿੰਦਰ ਸਿੰਘ, ਚਰਨਜੀਤ ਬਾਠ, ਡਾ. ਅਵਤਾਰ ਸਿੰਘ ਪਤੰਗ, ਹਰਜੀਤ ਸਿੰਘ, ਦੀਪਕ ਮਹਿਤਾ, ਡਾ. ਸੁਰਿੰਦਰ ਗਿੱਲ, ਸਰਦਾਰਾ ਸਿੰਘ ਚੀਮਾ, ਬਲਜੀਤ ਕੌਰ ਆਦਿ ਹਾਜ਼ਰ ਸਨ।

ਠੇਕੇ ਦੇ ਕਰਿੰਦੇ ਨੂੰ ਬੰਧਕ ਬਣਾ ਕੇ ਉਸ ਦੇ ਮੋਬਾਇਲ ਤੋਂ ਆਨ ਲਾਇਨ ਕੀਤੀਆਂ ਟਰਾਂਜੈਕਸ਼ਨਾਂ

ਗੁਰਾਇਆ (ਬਿੰਦਰ ਸੁਮਨ): ਪਿੰਡ ਪਾਸਲਾ ਵਿਖੇ ਬੀਤੀ ਅੱਧੀ ਰਾਤ ਨੂੰ ਤੇਜ਼ਧਾਰ ਹਥਿਆਰਾਂ ਨਾਲ ਲੈਸ ਲੁੱਟੇਰਿਆ ਨੇ ਇੱਕ ਸ਼ਰਾਬ ਦੇ ਠੇਕੇ ਤੇ ਕੰਮ ਕਰਨ ਵਾਲੇ ਕਰਿੰਦੇ ਨੂੰ ਬੰਧਕ ਬਣਾ ਕੇ ਵਾਰਦਾਤ ਨੂੰ ਅੰਜ਼ਾਮ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਠੇਕੇ ਦੇ ਕਰਿੰਦੇ ਪ੍ਰੇਮ ਸ਼ਾਹੂ ਨੇ ਦੱਸਿਆ ਕਿ ਰਾਤ 12 ਵਜੇ ਦੇ ਕਰੀਬ ਕੁਝ ਨਕਾਬਪੋਸ਼ ਲੁਟੇਰੇ ਠੇਕੇ ਦੇ ਬਾਹਰਲੇ ਜ਼ਿੰਦਰੇ ਅਤੇ ਸ਼ਟਰ ਤੋੜ ਕੇ ਠੇਕੇ ਵਿੱਚ ਦਾਖਲ ਹੋਏ ਜਿਨ੍ਹਾਂ ਤੇਜ਼ਧਾਰ ਹਥਿਆਰਾ ਦੀ ਨੋਕ 'ਤੇ ਗੱਲ੍ਹੇ ਵਿੱਚ ਪਈ 2 ਹਜ਼ਾਰ ਰੁਪਏ ਦੀ ਨਗਦੀ ਕੱਢ ਲਈ ਜਿਸ ਤੋਂ ਬਾਅਦ ਲੁਟੇਰਿਆ ਨੇ ਉਸ ਦਾ ਮੋਬਾਇਲ ਫੋਨ ਖੋਹ ਕੇ ਆਨ ਲਾਇਨ 1 ਲੱਖ 26 ਹਜ਼ਾਰ ਰੁਪਏ ਦੀਆਂ ਟਰਾਂਜੈਕਸ਼ਨਾ ਕਰ ਲਈਆ ਅਤੇ ਖਾਤਾ ਖਾਲੀ ਕਰਕੇ ਮੌਕੇ ਤੋਂ ਫਰਾਰ ਹੋ ਗਏ।

ਉਨ੍ਹਾਂ ਪੁਲਸ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਇਨ੍ਹਾਂ ਲੁਟੇਰਿਆ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ।

ਇਨੋਸੈਂਟ ਹਾਰਟਸ ਸਕੂਲ ਵੱਲੋਂ ਪੀ ਐੱਸ ਈ ਬੀ ਗਰਲਜ਼ ਜ਼ੋਨਲ ਟੂਰਨਾਮੈਂਟ ਕਰਵਾਇਆ

ਜਲੰਧਰ (ਸ਼ੈਲੀ ਐਲਬਰਟ) ਇਨੋਸੈਂਟ ਹਾਰਟਸ ਸਕੂਲ, ਲੋਹਾਰਾਂ ਵੱਲੋਂ ਪੀ ਐਸ ਈ ਬੀ ਗਰਲਜ਼ ਜ਼ੋਨਲ ਟੂਰਨਾਮੈਂਟ (ਜ਼ੋਨ ਨੰਬਰ 2) ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਦੌਰਾਨ ਵਾਲੀਬਾਲ, ਖੋ-ਖੋ ਅਤੇ ਕ੍ਰਿਕਟ ਦੀਆਂ ਅੰਡਰ-14, ਅੰਡਰ-17 ਅਤੇ ਅੰਡਰ-19 ਵਰਗ ਦੀਆਂ ਪ੍ਰਤੀਯੋਗਿਤਾਵਾਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਵੱਖ-ਵੱਖ ਸਕੂਲਾਂ ਦੀਆਂ ਵਿਦਿਆਰਥਣਾਂ ਨੇ ਉਤਸ਼ਾਹ ਨਾਲ ਭਾਗ ਲਿਆ।ਟੂਰਨਾਮੈਂਟ ਵਿੱਚ ਲਗਭਗ 543 ਖਿਡਾਰੀਆਂ ਨੇ ਭਾਗ ਲਿਆ। ਵਾਲੀਬਾਲ ਵਿੱਚ 15 ਸਕੂਲਾਂ ਦੀਆਂ 15 ਟੀਮਾਂ ਦੇ ਕਰੀਬ 180 ਖਿਡਾਰੀ, ਖੋ-ਖੋ ਵਿੱਚ 14

ਸਕੂਲਾਂ ਦੀਆਂ 14 ਟੀਮਾਂ ਦੇ ਲਗਭਗ 168 ਖਿਡਾਰੀ ਅਤੇ ਕ੍ਰਿਕਟ ਵਿੱਚ 13 ਸਕੂਲਾਂ ਦੀਆਂ 13 ਟੀਮਾਂ ਦੇ ਕਰੀਬ 195 ਖਿਡਾਰੀਆਂ ਨੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਵਾਲੀਬਾਲ ਅੰਡਰ-14 ਵਰਗ ਵਿੱਚ ਇਨੋਸੈਂਟ ਹਾਰਟਸ ਸਕੂਲ, ਲੋਹਾਰਾਂ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਅੰਡਰ-17 ਅਤੇ ਅੰਡਰ-19 ਵਰਗ ਵਿੱਚ ਉਪ-ਵਿਜੇਤਾ ਰਿਹਾ। ਖੋ-ਖੋ ਅੰਡਰ-19 ਵਰਗ ਵਿੱਚ ਸਕੂਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕ੍ਰਿਕਟ ਅੰਡਰ-19 ਵਰਗ ਵਿੱਚ ਇਨੋਸੈਂਟ ਹਾਰਟਸ ਸਕੂਲ, ਲੋਹਾਰਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਅੰਡਰ-14 ਵਿੱਚ ਦੂਜਾ ਅਤੇ ਅੰਡਰ-17 ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਇਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਵਿਦਿਆਰਥੀਆਂ ਦੇ ਸਰਵਾਂਗੀਣ ਵਿਕਾਸ ਵਿੱਚ ਖੇਡਾਂ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਡਿਪਟੀ ਡਾਇਰੈਕਟਰ ਸਪੋਰਟਸ ਸ੍ਰੀ ਰਾਜੀਵ ਪਾਲੀਵਾਲ ਨੇ ਖਿਡਾਰੀਆਂ ਦੀ ਖੇਡ ਭਾਵਨਾ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਸੁਸ਼੍ਰੀ ਸ਼ਾਲੂ ਸਹਿਗਲ ਨੇ ਜੇਤੂਆਂ ਅਤੇ ਭਾਗੀਦਾਰਾਂ ਨੂੰ ਵਧਾਈ ਦਿੱਤੀ, ਜਦਕਿ ਸਪੋਰਟਸ ਕੋਆਰਡੀਨੇਟਰ ਸੰਜੀਵ ਭਾਰਦਵਾਜ ਨੇ ਆਯੋਜਨ ਟੀਮ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।

ਸਮਾਪਤੀ ਸਮਾਰੋਹ ਦੌਰਾਨ ਜੇਤੂ ਅਤੇ ਉਪ-ਜੇਤੂ ਟੀਮਾਂ ਨੂੰ ਸਨਮਾਨਿਤ ਕੀਤਾ ਗਿਆ।

4 ਨੂੰ ਪੰਜਾਬ 'ਵਰਸਿਟੀ 'ਚ ਆਉਣਗੇ ਉਪ ਰਾਸ਼ਟਰਪਤੀ ਸੀ ਪੀ ਰਾਧਾਕ੍ਰਿਸ਼ਨਨ

ਚੰਡੀਗੜ੍ਹ (ਸੁਰਜੀਤ ਸੁਮਨ) ਉਪ ਰਾਸ਼ਟਰਪਤੀ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਚਾਂਸਲਰ ਸੀ ਪੀ ਰਾਧਾਕ੍ਰਿਸ਼ਨਨ 4 ਸਤੰਬਰ ਨੂੰ ਪੰਜਾਬ ਯੂਨੀਵਰਸਿਟੀ ਕੈਂਪਸ ਦਾ ਦੌਰਾ ਕਰਨਗੇ।ਚਾਂਸਲਰ ਬਣਨ ਤੋਂ ਬਾਅਦ ਇਹ ਯੂਨੀਵਰਸਿਟੀ ਦਾ ਉਨ੍ਹਾਂ ਦਾ ਪਹਿਲਾ ਦੌਰਾ ਹੋਵੇਗਾ। ਇਸ ਦੌਰਾਨ ਉਹ ਐਸ ਏ ਆਈ ਐਫ/ ਸੀ ਆਈ ਐਲ (ਸੋਫਿਸਟੀਕੇਟਿਡ ਐਨਾਲਿਟੀਕਲ ਇੰਸਟਰੂਮੈਂਟੇਸ਼ਨ ਫੈਸਿਲਿਟੀ/ ਸੈਂਟਰਲ ਇੰਸਟਰੂਮੈਂਟੇਸ਼ਨ ਲੈਬੋਰੇਟਰੀ) ਦੀਆਂ ਅਪਗ੍ਰੇਡ ਕੀਤੀਆਂ ਅਤਿ-ਆਧੁਨਿਕ ਖੋਜ ਸੁਵਿਧਾਵਾਂ ਅਤੇ ਪੀਯੂ ਟੀ ਆਈ ਐਫ (ਪਹਿਲਾਂ ਬਾਇਓ ਨੇਸਟ ਦੇ ਨਾਮ ਨਾਲ ਜਾਣਿਆ ਜਾਂਦਾ ਸੀ) ਦਾ ਉਦਘਾਟਨ ਕਰਨਗੇ।ਉਪ ਰਾਸ਼ਟਰਪਤੀ ਯੂਨੀਵਰਸਿਟੀ ਆਡੀਟੋਰੀਅਮ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਵੀ ਸੰਬੋਧਨ ਕਰਨਗੇ। ਐਸ ਏ ਆਈ ਐਫ/ ਸੀ ਆਈ ਐਲ ਦੀਆਂ ਅਪਗ੍ਰੇਡ ਕੀਤੀਆਂ ਸੁਵਿਧਾਵਾਂ ਨਾਲ ਲਾਈਫ਼ ਸਾਇੰਸਿਜ਼, ਕੈਮੀਕਲ ਸਾਇੰਸਿਜ਼, ਫਿਜ਼ੀਕਲ ਸਾਇੰਸਿਜ਼, ਇੰਜੀਨੀਅਰਿੰਗ ਸਮੇਤ ਵੱਖ-ਵੱਖ ਖੇਤਰਾਂ ਵਿੱਚ ਖੋਜ ਕਾਰਜਾਂ ਨੂੰ ਮਜ਼ਬੂਤੀ ਮਿਲੇਗੀ।ਇੱਥੇ ਅਤਿ-ਆਧੁਨਿਕ ਵਿਸ਼ਲੇਸ਼ਣਾਤਮਕ ਸੁਵਿਧਾਵਾਂ ਰਾਹੀਂ ਅਕਾਦਮਿਕ, ਵਿਗਿਆਨਕ

ਅਤੇ ਉਦਯੋਗ ਨਾਲ ਸਬੰਧਤ ਖੋਜ ਨੂੰ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।ਪੰਜਾਬ ਯੂਨੀਵਰਸਿਟੀ ਦੇ ਬੁਲਾਰੇ ਨੇ ਕਿਹਾ ਕਿ ਐਸ ਏ ਆਈ ਐਫ/ ਸੀ ਆਈ ਐਲ ਦੇਸ਼ ਵਿੱਚ ਸਭ ਤੋਂ ਵੱਧ ਵਰਤੀਆਂ ਜਾਣ ਵਾਲੀਆਂ ਐਨਾਲਿਟੀਕਲ ਰਿਸਰਚ ਸੁਵਿਧਾਵਾਂ ਵਿੱਚ ਸ਼ਾਮਲ ਹੈ। ਮੀਟਿੰਗ ਵਿੱਚ ਰਜਿਸਟਰਾਰ ਪ੍ਰੋ. ਵਾਈ.ਪੀ. ਵਰਮਾ, ਰਿਸਰਚ ਐਂਡ ਡਿਵੈਲਪਮੈਂਟ ਸੈੱਲ ਦੀ ਡਾਇਰੈਕਟਰ ਪ੍ਰੋ. ਸਵਿਤਾ ਗੁਪਤਾ, ਫਾਈਨੈਂਸ ਐਂਡ ਡਿਵੈਲਪਮੈਂਟ ਅਫ਼ਸਰ ਵਿਕਰਮ ਨੈਅਰ, ਕੰਟਰੋਲਰ ਆਫ਼ ਐਗਜ਼ਾਮੀਨੇਸ਼ਨ ਪ੍ਰੋ. ਜਗਤ ਭੂਸ਼ਣ ਸਮੇਤ ਸੀਨੀਅਰ ਅਧਿਕਾਰੀ ਅਤੇ ਫੈਕਲਟੀ ਮੈਂਬਰ ਮੌਜੂਦ ਰਹੇ।ਪ੍ਰੋ. ਮੀਨਾਕਸ਼ੀ ਗੋਇਲ ਨੇ ਕਿਹਾ ਕਿ ਯੂਨੀਵਰਸਿਟੀ ਉਪ ਰਾਸ਼ਟਰਪਤੀ ਅਤੇ ਚਾਂਸਲਰ ਦਾ ਸਵਾਗਤ ਕਰਨ ਲਈ ਉਤਸ਼ਾਹਿਤ ਹੈ। ਰਿਸਰਚ, ਇਨੋਵੇਸ਼ਨ ਅਤੇ ਟੈਕਨਾਲੋਜੀ 'ਤੇ ਕੇਂਦਰਿਤ ਉਨ੍ਹਾਂ ਦਾ ਦੌਰਾ ਵਿਦਿਆਰਥੀਆਂ ਅਤੇ ਨੌਜਵਾਨ ਖੋਜਕਰਤਾਵਾਂ ਨੂੰ ਨਵੀਂ ਦਿਸ਼ਾ ਦੇਵੇਗਾ।ਇਸ ਨਾਲ ਯੂਨੀਵਰਸਿਟੀ ਦੇ ਵਿਕਸਿਤ ਭਾਰਤ 2047 ਦੇ ਰਾਸ਼ਟਰੀ ਵਿਜ਼ਨ ਵਿੱਚ ਯੋਗਦਾਨ ਨੂੰ ਵੀ ਮਜ਼ਬੂਤੀ ਮਿਲੇਗੀ। ਪ੍ਰੋਗਰਾਮ ਵਿੱਚ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ, ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਚੰਡੀਗੜ੍ਹ ਦੇ ਸੰਸਦ ਮੈਂਬਰ ਮਨੀਸ਼ ਤਿਵਾਰੀ ਦੇ ਵੀ ਸ਼ਾਮਲ ਹੋਣ ਦੀ ਉਮੀਦ ਹੈ।

ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਪੈਸ਼ਲ ਮੌਨੀਟਰ ਵੱਲੋਂ ਘੱਗਰ ਕੁਸ਼ਟ ਆਸ਼ਰਮ ਦਾ ਦੌਰਾ

ਡੇਰਾਬਸੀ (ਵਿਨੈ ਕੁਮਾਰ ਜੈਨ)- ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਪੈਸ਼ਲ ਮੌਨੀਟਰ ਡਾ. ਪ੍ਰਦੀਪਤਾ ਕੁਮਾਰ ਨਾਇਕ ਵੱਲੋਂ ਡੇਰਾਬਸੀ ਲਾਗੇ ਘੱਗਰ ਕੁਸ਼ਟ ਆਸ਼ਰਮ ਦਾ ਦੌਰਾ ਕੀਤਾ ਗਿਆ। ਉਨ੍ਹਾਂ ਆਸ਼ਰਮ ਵਿੱਚ ਰਹਿ ਰਹੇ ਕੁਸ਼ਟ ਰੋਗ ਤੋਂ ਪੀੜਤ ਵਿਅਕਤੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਲੋੜਾਂ ਅਤੇ ਮੁਸ਼ਕਲਾਂ ਬਾਰੇ ਜਾਣਕਾਰੀ ਹਾਸਲ ਕੀਤੀ। ਡਾ. ਨਾਇਕ ਨੇ

ਕੁਸ਼ਟ ਰੋਗੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਤੋਂ ਸਿਹਤ ਸਹੂਲਤਾਂ, ਦਵਾਈਆਂ, ਰਹਿਣ-ਸਹਿਣ ਅਤੇ ਹੋਰ ਬੁਨਿਆਦੀ ਸਹੂਲਤਾਂ ਸੰਬੰਧੀ ਜਾਣਕਾਰੀ ਲਈ। ਉਨ੍ਹਾਂ ਕਿਹਾ ਕਿ ਕੁਸ਼ਟ ਰੋਗ ਤੋਂ ਪੀੜਤ ਵਿਅਕਤੀਆਂ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਬਰਾਬਰੀ ਦਾ ਮੌਕਾ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ।ਡਾ. ਨਾਇਕ ਨੇ ਮੌਕੇ 'ਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੁਸ਼ਟ ਰੋਗ ਤੋਂ ਪੀੜਤ ਵਿਅਕਤੀਆਂ ਨੂੰ ਵੱਖ-ਵੱਖ ਸਰਕਾਰੀ ਭਲਾਈ ਸਕੀਮਾਂ ਦਾ ਲਾਭ ਦਿਵਾਉਣ ਲਈ ਲੋੜੀਂਦੀ ਕਾਰਵਾਈ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਸਹੂਲਤਾਂ ਅਤੇ ਭਲਾਈ ਸਕੀਮਾਂ ਦਾ ਲਾਭ ਲੋੜਵੰਦਾਂ ਤੱਕ ਪਹੁੰਚਾਉਣ ਲਈ ਵਿਭਾਗਾਂ ਵਿਚਕਾਰ ਬਿਹਤਰ ਤਾਲਮੇਲ ਬਣਾਇਆ ਜਾਵੇ।ਡਾ. ਨਾਇਕ ਨੇ ਆਸ਼ਰਮ ਵਿੱਚ ਉਪਲਬਧ ਸਹੂਲਤਾਂ ਦਾ ਜਾਇਜ਼ਾ ਵੀ ਲਿਆ ਅਤੇ ਸਬੰਧਤ ਅਧਿਕਾਰੀਆਂ ਤੋਂ ਕੁਸ਼ਟ ਰੋਗੀਆਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸਿਹਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਜ਼ਿਲ੍ਹੇ ਵਿੱਚ ਕੁਸ਼ਟ ਰੋਗ ਦੀ ਜਲਦ ਪਛਾਣ, ਜਾਂਚ, ਇਲਾਜ ਅਤੇ ਰੋਕਥਾਮ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਵੀ ਜਾਣੂ ਕਰਵਾਇਆ ਗਿਆ।

ਇਸ ਮੌਕੇ ਉਨ੍ਹਾਂ ਨਾਲ ਕਾਰਜਕਾਰੀ ਸਿਵਲ ਸਰਜਨ ਡਾ. ਗਿਰੀਸ਼ ਡੋਗਰਾ, ਐਸ.ਐਮ.ਓ. ਡਾ. ਧਰਮਿੰਦਰ ਸਿੰਘ, ਡਾ. ਜਯੋਤੀ ਬਤਰਾ ਅਤੇ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਗੁਰੂ ਰਵਿਦਾਸ ਜੀ ਦੇ 650ਵੇਂ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੈਮੀਨਾਰ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿਖੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਾਮੀ 650ਵੇਂ ਸਾਲਾ ਪ੍ਰਕਾਸ਼ ਪੁਰਬ/ਸ਼ਤਾਬਦੀ ਸਮਾਰੋਹਾਂ ਨੂੰ ਸਮਰਪਿਤ ਰਾਜ ਪੱਧਰੀ ਸੈਮੀਨਾਰ ਕਰਵਾਇਆ ਗਿਆ।ਸਮਾਗਮ ਵਿੱਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ, ਸੰਤ-ਮਹਾਂਪੁਰਸ਼, ਪ੍ਰਮੁੱਖ ਰਾਜਨੀਤਿਕ ਸ਼ਖ਼ਸੀਅਤਾਂ, ਯੂਨੀਵਰਸਿਟੀ ਮੈਨੇਜਮੈਂਟ, ਅਧਿਆਪਕ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀ ਸ਼ਾਮਲ ਹੋਏ।ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਪਲਵਿੰਦਰ ਸਿੰਘ ਨੇ ਆਏ ਹੋਏ ਮੁੱਖ ਮਹਿਮਾਨ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਕੁਲਪਤੀ ਸੰਤ ਮਨਮੋਹਨ ਸਿੰਘ, ਸੰਤ ਸਰਵਣ ਸਿੰਘ, ਸੰਤ ਨਿਰਮਲ ਦਾਸ, ਸੰਤ ਪ੍ਰਦੀਪ ਦਾਸ, ਭੈਣ ਸੰਤੋਸ਼

ਕੁਮਾਰੀ, ਵਿਧਾਇਕ ਸਾਹਿਬਾਨ, ਪ੍ਰਬੰਧਕਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ।ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਸਾਢੇ ਛੇ ਸੌ ਸਾਲ ਪਹਿਲਾਂ ਹੀ ਮਨੁੱਖੀ ਬਰਾਬਰੀ, ਸਨਮਾਨ ਅਤੇ 'ਕਰਮ' ਦੀ ਮਹੱਤਤਾ ਦਾ ਸੰਦੇਸ਼ ਦੇ ਦਿੱਤਾ ਸੀ, ਜੋ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇੱਕ ਅਟੱਲ ਲਿਖਤੀ ਪ੍ਰਮਾਣ ਵਜੋਂ ਦਰਜ ਹੈ। ਉਨ੍ਹਾਂ ਮਾਣ ਨਾਲ ਦੱਸਿਆ ਕਿ ਯੂਨੀਵਰਸਿਟੀ ਵਿੱਚ ਹਰ ਵਿਦਿਆਰਥੀ ਨਾਲ ਕਿਸੇ ਕਿਸਮ ਦਾ ਭੇਦਭਾਵ ਜਾਂ ਜਾਤ-ਪਾਤ ਦਾ ਵਿਤਕਰਾ ਨਹੀਂ ਕੀਤਾ ਜਾਂਦਾ। ਅੰਤ ਵਿੱਚ ਉਨ੍ਹਾਂ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਰਾਹੀਂ ਪੰਜਾਬ ਸਰਕਾਰ ਅੱਗੇ ਨਿਮਰ ਬੇਨਤੀ ਰੱਖੀ ਕਿ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਯੂਨੀਵਰਸਿਟੀ ਦੇ ਆਲੇ-ਦੁਆਲੇ ਜਾਂ ਕੈਂਪਸ ਵਿੱਚ ਇੱਕ 'ਖੋਜ ਕੇਂਦਰ' ਜ਼ਰੂਰ ਸਥਾਪਿਤ ਕੀਤਾ ਜਾਵੇ।ਸਮਾਗਮ ਦੇ ਮੁੱਖ ਬੁਲਾਰੇ ਪ੍ਰੋ. ਹਰਬੰਸ ਸਿੰਘ ਬੋਲੀਨਾ ਨੇ ਆਪਣੇ ਭਾਸ਼ਣ ਦੌਰਾਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ ਇਸ ਸੈਮੀਨਾਰ ਵਿੱਚ ਆਪ ਸਭ ਨਾਲ ਵਿਚਾਰ ਸਾਂਝੇ ਕੀਤੇ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ (ਐਨ.ਆਰ.ਆਈ. ਮਾਮਲੇ, ਸੰਸਦੀ ਮਾਮਲੇ, ਜੇਲ੍ਹ ਅਤੇ ਸੁਧਾਰ ਸੇਵਾਵਾਂ) ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲਈ ਇਹ ਬਹੁਤ ਵੱਡਾ ਸੁਭਾਗ ਹੈ ਕਿ ਸਾਨੂੰ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ ਮਨਾਉਣ ਦਾ ਮੌਕਾ ਮਿਲਿਆ ਹੈ। ਸੰਤ ਪ੍ਰਦੀਪ ਦਾਸ ਨੇ ਕਿਹਾ ਕਿ ਜਿਸ ਤਪੋਭੂਮੀ 'ਤੇ ਮਹਾਂਪੁਰਸ਼ਾਂ ਨੇ ਨਾਮ-ਸਿਮਰਨ ਕੀਤਾ, ਅੱਜ ਉੱਥੇ ਹਜ਼ਾਰਾਂ ਬੱਚੇ ਆਪਣਾ ਭਵਿੱਖ ਸੰਵਾਰ ਰਹੇ ਹਨ।ਭੈਣ ਸੰਤੋਸ਼ ਕੁਮਾਰੀ ਨੇ ਗੁਰੂ ਰਵਿਦਾਸ ਜੀ ਦੁਆਰਾ ਦਰਸਾਏ 'ਬੇਗਮਪੁਰਾ' ਦੇ ਸੰਕਲਪ ਨੂੰ ਭਾਰਤੀ ਸੰਵਿਧਾਨ ਨਾਲ ਜੋੜਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਉੱਚ-ਨੀਚ ਅਤੇ ਸਮਾਜਿਕ ਵਿਤਕਰੇ ਨੂੰ ਖ਼ਤਮ ਕਰਨ ਦਾ ਸੁਨੇਹਾ ਦਿੱਤਾ।ਸਮਾਗਮ ਦੇ ਅੰਤ ਵਿੱਚ ਯੂਨੀਵਰਸਿਟੀ ਦੇ ਰਜਿਸਟਰਾਰ ਸ਼੍ਰੀ ਰਾਜਿੰਦਰ ਕੁਮਾਰ ਨੇ ਪਹੁੰਚੇ ਹੋਏ ਮੁੱਖ ਮਹਿਮਾਨ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਚਾਂਸਲਰ ਸੰਤ ਮਨਮੋਹਨ ਸਿੰਘ, ਸੰਤ ਸਰਵਣ ਸਿੰਘ, ਸੰਤ ਨਿਰਮਲ ਦਾਸ, ਸੰਤ ਪ੍ਰਦੀਪ ਦਾਸ, ਹਲਕਾ ਇੰਚਾਰਜ ਪਵਨ ਕੁਮਾਰ ਟੀਨੂ, ਪ੍ਰੋ. ਹਰਬੰਸ ਸਿੰਘ ਬੋਲੀਨਾ ਅਤੇ ਸਮੁੱਚੇ ਫੈਕਲਟੀ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਮਨਾਇਆ ਰੱਖੜੀ ਦਾ ਤਿਉਹਾਰ

ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)- ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸਰ ਮਾਰਸ਼ਲ ਸਕੂਲ, ਬੈਂਸ ਅਵਾਨ ਵਿਖੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪ੍ਰਿੰਸੀਪਲ ਕੁਲਵੀਰ ਸਿੰਘ ਦੀ ਅਗਵਾਈ ਹੇਠ ਰੱਖੜੀ ਦਾ

ਤਿਉਹਾਰ ਬੜੀ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਖ਼ਾਸ ਮੌਕੇ ਸਕੂਲ ਪਰਿਸਰ ਵਿੱਚ ਰੰਗਾਰੰਗ ਅਤੇ ਰਚਨਾਤਮਕ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਸਮੂਹ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।ਪ੍ਰੋਗਰਾਮ ਦੀ ਸ਼ੁਰੂਆਤ ਦੌਰਾਨ ਵਿਦਿਆਰਥੀਆਂ ਦੇ ਸੁੰਦਰ ਰੱਖੜੀਆਂ ਬਣਾਉਣ ਦੇ ਮੁਕਾਬਲੇ ਕਰਵਾਏ ਗਏ।ਬੱਚਿਆਂ ਨੇ ਵੱਖ-ਵੱਖ ਰੰਗ-ਬਿਰੰਗੇ ਧਾਗਿਆਂ, ਮੋਤੀਆਂ, ਗੋਟੇ ਅਤੇ ਵਾਤਾਵਰਨ ਪੱਖੀ (ਇਕੋ ਫਰੈਂਡਲੀ) ਵਸਤੂਆਂ ਦੀ ਵਰਤੋਂ ਕਰਕੇ ਬਹੁਤ ਹੀ ਆਕਰਸ਼ਕ ਅਤੇ ਮਨਮੋਹਕ ਰੱਖੜੀਆਂ ਤਿਆਰ ਕੀਤੀਆਂ।ਬੱਚਿਆਂ ਦੀ ਰਚਨਾਤਮਕਤਾ ਅਤੇ ਉਤਸ਼ਾਹ ਵੇਖਣਯੋਗ ਸੀ।ਮੁਕਾਬਲਿਆਂ ਤੋਂ ਬਾਅਦ ਰੱਖੜੀ ਬੰਨ੍ਹਣ ਦਾ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ, ਜਿਸ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਨੇ ਵਿਦਿਆਰਥੀਆਂ ਦੇ ਗੁੱਟਾਂ 'ਤੇ ਰੱਖੜੀਆਂ ਬੰਨ੍ਹ ਕੇ ਉਨ੍ਹਾਂ ਦੀ ਲੰਮੀ ਉਮਰ ਅਤੇ ਸੁਖਾਵੀਂ ਜ਼ਿੰਦਗੀ ਦੀ ਕਾਮਨਾ ਕੀਤੀ।ਇਸ ਪ੍ਰੋਗਰਾਮ ਦੌਰਾਨ ਸੀਨੀਅਰ ਕਲਾਸਾਂ ਦੀਆਂ ਵਿਦਿਆਰਥਣਾਂ ਨੇ ਸਕੂਲ ਦੇ ਪ੍ਰਿੰਸੀਪਲ ਕੁਲਵੀਰ ਸਿੰਘ ਦੇ ਗੁੱਟ 'ਤੇ ਵੀ ਰੱਖੜੀ ਬੰਨ੍ਹੀ ਅਤੇ ਉਨ੍ਹਾਂ ਤੋਂ ਭਵਿੱਖ ਵਿੱਚ ਕਾਮਯਾਬੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਪ੍ਰਿੰਸੀਪਲ ਕੁਲਵੀਰ ਸਿੰਘ ਨੇ ਰੱਖੜੀ ਦੇ ਤਿਉਹਾਰ ਦੀ ਇਤਿਹਾਸਕ ਅਤੇ ਸਮਾਜਿਕ ਮਹੱਤਤਾ ਬਾਰੇ ਚਾਨਣਾ ਪਾਇਆ। ਸਮਾਗਮ ਦੇ ਅੰਤ ਵਿੱਚ ਵਧੀਆ ਰੱਖੜੀਆਂ ਬਣਾਉਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ।ਇਸ ਖ਼ਾਸ ਮੌਕੇ ਕੋਰਡੀਨੇਟਰ ਬਲਦੇਵ ਸਿੰਘ, ਅਧਿਆਪਕ ਓਂਕਾਰ ਸਿੰਘ, ਮਨੀਸ਼ ਸਿੰਘ, ਪ੍ਰਿਅੰਕਾ, ਮਨਪ੍ਰੀਤ, ਚਰਨਜੀਤ ਕੌਰ, ਅਮਨਦੀਪ ਕੌਰ, ਹਰਮਨਦੀਪ, ਮਨਦੀਪ ਕੌਰ, ਟੀਨਾ ਸ਼ਰਮਾ, ਪਰਵੀਨ, ਰਜਿੰਦਰ ਕੌਰ, ਪਰਮਜੀਤ ਕੌਰ, ਨੌਨ-ਟੀਚਿੰਗ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ, ਜਿਨ੍ਹਾਂ ਨੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਆਪਣਾ ਪੂਰਾ ਯੋਗਦਾਨ ਪਾਇਆ।

ਮੁਖਤਿਆਰ ਸਿੰਘ ਡਡਵਿੰਡੀ ਨੂੰ ਡੂੰਘਾ ਸਦਮਾ, ਪਿਤਾ ਦਾ ਦੇਹਾਂਤ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਮੁਖਤਿਆਰ ਸਿੰਘ ਸੋਢੀ ਡਡਵਿੰਡੀ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ

ਪਿਤਾ ਨੰਬਰਦਾਰ ਦਰਸ਼ਨ ਸਿੰਘ ਡਡਵਿੰਡੀ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਨੰਬਰਦਾਰ ਦਰਸ਼ਨ ਸਿੰਘ ਡਡਵਿੰਡੀ ਲੰਮੇ ਸਮੇਂ ਤੋਂ ਪਿੰਡ ਅਤੇ ਇਲਾਕੇ ਵਿੱਚ ਸਤਿਕਾਰਯੋਗ ਸ਼ਖ਼ਸੀਅਤ ਵਜੋਂ ਜਾਣੇ ਜਾਂਦੇ ਸਨ।ਪਰਵਾਰਕ ਜਾਣਕਾਰੀ ਅਨੁਸਾਰ ਉਨ੍ਹਾਂ ਦਾ ਅੰਤਿਮ ਸੰਸਕਾਰ 30 ਅਗਸਤ 2026, ਦਿਨ ਐਤਵਾਰ ਨੂੰ ਸਵੇਰੇ 11 ਵਜੇ ਪਿੰਡ ਡਡਵਿੰਡੀ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਜਾਵੇਗਾ।ਉਨ੍ਹਾਂ ਦੇ ਦੇਹਾਂਤ 'ਤੇ ਨੰਬਰਦਾਰ ਯੂਨੀਅਨ, ਕਿਸਾਨ ਜੱਥੇਬੰਦੀਆਂ, ਪ੍ਰੈਸ ਯੂਨੀਅਨ, ਵਰਕਿੰਗ ਜਰਨਲਿਸਟ ਐਸੋਸੀਏਸ਼ਨ, ਸਾਹਿਤ ਸਭਾ, ਸਮੂਹ ਮੁਲਾਜ਼ਮ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਅਤੇ ਪੱਤਰਕਾਰ ਭਾਈਚਾਰੇ ਸਮੇਤ ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਗੂਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਵੱਖ-ਵੱਖ ਆਗੂਆਂ ਨੇ ਕਿਹਾ ਕਿ ਨੰਬਰਦਾਰ ਦਰਸ਼ਨ ਸਿੰਘ ਦਾ ਅਚਾਨਕ ਵਿਛੋੜਾ ਪਰਵਾਰ ਦੇ ਨਾਲ-ਨਾਲ ਪਿੰਡ ਅਤੇ ਇਲਾਕੇ ਲਈ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ।ਉਨ੍ਹਾਂ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ।

ਸੰਥਨ ਜੋਤ ਪਾਰ ਕਰਦਿਆਂ... (ਆਖਰੀ ਸਫ਼ੇ 'ਤੇ)

ਨਵਾਂ ਜ਼ਮਾਨਾ ਐਤਵਾਰਤਾ

ਸਾਂਭੇ ਪਏ ਨੇ ਤੇਰੇ ਪੱਤਰ, ਪਾੜੇ ਵੀ ਜਾ ਸਕਦੇ ਸੀ।
ਵੱਸਦੇ ਰੱਖੇ ਯਾਦਾਂ ਦੇ ਘਰ 'ਜਾੜੇ ਵੀ ਜਾ ਸਕਦੇ ਸੀ।
ਸਿਆਹੀ ਦੇ ਵਿੱਚ ਖ਼ੁਸ਼ਬੂ ਤੇਰੀ ਅੱਖਰ ਹੌਕੇ ਭਰਦੇ ਨੇ,
ਵੇਖਣ ਨੂੰ ਤਾਂ ਕਾਗ਼ਜ਼ ਹੀ ਸੀ ਸਾੜੇ ਵੀ ਜਾ ਸਕਦੇ ਸੀ।

- ਕੇਵਲ ਕ੍ਰਾਂਤੀ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 30 ਅਗਸਤ 2026 www.nawanzamana.in ਕੀਮਤ 5.00 ਰੁਪਏ

ਮਜ਼ਦੂਰ ਅਧਿਕਾਰਾਂ ਲਈ ਸੰਘਰਸ਼

ਅਮਰਜੀਤ ਕੌਰ

ਅਨੁਵਾਦ : ਐੱਮ ਐੱਸ ਭਾਟੀਆ

ਦੁਨੀਆ ਭਰ ਵਿੱਚ ਮਜ਼ਦੂਰ ਵਰਗ ਦਾ ਅੰਦੋਲਨ ਅਤਿਅੰਤ ਸ਼ੋਸ਼ਣ, ਅਣਮਨੁੱਖੀ ਕੰਮਕਾਜੀ ਹਾਲਤਾਂ ਅਤੇ ਪਸ਼ੂਆਂ ਵਰਗੀਆਂ ਬਦਤਰ ਜੀਵਨ-ਹਾਲਤਾਂ ਵਿਰੁੱਧ ਆਵਾਜ਼ ਉਠਾਉਣ ਵਿੱਚ ਮੋਹਰੀ ਰਿਹਾ ਹੈ। ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਮਜ਼ਦੂਰਾਂ ਦੇ ਆਪ-ਮੁਹਾਰੇ ਵਿਦਰੋਹਾਂ ਨੇ ਚਿੰਤਕਾਂ ਅਤੇ ਦਾਰਸ਼ਨਿਕਾਂ ਨੂੰ ਅੱਗੇ ਦਾ ਰਾਹ ਸਮਝਣ, ਉਸ ਦਾ ਮੁਲਾਂਕਣ ਕਰਨ ਅਤੇ ਉਸ ਨੂੰ ਸਿਧਾਂਤਕ ਰੂਪ ਦੇਣ ਲਈ ਪ੍ਰੇਰਿਤ ਕੀਤਾ। ਪੰਜ ਸਦੀਆਂ ਤੋਂ ਵੀ ਪਹਿਲਾਂ ਸੂਫ਼ੀ-ਸੰਤ ਉਨ੍ਹਾਂ ਸਾਥੀ ਮਨੁੱਖਾਂ ਨਾਲ ਮਨੁੱਖੀ ਵਿਹਾਰ ਕਰਨ ਦੀ ਗੱਲ ਕਰ ਰਹੇ ਸਨ, ਜੋ ਸਮਾਜ ਦੇ ਉਤਪਾਦਕ, ਨਿਰਮਾਤਾ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲੇ ਹਨ। ਉਨ੍ਹਾਂ ਲੋਕਾਂ ਨੂੰ, ਜੋ ਮਿਹਨਤਕਸ਼ ਅਤੇ ਵੰਚਿਤ ਲੋਕਾਂ ਦੀ ਸਖ਼ਤ ਮਿਹਨਤ ਦੀ ਕੀਮਤ 'ਤੇ ਧਨ-ਦੌਲਤ ਇਕੱਠੀ ਕਰ ਰਹੇ ਸਨ, ਉਨ੍ਹਾਂ ਪ੍ਰਤੀ ਦਿਆਲੂ ਹੋਣ ਦੀ ਸਲਾਹ ਅਤੇ ਅਪੀਲ ਕੀਤੀ ਜਾਂਦੀ ਸੀ। ਸਮਾਂ ਬੀਤਦਾ ਗਿਆ ਅਤੇ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਦਾਰਸ਼ਨਿਕ ਵੀ ਆਪਣੇ ਹੱਕ ਲੈ ਕੇ ਸਾਹਮਣੇ ਆਏ। ਹਾਲਾਂਕਿ ਇਨ੍ਹਾਂ ਹੱਕਾਂ ਵਿੱਚ ਸ਼ੋਸ਼ਿਤਾਂ ਦੀ ਆਪਣੀ ਕੋਈ ਭੂਮਿਕਾ ਨਹੀਂ ਸੀ ਅਤੇ ਤਬਦੀਲੀ ਲਿਆਉਣ ਦੀ ਉਮੀਦ ਸ਼ੋਸ਼ਕਾਂ ਤੋਂ ਹੀ ਕੀਤੀ ਜਾ ਰਹੀ ਸੀ।

ਸਮੇਂ ਦੇ ਨਾਲ ਅਨੇਕਾਂ ਵਿਗਿਆਨਕ ਨਿਰੀਖਣ, ਖੋਜਾਂ ਅਤੇ ਕਾਢਾਂ ਹੋਈਆਂ, ਜਿਨ੍ਹਾਂ ਨੇ ਸਮਾਜ ਦੇ ਵਿਕਾਸ ਅਤੇ ਮਨੁੱਖੀ ਸੱਭਿਅਤਾ ਦੀ ਤਰੱਕੀ ਨੂੰ ਸਮਝਣ ਅਤੇ ਵੱਖ-ਵੱਖ ਪਰਿਕਲਪਨਾਵਾਂ ਨੂੰ ਪ੍ਰਯੋਗ ਰਾਹੀਂ ਵਿਕਸਤ ਕਰਕੇ ਸਿਧਾਂਤਾਂ ਦਾ ਰੂਪ ਦੇਣ ਦੇ ਕਾਫ਼ੀ ਮੌਕੇ ਪ੍ਰਦਾਨ ਕੀਤੇ। ਯੂਰਪ ਦੇ ਕੁਝ ਹਿੱਸਿਆਂ ਵਿੱਚ ਮਜ਼ਦੂਰਾਂ ਵੱਲੋਂ ਹਾਲਾਤ ਨੂੰ ਆਪਣੇ ਹੱਥਾਂ ਵਿੱਚ ਲੈਣ ਦੇ ਅਸਫ਼ਲ ਯਤਨ ਵੀ ਸਮਾਜ ਵਿੱਚ ਹੋ ਰਹੀ ਉਥਲ-ਪੁਥਲ ਨੂੰ ਸਮਝਣ ਦੇ ਮੌਕੇ ਬਣੇ। ਫਿਰ ਇਤਿਹਾਸ ਵਿੱਚ ਸਾਨੂੰ ਇੱਕ ਅਜਿਹੇ ਨੌਜਵਾਨ ਪ੍ਰਤਿਭਾਸ਼ਾਲੀ ਵਿਅਕਤੀ ਦਾ ਉਭਾਰ ਦਿਖਾਈ ਦਿੰਦਾ ਹੈ, ਜੋ ਵਿਗਿਆਨ ਦੇ ਖੇਤਰ ਵਿੱਚ ਹੋ ਰਹੇ ਵਿਕਾਸ, ਸਮਾਜਿਕ ਉਥਲ-ਪੁਥਲ ਅਤੇ ਮਨੁੱਖੀ ਸਮਾਜ ਦੇ ਬਦਲਦੇ ਵਿਕਾਸ-ਕ੍ਰਮ ਦਾ ਡੂੰਘਾਈ ਨਾਲ ਅਧਿਐਨ ਕਰਨ ਲਈ ਅਣਥੱਕ ਮਿਹਨਤ ਕਰ ਰਿਹਾ ਸੀ।

ਮਿਹਨਤਕਸ਼ ਲੋਕਾਂ ਦੀ ਇਹੀ ਬੇਚੈਨੀ ਅਤੇ ਪੁਕਾਰ, ਗੁਲਾਮੀ ਵਰਗੀਆਂ ਹਾਲਤਾਂ ਵਿੱਚੋਂ ਬਾਹਰ ਨਿਕਲਣ ਅਤੇ ਬਿਹਤਰ ਜ਼ਿੰਦਗੀ ਪ੍ਰਾਪਤ ਕਰਨ ਦੇ ਉਨ੍ਹਾਂ ਦੇ ਯਤਨਾਂ ਦੇ ਦਰਮਿਆਨ 'ਕਾਰਲ ਮਾਰਕਸ' ਇੱਕ ਮਹਾਨ ਦਾਰਸ਼ਨਿਕ ਅਤੇ ਉਨ੍ਹਾਂ ਦੇ ਭਵਿੱਖ ਦੇ ਮਾਰਗਦਰਸ਼ਕ ਵਜੋਂ ਸਾਹਮਣੇ ਆਏ। ਉਨ੍ਹਾਂ ਨੇ ਸਮਾਜ ਦੇ ਵਿਕਾਸ ਦੀ ਵਿਆਖਿਆ ਲਈ 'ਇਤਿਹਾਸਕ ਭੌਤਿਕਵਾਦ' ਅਤੇ ਇੱਕ ਵਿਗਿਆਨਕ ਸਿਧਾਂਤ ਤੇ ਵਿਕਾਸ-ਕ੍ਰਮ ਦੇ ਅਧਿਐਨ ਦੇ ਸਾਧਨ ਵਜੋਂ 'ਦਵੰਦਵਾਦੀ ਭੌਤਿਕਵਾਦ' ਪੇਸ਼ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਇਸ ਨੂੰ ਸਮਕਾਲੀ ਇਤਿਹਾਸ ਉੱਤੇ ਵਿਗਿਆਨਕ ਢੰਗ ਨਾਲ ਲਾਗੂ ਕਰਨ ਦਾ ਰਾਹ ਦਿਖਾਇਆ। ਇਸੇ ਲਈ ਮਾਰਕਸਵਾਦ ਨੂੰ ਕਿਸੇ ਜੜ੍ਹ ਸਿਧਾਂਤ ਜਾਂ ਮਤਾਗ੍ਰਹਿ ਦੀ ਥਾਂ ਲਗਾਤਾਰ ਵਿਕਸਤ ਹੋਣ ਵਾਲਾ ਵਿਗਿਆਨ ਕਿਹਾ ਜਾਂਦਾ ਹੈ।

ਉਨ੍ਹਾਂ ਦੇ ਮਿੱਤਰ ਅਤੇ ਸਾਥੀ 'ਫਰੈਡਰਿਕ ਏਂਗਲਜ਼' ਨੇ ਉਨ੍ਹਾਂ ਦੇ ਔਖੇ ਅਧਿਐਨ, ਲਿਖਤ ਅਤੇ ਇੰਗਲੈਂਡ ਵਿੱਚ ਕੀਤੇ ਗਏ ਬੌਧਿਕ ਕੰਮ ਵਿੱਚ ਬਹੁਤ ਵੱਡਾ ਸਹਿਯੋਗ ਦਿੱਤਾ। ਉਸ ਸਮੇਂ ਕਾਰਲ ਮਾਰਕਸ ਨੂੰ ਉਨ੍ਹਾਂ ਦੀ ਮਾਤਭੂਮੀ ਜਰਮਨੀ ਦੀ ਸਰਕਾਰ ਨੇ ਜਲਾਵਤਨ ਕਰ ਦਿੱਤਾ ਸੀ। 1848 ਵਿੱਚ ਪਹਿਲਾ 'ਕਮਿਊਨਿਸਟ ਮੈਨੀਫੈਸਟੋ' ਪ੍ਰਕਾਸ਼ਿਤ ਹੋਇਆ ਅਤੇ ਅਗਲੇ ਦੋ-ਤਿੰਨ ਸਾਲਾਂ ਵਿੱਚ ਹੀ ਇਸ ਦਾ ਅੰਗਰੇਜ਼ੀ ਤੋਂ ਇਲਾਵਾ ਕਈ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਹੋ ਗਿਆ। ਇਸ ਤੋਂ ਬਾਅਦ ਕਈ ਦੇਸ਼ਾਂ ਵਿੱਚ ਕਮਿਊਨਿਸਟ ਪਾਰਟੀਆਂ ਦਾ ਗਠਨ ਸ਼ੁਰੂ ਹੋਇਆ। ਨਿਰਾਸ਼ਾ ਉਮੀਦ ਵਿੱਚ ਬਦਲਣ ਲੱਗੀ ਅਤੇ ਆਪਣੇ ਸ਼ੋਸ਼ਕਾਂ ਨੂੰ ਚੁਣੌਤੀ ਦੇਣ ਲਈ ਮਜ਼ਦੂਰਾਂ ਦੇ ਟਰੇਡ ਯੂਨੀਅਨਾਂ ਵਿੱਚ ਸੰਗਠਿਤ ਹੋਣ ਦੀ ਪ੍ਰਕਿਰਿਆ ਤੇਜ਼ ਹੋ ਗਈ।

ਮਾਰਕਸ ਅਤੇ ਏਂਗਲਜ਼ ਦੇ ਜੀਵਨ ਕਾਲ ਦੌਰਾਨ ਹੀ ਦੁਨੀਆ ਭਰ ਦੀਆਂ ਟਰੇਡ ਯੂਨੀਅਨਾਂ ਨੇ ਨਿਸ਼ਚਿਤ ਕੰਮ ਦੇ ਸਮੇਂ ਦੀ ਮੰਗ ਲਈ ਅੰਦੋਲਨ ਸ਼ੁਰੂ ਕਰ ਦਿੱਤਾ ਸੀ। ਕਾਰਲ ਮਾਰਕਸ ਦਾ ਸ਼ੋਸ਼ਣ ਵਿਰੁੱਧ ਸੰਘਰਸ਼ ਕਰਨ, ਅੱਗੇ ਆ ਕੇ ਲੜਾਈ ਵਿੱਚ ਸ਼ਾਮਲ ਹੋਣ ਦਾ ਸੱਦਾ ਅਤੇ ਇਹ ਸਪੱਸ਼ਟ ਸੁਨੇਹਾ ਕਿ, 'ਤੁਹਾਡੇ ਕੋਲ ਗੁਆਉਣ ਲਈ ਆਪਣੀਆਂ ਜ਼ੰਜੀਰਾਂ ਤੋਂ ਬਿਨਾਂ ਕੁਝ ਨਹੀਂ ਹੈ', ਵਿਆਪਕ ਤੌਰ 'ਤੇ ਪ੍ਰਵਾਨ ਕੀਤਾ ਗਿਆ।

1886 ਦੀ ਸ਼ਿਕਾਗੋ ਘਟਨਾ ਤੋਂ ਬਾਅਦ ਜਦੋਂ ਅੱਠ ਘੰਟੇ ਦੇ ਕੰਮ-ਦਿਨ ਦੀ ਮੰਗ ਲਈ ਅੰਦੋਲਨ ਸ਼ੁਰੂ ਹੋਇਆ ਅਤੇ ਚਾਰ ਦਿਨਾਂ ਅੰਦਰ ਹੀ ਹਾਕਮਾਂ ਵੱਲੋਂ ਉਸ ਨੂੰ ਕੁਚਲ ਦਿੱਤਾ ਗਿਆ, 1889 ਵਿੱਚ ਯੂਰਪ ਵਿੱਚ ਵੱਖ-ਵੱਖ ਜਥੇਬੰਦੀਆਂ ਅਤੇ ਯੂਨੀਅਨਾਂ ਦੀ ਅੰਤਰਰਾਸ਼ਟਰੀ ਮੀਟਿੰਗ ਹੋਈ। ਇਸ ਮੀਟਿੰਗ ਨੇ ਫ਼ੈਸਲਾ ਕੀਤਾ ਕਿ 'ਮਈ ਦਿਵਸ' ਹਰ ਸਾਲ ਮਨਾਇਆ ਜਾਵੇਗਾ, ਤਾਂ ਜੋ ਨਿਸ਼ਚਿਤ ਕੰਮ ਦਾ ਸਮਾਂ, ਉਚਿਤ ਮਜ਼ਦੂਰੀ, ਕੰਮ ਵਾਲੀ ਥਾਂ ਦੀ ਸੁਰੱਖਿਆ ਆਦਿ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਜਾਰੀ ਰੱਖਿਆ ਜਾ ਸਕੇ।

ਇਸ ਤਰ੍ਹਾਂ ਮਜ਼ਦੂਰਾਂ ਦੇ ਮਨੁੱਖੀ ਅਧਿਕਾਰਾਂ ਅਤੇ ਵਿਆਪਕ ਅਰਥਾਂ ਵਿੱਚ ਸਾਰੇ ਮਨੁੱਖਾਂ ਦੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਦੀ ਸ਼ੁਰੂਆਤ ਹੋ ਚੁੱਕੀ ਸੀ।

ਕਮਿਊਨਿਸਟ ਪਾਰਟੀਆਂ ਦਾ ਗਠਨ ਅਤੇ ਮਜ਼ਦੂਰ ਅਧਿਕਾਰਾਂ ਦਾ ਸੰਘਰਸ਼

ਕਮਿਊਨਿਸਟ ਪਾਰਟੀਆਂ ਦਾ ਗਠਨ ਹੋ ਰਿਹਾ ਸੀ ਅਤੇ ਉਨ੍ਹਾਂ ਦਾ ਏਜੰਡਾ ਅਜਿਹੀਆਂ ਮਜ਼ਦੂਰ-ਵਰਗੀ ਨੀਤੀਆਂ ਨੂੰ ਅੱਗੇ ਵਧਾਉਣਾ ਸੀ, ਜਿਨ੍ਹਾਂ ਦਾ ਮਕਸਦ ਮਜ਼ਦੂਰਾਂ ਨੂੰ ਔਖੀ ਅਤੇ ਤਰਸਯੋਗ ਮਿਹਨਤ ਤੋਂ ਮੁਕਤੀ ਦਿਵਾਉਣਾ ਅਤੇ ਕਿਰਤ ਦੀ ਮਾਣ-ਮਰਿਆਦਾ ਯਕੀਨੀ ਬਣਾਉਣਾ ਸੀ। ਕਮਿਊਨਿਸਟਾਂ ਨੇ ਉਤਪਾਦਨ ਅਤੇ ਸੇਵਾਵਾਂ ਨਾਲ ਜੁੜੇ ਸਾਰੇ ਵਰਗਾਂ-ਮਜ਼ਦੂਰਾਂ ਅਤੇ ਕਿਸਾਨਾਂ, ਇੱਥੋਂ ਤੱਕ ਕਿ ਸਵੈ-ਰੁਜ਼ਗਾਰ ਰਾਹੀਂ ਥੋੜ੍ਹੀ-ਬਹੁਤ ਆਮਦਨ ਕਮਾਉਣ ਵਾਲੇ ਲੋਕਾਂ ਨੂੰ ਸੰਬੋਧਿਤ ਕੀਤਾ। ਇਹ ਸੁਭਾਵਿਕ ਹੀ ਸੀ ਕਿ ਉਨ੍ਹਾਂ ਨੇ ਟਰੇਡ ਯੂਨੀਅਨਾਂ ਨੂੰ ਸੰਗਠਿਤ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ।

ਦਹਾਕਿਆਂ ਤੱਕ ਚੱਲੇ ਲੰਮੇ ਸੰਘਰਸ਼ ਤੋਂ ਬਾਅਦ ਆਖ਼ਰਕਾਰ 1919 ਵਿੱਚ 'ਅੰਤਰਰਾਸ਼ਟਰੀ ਕਿਰਤ ਸੰਗਠਨ (ਆਈ ਐੱਲ ਓ)' ਦੀ ਸਥਾਪਨਾ ਸਮੇਂ ਪਹਿਲੀ ਕਨਵੈਨਸ਼ਨ 8 ਘੰਟੇ ਦੇ ਕੰਮ-ਦਿਨ ਲਈ ਅਪਣਾਈ ਗਈ। ਆਈ ਐੱਲ ਓ ਦਾ ਗਠਨ ਅਕਤੂਬਰ ਇਨਕਲਾਬ ਦੀ ਸਫ਼ਲਤਾ ਤੋਂ ਬਾਅਦ ਹੋਇਆ, ਜਿਸ ਦੀ ਅਗਵਾਈ ਕਾਮਰੇਡ 'ਵਲਾਦੀਮੀਰ ਲੈਨਿਨ' ਨੇ ਕੀਤੀ ਸੀ। ਇਹ ਦੁਨੀਆ ਦਾ ਪਹਿਲਾ ਅਜਿਹਾ ਰਾਜ ਸੀ, ਜਿਸ ਨੇ ਐਲਾਨ ਕੀਤਾ ਕਿ ਉਹ ਅਜਿਹਾ ਸਮਾਜ ਬਣਾਏਗਾ, ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਕੀਤੀ ਜਾਵੇਗੀ ਅਤੇ ਸਾਰਿਆਂ ਲਈ ਬਰਾਬਰ ਮੌਕਿਆਂ 'ਤੇ ਆਧਾਰਤ ਸਮਾਨਤਾਵਾਦੀ ਸਮਾਜ ਦੀ ਉਸਾਰੀ ਦਾ ਰਾਹ ਅਪਣਾਇਆ ਜਾਵੇਗਾ। ਉਨ੍ਹਾਂ ਨੇ ਕੌਮੀ ਮੁਕਤੀ ਲਈ ਚੱਲ ਰਹੇ ਬਸਤੀਵਾਦ-ਵਿਰੋਧੀ ਸੰਘਰਸ਼ਾਂ ਦਾ ਵੀ ਸਮਰਥਨ ਕੀਤਾ।

ਦੁਨੀਆ ਭਰ ਦੇ ਮਜ਼ਦੂਰ ਇਸ ਤੋਂ ਪ੍ਰੇਰਿਤ ਹੋਏ ਅਤੇ ਟਰੇਡ ਯੂਨੀਅਨਾਂ ਵਿੱਚ ਸੰਗਠਿਤ ਹੋਣ ਦੀ ਪ੍ਰਕਿਰਿਆ ਹੋਰ ਮਜ਼ਬੂਤ ਹੋਈ। ਉਨ੍ਹਾਂ ਨੇ ਆਪਣੇ ਕੰਮ ਵਾਲੇ ਸਥਾਨਾਂ 'ਤੇ ਅਧਿਕਾਰਾਂ ਲਈ ਸੰਘਰਸ਼ ਕਰਨ ਦੇ ਨਾਲ-ਨਾਲ ਆਪਣੇ-ਆਪਣੇ ਦੇਸ਼ਾਂ ਦੀ ਆਜ਼ਾਦੀ ਦੀ ਲੜਾਈ ਵਿੱਚ ਵੀ ਭੂਮਿਕਾ ਨਿਭਾਈ।

ਸਾਡੇ ਦੇਸ਼ ਵਿੱਚ ਬਰਤਾਨਵੀ ਰਾਜ ਦੌਰਾਨ ਲਗਾਤਾਰ ਸੰਘਰਸ਼ਾਂ ਰਾਹੀਂ ਕਈ ਕਾਨੂੰਨ ਹਾਸਲ ਕੀਤੇ ਗਏ ਅਤੇ ਆਜ਼ਾਦੀ ਤੋਂ ਬਾਅਦ ਦੇ ਦੌਰ ਵਿੱਚ ਵੱਡੀ ਗਿਣਤੀ ਵਿੱਚ ਹੋਰ ਕਾਨੂੰਨ ਬਣੇ। ਭਾਰਤ ਵਿੱਚ ਟਰੇਡ ਯੂਨੀਅਨਾਂ ਦੇ ਪਹਿਲੇ ਕੌਮੀ ਕੇਂਦਰ 'ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ)' ਦੀ ਸਥਾਪਨਾ 31 ਅਕਤੂਬਰ 1920 ਨੂੰ ਮੁੰਬਈ (ਉਸ ਸਮੇਂ ਬੰਬਈ) ਵਿੱਚ ਪੂਰੇ ਭਾਰਤ ਤੋਂ ਆਈਆਂ ਟਰੇਡ ਯੂਨੀਅਨਾਂ ਦੀ ਕੌਮੀ ਕਾਨਫਰੰਸ ਵਿੱਚ ਹੋਈ। ਇਸ ਦੇ ਸੰਸਥਾਪਕ ਪ੍ਰਧਾਨ 'ਲਾਲਾ ਲਾਜਪਤ ਰਾਏ' ਸਨ। ਇਹ ਭਾਰਤੀ ਮਜ਼ਦੂਰ ਵਰਗ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸੀ। ਇਸ ਤੋਂ ਬਾਅਦ ਪਿੱਛੇ ਮੁੜ ਕੇ ਦੇਖਣ ਦਾ ਸਵਾਲ ਨਹੀਂ ਸੀ। ਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਮਜ਼ਬੂਤ ਹੁੰਦਾ ਗਿਆ ਅਤੇ ਨਾਲ-ਨਾਲ ਮਜ਼ਦੂਰਾਂ ਦੇ ਅਧਿਕਾਰ ਵੀ ਹਾਸਲ ਹੁੰਦੇ ਗਏ।

ਆਜ਼ਾਦੀ ਪ੍ਰਾਪਤ ਹੋਣ ਤੋਂ ਬਾਅਦ ਭਾਰਤੀ ਸੰਵਿਧਾਨ ਵਿੱਚ ਦਿੱਤੇ ਅਧਿਕਾਰਾਂ ਅਤੇ ਗਾਰੰਟੀਆਂ ਨੂੰ ਮਿਹਨਤਕਸ਼ ਲੋਕਾਂ ਲਈ ਲਾਗੂ ਕਰਨ ਦੀ ਮੰਗ ਉੱਠੀ। ਲੱਗਭੱਗ 150 ਸੂਬਾਈ ਕਾਨੂੰਨ ਅਤੇ 44 ਕੇਂਦਰੀ ਕਾਨੂੰਨ ਹਾਸਲ ਕੀਤੇ ਗਏ। ਇਹ ਸਾਰੀਆਂ ਪ੍ਰਾਪਤੀਆਂ ਸੜਕਾਂ ਉੱਤੇ ਹੋਏ ਸੰਘਰਸ਼ਾਂ ਅਤੇ ਸੰਸਦ ਤੇ ਸੂਬਾਈ ਵਿਧਾਨ ਸਭਾਵਾਂ ਵਿੱਚ ਉਨ੍ਹਾਂ ਲੋਕ-ਨੁਮਾਇੰਦਿਆਂ ਦੇ ਸਮਰਥਨ ਨਾਲ ਹਾਸਲ ਹੋਈਆਂ, ਜੋ ਮਜ਼ਦੂਰ ਵਰਗ ਦੇ ਅਧਿਕਾਰਾਂ ਨਾਲ ਖੜ੍ਹੇ ਸਨ।

ਸਰਕਾਰੀ ਮੁਲਾਜ਼ਮਾਂ ਅਤੇ ਜਨਤਕ ਖੇਤਰ ਦੇ ਅਦਾਰਿਆਂ ਦੇ ਕਰਮਚਾਰੀਆਂ ਨੇ 'ਸਮੂਹਿਕ ਸੌਦੇਬਾਜ਼ੀ (ਕੌਲੈਕਟਿਵ ਬਾਰਗੇਨਿੰਗ)' ਦਾ ਅਧਿਕਾਰ ਹਾਸਲ ਕੀਤਾ। ਤਨਖ਼ਾਹ ਨਿਰਧਾਰਨ ਅਤੇ ਹੋਰ ਕੰਮਕਾਜੀ ਅਧਿਕਾਰਾਂ ਲਈ ਸਮਝੌਤਿਆਂ ਅਤੇ ਨਿਪਟਾਰਿਆਂ ਦੀਆਂ ਵਿਵਸਥਾਵਾਂ ਵੀ ਹਾਸਲ ਕੀਤੀਆਂ ਗਈਆਂ, ਪਰ ਮਜ਼ਦੂਰਾਂ ਦੀ ਵੱਡੀ ਬਹੁਗਿਣਤੀ ਲਈ ਕਾਨੂੰਨਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਸੀ। ਜਿੱਥੇ-ਜਿੱਥੇ ਟਰੇਡ ਯੂਨੀਅਨਾਂ ਬਣੀਆਂ ਅਤੇ ਸਮੂਹਿਕ ਸੌਦੇਬਾਜ਼ੀ ਰਾਹੀਂ ਸੰਘਰਸ਼ ਕੀਤਾ ਗਿਆ, ਉੱਥੇ ਕੁਝ ਰਾਹਤ ਹਾਸਲ ਕੀਤੀ ਜਾ ਸਕੀ। ਫਿਰ ਵੀ ਆਊਟਸੋਰਸ, ਠੇਕਾ ਅਤੇ ਕੈਜ਼ੂਅਲ ਮਜ਼ਦੂਰ ਲਗਾਤਾਰ ਪੀੜਤ ਹੁੰਦੇ ਰਹੇ।

ਕੇਂਦਰੀ ਟਰੇਡ ਯੂਨੀਅਨਾਂ ਵਾਰ-ਵਾਰ ਕਹਿੰਦੀਆਂ ਰਹੀਆਂ ਹਨ ਕਿ ਕੰਮ ਵਾਲੀਆਂ ਥਾਵਾਂ 'ਤੇ ਕਿਰਤ ਕਾਨੂੰਨਾਂ ਦੀ ਉਲੰਘਣਾ ਇੱਕ ਆਮ ਵਰਤਾਰਾ ਬਣ ਚੁੱਕੀ ਹੈ। ਇੰਸਪੈਕਸ਼ਨ ਨਹੀਂ ਹੁੰਦੀ, ਵੱਧ ਕੰਮ ਲੈਣ ਅਤੇ ਮਜ਼ਦੂਰੀ ਦਾ ਭੁਗਤਾਨ ਨਾ ਕਰਨ ਤੋਂ ਇਲਾਵਾ ਕੰਮ ਵਾਲੀ ਥਾਂ ਦੀ ਸੁਰੱਖਿਆ ਨਾਲ ਵੀ ਸਮਝੌਤਾ ਕੀਤਾ ਜਾਂਦਾ ਹੈ, ਜਿਸ ਕਾਰਨ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ ਅਤੇ ਅਨੇਕਾਂ ਮਜ਼ਦੂਰ ਆਪਣੀ ਕੰਮ ਕਰਨ ਦੀ ਸਮਰੱਥਾ ਗੁਆ ਬੈਠਦੇ ਹਨ। ਟਰੇਡ ਯੂਨੀਅਨ ਬਣਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਅਤੇ ਜਿਹੜੇ ਮਜ਼ਦੂਰ ਯੂਨੀਅਨ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ। ਇੱਕ ਤਰ੍ਹਾਂ ਨਾਲ ਮਜ਼ਦੂਰ ਅਧਿਕਾਰਾਂ ਦਾ ਮੁਕੰਮਲ ਇਨਕਾਰ, ਸਮਾਜਿਕ ਸੰਵਾਦ ਅਤੇ ਸਮੂਹਿਕ ਸੌਦੇਬਾਜ਼ੀ ਦੀ ਘਾਟ ਦਿਖਾਈ ਦਿੰਦੀ ਹੈ।

ਚਾਰ ਕਿਰਤ ਸੰਹਿਤਾਵਾਂ ਅਤੇ ਮਜ਼ਦੂਰ ਅਧਿਕਾਰਾਂ 'ਤੇ ਹਮਲਾ

ਕਈ ਮੌਕਿਆਂ 'ਤੇ ਉਠਾਏ ਗਏ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਚਾਰ ਸਖ਼ਤ 'ਲੇਬਰ ਕੋਡ' ਲੈ ਕੇ ਆਈ। ਟਰੇਡ ਯੂਨੀਅਨਾਂ ਲਗਾਤਾਰ ਮੰਗ ਕਰ ਰਹੀਆਂ ਹਨ ਕਿ ਇਨ੍ਹਾਂ ਚਾਰਾਂ ਕਿਰਤ ਸੰਹਿਤਾਵਾਂ ਅਤੇ ਇਨ੍ਹਾਂ ਦੇ ਨਿਯਮਾਂ ਨੂੰ ਰੱਦ/ਵਾਪਸ ਲਿਆ ਜਾਵੇ ਅਤੇ ਸਰਕਾਰ ਤੁਰੰਤ 'ਭਾਰਤੀ ਲੇਬਰ ਕਾਨਫਰੰਸ' ਬੁਲਾਏ।

ਅਸੀਂ ਇਨ੍ਹਾਂ ਚਾਰ ਕਿਰਤ ਸੰਹਿਤਾਵਾਂ ਨੂੰ ਬਰਤਾਨਵੀ ਰਾਜ ਤੋਂ ਲੈ ਕੇ ਹੁਣ ਤੱਕ 150 ਸਾਲਾਂ ਦੇ ਸੰਘਰਸ਼ਾਂ ਤੋਂ ਬਾਅਦ ਹਾਸਲ ਕੀਤੇ ਮਜ਼ਦੂਰ ਅਧਿਕਾਰਾਂ ਦਾ ਇਨਕਾਰ ਮੰਨਦੇ ਹਾਂ। ਇਹ ਚਾਰੋਂ ਕਿਰਤ ਸੰਹਿਤਾਵਾਂ ਸਾਡੇ ਹੜਤਾਲ ਦੇ ਅਧਿਕਾਰ ਨੂੰ ਕਮਜ਼ੋਰ ਕਰਦੀਆਂ ਹਨ, ਯੂਨੀਅਨ ਦੀ ਰਜਿਸਟ੍ਰੇਸ਼ਨ ਨੂੰ ਔਖਾ ਬਣਾਉਂਦੀਆਂ ਹਨ ਅਤੇ ਯੂਨੀਅਨਾਂ ਦੀ ਮਾਨਤਾ ਖ਼ਤਮ ਕਰਨਾ ਸੌਖਾ ਬਣਾਉਂਦੀਆਂ ਹਨ। ਸੁਲ੍ਹਾ ਅਤੇ ਨਿਆਂ-ਨਿਰਣੇ ਦੀ ਪ੍ਰਕਿਰਿਆ ਨੂੰ ਜਟਿਲ ਬਣਾਇਆ ਗਿਆ ਹੈ। ਕਿਰਤ ਅਦਾਲਤਾਂ ਨੂੰ ਖ਼ਤਮ ਕਰਨ ਅਤੇ ਹਰ ਕਿਸਮ ਦੇ ਮਜ਼ਦੂਰਾਂ ਦੀਆਂ ਸ਼ਿਕਾਇਤਾਂ ਲਈ ਟ੍ਰਿਬਿਊਨਲ ਕਾਇਮ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਰਜਿਸਟਰਾਰਾਂ ਨੂੰ ਯੂਨੀਅਨਾਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਦੀਆਂ ਵਿਆਪਕ ਸ਼ਕਤੀਆਂ ਦੇਣਾ ਯੂਨੀਅਨਾਂ ਨੂੰ ਡਰਾਉਣ-ਧਮਕਾਉਣ ਦਾ ਸਾਧਨ ਬਣ ਸਕਦਾ ਹੈ।

ਮਜ਼ਦੂਰੀ ਦੀ ਪਰਿਭਾਸ਼ਾ ਬਦਲੀ ਜਾ ਰਹੀ ਹੈ ਅਤੇ ਘੱਟੋ-ਘੱਟ ਮਜ਼ਦੂਰੀ ਲਾਗੂ ਕਰਨ ਨਾਲ ਸੰਬੰਧਤ ਕਾਰੋਬਾਰਾਂ ਦੀ ਸੂਚੀ ਨੂੰ ਇਨ੍ਹਾਂ ਸੰਹਿਤਾਵਾਂ ਰਾਹੀਂ ਖ਼ਤਮ ਕੀਤਾ ਜਾ ਰਿਹਾ ਹੈ। 'ਪੇਸ਼ਾਵਰ ਸੁਰੱਖਿਆ, ਸਿਹਤ ਅਤੇ ਕੰਮਕਾਜੀ ਹਾਲਾਤ ਕੋਡ (ਓ ਐੱਸ ਐੱਚ ਕੋਡ)' ਖ਼ਾਸ ਤੌਰ 'ਤੇ ਚਿੰਤਾਜਨਕ ਹੈ, ਕਿਉਂਕਿ ਵੱਖ-ਵੱਖ ਅਦਾਰਿਆਂ ਲਈ 10 ਕਰਮਚਾਰੀਆਂ ਦੀ ਹੱਦ ਤੈਅ ਕੀਤੀ ਗਈ ਹੈ। ਇਸ ਨਾਲ ਹਰੇਕ ਮਜ਼ਦੂਰ ਦੇ ਸੁਰੱਖਿਆ ਅਧਿਕਾਰ ਨੂੰ ਖ਼ਤਰਾ ਪੈਦਾ ਹੁੰਦਾ ਹੈ ਅਤੇ ਲੱਗਭੱਗ 90 ਫ਼ੀਸਦੀ ਕਿਰਤ-ਸ਼ਕਤੀ ਪੇਸ਼ਾਵਰ ਸੁਰੱਖਿਆ ਅਤੇ ਸਿਹਤ ਸੰਬੰਧੀ ਉਪਾਵਾਂ ਤੋਂ ਵਾਂਝੀ ਹੋ ਸਕਦੀ ਹੈ।

ਵੱਖ-ਵੱਖ ਖੇਤਰਾਂ ਵਿੱਚ ਪੇਸ਼ਾਵਰ ਸਿਹਤ ਅਤੇ ਸੁਰੱਖਿਆ ਲਈ ਮੌਜੂਦ ਸਾਰੇ ਕਾਨੂੰਨਾਂ ਨੂੰ ਓ ਐੱਸ ਐੱਚ ਕੋਡ ਵਿੱਚ ਸ਼ਾਮਲ ਕਰ ਦਿੱਤਾ ਗਿਆ ਹੈ, ਜਿਸ ਵਿੱਚ ਪ੍ਰਵਾਸੀ ਮਜ਼ਦੂਰ ਕਾਨੂੰਨ ਵੀ ਸ਼ਾਮਲ ਹੈ। ਇੰਸਪੈਕਸ਼ਨ ਵਿਵਸਥਾ ਨੂੰ ਖ਼ਤਮ ਕਰਕੇ ਮਾਲਕਾਂ ਦੀ ਸਹੂਲਤ ਲਈ 'ਫੈਸਿਲੀਟੇਟਰ' ਦੀ ਵਿਵਸਥਾ ਲਿਆਂਦੀ ਜਾ ਰਹੀ ਹੈ।

ਉਦਯੋਗਿਕ ਸੰਹਿਤਾ ਵਿੱਚ ਤਬਦੀਲੀ ਅਤੇ ਅਦਾਰਿਆਂ ਲਈ ਹੱਦ 100 ਤੋਂ ਵਧਾ ਕੇ 300 ਕੀਤੇ ਜਾਣ ਨਾਲ ਲੱਗਭੱਗ 70 ਫ਼ੀਸਦੀ ਉਦਯੋਗ ਕਿਰਤ ਕਾਨੂੰਨਾਂ ਦੇ ਘੇਰੇ ਤੋਂ ਬਾਹਰ ਹੋ ਸਕਦੇ ਹਨ। ਇਸੇ ਤਰ੍ਹਾਂ ਫੈਕਟਰੀ ਐਕਟ ਵਿੱਚ ਤਬਦੀਲੀ ਕਰਦਿਆਂ ਬਿਜਲੀ ਨਾਲ ਚੱਲਣ ਵਾਲੇ ਅਦਾਰਿਆਂ ਲਈ ਹੱਦ 10 ਤੋਂ ਵਧਾ ਕੇ 20 ਅਤੇ ਬਿਨਾਂ ਬਿਜਲੀ ਦੇ ਚੱਲਣ ਵਾਲੇ ਅਦਾਰਿਆਂ ਲਈ 20 ਤੋਂ ਵਧਾ ਕੇ 40 ਕੀਤੀ ਜਾ ਰਹੀ ਹੈ। ਇਸ ਨਾਲ ਵੱਡੀ ਗਿਣਤੀ ਵਿੱਚ ਮਜ਼ਦੂਰ ਕਿਰਤ-ਸੁਰੱਖਿਆ ਦੇ ਘੇਰੇ ਤੋਂ ਬਾਹਰ ਹੋ ਜਾਣਗੇ।

ਨਿਸ਼ਚਿਤ ਮਿਆਦ ਦਾ ਰੁਜ਼ਗਾਰ (ਫਿਕਸਡ ਟਰਮ ਐਮਪਲਾਇਮੈਂਟ) ਕਿਰਤ ਕਾਨੂੰਨਾਂ ਦੀ ਸੁਰੱਖਿਆ ਤੋਂ ਲੱਗਭੱਗ ਪੂਰੀ ਤਰ੍ਹਾਂ ਵਾਂਝਾ ਹੈ। ਅਸੀਮਤ ਅਪ੍ਰੈਂਟਿਸਸ਼ਿਪ ਅਤੇ ਨਿਯੁਕਤੀ ਤੋਂ ਬਾਅਦ ਪੱਕਾ ਕਰਨ ਦੀ ਕੋਈ ਲਾਜ਼ਮੀ ਸ਼ਰਤ ਨਾ ਹੋਣਾ ਸ਼ੋਸ਼ਣ ਦਾ ਇੱਕ ਹੋਰ ਰਾਹ ਹੈ। ਕਾਨੂੰਨ ਦੀ ਉਲੰਘਣਾ ਕਰਨ 'ਤੇ ਮਾਲਕਾਂ ਲਈ ਸਜ਼ਾਵਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ, ਜਦਕਿ ਟਰੇਡ ਯੂਨੀਅਨ ਆਗੂਆਂ ਉੱਤੇ ਮਾਮੂਲੀ ਆਧਾਰਾਂ 'ਤੇ ਲਗਾਏ ਜਾਣ ਵਾਲੇ ਦੰਡ ਅਤੇ ਜੁਰਮਾਨੇ ਵਧਾਏ ਜਾ ਰਹੇ ਹਨ।

ਠੇਕੇਦਾਰ ਲਈ ਲਾਇਸੈਂਸ ਲੈਣ ਦੀ ਹੱਦ 20 ਤੋਂ ਵਧਾ ਕੇ 50 ਕਰ ਦਿੱਤੀ ਗਈ ਹੈ ਅਤੇ ਨਾਲ ਹੀ ਆਊਟਸੋਰਸਿੰਗ ਅਤੇ ਠੇਕਾ ਪ੍ਰਥਾ ਨੂੰ ਆਮ ਬਣਾਇਆ ਜਾ ਰਿਹਾ ਹੈ। ਮਨਜ਼ੂਰਸ਼ੁਦਾ ਅਸਾਮੀਆਂ ਉੱਤੇ ਭਰਤੀ ਨਹੀਂ ਕੀਤੀ ਜਾ ਰਹੀ, ਸਗੋਂ ਮਨਜ਼ੂਰਸ਼ੁਦਾ ਅਸਾਮੀਆਂ ਨੂੰ ਹੀ ਖ਼ਤਮ/ਸਰੰਡਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਨਵੀਆਂ ਅਸਾਮੀਆਂ ਬਣਾਉਣ 'ਤੇ ਰੋਕ ਲਾਈ ਜਾ ਰਹੀ ਹੈ, ਜਿਸ ਨਾਲ ਬੇਰੁਜ਼ਗਾਰੀ ਵਧ ਰਹੀ ਹੈ।

ਹੜਤਾਲ ਦਾ ਅਧਿਕਾਰ ਖੋਹਿਆ ਜਾ ਰਿਹਾ ਹੈ। ਉਦਯੋਗਿਕ ਸੰਹਿਤਾ ਇਸ ਤਰ੍ਹਾਂ ਬਣਾਈ ਗਈ ਹੈ ਕਿ ਸਾਰੇ ਖੇਤਰਾਂ ਲਈ ਹੜਤਾਲ ਦਾ ਨੋਟਿਸ ਲਾਜ਼ਮੀ ਹੋ ਜਾਵੇਗਾ, ਜਦਕਿ ਪਹਿਲਾਂ ਇਹ ਲੋੜ ਕੇਵਲ ਜ਼ਰੂਰੀ ਸੇਵਾਵਾਂ ਲਈ ਸੀ। ਸਭ ਤੋਂ ਵੱਡੀ ਤਬਦੀਲੀ ਇਹ ਹੈ ਕਿ ਨੋਟਿਸ ਦਿੱਤੇ ਜਾਣ ਦੇ ਨਾਲ ਹੀ ਸੁਲ੍ਹਾ ਦੀ ਮਿਆਦ ਸ਼ੁਰੂ ਮੰਨੀ ਜਾਵੇਗੀ ਅਤੇ ਸੁਲ੍ਹਾ ਦੀ ਮਿਆਦ ਦੌਰਾਨ ਕੀਤੀ ਹੜਤਾਲ ਨੂੰ ਗ਼ੈਰ-ਕਾਨੂੰਨੀ ਮੰਨਿਆ ਜਾਵੇਗਾ ਅਤੇ ਉਸ ਦੇ ਨਤੀਜੇ ਭੁਗਤਣੇ ਪੈਣਗੇ।

ਪਹਿਲਾਂ ਤੋਂ ਅਜ਼ਮਾਈਆਂ ਅਤੇ ਸਫ਼ਲ ਸਮਾਜਿਕ ਸੁਰੱਖਿਆ ਸਕੀਮਾਂ ਨੂੰ ਇੱਕੋ ਸੰਹਿਤਾ ਵਿੱਚ ਸ਼ਾਮਲ ਕਰ ਦਿੱਤਾ ਗਿਆ ਹੈ ਅਤੇ ਸਾਰਿਆਂ ਨੂੰ ਸਮਾਜਿਕ ਸੁਰੱਖਿਆ ਦੇਣ ਦਾ ਦਾਅਵਾ ਕੀਤਾ ਗਿਆ ਹੈ, ਪਰ ਇਸ ਲਈ ਪੈਸਾ ਕਿੱਥੋਂ ਆਵੇਗਾ ਅਤੇ ਉਸ ਨੂੰ ਇਕੱਠਾ ਕਰਨ ਦੀ ਪ੍ਰਕਿਰਿਆ ਕੀ ਹੋਵੇਗੀ, ਇਸ ਬਾਰੇ ਕੋਈ ਸਪੱਸ਼ਟ ਵੇਰਵਾ ਨਹੀਂ ਦਿੱਤਾ ਗਿਆ। ਇਸ ਦੀ ਬਜਾਏ ਇਹ ਖ਼ਦਸ਼ਾ ਹੈ ਕਿ ਮੌਜੂਦਾ ਸਮਾਜਿਕ ਸੁਰੱਖਿਆ ਕਾਨੂੰਨਾਂ ਅਧੀਨ ਉਪਲੱਬਧ ਫੰਡਾਂ ਦੀ ਦੁਰਵਰਤੋਂ ਕੀਤੀ ਜਾਵੇਗੀ।

ਵੇਤਨ ਕੋਡ ਦਾ ਮਕਸਦ ਘੱਟੋ-ਘੱਟ ਮਜ਼ਦੂਰੀ ਦੀ ਧਾਰਨਾ ਅਤੇ ਉਸ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਕਮਜ਼ੋਰ ਕਰਨਾ ਅਤੇ ਉਸ ਦੀ ਥਾਂ 'ਫਲੋਰ ਲੈਵਲ ਵੇਜ' ਲਾਗੂ ਕਰਨਾ ਹੈ, ਜੋ ਕਿਸੇ ਵੀ ਮਿਆਰ ਮੁਤਾਬਕ ਮੌਜੂਦਾ ਘੱਟੋ-ਘੱਟ ਮਜ਼ਦੂਰੀ ਤੋਂ ਕਾਫ਼ੀ ਘੱਟ ਹੋਵੇਗੀ। ਇਨ੍ਹਾਂ ਚਾਰਾਂ ਸੰਹਿਤਾਵਾਂ ਦੀਆਂ ਕਈ ਧਾਰਾਵਾਂ ਭਾਰਤੀ ਸੰਵਿਧਾਨ, ਮੌਲਿਕ ਅਧਿਕਾਰਾਂ ਦੇ ਅਧਿਆਇ ਅਤੇ ਰਾਜ ਦੇ ਨੀਤੀ-ਨਿਰਦੇਸ਼ਕ ਸਿਧਾਂਤਾਂ ਦੇ ਵਿਰੁੱਧ ਹਨ।

ਕੇਂਦਰ ਅਤੇ ਸੂਬਿਆਂ ਦੇ ਸਰਕਾਰੀ ਮੁਲਾਜ਼ਮਾਂ ਨੂੰ ਵੇਤਨ ਕਮਿਸ਼ਨ ਦਾ ਲਾਭ ਮਿਲਦਾ ਹੈ। ਨਿਰਮਾਣ, ਖੋਜ ਅਤੇ ਖਣਨ, ਜਨਤਕ ਸੇਵਾਵਾਂ ਆਦਿ ਖੇਤਰਾਂ ਦੇ ਸਰਕਾਰੀ ਅਦਾਰਿਆਂ ਦੇ ਕਰਮਚਾਰੀਆਂ ਨੂੰ ਦੁਵੱਲੇ ਸਮਝੌਤਿਆਂ ਰਾਹੀਂ ਲਾਭ ਮਿਲਦਾ ਹੈ, ਪਰ ਲੱਗਭੱਗ 90 ਫ਼ੀਸਦੀ ਕਿਰਤ-ਸ਼ਕਤੀ ਨੂੰ ਸੰਬੰਧਤ ਸੂਬਾ ਸਰਕਾਰਾਂ ਵੱਲੋਂ ਉਦਯੋਗ ਜਾਂ ਅਦਾਰੇ ਦੀ ਸਰਗਰਮੀ ਅਨੁਸਾਰ ਤੈਅ ਕੀਤੀ ਘੱਟੋ-ਘੱਟ ਮਜ਼ਦੂਰੀ ਰਾਹੀਂ ਸੁਰੱਖਿਆ ਮਿਲਦੀ ਹੈ, ਇੱਥੋਂ ਤੱਕ ਕਿ ਸਰਕਾਰੀ ਮੁਲਾਜ਼ਮਾਂ ਅਤੇ ਜਨਤਕ ਖੇਤਰ ਦੇ ਅਦਾਰਿਆਂ ਦੇ ਕਰਮਚਾਰੀਆਂ ਲਈ ਵੀ ਗੱਲਬਾਤ ਅਤੇ ਸਮੂਹਿਕ ਸੌਦੇਬਾਜ਼ੀ ਦੇ ਅਧਿਕਾਰ ਯੂਨੀਅਨਾਂ ਦੇ ਸੰਘਰਸ਼ ਰਾਹੀਂ ਹਾਸਲ ਕੀਤੇ ਗਏ ਸਨ। ਯੂਨੀਅਨਾਂ ਦੀ ਤਸਦੀਕ ਅਤੇ ਮਾਨਤਾ ਦੇ ਨਵੇਂ ਨਿਯਮਾਂ ਕਾਰਨ ਇਹ ਸਾਰੇ ਅਧਿਕਾਰ ਕਮਜ਼ੋਰ ਹੋਣ ਜਾ ਰਹੇ ਹਨ, ਜੋ ਸਮੂਹਿਕ ਸੌਦੇਬਾਜ਼ੀ ਲਈ ਸਿੱਧੀ ਚੁਣੌਤੀ ਹੈ।

ਜ਼ਮੀਨੀ ਹਕੀਕਤ ਇਹ ਹੈ ਕਿ ਬੁਨਿਆਦੀ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧੇ ਦੇ ਬਾਵਜੂਦ ਕਈ ਸੂਬਿਆਂ ਵਿੱਚ ਪਿਛਲੇ 10 ਸਾਲਾਂ ਤੋਂ ਘੱਟੋ-ਘੱਟ ਮਜ਼ਦੂਰੀ ਵਿੱਚ ਸੋਧ ਨਹੀਂ ਹੋਈ। ਜ਼ਿਆਦਾਤਰ ਉਦਯੋਗਿਕ ਖੇਤਰਾਂ ਵਿੱਚ ਠੇਕਾ ਮਜ਼ਦੂਰ ਪ੍ਰਵਾਸੀ ਹਨ, ਜੋ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਅਤੇ ਬੇਹੱਦ ਅਸੁਰੱਖਿਅਤ ਹਾਲਤਾਂ ਵਿੱਚ ਜੀਵਨ ਬਤੀਤ ਕਰ ਰਹੇ ਹਨ।

ਮਜ਼ਦੂਰਾਂ ਦੇ ਹਾਲੀਆ ਸੰਘਰਸ਼

ਹਾਲੀਆ ਮਹੀਨਿਆਂ ਵਿੱਚ ਠੇਕਾ ਮਜ਼ਦੂਰਾਂ ਅਤੇ ਨਿਸ਼ਚਿਤ ਮਿਆਦ ਦੇ ਰੁਜ਼ਗਾਰ ਵਾਲੇ ਮਜ਼ਦੂਰਾਂ ਵੱਲੋਂ ਕੀਤੇ ਗਏ ਅੰਦੋਲਨ ਉਨ੍ਹਾਂ ਦੀਆਂ ਨਿਰਾਸ਼ਾਜਨਕ ਹਾਲਤਾਂ ਦਾ ਵਿਸਫੋਟ ਹਨ। ਗੈਸ/ਈਂਧਨ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਵਾਧੇ ਨੇ ਉਨ੍ਹਾਂ ਦੀ ਹਾਲਤ ਹੋਰ ਗੰਭੀਰ ਬਣਾ ਦਿੱਤੀ ਹੈ, ਖ਼ਾਸ ਤੌਰ 'ਤੇ ਅਮਰੀਕਾ-ਇਜ਼ਰਾਈਲ ਗੱਠਜੋੜ ਵੱਲੋਂ ਈਰਾਨ ਵਿਰੁੱਧ ਕੀਤੀ ਗਈ ਬਿਨਾਂ ਉਕਸਾਵੇ ਦੀ ਜੰਗ ਤੋਂ ਬਾਅਦ। ਇਸ ਤੋਂ ਪਹਿਲਾਂ ਵੀ ਮਜ਼ਦੂਰ ਵੱਧ ਕੰਮ ਦੇ ਘੰਟਿਆਂ, ਘੱਟ ਮਜ਼ਦੂਰੀ ਅਤੇ ਸਮਾਜਿਕ ਸੁਰੱਖਿਆ ਦੀ ਘਾਟ ਕਾਰਨ ਬੇਚੈਨ ਸਨ।

(● ਬਾਕੀ ਅਗਲੇ ਐਤਵਾਰਤਾ 'ਚ)

ਬੰਕਿਮ ਵੱਲੋਂ ਆਨੰਦ ਮੱਠ 'ਚ ਤਬਦੀਲੀਆਂ

ਬ੍ਰਿਟਿਸ਼ ਵਿਰੋਧ ਤੋਂ ਮੁਸਲਿਮ ਵਿਰੋਧ

ਡਾ. ਜਸਬੀਰ ਸਿੰਘ ਔਲਖ

ਪਹਿਲਾਂ ਮੋਦੀ ਸਰਕਾਰ ਨੇ ਵੰਦੇ ਮਾਤਰਮ ਤੇ ਪਾਰਲੀਮੈਂਟ ਵਿੱਚ ਹੋਈ ਚਰਚਾ ਕਰਵਾਈ ਅਤੇ ਇਸ ਚਰਚਾ ਰਾਹੀਂ ਆਪਣੇ ਆਪ ਨੂੰ ਵੱਡੀ ਦੇਸ਼ਭਗਤ ਅਤੇ ਵਿਰੋਧੀ ਧਿਰ ਨੂੰ ਵੰਦੇ ਮਾਤਰਮ ਵਿਰੋਧੀ ਸਾਬਤ ਕਰਨ 'ਤੇ ਪੂਰਾ ਜ਼ੋਰ ਲਗਾ ਦਿੱਤਾ, ਭਾਵੇਂ ਕਿ ਵਿਰੋਧੀਆਂ ਦੀਆਂ ਦਲੀਲਾਂ ਨੇ ਮੋਦੀ ਸਰਕਾਰ ਦੀ ਚਾਲ ਫੇਲ੍ਹ ਕਰ ਦਿੱਤੀ। ਉਸ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਇਸ ਗੀਤ ਦੇ ਸਾਰੇ ਪੈਰੇ 'ਜਨ ਗਨ ਮਨ' ਤੋਂ ਪਹਿਲਾਂ ਗਾਏ ਜਾਣਾ ਜ਼ਰੂਰੀ ਕਰ ਦਿੱਤੇ ਗਏ, ਜਿਹਨਾਂ 'ਤੇ ਧਾਰਮਿਕ ਘੱਟ-ਗਿਣਤੀਆਂ ਨੂੰ ਇਤਰਾਜ਼ ਸਨ। ਹੁਣ ਪਾਰਲੀਮੈਂਟ ਵਿੱਚ ਕਾਨੂੰਨ ਪਾਸ ਕਰਕੇ ਇਸ ਸਰਕਾਰ ਨੇ ਰਾਸ਼ਟਰ ਗਾਣ ਦੀ ਤਰ੍ਹਾਂ ਵੰਦੇ ਮਾਤਰਮ ਦੇ ਅਪਮਾਨ ਨੂੰ ਫ਼ੌਜਦਾਰੀ ਜੁਰਮ ਬਣਾ ਦਿੱਤਾ ਹੈ। ਇਸ ਪੰਦਰਾਂ ਅਗਸਤ ਨੂੰ ਲਾਲ ਕਿਲ੍ਹੇ 'ਤੇ ਪ੍ਰਧਾਨ ਮੰਤਰੀ ਦੇ ਆਉਣ ਸਮੇਂ ਪਹਿਲੀ ਵਾਰ 'ਵੰਦੇ ਮਾਤਰਮ' ਗਾਇਆ ਗਿਆ। ਸਵਾਲ ਪੈਦਾ ਹੁੰਦਾ ਹੈ ਕਿ ਮੋਦੀ ਸਰਕਾਰ ਵੰਦੇ ਮਾਤਰਮ ਪ੍ਰਤੀ ਐਨੀ ਸ਼ਰਧਾਵਾਨ ਕਿਉਂ ਹੈ? ਇਸ ਸਵਾਲ ਦੇ ਜਵਾਬ ਲੱਭਣ ਲਈ ਸਾਨੂੰ ਬੰਕਿਮ ਚੰਦਰ ਚੱਟੋਪਾਅਧਿਆਏ ਦੁਆਰਾ ਲਿਖਤ 'ਆਨੰਦ ਮੱਠ' ਨਾਵਲ ਦਾ ਬਿਰਤਾਂਤ ਸਮਝਣਾ ਪੈਣਾ ਹੈ, ਜਿਸ ਦਾ ਵੰਦੇ ਮਾਤਰਮ ਹਿੱਸਾ ਹੈ।



ਸਭ ਤੋਂ ਵੱਡਾ ਸਵਾਲ ਤਾਂ ਇਹ ਵੀ ਉਠਾਇਆ ਜਾ ਸਕਦਾ ਹੈ ਕਿ 'ਆਨੰਦ ਮੱਠ' ਵਰਗੀ 'ਬਾਗੀ' ਰਚਨਾ ਦਾ ਲੇਖਕ ਬ੍ਰਿਟਿਸ਼ ਸਰਕਾਰ ਦੀ ਤੀਹ ਸਾਲ ਤੋਂ ਵੱਧ ਅਫ਼ਸਰੀ ਕਿਵੇਂ ਕਰ ਗਿਆ?

ਬੰਗਾਲ ਉਪਰ ਈਸਟ ਇੰਡੀਆ ਕੰਪਨੀ ਦਾ ਕਬਜ਼ਾ :

ਆਨੰਦ ਮੱਠ ਬੰਗਾਲ ਵਿੱਚ ਵਾਪਰੇ ਸਨਾਤਨੀ ਵਿਦਰੋਹ ਦਾ ਨਾਵਲ ਦੇ ਰੂਪ ਵਿੱਚ ਵਰਨਣ ਹੈ। ਇਸ 'ਤੇ ਕੋਈ ਹੋਰ ਗੱਲ ਕਰਨ ਤੋਂ ਪਹਿਲਾਂ ਇਸ ਵਿਦਰੋਹ ਦੇ ਫੈਲਣ ਦੇ ਕਾਰਨਾਂ ਅਤੇ ਉਸ ਸਮੇਂ ਦੇ ਬੰਗਾਲ (ਜਿਸ ਵਿੱਚ ਮੌਜੂਦਾ ਬਿਹਾਰ, ਉੜੀਸਾ, ਅਸਾਮ ਅਤੇ ਬੰਗਲਾਦੇਸ਼ ਸ਼ਾਮਲ ਸੀ) ਦੇ ਇਤਿਹਾਸ 'ਤੇ ਇੱਕ ਝਾਤ ਮਾਰਨੀ ਜ਼ਰੂਰੀ ਹੈ। ਤੇਈ ਜੂਨ 1757 ਨੂੰ ਹੋਈ ਪਲਾਸੀ ਦੀ ਲੜਾਈ ਵਿੱਚ ਈਸਟ ਇੰਡੀਆ ਕੰਪਨੀ ਦੀ ਅੰਗਰੇਜ਼ੀ ਫ਼ੌਜ ਬੰਗਾਲ ਦੇ ਨਵਾਬ ਸਿਰਾਜ-ਉਦ-ਔਲਾ ਦੀ ਫੌਜ ਨੂੰ ਹਰਾ ਦਿੰਦੀ ਹੈ। ਇਸ ਜੰਗ ਵਿੱਚ ਨਵਾਬ ਦਾ ਵਜ਼ੀਰ ਮੀਰ ਜਾਫ਼ਰ ਗਦਾਰੀ ਕਰਕੇ ਅੰਗਰੇਜ਼ਾਂ ਨਾਲ ਮਿਲ ਜਾਂਦਾ ਹੈ, ਜਿਸ ਦੇ ਇਵਜ਼ ਵਜੋਂ ਉਸ ਨੂੰ ਬੰਗਾਲ ਦੀ ਨਾਮਨਿਹਾਦ ਨਵਾਬੀ ਮਿਲ ਜਾਂਦੀ ਹੈ। ਉਸ ਤੋਂ ਬਾਅਦ ਮੀਰ ਜਾਫ਼ਰ ਦੀਆਂ ਹਰਕਤਾਂ ਨੂੰ ਭਾਂਪਦਿਆਂ ਅੰਗਰੇਜ਼ 1760 ਵਿੱਚ ਉਸ ਦੇ ਜਵਾਈ ਮੀਰ ਕਾਸਿਮ ਨੂੰ ਗੱਦੀ 'ਤੇ ਬਿਠਾ ਦਿੰਦੇ ਹਨ। ਸਾਲ 1764 ਵਿੱਚ ਬਕਸਰ ਦੀ ਲੜਾਈ ਵਿੱਚ ਮੀਰ ਕਾਸਿਮ ਹਾਰ ਕੇ ਦਿੱਲੀ ਭੱਜ ਜਾਂਦਾ ਹੈ ਅਤੇ ਈਸਟ ਇੰਡੀਆ ਕੰਪਨੀ ਸਮੁੱਚੇ ਬੰਗਾਲ ਨੂੰ ਆਪਣੇ ਸਿੱਧੇ ਕੰਟਰੋਲ ਵਿੱਚ ਲੈ ਲੈਂਦੀ ਹੈ। 'ਹਿਸਟਰੀ ਆਫ਼ ਬੰਗਾਲ, ਬਿਹਾਰ ਐਂਡ ਉੜੀਸਾ ਅੰਡਰ ਬ੍ਰਿਟਿਸ਼ ਰੂਲ' ਅਨੁਸਾਰ ਪਹਿਲੇ ਸਾਲ ਹੀ ਈਸਟ ਇੰਡੀਆ ਕੰਪਨੀ ਨੇ ਲਗਾਨ ਦੁੱਗਣਾ ਕਰ ਦਿੱਤਾ ਅਤੇ ਅਗਲੇ ਸਾਲ ਦਸ ਪ੍ਰਤੀਸ਼ਤ ਵਧਾਉਣ ਦਾ ਐਲਾਨ ਕਰ ਦਿੱਤਾ ਤਾਂ ਜੋ ਜੰਗ ਦਾ ਮੁਆਵਜ਼ਾ ਪੂਰਾ ਕੀਤਾ ਜਾ ਸਕੇ। ਉਪਰੋਂ 1770 ਵਿੱਚ ਬੰਗਾਲ ਵਿੱਚ ਕਾਲ ਪੈ ਗਿਆ।

ਬੰਗਾਲ ਵਿੱਚ ਹਿੰਦੂ ਸੰਨਿਆਸੀਆਂ ਅਤੇ ਮੁਸਲਿਮ ਫ਼ਕੀਰਾਂ ਦੇ ਝੁੰਡ ਅਕਸਰ ਉੱਤਰੀ ਬੰਗਾਲ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਯਾਤਰਾ ਕਰਦੇ ਰਹਿੰਦੇ ਸਨ। ਇਹਨਾਂ ਸੰਨਿਆਸੀਆਂ ਅਤੇ ਫਕੀਰਾਂ ਦੀ ਆਮ ਕਰਕੇ ਜ਼ਿਮੀਦਾਰ ਨਾ ਸਿਰਫ਼ ਰੋਟੀ-ਪਾਣੀ ਦੀ ਸੇਵਾ ਕਰਦੇ, ਬਲਕਿ ਕੁੱਝ ਧਨ ਵੀ ਬਤੌਰ ਦਾਨ ਦੇ ਦਿੰਦੇ ਸਨ। ਟੈਕਸ ਵਧਣ ਕਰਕੇ ਅਤੇ ਕਾਲ ਦੀ ਹਾਲਤ ਨੇ ਇਹਨਾਂ ਨੂੰ ਵੀ ਪ੍ਰਭਾਵਿਤ ਕੀਤਾ। ਜ਼ਿਮੀਦਾਰਾਂ ਵੱਲੋਂ ਟੈਕਸ ਉਗਰਾਹੀ ਘਟ ਗਈ, ਪਰ ਸੰਨਿਆਸੀਆਂ ਅਤੇ ਫਕੀਰਾਂ ਪ੍ਰਤੀ ਆਮ ਜਨਤਾ ਵਿੱਚ ਸਤਿਕਾਰ ਬਣਿਆ ਰਿਹਾ, ਪਰ ਅੰਗਰੇਜ਼ਾਂ ਨੇ ਇਸ ਸਤਿਕਾਰ ਨੂੰ ਆਪਣੇ ਲਗਾਨ ਵਸੂਲੀ ਦੇ ਰਾਹ ਵਿੱਚ ਰੋੜਾ ਸਮਝਿਆ। ਕੋਰਟ ਆਫ਼ ਡਾਇਰੈਕਟਰਜ਼ ਨੂੰ ਲਿਖੇ ਪੱਤਰ ਵਿੱਚ ਵਾਰਨ ਹੇਸਟਿੰਗਜ਼ ਲਿਖਦਾ ਹੈ, 'ਸੰਨਿਆਸੀਆਂ ਅਤੇ ਫਕੀਰਾਂ ਦੇ ਰੂਪ ਵਿੱਚ ਡਾਕੂਆਂ ਦੇ ਟੋਲਿਆਂ ਨੇ ਸਾਡੇ ਖੇਤਰ ਵਿੱਚ ਪ੍ਰਵੇਸ਼ ਕਰ ਲਿਆ ਹੈ ਅਤੇ ਧਾਰਮਿਕ ਯਾਤਰਾ ਦੇ ਨਾਂਅ 'ਤੇ ਇਹ ਲੋਕ ਮੰਗ ਕੇ, ਖੋਹ ਕੇ ਜਾਂ ਲੁੱਟ ਕੇ ਆਪਣਾ ਗੁਜ਼ਾਰਾ ਕਰਦੇ ਹਨ।' ਇਸੇ ਨਫ਼ਰਤ ਵਿੱਚੋਂ 1771 ਵਿੱਚ ਡੇਢ ਸੌ ਸੰਨਿਆਸੀਆਂ ਅਤੇ ਫਕੀਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਆਰ ਸੀ ਮਜੂਮਦਾਰ ਅਨੁਸਾਰ ਇਸ ਤੋਂ ਬਾਅਦ ਭੁੱਖ ਨਾਲ ਮਰ ਰਹੀ ਕਿਸਾਨੀ, ਛੋਟੀ ਜ਼ਿਮੀਦਾਰੀ ਅਤੇ ਨਵਾਬ ਦੀ ਫ਼ੌਜ ਵਿੱਚੋਂ ਕੱਢੇ ਗਏ ਸਿਪਾਹੀਆਂ ਨੇ ਸੰਨਿਆਸੀ-ਫਕੀਰ ਵਿਦਰੋਹ ਨੂੰ ਜਰਬਾਂ ਦੇ ਦਿੱਤੀਆਂ।

ਆਨੰਦ ਮੱਠ ਦੀ ਰਚਨਾ :

ਬੰਕਿਮ ਚੰਦਰ ਚੱਟੋਪਾਅਧਿਆਏ ਦਾ ਨਾਵਲ ਇਸ ਵਿਦਰੋਹ ਦਾ ਨਾਵਲੀ ਰੂਪ ਹੈ, ਪਰ ਇਸ ਵਿੱਚ ਉਹ ਇਸ ਵਿਦਰੋਹ ਨੂੰ ਸਿਰਫ਼ ਸੰਨਿਆਸੀ ਵਿਦਰੋਹ ਵਜੋਂ ਪੇਸ਼ ਕਰਦਾ ਹੈ, ਜਦੋਂ ਕਿ ਸਾਰੇ ਇਤਿਹਾਸਕ ਹਵਾਲਿਆਂ ਵਿੱਚ ਇਸ ਦਾ ਜ਼ਿਕਰ ਸੰਨਿਆਸੀ-ਫਕੀਰ ਵਿਦਰੋਹ ਵਜੋਂ ਦਰਜ ਹੈ। ਬੰਕਿਮ ਚੰਦਰ ਚੱਟੋਪਾਅਧਿਆਏ ਦੇ ਜਿਉਂਦੇ ਜੀਅ ਆਨੰਦ ਮੱਠ ਦੇ ਪੰਜ ਐਡੀਸ਼ਨ ਛਪੇ। ਪਹਿਲੇ ਐਡੀਸ਼ਨ ਤੋਂ ਪੰਜਵੇਂ ਐਡੀਸ਼ਨ ਤੱਕ ਕਈ ਤਬਦੀਲੀਆਂ ਕਰ ਬੰਕਿਮ ਚੰਦਰ ਚੱਟੋਪਾਅਧਿਆਏ ਨੇ ਆਨੰਦ ਮੱਠ ਨੂੰ ਬ੍ਰਿਟਿਸ਼ ਵਿਰੋਧ ਤੋਂ ਮੁਸਲਿਮ ਵਿਰੋਧ ਵਿੱਚ ਬਦਲ ਦਿੱਤਾ। ਇਸ ਸਭ ਦਾ ਖੁਲਾਸਾ 1966 ਵਿੱਚ ਜਨਰਲ ਪ੍ਰਿੰਟਿਰਜ਼ ਐਂਡ ਪਬਲਿਸਰਜ਼ ਕਲਕੱਤਾ ਵੱਲੋਂ ਛਾਪੀ ਬਿਮਾਨ ਬਿਹਾਰੀ ਮਜੂਮਦਾਰ ਦੀ ਕਿਤਾਬ 'ਮਿਲੀਟੈਂਟ ਨੈਸ਼ਨਲਿਜ਼ਮ ਇਨ ਇੰਡੀਆ ਐਂਡ ਇਟਸ ਸੋਸਿਓ-ਰਿਲੀਜੀਅਸ ਬੈਕਗ੍ਰਾਉਂਡ' ਕਰਦੀ ਹੈ। ਇਸ ਕਿਤਾਬ ਦੇ ਪੰਨਾ ਨੰਬਰ 181 ਤੋਂ 198 ਤੱਕ ਇਸ ਸਭ ਕੁੱਝ ਦਾ ਵੇਰਵਾ ਦਰਜ ਹੈ। ਆਨੰਦ ਮੱਠ ਸਭ ਤੋਂ ਪਹਿਲਾਂ ਅਪ੍ਰੈਲ 1881 ਤੋਂ ਮਈ 1882 ਤੱਕ ਬੰਗਾਲੀ ਮਾਸਿਕ ਪੱਤਰ 'ਬੰਗਦਰਸਨ' ਵਿੱਚ ਕਿਸ਼ਤਾਂ ਵਿੱਚ ਛਪਦਾ ਹੈ। ਉਸ ਸਮੇਂ ਬੰਕਿਮ ਹੁਗਲੀ ਵਿਖੇ ਬਤੌਰ ਡਿਪਟੀ ਮੈਜਿਸਟ੍ਰੇਟ ਨਿਯੁਕਤ ਸੀ। ਉਸ ਦਾ ਮਿੱਤਰ ਅਕਸੋਏ ਚੰਦਰ ਸਰਕਾਰ ਅਨੁਸਾਰ ਉਸ ਨੂੰ ਬੰਕਿਮ ਚੰਦਰ ਚੱਟੋਪਾਅਧਿਆਏ ਦੱਸਦਾ ਹੈ ਕਿ ਉਸ ਨੇ ਜਾਣਬੁੱਝ ਕੇ ਸੰਨਿਆਸੀ ਵਿਦਰੋਹ ਦਾ ਸਥਾਨ ਉੱਤਰੀ ਬੰਗਾਲ ਦੀ ਬਜਾਏ ਬੀਰਭੂਮ ਅਤੇ ਅਜੋਏ ਨਦੀ ਦੇ ਕੰਢੇ ਕਰ ਦਿੱਤਾ ਸੀ। ਆਨੰਦ ਭੱਟਾਚਾਰੀਆ ਆਪਣੀ ਕਿਤਾਬ 'ਸੰਨਿਆਸੀ ਐਂਡ ਫ਼ਕੀਰ ਰੈਬਲੀਅਨ ਸਨ ਬੰਗਾਲ' (1767-1800) ਵਿੱਚ ਲਿਖਦੇ ਹਨ, 'ਫਕੀਰ ਅਤੇ ਸੰਨਿਆਸੀ ਦੀਆਂ ਗਤੀਵਿਧੀਆਂ ਮਾਲਦਾ, ਦੀਪਾਲਪੁਰ, ਰੰਗਪੁਰ, ਕੂਚ ਬਿਹਾਰ ਜਾਂ ਪੂਰਬੀ ਬੰਗਾਲ ਦੇ ਦੂਸਰੇ ਹਿੱਸਿਆਂ (ਜੋ ਗੰਗਾ, ਕੋਸੀ ਅਤੇ ਗੰਡਕ ਨਦੀਆਂ ਨਾਲ ਲੱਗਦੇ ਸਨ) ਵਿੱਚ ਸਨ। ਉਹ ਬ੍ਰਹਮਪੁੱਤਰ, ਤੀਸਤਾ ਅਤੇ ਮਹਾਨੰਦਾ ਦਰਿਆਵਾਂ ਦੇ ਸੰਗ-ਸੰਗ ਅਸਾਮ ਅਤੇ ਭੂਟਾਨ ਤੱਕ ਯਾਤਰਾ ਕਰਦੇ ਸਨ।' ਬੰਕਿਮ ਦਾ ਆਪਣੇ ਨਾਵਲ ਨੂੰ ਬੀਰਭੂਮ ਤੱਕ ਸੀਮਤ ਕਰਨਾ ਅੰਗਰੇਜ਼ਾਂ ਨੂੰ ਯਕੀਨ ਦਿਵਾਉਣਾ ਸੀ ਕਿ ਇਸ ਨਾਵਲ ਦੀਆਂ ਘਟਨਾਵਾਂ ਦਾ ਅਸਲ ਵਿਦਰੋਹ ਨਾਲ ਕੋਈ ਸੰਬੰਧ ਨਹੀਂ, ਬਲਕਿ ਅੰਗਰੇਜ਼ ਇਸ ਵਿਦਰੋਹ ਤੱਕ ਬੀਰਭੂਮ ਦੇ ਜ਼ਿਮੀਂਦਾਰ ਅਸਦ-ਉਦ-ਜਮਾਨ ਖਾਨ ਰਾਹੀਂ ਲਗਾਨ ਵਸੂਲਦੇ ਸਨ। ਬੰਕਿਮ ਨੂੰ ਇਸ ਵਿਦਰੋਹ ਨੂੰ ਅੰਗਰੇਜ਼ਾਂ ਦੇ ਖਿਲਾਫ਼ ਦੀ ਬਜਾਏ ਮੁਸਲਿਮ ਜ਼ਿਮੀਂਦਾਰ ਦੇ ਖਿਲਾਫ ਵਿਦਰੋਹ ਕਹਿਣ ਦਾ ਮੌਕਾ ਮਿਲ ਗਿਆ, ਪਰ ਤੀਜੇ ਐਡੀਸ਼ਨ ਤੱਕ ਇਹ ਪਰਦਾ ਚੱਕਿਆ ਗਿਆ, ਜਦੋਂ ਉਸ ਨੇ ਸ਼ਰੇਆਮ ਮੰਨਿਆ ਕਿ ਸੰਘਰਸ਼ ਦਾ ਖੇਤਰ ਉੱਤਰੀ ਬੰਗਾਲ ਸੀ, ਨਾ ਕਿ ਬੀਰਭੂਮ।

ਵੈਸੇ ਵੀ ਬੰਕਿਮ ਚੰਦਰ ਚੱਟੋਪਾਅਧਿਆਏ ਨੇ 1858 ਤੋਂ 1891 ਤੱਕ ਤੇਤੀ ਸਾਲ ਅੰਗਰੇਜ਼ੀ ਸਰਕਾਰ ਦੀ ਅਫ਼ਸਰੀ ਕੀਤੀ ਹੈ। ਅਜਿਹੇ ਵਿੱਚ ਉਸ ਦਾ ਵਿਦੇਸ਼ੀ ਹਾਕਮਾਂ ਨੂੰ ਨਰਾਜ਼ ਕਰਨਾ ਅਸੰਭਵ ਲੱਗਦਾ ਹੈ।

ਆਨੰਦ ਮੱਠ ਦਾ 'ਰਿਵਿਊ' :

ਅਪ੍ਰੈਲ 1882 ਵਿੱਚ ਆਨੰਦ ਮੱਠ ਦਾ ਰਿਵਿਊ 'ਲਿਬਰਲ' ਨਾਂਅ ਦੇ ਮੈਗਜ਼ੀਨ ਵਿੱਚ ਛਪਵਾਇਆ ਗਿਆ। ਰਵਿੰਦਰ ਨਾਥ ਟੈਗੋਰ ਦੇ ਇੱਕ ਮਿੱਤਰ ਸਰੀਸ਼ ਚੰਦਰ ਮਜੂਮਦਾਰ ਲਿਖਦੇ ਹਨ ਕਿ ਰਿਵਿਊ ਸਿਵਾਏ ਅੰਗਰੇਜ਼ਾਂ ਨੂੰ ਇਹ ਯਕੀਨ ਦਿਵਾਉਣ ਦੇ ਕਿ ਆਨੰਦ ਮੱਠ ਉਹਨਾਂ ਪ੍ਰਤੀ ਵਫ਼ਾਦਾਰ ਹੈ, ਹੋਰ ਕੁੱਝ ਵੀ ਨਹੀਂ। ਬੰਕਿਮ ਨੇ ਆਨੰਦ ਮੱਠ ਦੇ ਦੂਸਰੇ ਐਡੀਸ਼ਨ ਦੇ ਆਰੰਭਕ ਸ਼ਬਦਾਂ ਵਿੱਚ ਇਸ ਵਫ਼ਾਦਾਰੀ ਦੇ ਪਹਿਲੂ ਨੂੰ ਵਿਸਥਾਰ ਵਿੱਚ ਲਿਖਿਆ। ਬਿਮਾਨ ਬਿਹਾਰੀ ਮਜੂਮਦਾਰ ਅਨੁਸਾਰ ਇਹ ਕਥਿਤ ਰਿਵਿਊ ਦਰਅਸਲ ਬੰਕਿਮ ਚੰਦਰ ਚੱਟੋਪਾਅਧਿਆਏ ਵੱਲੋਂ ਇੱਕ ਮੁਆਫੀਨਾਮਾ ਹੀ ਸੀ, ਜਿਸ ਨੂੰ ਆਖਰੀ ਅਧਿਆਏ ਵਜੋਂ ਛਾਪਿਆ ਗਿਆ।

ਇਸ ਰਿਵਿਊ ਦੇ ਕੁੱਝ ਅੰਸ਼ ਇਸ ਤਰ੍ਹਾਂ ਹਨ, 'ਕੀ ਇਸ ਦਾ ਮਕਸਦ ਅੰਗਰੇਜ਼ਾਂ ਪ੍ਰਤੀ ਪਨਪ ਰਹੀ ਕੌਮੀ ਭਾਵਨਾ ਸੀ? ਜਾਂ ਦੂਸਰੇ ਰੂਪ ਵਿੱਚ ਅੰਗਰੇਜ਼ਾਂ ਦੀ ਸੁਪਰਮੇਸੀ ਨੂੰ ਕਿਸੇ ਤਰੀਕੇ ਨਾਲ ਦਰਸਾਉਣਾ? ਜਾਂ ਫਿਰ ਪੱਕੇ ਤੌਰ 'ਤੇ ਇਹ ਦਰਸਾਉਣਾ ਕਿ ਸਰਬਸ਼ਕਤੀਮਾਨ ਨੇ ਅੰਗਰੇਜ਼ਾਂ ਨੂੰ ਇਸ ਮੁਲਕ ਵਿੱਚ ਭੇਜਿਆ ਹੈ? ਆਰੰਭਕ ਸ਼ਬਦਾਂ ਵਿੱਚ ਦਰਸਾਇਆ ਗਿਆ ਹੈ ਕਿ ਇਸ ਦਾ ਮਕਸਦ ਬੰਗਾਲ ਵਿੱਚ ਮੁਸਲਿਮ ਦਹਿਸ਼ਤ ਨੂੰ ਖਤਮ ਕਰਨਾ ਸੀ। ਇਹ ਆਖਰੀ ਚੈਪਟਰ ਵਿੱਚ ਚੰਗੀ ਤਰ੍ਹਾਂ ਪ੍ਰਗਟਾਇਆ ਗਿਆ ਹੈ।' ਇਹ ਵੀ ਲਿਖਿਆ ਗਿਆ ਕਿ ਇਸ ਤੋਂ ਪਹਿਲਾਂ ਆਰੀਅਨ ਵਿਸ਼ਵਾਸ ਜਾਗੇ, ਅੰਗਰੇਜ਼ਾਂ ਨੂੰ ਇਸ ਮੁਲਕ 'ਤੇ ਰਾਜ ਕਰਨਾ ਚਾਹੀਦਾ ਹੈ। ਦੂਸਰੇ ਐਡੀਸ਼ਨ ਵਿੱਚ ਅੰਗਰੇਜ਼ਾਂ ਨੂੰ ਖੁਸ਼ ਕਰਨ ਲਈ ਆਨੰਦ ਮੱਠ ਦੇ ਇੱਕ ਪਾਤਰ ਦੇ ਮੂੰਹੋਂ ਕਹਾਇਆ ਗਿਆ, 'ਜਨਤਾ ਅੰਗਰੇਜ਼ੀ ਰਾਜ ਦੇ ਅਧੀਨ ਖੁਸ਼ ਰਹੇਗੀ ਅਤੇ ਉਹ ਆਪਣੇ ਧਰਮ ਦੀ ਪਾਲਣਾ ਬਿਨਾਂ ਕਿਸੇ ਰੁਕਾਵਟ ਦੇ ਕਰ ਸਕੇਗੀ।' ਮਜੂਮਦਾਰ ਲਿਖਦੇ ਹਨ ਕਿ ਇੱਕ ਸ਼ਾਨਦਾਰ ਰਚਨਾ ਦੀ ਇਸ ਦੇ ਪਾਤਰ ਫਿਜੀਸੀਅਨ ਦੇ ਲੰਬੇ-ਚੌੜੇ ਵਿਖਿਆਨਾਂ ਅਤੇ ਲੇਖਕ ਵੱਲੋਂ ਕਿਤਾਬ ਦੀ ਕਥਿਤ ਭਾਵਨਾ ਨੂੰ ਸਮਝਾਉਣ ਨੇ ਪੱਟੀਮੇਸ ਕਰ ਦਿੱਤੀ ਹੈ।

ਸਰੀਸ ਚੰਦਰ ਮਜੂਮਦਾਰ ਦੱਸਦੇ ਹਨ ਕਿ ਬੰਕਿਮ ਨੇ ਇੱਕ ਵਾਰ ਉਸ ਕੋਲ ਰਾਣੀ ਝਾਂਸੀ ਦੀ ਜੀਵਨੀ ਲਿਖਣ ਦੀ ਇੱਛਾ ਪ੍ਰਗਟ ਕੀਤੀ ਸੀ, ਪਰ ਆਨੰਦ ਮੱਠ ਲਿਖਣ ਤੋਂ ਬਾਅਦ ਬੰਕਿਮ ਨੂੰ ਅੰਗਰੇਜ਼ਾਂ ਦੀ ਨਰਾਜ਼ਗੀ ਝੱਲਣੀ ਪਈ ਅਤੇ ਬਾਕੀ ਉਮਰ ਅੰਗਰੇਜ਼ਾਂ ਨੂੰ ਉਹਨਾਂ ਦਾ ਗੁੱਸਾ ਠੰਢਾ ਕਰਨ ਲਈ ਸਫਾਈਆਂ ਦਿੰਦਾ ਅਤੇ ਆਨੰਦ ਮੱਠ ਵਿੱਚ ਤਬਦੀਲੀਆਂ ਕਰਦਾ ਰਿਹਾ। ਉਦਾਹਰਣ ਦੇ ਤੌਰ 'ਤੇ 'ਬੰਗਦਰਸਨ' ਵਿੱਚ ਛਪੇ ਆਨੰਦ ਮੱਠ ਦਾ ਇੱਕ ਪਾਤਰ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਪੰਜਾਬ ਵਿੱਚ ਵਗਦੇ ਗੰਦੇ ਵਹਿਣ ਸਾਫ ਕਰਨ ਦਾ ਉਪਰਾਲਾ ਕਿਤੋਂ ਵੀ ਸ਼ੁਰੂ ਹੋਵੇ, ਸਾਥ ਸਭ ਨੂੰ ਦੇਣਾ ਚਾਹੀਦੈ

ਬੀਤੇ ਹਫਤੇ ਦੇ ਇੱਕ ਦਿਨ ਅਚਾਨਕ ਰੋਪੜ ਕੋਲੋਂ ਵਗਦੇ ਸਤਲੁਜ ਦਰਿਆ ਵਿੱਚ ਪਹਾੜਾਂ ਵੱਲੋਂ ਪੈਣ ਵਾਲੇ ਗੰਦੇ ਵਹਿਣ ਦਾ ਮੁੱਦਾ ਚਰਚਾ ਵਿੱਚ ਆ ਗਿਆ। ਓਥੋਂ ਦੇ ਵਿਧਾਇਕ ਦਿਨੇਸ਼ ਚੱਢਾ ਨੇ ਇਹ ਮੁੱਦਾ ਚੁੱਕਿਆ ਸੀ। ਦਿਨੇਸ਼ ਚੱਢਾ ਦੇ ਨੇੜ ਵਾਲੇ ਕੁਝ ਲੋਕਾਂ ਨੇ ਉਸ ਨੂੰ ਦੱਸਿਆ ਕਿ ਹਿਮਾਚਲ ਪ੍ਰਦੇਸ਼ ਵੱਲੋਂ ਆਉਂਦੇ ਇੱਕ ਚੋਅ ਵਿੱਚ ਗੰਦ ਵਗਦਾ ਏਧਰ ਆ ਕੇ ਸਤਲੁਜ ਦਰਿਆ ਦੇ ਸੁੱਚੇ ਪਾਣੀ ਨੂੰ ਪਲੀਤ ਕਰ ਰਿਹਾ ਹੈ। ਉਹ ਆਪ ਮੌਕੇ ਉੱਤੇ ਗਏ ਅਤੇ ਵਹਿਣ ਵੇਖਣ ਪਿੱਛੋਂ ਸੰਬੰਧਤ ਅਧਿਕਾਰੀਆਂ ਅਤੇ ਪੁਲਸ ਨੂੰ ਸੱਦ ਕੇ ਕਾਰਵਾਈ ਕਰਨ ਲਈ ਕਿਹਾ। ਕਾਰਵਾਈ ਹੋਈ ਅਤੇ ਅਗਲੇ ਦਿਨੀਂ ਉਸ ਵਹਿਣ ਦੇ ਮੁਢਲੇ ਸਥਾਨ ਵਾਲੇ ਨਗਰ ਵਿੱਚ ਚੱਲਦੇ ਉਦਯੋਗਿਕ ਅਦਾਰਿਆਂ ਖਿਲਾਫ ਕੇਸ ਦਰਜ ਕਰਨ ਦੀ ਰਿਪੋਰਟ ਵੀ ਸਾਨੂੰ ਪੜ੍ਹਨ ਨੂੰ ਮਿਲ ਗਈ। ਇਸ ਦੇ ਬਾਅਦ ਪੰਜਾਬ ਦੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੇ ਵੀ ਅਤੇ ਪੁਲਸ ਅਧਿਕਾਰੀਆਂ ਨੇ ਵੀ ਇਸ ਕੇਸ ਦੀ ਜਾਂਚ ਅਤੇ ਕਾਰਵਾਈ ਦਾ ਕੰਮ ਕਾਫੀ ਤੇਜ਼ ਕਰ ਦਿੱਤਾ ਸੁਣੀਂਦਾ ਹੈ।

ਦਿਨੇਸ਼ ਚੱਢਾ ਵਿਧਾਨ ਸਭਾ ਵਿੱਚ ਇੱਕ ਦਿਨ ਮਿਲੇ ਤਾਂ ਉਨ੍ਹਾਂ ਨੇ ਬੜੇ ਮਾਣ ਨਾਲ ਇਹ ਗੱਲ ਦੱਸੀ ਕਿ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਉਹ ਪੱਤਰਕਾਰੀ ਖੇਤਰ ਵਿੱਚ ਆਏ ਸਨ ਅਤੇ ਪੱਤਰਕਾਰੀ ਦੀ ਪਹਿਲੀ ਅਰਜ਼ੀ ਉਨ੍ਹਾਂ ਨੇ ਮੇਰੇ ਅੱਗੇ ਹੀ ਰੱਖੀ ਤੇ 'ਨਵਾਂ ਜ਼ਮਾਨਾ' ਦਾ ਅਧਿਕਾਰ ਪੱਤਰ ਲਿਆ ਸੀ। ਉਹ ਜਦੋਂ ਵਿਧਾਨ ਸਭਾ ਵਿੱਚ ਕਦੇ ਕਿਸੇ ਮੁੱਦੇ ਉੱਤੇ ਬੋਲਣ ਤਾਂ ਉਨ੍ਹਾਂ ਦੇ ਭਾਸ਼ਣ ਵਿੱਚੋਂ 'ਨਵਾਂ ਜ਼ਮਾਨਾ' ਸ਼ੈਲੀ ਦੀ ਝਲਕ ਮਿਲ ਜਾਂਦੀ ਹੈ ਅਤੇ ਪ੍ਰਦੂਸ਼ਣ ਮੁੱਦੇ ਉੱਤੇ ਜਿਸ ਢੰਗ ਨਾਲ ਕਾਰਵਾਈ ਦੀ ਅਗਵਾਈ ਉਨ੍ਹਾਂ ਕੀਤੀ, ਉਸ ਨਾਲ ਵੀ ਇਹ ਝਲਕ ਮਿਲੀ ਸੀ। ਉਨ੍ਹਾਂ ਸਤਲੁਜ ਦਰਿਆ ਵਿੱਚ ਗੰਦੇ ਵਹਿਣ ਵਿਰੁੱਧ ਕਾਰਵਾਈ ਦੀ ਜਿਹੜੀ ਪਹਿਲ ਕੀਤੀ, ਉਹ ਪੱਤਰਕਾਰ ਵਜੋਂ ਨਹੀਂ, ਰੋਪੜ ਹਲਕੇ ਦੇ ਲੋਕਾਂ ਦੇ ਸਾਫ ਪਾਣੀ ਪੀਣ ਅਤੇ ਸਾਫ ਵਾਤਾਵਰਣ ਵਿੱਚ ਰਹਿਣ ਦੇ ਹੱਕ ਦੀ ਰਾਖੀ ਦੇ ਫਰਜ਼ ਵਾਸਤੇ ਕੀਤੀ ਹੈ। ਹੋਰਨਾਂ ਵਿਧਾਇਕਾਂ ਨੂੰ ਏਦਾਂ ਦੇ ਕਦਮ ਚੁੱਕਣ ਜੋਗਾ ਸਮਾਂ ਕੱਢਣਾ ਚਾਹੀਦਾ ਹੈ, ਕਿਉਂਕਿ ਜਿਨ੍ਹਾਂ ਲੋਕਾਂ ਦੇ ਪ੍ਰਤੀਨਿਧ ਬਣਨ ਦਾ ਉਹ ਦਾਅਵਾ ਕਰਦੇ ਹਨ, ਉਨ੍ਹਾਂ ਦੇ ਜਿਉਣ ਦੇ ਹੱਕ ਦੀ ਰਾਖੀ ਕਰਨਾ ਉਨ੍ਹਾਂ ਦਾ ਮੁਢਲਾ ਫਰਜ਼ ਹੈ। ਬਦਕਿਸਮਤੀ ਨਾਲ ਫਰਜ਼ ਦਾ ਸ਼ਬਦ ਅੱਜਕੱਲ੍ਹ ਸਿਆਸੀ ਆਗੂਆਂ ਦੀ ਸੂਚੀ ਵਿੱਚੋਂ ਗਾਇਬ ਹੁੰਦਾ ਜਾਂਦਾ ਅਤੇ ਹੋਰ ਕਈ ਕੁਝ ਭਾਰੂ ਹੁੰਦਾ ਜਾ ਰਿਹਾ ਹੈ।

ਮੈਨੂੰ ਉਹ ਦਿਨ ਅੱਜ ਤੱਕ ਯਾਦ ਹੈ, ਜਦੋਂ ਪੰਜਾਬੀਅਤ ਦੇ ਮੋਹ ਵਾਲੇ ਕੁਝ ਲੋਕਾਂ ਨੇ, ਜਿਨ੍ਹਾਂ ਵਿੱਚ ਮਰਚੈਂਟ ਨੇਵੀ ਦੇ ਕੈਪਟਨ ਸਰਬਜੀਤ ਢਿੱਲੋਂ, ਪੰਜਾਬੀ ਸੱਥ ਲਾਂਬੜਾ ਦੇ ਨਿਰਮਲ ਸਿੰਘ ਹੁਰੀਂ ਤੇ ਇਹੋ ਜਿਹੇ ਕੁਝ ਹੋਰ ਲੋਕ ਵੀ ਸਨ, ਨੇ ਸਾਡੇ ਪੰਜਾਬ ਵਿਚਲੇ ਪ੍ਰਦੂਸ਼ਣ ਦਾ ਮੁੱਦਾ ਪਹਿਲੀ ਵਾਰ ਚੁੱਕਿਆ ਸੀ। ਕਈ ਦਿਨ ਲਾ ਕੇ ਵੇਈਆਂ, ਚੋਆਂ, ਨਾਲਿਆਂ ਆਦਿ ਵਿੱਚ ਪੈਂਦੇ ਗੰਦੇ ਵਹਿਣ ਦੀਆਂ ਫੋਟੋ ਖਿੱਚੀਆਂ, ਵੀਡੀਓ ਬਣਾਈਆਂ ਤੇ ਫਿਰ ਇੱਕ ਦਿਨ ਜਲੰਧਰ ਦੇ ਕੋਆਪਰੇਟਿਵ ਬੈਂਕ ਵਿਚਲੇ ਇੱਕ ਹਾਲ ਵਿੱਚ ਇੱਕ ਬੈਠਕ ਸੱਦ ਲਈ। ਪੰਜਾਬ ਭਰ ਵਿੱਚੋਂ ਸਮਾਜ-ਸੇਵੀ, ਕਾਰ-ਸੇਵਾ ਵਾਲੇ ਸੰਤ ਪੁਰਸ਼ ਅਤੇ ਹੋਰ ਨਿਸ਼ਕਾਮ ਸੇਵਕ ਸਮਝੇ ਜਾਂਦੇ ਲੋਕਾਂ ਨੂੰ ਸੱਦਿਆ ਗਿਆ ਅਤੇ ਪੰਜਾਬ ਦੇ ਵਹਿਣਾਂ ਦੀ ਕੁਦਰਤੀ ਪਵਿੱਤਰਤਾ ਪਲੀਤ ਕਰਦੇ ਗੰਦੇ ਨਾਲਿਆਂ ਬਾਰੇ ਚੱਲ ਕੇ ਅਰਜ਼ ਕੀਤੀ ਕਿ ਗੁਰੂ ਬਾਬੇ ਦੇ ਪੰਜਾਬ ਵਿੱਚ ਵੱਸਦੇ ਲੋਕਾਂ ਨੂੰ ਗੰਦ ਤੋਂ ਬਚਾਉਣ ਦਾ ਹੀਲਾ ਕਰਨ ਵਾਸਤੇ ਕੋਈ ਸਮਾਜ-ਸੇਵੀ ਜ਼ਿੰਮਾ ਚੁੱਕਣ ਦੀ ਹਾਮੀ ਭਰਨ। ਬਾਕੀ ਲੋਕ ਨੀਵੀਆਂ ਪਾ ਕੇ ਬੈਠੇ ਰਹੇ ਤੇ ਫਿਰ ਉੱਠਿਆ ਸਿਰਫ ਇੱਕ ਜਣਾ, ਸੀਚੇਵਾਲ ਵਾਲਾ ਸੰਤ ਬਲਬੀਰ ਸਿੰਘ ਅਤੇ ਆ ਕੇ ਉਸ ਨੇ ਅੱਡਿਆਂ ਕਹਿਣ ਲੱਗਾ: ਸਾਰੇ ਪੰਜਾਬ ਨੂੰ ਸਾਫ ਕਰਨਾ ਤਾਂ ਮੇਰੀ ਸਮਰੱਥਾ ਸ਼ਾਇਦ ਨਹੀਂ, ਇੱਕ ਵੇਈਂ, ਗੁਰੂ ਬਾਬੇ ਨਾਨਕ ਵਾਲੀ ਵੇਈਂ ਦਾ ਗੰਦਾ ਵਹਿਣ ਦਾਸ ਦੀ ਝੋਲੀ ਪਾ ਦਿਓ, ਅਸੀਂ ਸੰਗਤ ਦੇ ਸਹਿਯੋਗ ਨਾਲ ਸਾਫ ਕਰਨ ਦੇ ਯਤਨ ਕਰਾਂਗੇ। ਉਸ ਵਕਤ ਦੀ ਸੰਭਾਲੀ ਇਹ ਜ਼ਿੰਮੇਵਾਰੀ ਉਹ ਪੂਰੀ ਵੀ ਕਰ ਲੈਣਗੇ, ਸ਼ਾਇਦ ਹੀ ਕਿਸੇ ਨੂੰ ਆਸ ਹੋਵੇ, ਖੁਦ ਸਾਨੂੰ ਇਹ ਕੰਮ ਬਹੁਤ ਮੁਸ਼ਕਲ ਜਾਪਦਾ ਸੀ, ਪਰ ਸੰਤ ਸੀਚੇਵਾਲ ਤੇ ਉਨ੍ਹਾਂ ਦੇ ਸਮਰਥਕਾਂ ਨੇ ਇਹ ਕੰਮ ਏਦਾਂ ਕੀਤਾ ਕਿ ਧੁੰਮਾਂ ਪੈ ਗਈਆਂ। ਦੇਸ਼ ਦੇ ਰਾਸ਼ਟਰਪਤੀ ਹੁੰਦਿਆਂ ਡਾਕਟਰ ਏ ਪੀ ਜੇ ਅਬਦੁੱਲ ਕਲਾਮ ਖੁਦ ਵੇਖਣ ਲਈ ਸੁਲਤਾਨਪੁਰ ਲੋਧੀ ਆਏ ਅਤੇ ਦਿੱਲੀ ਪਰਤ ਕੇ ਉਨ੍ਹਾਂ ਨੇ ਇਸ ਵਿਲੱਖਣ ਸੇਵਾ ਤੋਂ ਸਾਰੇ ਭਾਰਤ ਦੇ ਲੋਕਾਂ ਨੂੰ ਜਾਣੂ ਕਰਵਾਇਆ ਸੀ। ਸੰਤ ਸੀਚੇਵਾਲ ਨੇ ਇਸ ਕੰਮ ਨਾਲ ਬੱਸ ਨਹੀਂ ਕੀਤੀ, ਅੱਜਕੱਲ੍ਹ ਉਹ ਲੁਧਿਆਣੇ ਨੇੜਲੇ ਬੁੱਢੇ ਨਾਲੇ ਦੀ ਗੰਦਗੀ ਸਾਫ ਕਰਨ ਦਾ ਜ਼ਿੰਮਾ ਸੰਭਾਲੀ ਬੈਠੇ ਹਨ।

ਅਜੋਕੀ ਸਰਕਾਰ ਨੇ ਸੰਤ ਸੀਚੇਵਾਲ ਨੂੰ ਰਾਜ ਸਭਾ ਦਾ ਮੈਂਬਰ ਬਣਾ ਦਿੱਤਾ। ਮੈਂ ਇਸ ਨਾਲ ਸਹਿਮਤ ਕਦੀ ਨਹੀਂ ਹੋ ਸਕਿਆ ਅਤੇ ਆਪਣੀ ਨਾਰਾਜ਼ਗੀ ਦੱਸੀ ਹੋਈ ਹੀ ਜ਼ਾਹਰ ਕਰ ਦਿੱਤੀ ਸੀ, ਪਰ ਸੀਚੇਵਾਲ ਨੇ ਕਿਹਾ ਕਿ ਮੈਂਬਰੀ ਉਨ੍ਹਾਂ ਕਦੀ ਨਹੀਂ ਮੰਗੀ, ਮਿਲ ਗਈ ਤਾਂ ਲੋਕਾਂ ਦੀ ਸੇਵਾ ਵਾਸਤੇ ਲਾਈ ਜਾਵੇਗੀ। ਉਹ ਵਚਨ ਉੱਤੇ ਪੂਰੇ ਉੱਤਰੇ। ਰਾਜ ਸਭਾ ਮੈਂਬਰ ਵਜੋਂ ਮਿਲੀਆਂ ਗਰਾਂਟਾਂ ਉਹ ਪੰਜਾਬ ਦਾ ਪ੍ਰਦੂਸ਼ਣ ਖਤਮ ਕਰਨ ਅਤੇ ਇਸ ਨੂੰ ਸਾਫ-ਸੁਥਰਾ ਬਣਾਉਣ ਵਾਸਤੇ ਲਾਉਂਦੇ ਆਏ ਹਨ। ਲੁਧਿਆਣੇ ਦੇ ਬੁੱਢਾ ਨਾਲਾ ਸਫਾਈ ਪ੍ਰਾਜੈਕਟ ਨਾਲ ਜੁੜੇ ਹੋਏ ਕੈਂਪਾਂ, ਜਿਨ੍ਹਾਂ ਨੂੰ ਆਮ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਲੋਕ ਸੀਚੇਵਾਲ ਬਾਬਾ ਜੀ ਦਾ ਡੇਰਾ ਕਹਿ ਦੇਂਦੇ ਹਨ, ਵੱਲ ਜਾ ਕੇ ਵੇਖੋ ਤਾਂ ਗੰਦਗੀ ਸਾਫ ਕਰਨ ਵਾਸਤੇ ਸਾਰੀ ਮਸ਼ੀਨਰੀ, ਜੇ ਸੀ ਬੀ ਮਸ਼ੀਨਾਂ, ਟਰਾਲੀਆਂ, ਆਦਿ ਉੱਤੇ ਰਾਜ ਸਭਾ ਮੈਂਬਰ ਵਜੋਂ ਮਿਲੇ ਫੰਡ ਲਾਏ ਹੋਣ ਦਾ ਨੋਟਿਸ ਬੋਰਡ ਦਿਸ ਪੈਂਦਾ ਹੈ। ਸਾਫ ਹੈ ਕਿ ਲੋਕਾਂ ਦਾ ਟੈਕਸਾਂ ਦਾ ਪੈਸਾ ਲੋਕਾਂ ਦੀ ਭਲਾਈ ਲਈ ਖਰਚਿਆ ਜਾਣ ਦੀ ਮਿਸਾਲ ਕਾਇਮ ਕੀਤੀ ਪਈ ਹੈ।

ਜਦੋਂ ਸੰਤ ਸੀਚੇਵਾਲ ਨੇ ਇਹ ਕੰਮ ਸ਼ੁਰੂ ਕੀਤਾ ਅਤੇ ਕਾਲੀ ਵੇਈਂ ਵਾਲਾ ਗੰਦ ਸਾਫ ਕਰਨ ਤੋਂ ਸ਼ੁਰੂ ਕਰਕੇ ਅੱਗੇ ਵੱਲ ਤੁਰੇ ਸਨ, ਓਦੋਂ ਪੰਜਾਬ ਦੇ ਸ਼ਹਿਰਾਂ, ਕਸਬਿਆਂ ਤੇ ਵੱਡੀ ਆਬਾਦੀ ਵਾਲੇ ਪਿੰਡਾਂ ਦੇ ਕਈ ਮੋਹਤਬਰਾਂ ਅਤੇ ਸਿਆਸੀ ਆਗੂਆਂ ਨੇ ਸਾਥ ਦੇਣ ਦੀ ਥਾਂ ਅੜਿੱਕੇ ਡਾਹੇ ਸਨ। ਇੱਕ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਤਾਂ ਸਾਥ ਦੇਣ ਦੀ ਥਾਂ ਕਾਲੀ ਵੇਈਂ ਵਿੱਚ ਉਸ ਦੇ ਅਧਿਕਾਰ ਖੇਤਰ ਦੇ ਸ਼ਹਿਰ ਦਾ ਗੰਦ ਪਾਉਣ ਵਾਲਾ ਨਾਲਾ ਉਸ ਵਿੱਚ ਚੱਲਦਾ ਰੱਖਣ ਲਈ ਸੰਤ ਸੀਚੇਵਾਲ ਖਿਲਾਫ ਕਾਰਵਾਈ ਕਰਨ ਦਾ ਮਨ ਵੀ ਬਣਾ ਬੈਠਾ ਸੁਣੀਂਦਾ ਸੀ। ਫਿਰ ਸਰਕਾਰ ਤੱਕ ਮੁੱਦਾ ਪਹੁੰਚਣ ਮਗਰੋਂ ਪ੍ਰਸ਼ਾਸਨ ਨੂੰ ਸੰਤ ਖਿਲਾਫ ਕਾਰਵਾਈ ਕਰਨ ਦੀ ਥਾਂ ਉਸ ਦੇ ਸਹਿਯੋਗ ਲਈ ਅੱਗੇ ਆਉਣਾ ਪਿਆ ਸੀ। ਕਾਲੀ ਵੇਈਂ ਵਜੋਂ ਜਾਣੇ ਜਾਂਦੇ ਉਸ ਸਰੋਤ ਦਾ ਪਾਣੀ ਉੱਪਰੋਂ ਵੇਖਿਆਂ ਅੱਜ ਵੀ ਕਾਲਾ ਦਿਸਦਾ ਹੈ, ਕਿਉਂਕਿ ਹੇਠਾਂ ਜ਼ਮੀਨ ਕਾਲੇ ਰੰਗ ਦੀ ਹੈ, ਪਰ ਕੱਚ ਦੇ ਗਲਾਸ ਵਿੱਚ ਪਾਇਆ ਜਾਵੇ ਤਾਂ ਨਿਰਮਲ ਜਲ ਹੁੰਦਾ ਹੈ, ਜਿਹੜਾ ਮੈਂ ਖੁਦ ਦੋ ਵਾਰੀ ਪੀ ਕੇ ਵੇਖਿਆ ਹੋਇਆ ਹੈ। ਉਸ ਦੇ ਲੈਬ ਟੈੱਸਟ ਵੀ ਸਾਡੇ ਨਾਲ ਚੰਡੀਗੜ੍ਹ ਤੋਂ ਆਏ ਪੱਤਰਕਾਰਾਂ ਦੀ ਸਾਰੀ ਟੀਮ ਸਾਹਮਣੇ ਕੀਤੇ ਗਏ ਸਨ ਅਤੇ ਟੈੱਸਟਾਂ ਦੀ ਰਿਪੋਰਟ ਹਰ ਕਿਸਮ ਦੀ ਮਲੀਨਤਾ ਤੋਂ ਸੱਖਣੀ ਅਤੇ ਮੁਕੰਮਲ ਸਵੱਛਤਾ ਵਾਲੀ ਨਿਕਲੀ ਸੀ। ਮੈਨੂੰ ਕਿਸੇ ਪੰਜਾਬੀ ਕਵੀ ਦੀਆਂ ਮੁਦਕੀ-ਸਭਰਾਵਾਂ ਦੀ ਹਾਰ ਵੱਲੋਂ ਲਿਖੀਆਂ ਇਹ ਸਤਰਾਂ ਕਈ ਵਾਰ ਚੇਤੇ ਵਿੱਚ ਆਉਂਦੀਆਂ ਹਨ ਕਿ 'ਸ਼ਾਮ ਸਿੰਘ ਇੱਕ ਜੰਮ ਲਿਆ ਹੋਰ ਹੁੰਦਾ, ਅਸੀਂ ਦਿਨੇ ਨਾ ਤਾਰੇ ਦਿਖਾਲ ਦਿੰਦੇ।' ਜਦੋਂ ਪੰਜਾਬ ਦੇ ਵੇਈਆਂ, ਨਾਲਿਆਂ ਤੇ ਚੋਆਂ ਆਦਿ ਵਿੱਚ ਵਗ ਰਿਹਾ ਗੰਦ ਕਦੇ ਓਥੋਂ ਲੰਘਣ ਵੇਲੇ ਵੇਖੀਦਾ ਹੈ, ਉਸ ਵਕਤ ਮਨ ਵਿੱਚ ਆਉਂਦਾ ਹੈ ਕਿ ਮਾਂ ਧਰਤੀਏ ਤੂੰ ਇੱਕ ਹੋਰ ਸੀਚੇਵਾਲ ਕਿਉਂ ਨਹੀਂ ਜੰਮ ਸਕੀ, ਕਿਤੇ ਇੱਕ ਹੋਰ ਜੰਮ ਪਿਆ ਹੁੰਦਾ ਤਾਂ ਪੰਜਾਬ ਵਿੱਚ ਅੱਜ ਨਿਰਮਲਤਾ ਦੀ ਧਾਰਾ ਏਦਾਂ ਵਗਦੀ ਸੀ ਕਿ ਅਸੀਂ ਸਾਰੇ ਭਾਰਤ ਦੀ ਅਗਵਾਈ ਕਰਨ ਵਾਲੇ ਗਿਣੇ ਜਾ ਸਕਦੇ ਸਾਂ। ਆਖਰ ਪੰਜਾਬ ਦਾ ਕੋਈ ਹੋਰ ਸਮਾਜ-ਸੇਵੀ ਦੂਸਰਾ ਸੀਚੇਵਾਲ ਬਣਨ ਵਾਸਤੇ ਅਜੇ ਤੱਕ ਅੱਗੇ ਕਿਉਂ ਨਹੀਂ ਆ ਸਕਿਆ?

ਸਾਨੂੰ ਇਸ ਦਾ ਕਾਰਨ ਲੱਭਣ ਲਈ ਕਿਧਰੇ ਦੂਰ ਜਾਣ ਦੀ ਲੋੜ ਨਹੀਂ, ਪੰਜਾਬ ਦੀ ਸਿਆਸਤ ਇਹ ਜਵਾਬ ਦੇਣ ਦੇ ਸਮਰੱਥ ਹੈ, ਪਰ ਇਹ ਜਵਾਬ ਸਾਡਾ ਮਨ ਹੋਰ ਦੁਖੀ ਕਰਨ ਵਾਲਾ ਹੈ। ਕਈ ਸਰਕਾਰਾਂ ਬਦਲਦੀਆਂ ਵੇਖਣ ਤੋਂ ਬਾਅਦ ਤਜਰਬੇ ਦੇ ਆਧਾਰ ਉੱਤੇ ਅਸੀਂ ਇਹ ਗੱਲ ਸਾਫ ਕਹਿ ਸਕਦੇ ਹਾਂ ਕਿ ਜਦੋਂ ਲੋਕਾਂ ਵੱਲੋਂ ਚੁਣੇ ਪ੍ਰਤੀਨਿਧ ਖੁਦ ਗੰਦੇ ਵਹਿਣ ਵਗਾਉਣ ਵਾਲਿਆਂ ਦੀ ਸਰਪ੍ਰਸਤੀ ਕਰਨ ਤਾਂ ਇਹ ਕੰਮ ਏਨਾ ਸੌਖਾ ਨਹੀਂ ਰਹਿੰਦਾ। ਲੁਧਿਆਣੇ ਸ਼ਹਿਰ ਦਾ ਤਜਰਬਾ ਕਈ ਵਾਰ ਹੋ ਚੁੱਕਾ ਹੈ ਕਿ ਜਦੋਂ ਵੀ ਪ੍ਰਦੂਸ਼ਣ ਰੋਕਣ ਦੀ ਮਸ਼ੀਨਰੀ ਕੁਝ ਕਰਨ ਲੱਗਦੀ ਹੈ ਤਾਂ ਲੋਕਾਂ ਦੇ ਚੁਣੇ ਹੋਏ ਵਿਧਾਇਕ ਅਤੇ ਮੰਤਰੀ ਇਸ ਦੇ ਰਾਹ ਵਿੱਚ ਅੜਿੱਕਾ ਪਾਉਣ ਲਈ ਤੁਰ ਪੈਂਦੇ ਹਨ। ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਹੁਕਮ ਉੱਤੇ ਇੱਕ ਮਹਿਲਾ ਅਫਸਰ ਇੱਕ ਫੈਕਟਰੀ ਨੂੰ ਚੈੱਕ ਕਰਨ ਲਈ ਜਦੋਂ ਓਥੇ ਗਈ ਤਾਂ ਸਾਰਾ ਗੰਦ ਸੀਵਰੇਜ ਦੀਆਂ ਪਾਈਪਾਂ ਵਿੱਚ ਸਿੱਧਾ ਪਾਇਆ ਜਾ ਰਿਹਾ ਸੀ। ਹਾਲੇ ਉਹ ਪੂਰਾ ਚੈੱਕ ਨਹੀਂ ਸੀ ਕਰ ਸਕੀ ਕਿ ਇੱਕ ਚੁਣੇ ਹੋਏ ਆਗੂ ਦੀ ਸ਼ਹਿ ਉੱਤੇ ਫੈਕਟਰੀ ਵਾਲਿਆਂ ਨੇ ਬਾਹਰਲਾ ਗੇਟ ਬੰਦ ਕਰ ਦਿੱਤਾ ਤੇ ਉਹ ਮਹਿਲਾ ਅਫਸਰ ਅੰਦਰ ਘੇਰ ਲਈ। ਉਹ ਓਥੋਂ ਫੋਨ ਉੱਤੇ ਉੱਚ ਅਧਿਕਾਰੀਆਂ ਨੂੰ ਆਪਣੇ ਬਚਾਅ ਦੇ ਤਰਲੇ ਕਰਦੀ ਰਹੀ ਤੇ ਅਫਸਰ ਅੱਗੋਂ ਰਾਜ ਸਰਕਾਰ ਤੱਕ ਪਹੁੰਚ ਕਰਦੇ ਰਹੇ, ਪਰ ਕਈ ਘੰਟੇ ਉਹ ਬੀਬੀ ਫੈਕਟਰੀ ਵਾਲਿਆਂ ਨੇ ਜਾਣ ਨਹੀਂ ਸੀ ਦਿੱਤੀ ਅਤੇ ਬਾਅਦ ਵਿੱਚ ਵੀ ਕੋਈ ਕਾਰਵਾਈ ਕੀਤੇ ਬਗੈਰ ਉਸ ਨੂੰ ਨਿਕਲਣਾ ਪਿਆ ਸੀ। ਏਦਾਂ ਦੇ ਮਾਹੌਲ ਵਿੱਚ ਕੋਈ ਅਫਸਰ ਪ੍ਰਦੂਸ਼ਣ ਖਿਲਾਫ ਕਿਸੇ ਤਰ੍ਹਾਂ ਦੀ ਕਾਰਵਾਈ ਕਰ ਹੀ ਨਹੀਂ ਸਕਦਾ ਅਤੇ ਨਤੀਜੇ ਵਜੋਂ ਸ਼ਹਿਰਾਂ ਅੰਦਰ ਗੰਦ ਫੈਲਾਉਣ ਵਾਲੇ ਅਦਾਰੇ ਸਮੁੱਚੇ ਪੰਜਾਬ ਵਾਸਤੇ ਨਰਕ ਵਰਗੇ ਹਾਲਾਤ ਪੈਦਾ ਕਰਨ ਲਈ ਧੜੱਲੇ ਨਾਲ ਲੱਗੇ ਰਹਿੰਦੇ ਹਨ।

ਸਾਡਾ ਖਿਆਲ ਸੀ ਕਿ ਅਜੋਕੀ ਸਰਕਾਰ ਦੇ ਆਉਣ ਤੋਂ ਬਾਅਦ ਹਾਲਾਤ ਵਿੱਚ ਤਬਦੀਲੀ ਆਵੇਗੀ ਅਤੇ ਜੇ ਹਾਲੇ ਤੱਕ ਨਹੀਂ ਆਈ ਸੀ ਤਾਂ ਜਦੋਂ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਬੁੱਢੇ ਨਾਲੇ ਦੀ ਸਫਾਈ ਦੀ ਜ਼ਿੰਮੇਵਾਰੀ ਚੁੱਕ ਕੇ ਹੰਭਲਾ ਮਾਰਿਆ ਹੈ ਤਾਂ ਇਸ ਨਾਲ ਜ਼ਰੂਰ ਮੋੜਾ ਪਵੇਗਾ। ਬਦਕਿਸਮਤੀ ਨਾਲ ਇਸ ਸਰਕਾਰ ਨਾਲ ਜੁੜੇ ਹੋਏ ਕੁਝ ਲੋਕ ਵੀ ਇਸ ਨੇਕ ਉੱਦਮ ਦੇ ਰਾਹ ਵਿੱਚ ਅੜਿੱਕਾ ਬਣ ਗਏ ਸੁਣੀਂਦੇ ਹਨ। ਪਿਛਲੇ ਸਾਲ ਜਦੋਂ ਏਦਾਂ ਦੀਆਂ ਕੁਝ ਰਿਪੋਰਟਾਂ ਦੇ ਬਾਅਦ ਅਸੀਂ ਖੁਦ ਬੁੱਢੇ ਨਾਲੇ ਦੀ ਸਥਿਤੀ ਦੇ ਕਾਰਨ ਜਾਣੇ ਵੇਖਣ ਅਤੇ ਲੋਕਾਂ ਕੋਲੋਂ ਓਥੋਂ ਦੀ ਅਸਲੀ ਸਥਿਤੀ ਦੀ ਪੂਰਨ ਜਾਣਕਾਰੀ ਲੈਣ ਗਏ ਤਾਂ ਇਹ ਗੱਲ ਕਈ ਲੋਕਾਂ ਨੇ ਦੱਸੀ ਕਿ ਸੰਤ ਸੀਚੇਵਾਲ ਜਿਹੜੀਆਂ ਫੈਕਟਰੀਆਂ ਅਤੇ ਡੇਅਰੀਆਂ ਦੇ ਗੰਦ ਖਿਲਾਫ ਕਾਰਵਾਈ ਕਰਵਾਉਂਦੇ ਹਨ, ਉਹ ਕਾਰਵਾਈ ਪਿੱਛੋਂ ਬੇਅਸਰ ਹੋ ਜਾਂਦੀ ਹੈ। ਸਰਕਾਰੀ ਕਾਰਵਾਈ ਦੇ ਮਨ ਸਾਫ ਵੀ ਹੋਣ ਤਾਂ ਸਿਆਸੀ ਆਗੂ ਕੋਈ ਕਾਰਵਾਈ ਸਿਰੇ ਹੀ ਨਹੀਂ ਚੜ੍ਹਨ ਦੇਂਦੇ, ਅੱਧ-ਵਿਚਾਲੇ ਰੋਕ ਦਿੰਦੇ ਹਨ।

ਅਜਿਹੇ ਹਾਲਾਤ ਵਿੱਚ ਰੋਪੜ ਦੇ ਵਿਧਾਇਕ ਨੇ ਇਹ ਕਦਮ ਕਿੰਨਾ ਚੁੱਕਿਆ ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਹਿਮਾਚਲ ਪ੍ਰਦੇਸ਼ ਦੇ ਕੁਝ ਅਦਾਰਿਆਂ ਉੱਤੇ ਕਾਰਵਾਈ ਕਿਸ ਤਰ੍ਹਾਂ ਆਰੰਭ ਕੀਤੀ ਹੈ, ਇਸ ਦੀ ਚਰਚਾ ਕਰਨ ਦੀ ਥਾਂ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਜੇ ਕੁਝ ਕਰ ਲਿਆ ਹੈ ਤਾਂ ਇਸ ਤੱਕ ਵੀ ਪਹੁੰਚਿਆ ਜਾਵੇ। ਪੰਜਾਬ ਦੇ ਦਰਿਆ ਇਸ ਵੇਲੇ ਗੰਦਗੀ ਦੇ ਵਹਿਣ ਬਣੇ ਹੋਏ ਦਿਖਾਈ ਦੇਂਦੇ ਹਨ। ਸਵਾਲ ਸਾਡੀ ਅਗਲੀ ਪੀੜ੍ਹੀ ਦੇ ਨਸੀਬੇ ਦਾ ਹੈ। ਬਾਪ-ਦਾਦੇ ਨੇ ਜਿਹੜਾ ਕੁਦਰਤੀ ਮਾਹੌਲ ਸਾਡੀ ਪੀੜ੍ਹੀ ਨੂੰ ਦਿੱਤਾ ਸੀ, ਉਹ ਅਸੀਂ ਵਿਗਾੜਨੋਂ ਨਹੀਂ ਸਾਂ ਬਚਾ ਸਕੇ ਤਾਂ ਇਸ ਦੇ ਸੁਧਾਰ ਦੇ ਯਤਨਾਂ ਵਿੱਚ ਹੀ ਭਾਈਵਾਲ ਬਣ ਜਾਈਏ। ਸ਼ੁਰੂਆਤ ਕਿਤੋਂ ਵੀ ਹੋਈ ਹੋਵੇ, ਸਾਥ ਸਭ ਨੂੰ ਦੇਣਾ ਚਾਹੀਦਾ ਹੈ।

ਵੋਟਾਂ ਲਈ ਜੋੜ-ਤੋੜ

ਜਦੋਂ ਵੀ ਸੀਮਿੰਟ ਸਟੋਰ ਵਾਲਾ ਗੁਰਦੇਵ, ਦਾਨੀ ਪੈਂਚਰਾਂ ਵਾਲੇ ਕੋਲ ਆਉਂਦਾ ਤਾਂ ਉਹਦੇ ਕੋਲ ਕੋਈ ਨਾ ਕੋਈ ਖ਼ਬਰ ਹੁੰਦੀ। ਪਰ ਖ਼ਬਰ ਨੂੰ ਤੜੋਕ ਮਰੋੜ ਕੇ ਦੱਸਣਾ ਗੁਰਦੇਵ ਤਿੱਖੀ ਟਕੋਰ ਦੀ ਚਾਸ਼ਨੀ ਵਿੱਚ ਖ਼ਬਰ ਨੂੰ ਲਬੇੜ ਕੇ ਦਾਨੀ ਦੇ ਮੂੰਹ 'ਤੇ ਮਾਰਦਾ, "ਬਈ ਦਾਨੀ! ਹੁਣ ਹਰ ਪਾਰਟੀ ਆਪਣੇ ਆਪਣੇ ਪਰ ਤੋਲਣ ਲੱਗ ਪਈ ਆ। ਪਹਿਲਾਂ ਆਪਣੀ ਝੋਲੀ 'ਚ ਦਾਣੇ ਦੇਖਦੀ ਆ। ਫਿਰ ਕਹਿੰਦੀ ਆ ਮੈਂ ਇਕੱਲਿਆ ਚੋਣ ਲੜੂ, ਮੇਰੀ ਝੋਲੀ ਵੋਟਰਾਂ ਨਾਲ ਨਹੀਂ... ਦਾਣਿਆ ਨਾਲ ਭਰੀ ਹੋਈ ਆ... ਦੂਜਾ ਕਹਿੰਦਾ ਤੈਨੂੰ ਭੁਲੇਖਾ ਤੇਰੀ ਝੋਲੀ 'ਚ ਛੇਕ ਹੋਇਆ ਪਿਆ... ਹੋਲੀ ਹੋਲੀ ਦਾਣੇ ਥੱਲੇ ਕਿਰੀ ਜਾਂਦਾ ਆ। ਅਸੀਂ ਚੁੱਕੀ ਜਾਂਦੇ ਆ। ਅਸਲ ਵਿੱਚ ਉਹ ਦਾਣੇ ਨਹੀਂ ਲੀਡਰ ਹੁੰਦੇ ਆ।"

ਡਲਿਵਰੀ ਮੈਨ ਆਪਣਾ ਗਿਆਨ ਗੋਸ਼ਟ ਕਰਨ ਲੱਗ ਪੈਂਦਾ ਹੈ, "ਨਾ ਕਾਹਨੂੰ, ਇਸ ਵਾਰ ਤੱਕੜੀ 'ਚ ਕਮਲ ਨਹੀਂ ਤੁਲਣਾ... ਹੁਣ ਕਮਲ ਦਿੱਲੀ ਤੋਂ ਤੁਲੇ ਤੁਲਾਏ ਚੋਣ ਹਲਕਿਆ ਵਿੱਚ ਆਉਣਗੇ। ਇਸ ਵਾਰ ਕਮਲ ਨੇ ਤੱਕੜੀ ਤੇ ਭਾਰੀ ਪੈ ਜਾਣਾ। ਨਾਲੇ 'ਵਾਰਿਸ ਪੰਜਾਬ ਦੇ' ਵੀ ਉੱਠ ਪਏ ਨੇ। ਉਨ੍ਹਾਂ ਉਡਦਿਆਂ ਪੰਛੀਆਂ ਦੇ ਖੰਭ ਵੀ ਝਾੜਨੇ ਆ। ਝਾੜੂ ਇਸ ਵਾਰ ਬੀਬੀਆਂ ਦੇ ਹੱਥਾਂ ਵਿੱਚ ਆ ਗਿਆ। ਉਹ ਕਹਿੰਦੀਆਂ ਅਸੀਂ ਤਾਂ ਝਾੜੂ ਹੱਥਾਂ ਵਿੱਚ ਫੜ ਲਿਆ। ਹਰ ਵਾਰ ਸਾਰੇ ਹੂੰਝ ਕੇ ਰੱਖ ਦੇਣੇ ਆ। ਹਰ ਵਿਧਾਨ ਸਭਾ ਹਲਕਾ ਐਨ ਰੜਾ ਮੈਦਾਨ ਕਰ ਦੇਣਾ।"

ਦਾਨੀ, ਡਲਿਵਰੀ ਮੈਨ ਦੀ ਗੱਲ ਨੂੰ ਟੋਕ ਦਿੰਦਾ ਹੈ, "ਲੈ ਲੈ ਮੁੰਡਿਆ! ਬੱਸ ਕਰ ਯਾਰ। ਤੈਨੂੰ ਡਲਿਵਰੀਆਂ ਤੋਂ ਸਾਰਾ ਦਿਨ ਵਿਹਲ ਨਹੀਂ ਲੱਗਦੀ ਤੇ ਗੱਲਾਂ ਸਾਰੇ ਪੰਜਾਬ ਦੀਆਂ ਕਰਦਾ। ਤੱਕੜੀ ਦੇ ਆਸਰੇ ਇਸ ਵਾਰ ਕਮਲ ਕਈ ਥਾਵਾਂ 'ਤੇ ਖਿੜ ਵੀ ਜਾਣਾ, ਮੈਂ ਤੈਨੂੰ ਦੱਸ ਦੇਵਾਂ। ਪਤਾ ਨਹੀਂ ਉਹ ਦਬਕੇ ਨਾਲ ਝਾੜੂ ਹੀ ਖਿਲਾਰ ਦੇਣ ਤੇ ਪੰਜੇ ਦੀਆਂ ਉਂਗਲਾਂ ਮਰੋੜ ਦੇਣ। ਬਾਕੀ ਹਾਥੀ ਨੂੰ ਉਨ੍ਹਾਂ ਉਂਝ ਹੀ ਜੰਗਲਾਂ ਵਿੱਚ ਛੱਡ ਆਉਣਾ ਹੈ। ਜਿਵੇਂ ਜਿਵੇਂ ਚੋਣਾਂ ਦੇ ਦਿਨ ਨੇੜੇ ਆ ਰਹੇ ਨੇ। ਨੇਤਾ ਲੋਕਾਂ ਨੇ ਤਰ੍ਹਾਂ ਤਰ੍ਹਾਂ ਦੇ ਰੰਗ ਬਦਲਣੇ ਆ।"

ਡਲਿਵਰੀ ਮੈਨ ਭੜਕ ਜਾਂਦਾ ਹੈ, "ਚਾਚਾ ਪੰਜਾ ਆਪਣੀ ਸਹੀ ਪੁਜੀਸ਼ਨ ਵਿੱਚ ਜਲਦੀ ਆ ਜਾਣਾ। ਪੰਜੇ ਉਂਗਲਾਂ ਇਕੋ ਜਿਹੀਆਂ ਤਾਂ ਹੁੰਦੀਆਂ ਨਹੀਂ। ਉਨ੍ਹਾਂ ਨੇ ਮੁੜ ਆਪਣੇ ਆਪਣੇ ਥਾਂ ਉੱਤੇ ਆ ਕੇ ਆਪਣਾ ਆਪਣਾ ਕੰਮ ਕਰਨ ਲੱਗ ਪੈਣਾ। ਤੂੰ ਦੇਖੀ ਪੰਜਾ ਮੁੱਕੇ ਦੀ ਸਕਲ ਵਿੱਚ ਤੈਨੂੰ ਦਿਸਣ ਲੱਗ ਪੈਣਾ।"

ਦਾਨੀ ਹੱਥ ਮਾਰਦਾ ਬੋਲ ਪੈਂਦਾ ਹੈ, "ਤੁਸੀਂ ਮੂਰਖ ਹੋ ਸਾਰੇ। ਹਮੇਸ਼ਾਂ ਦੋ ਤੇ ਦੋ ਚਾਰ ਨਹੀਂ ਹੁੰਦੇ। ਕਦੇ ਤਿੰਨ ਹੋ ਜਾਂਦੇ ਆ ਤੇ ਪੰਜ ਵੀ। ਸਾਰੇ ਪੰਜਾਬ ਦੀਆਂ ਬੀਬੀਆਂ ਨੇ ਝਾੜੂ ਫੜ ਲਿਆ। ਸਾਡੀ ਬੁੜੀ ਨ੍ਹੀਂ ਮਾਣ, ਉਹਦੀ ਪੈਨਸ਼ਨ ਦੀ ਕਾਪੀ ਪੈਸਿਆਂ ਨਾਲ ਭਰ ਗਈ। ਉਹ ਤਾਂ ਆਪਣੇ ਮੁਬਾਇਲ ਤੇ ਸਾਰਾ ਦਿਨ ਮੈਸੇਜ਼ ਈ ਉਡੀਕਦੀ ਰਹਿੰਦੀ ਆ। ਪਿਛਲੇ ਹਫ਼ਤੇ ਪਿੰਡ ਦੀ ਸਰਪੰਚਣੀ ਨਾਲ ਤੀਰਥ ਯਾਤਰਾ 'ਤੇ ਚਲੀ ਗਈ। ਤਿੰਨ ਚਾਰ ਦਿਨਾਂ ਬਾਅਦ ਆਈ। ਲੈ ਬਈ ਮੁੰਡਿਆ ਉਹ ਤਾਂ ਮਾਰੇ ਛਾਲਾਂ। ਕਹਿੰਦੀ ਅਸੀਂ ਤਾਂ ਸਵਰਗ ਦੀ ਸੈਰ ਕਰ ਕੇ ਆਈਆਂ ਆ। ਘਰ ਆ ਕੇ ਹਿੜ ਹਿੜ ਕਰੀ ਜਾਵੇ। ਹੁਣ ਫਿਰ ਕਹਿੰਦੇ ਟੂ ਟੂ ਹੋਣੀ ਆ। ਜਦੋਂ ਬੱਸਾਂ ਬੀਬੀਆਂ ਲਈ ਮੁਫ਼ਤ ਕੀਤੀਆਂ ਤਾਂ ਨਿਆਣਿਆ ਦੀ ਬੀਬੀ ਤੀਜੇ ਦਿਨ ਵਾਂਢੇ ਤੁਰ ਪੈਂਦੀ ਆ। ਘਰ ਉਹਦਾ ਜੀਅ ਨਹੀਂ ਲੱਗਦਾ। ਕੱਲ੍ਹ

ਮੂੰਹ ਆਈ ਬਾਤ-5

ਭਗਵੰਤ ਰਸੂਲਪੁਰੀ

ਰੱਖੜੀਆਂ ਵਾਲੇ ਦਿਨ ਵੀ ਟੂ ਟੂ ਹੋ ਗਈ। ਝਾੜੂ ਆਲੇ ਬੀਬੀਆਂ ਤੇ ਕੁਝ ਜਿਆਦਾ ਹੀ ਦਿਆਲ ਹੋਏ ਆ। ਸਾਨੂੰ ਬੁੜਿਆ ਨੂੰ ਪੁੱਛਦੇ ਨ੍ਹੀਂ।"

ਡਲਿਵਰੀ ਮੈਨ ਮਖੌਲ ਕਰਦਾ ਹੈ, "ਚਾਚਾ ਤੂੰ ਵੀ ਕੋਈ ਅਟੈਕ ਕਰਵਾ ਲੈ... ਤੈਨੂੰ ਵੀ ਸਟੰਟ ਦੇ ਪੈਸੇ ਦਵਾ ਦਿੰਦੇ ਹਾਂ। ਤੇਰੇ ਵੀ ਹੋਇਆ ਹੋਣਾ 10 ਲੱਖ ਵਾਲਾ ਬੀਮਾ। ਚਾਚਾ! ਵੋਟਾ ਵਾਲੇ ਦਿਨ ਦਬਕਾ ਮਾਰ ਦੇਵੀ। ਤੂੰ ਘਰ ਦਾ ਮੁੱਖੀ ਆ। ਕਹੀ ਮੇਰੇ ਕਹਿਣ ਦੇ ਵੋਟਾਂ ਪਾਓ। ਜਿਹਨੂੰ ਮੈਂ ਕਹਿੰਦਾ ਉਹਦੇ ਮੋਹਰ ਲਾਓ। ਚਲਦੀ ਤਾਂ ਘਰ ਵਿੱਚ ਬੰਦੇ ਦੀ ਹੁੰਦੀ ਆ।"

ਦਾਨੀ ਨਿਮਾਣਾ ਬਣ ਜਾਂਦਾ ਹੈ, "ਮੁੰਡਿਆ ਇਹ ਬੀਬੀਆਂ ਹੁਣ ਬਾਗੀ ਹੋ ਗਈਆਂ। ਜਦੋਂ ਦੇ ਉਨ੍ਹਾਂ ਦੀਆਂ ਜੇਬਾਂ ਵਿੱਚ ਪੈਸੇ ਆਏ ਆ ਕਹਿੰਦੀਆਂ ਅਸੀਂ ਆਪਣੀ ਮਰਜ਼ੀ ਨਾਲ ਵੋਟ ਪਾਵਾਗੀਆਂ। ਮਸਾਂ ਮਸਾਂ ਤੇ ਸਾਡੇ ਮੁਬਾਇਲ ਤੇ ਟੂ-ਟੂ ਹੋਣ ਲੱਗੀ ਆ। ਜੇ ਦੂਜੀ ਸਰਕਾਰ ਬਣ ਗਈ ਤਾਂ ਉਨ੍ਹਾਂ ਸਾਡੀ ਟੂ ਟੂ ਬੰਦ ਕਰ ਦੇਣੀ ਆ। ਇਹ ਬੀਬੀਆਂ ਝਾੜੂ ਫੜ ਕੇ ਅੰਦਰ ਬਾਹਰ ਸਾਫ਼ ਕਰਨ ਲੱਗੀਆਂ ਹੋਈਆਂ। ਨਿਆਣਿਆਂ ਦੀ ਬੀਬੀ ਤੀਰਥ ਯਾਤਰਾਂ ਤੇ ਹੁਣ ਤੱਕ ਕਈ ਵਾਰ ਜਾ ਆਈ ਆ। ਕਹਿੰਦੀ ਹੋਟਲਾਂ ਵਿੱਚ ਰੋਟੀ ਖਵਾਉਂਦੇ ਆ। ਪਿੱਤਲ ਦੇ ਗਲਾਸ ਨਿਸ਼ਾਨੀ ਵੀ ਦਿੰਦੇ ਆ। ਤੇ ਤੇਰੇ ਵਰਗੇ ਦਿਮਾਗੀ ਨਕਸਲੀ ਮੁੰਡੇ ਸਾਡਾ ਕਹਿਣਾ ਉਂਜ ਨਹੀਂ ਮੰਨਦੇ। ਕਹਿੰਦੇ ਅਸੀਂ ਆਪਣੀ ਮਰਜ਼ੀ ਨਾਲ ਵੋਟ ਪਾਵਾਗੇ। ਤੁਸੀਂ ਕਰ ਲਓ ਜੋ ਕਰਨਾ। ਫਿਰ ਕਾਕਰੋਚਾਂ ਨੇ ਪਤਾ ਨ੍ਹੀਂ ਕੀ ਚੰਦ ਚਾੜ ਦੇਣਾ। ਕਿਸੇ ਦੀ ਗੇਮ ਈ ਨਾ ਖਰਾਬ ਕਰ ਦੇਣ।"

ਗੁਰਦੇਵ ਬੋਲਦਾ ਹੈ, "ਇਸ ਵਾਰ ਜੇ ਪੰਜੇ ਵਾਲੇ ਇਕੱਠੇ ਨਾ ਹੋਏ ਤਾਂ ਦਿੱਲੀ ਵਾਲਿਆਂ ਨੇ ਹਰ ਬੰਦੇ ਦੇ ਹੱਥ ਵਿੱਚ ਕਮਲ ਫੜਾ ਕੇ ਤਖਤ 'ਤੇ ਬੈਠ ਜਾਣਾ। ਇਨ੍ਹਾਂ ਸਿਆਸੀ ਲੋਕਾਂ ਦਾ ਕੋਈ ਦੀਨ ਇਮਾਨ ਨਹੀਂ ਰਿਹਾ, ਪਤਾ ਨਹੀਂ 'ਝਾੜੂ' ਸੁੱਟ ਕੇ 'ਕਮਲ' ਨੂੰ ਹੱਥ ਪਾ ਲੈਣ। ਤੱਕੜੀ ਵਾਲਿਆਂ ਦੇ ਨਾਲ ਰਲ਼ ਜਾਣਾ। ਤੇ ਝਾੜੂ ਗਲੀਆਂ 'ਚ ਖਿਲਾਰ ਦੇਣ। ਕਮਲਿਆ ਖਿਲਰਿਆ ਝਾੜੂ ਛੇਤੀ ਕੀਤਿਆਂ ਮੁੱਠੀ ਵਿੱਚ ਨਹੀਂ ਆਉਂਦਾ।"

ਦਾਨੀ ਗੰਭੀਰ ਹੁੰਦਾ ਕਹਿੰਦਾ ਹੈ, "ਚਲੋ ਇਹ ਤਾਂ ਸਮਾਂ ਦੱਸੂ ਬਈ ਕੌਣ ਤਖਤ 'ਤੇ ਬੈਠਦਾ, ਪਰ ਜਿਹਦੇ ਹੱਥ ਸਰਕਾਰੀ ਖ਼ਜ਼ਾਨੇ ਦੀ ਚਾਬੀ ਆ ਜਾਵੇ, ਉਹ ਰਿਉੜੀਆਂ ਵੰਡਣ ਲੱਗ ਪੈਂਦਾ। ਦਿੱਲੀ ਦੱਖਣ ਵੱਲ ਤਾਮਿਲ ਨਾਡੂ ਵਿੱਚ ਕੋਈ ਫਿਲਮਾਂ ਕਰਨ ਵਾਲਾ ਮੁੰਡਾ ਤਖਤ ਉੱਤੇ ਆ ਬੈਠਾ। ਉਹ ਬੈਠਦਿਆਂ ਸਾਰ ਸੀਰਨੀ ਵੰਡਣ ਲੱਗ ਪਿਆ। ਕਹਿੰਦੇ ਬੀਬੀਆਂ ਲਈ ਮੁਫ਼ਤ ਬੱਸ ਸਫ਼ਰ ਕਰ ਦਿੱਤਾ। ਨਾਲ ਤਿੰਨ ਗੈਸ ਦੇ ਸਿਲੰਡਰ ਦੇਣ ਦਾ ਐਲਾਨ ਕਰ ਦਿੱਤਾ। ਏਧਰ ਆਪਣੇ ਵੀ ਖ਼ਜ਼ਾਨੇ ਨੂੰ ਖੋਲ੍ਹੇ ਹੋਏ ਨੇ। ਦਿੱਲੀ ਤਖਤ ਵਾਲੇ ਡੇਰਿਆਂ ਦੇ ਬਾਬਿਆਂ ਨੂੰ ਖੁਸ਼ ਕਰਨ ਲੱਗੇ ਹੋਏ ਆ।"

ਡਲਿਵਰੀ ਮੈਨ ਫਿਰ ਬੋਲਦਾ ਹੈ, "ਓਹਦ ਦਿੱਲੀ ਵਾਲੇ ਵੋਟਾਂ ਕੱਟਣ 'ਤੇ ਹੋਏ ਪਏ ਆ। ਚੰਗੇ ਭਲੇ ਵੋਟਰ ਨੂੰ ਨੋਟਿਸ ਆਣ ਲੱਗ ਪਏ ਆ... ਅਖੇ ਤੁਸੀਂ ਆਪਣੇ ਪੁਰਾਣੇ ਪਰੂਫ ਦੇਓ... ਜੇ ਕਿਸੇ ਨੇ ਆਪਣਾ ਨਾਂ ਠੀਕ ਕਰਾ ਲਿਆ ਉਨ੍ਹਾਂ ਨੋਟਿਸ ਭੇਜ ਦਿੱਤਾ ਬਈ ਆਪਣੇ ਨਾਂ ਦੇ ਪਰੂਫ ਦਿਓ। ਪਹਿਲਾਂ ਮੇਰਾ ਨਾਂ ਗਲਤ ਸੀ ਮੈਂ ਠੀਕ ਕਰਵਾ ਲਿਆ। ਮੈਨੂੰ ਨੋਟਿਸ ਆ ਗਿਆ। ਬਹੁਤ ਵੋਟਾਂ ਕੱਟ ਵੀ ਹੋ ਗਈਆਂ।"

ਦਾਨੀ ਫਿਰ ਬੋਲਦਾ ਹੈ, "ਤੁਸੀਂ ਦੇਖਿਓ... ਵੋਟਾਂ ਦਾ ਦਿਨ ਆਉਂਦਿਆਂ ਆਉਂਦਿਆਂ ਕਿੰਨੇ ਨੇਤਾ ਲੋਕਾਂ ਦਾ ਦਲਬਦਲੀ ਕਰ ਜਾਣਾ। ਅਸੀਂ ਨਿੱਕੇ ਨਿੱਕੇ ਲਾਲਚਾਂ ਵਿੱਚ ਫਸ ਕੇ ਰਹਿ ਜਾਣਾ। ਆਪਣੀਆਂ ਬੀਬੀਆਂ ਉੱਥੇ ਹੀ ਕਮਲੀਆਂ ਹੋਈ ਫਿਰਦੀਆਂ।"

ਡਲਿਵਰੀ ਮੈਨ ਚਾਚੇ ਨੂੰ ਬੋਲਦਾ ਹੈ, "ਚਾਚਾ ਮੈਨੂੰ ਤੂੰ ਦੱਸ ਬਈ ਸਾਰੀ ਉਮਰ ਤੂੰ ਚਾਚੀ ਨੂੰ ਕਿਸੇ ਤੀਰਥ ਸਥਾਨ ਉੱਤੇ ਲੈ ਕੇ ਗਿਆ। ਹੁਣ ਦੇਖ ਲੈ ਉਹ ਤਿੰਨ ਚਾਰ ਵਾਰੀ ਜਾ ਆਈ ਹੋਣੀ ਆ। ਨਾਲੇ ਉਹਦੇ ਜੇਬੀ ਵਿੱਚ ਚਾਰ ਪੈਸੇ ਆ ਗਏ। ਆਪਣੀ ਮਰਜ਼ੀ ਦਾ ਖਾ ਪੀ ਲੈਂਦੀ ਆ। ਉਹਨੇ ਤਾਂ ਹੱਥ ਵਿੱਚ ਝਾੜੂ ਫੜ ਕੇ ਕਹਿਣਾ ਈ ਆ ਬਈ ਮੈਂ ਤਾਂ ਮਰਨੇ ਦਾ ਸਾਰਾ ਗੰਦ ਹੂੰਝ ਦਊਂ।"

ਚਾਚਾ ਉਹਦੇ ਵੱਲ ਹੂੰਦਾ ਬੋਲਦਾ ਆ, "ਮੁੰਡਿਆ ਮੈਨੂੰ ਤਾਂ ਸਾਰੀ ਉਮਰ ਲੋਕਾਂ ਦੇ ਪੈਂਚਰਾਂ ਤੋਂ ਵਿਹਲ ਨਹੀਂ ਮਿਲਿਆ। ਜਾਣਾ ਕਿੱਥੇ ਸੀ। ਮੈਂ ਨਹੀਂ ਗਿਆ ਕਿਸੇ ਤੀਰਥ ਸਥਾਨ ਉੱਤੇ। ਦਿਨ ਚੜ੍ਹਦਾ ਤਾਂ ਦੁਕਾਨ ਖੋਲ੍ਹ ਲਈਦੀ ਆ... ਦਿਨ ਛਿਪਦਾ ਤਾਂ ਬੰਦ ਕਰ ਦਈਦੀ ਆ। ਜੋ ਕਮਾਇਆ ਘਰ ਦੀਆਂ ਖੱਲਾਂ ਖੂੰਜਿਆਂ ਵਿੱਚ ਵੜ ਜਾਂਦਾ ਆ। ਇਸ ਵਾਰ ਬੀਬੀਆਂ ਦੀ ਕਿਸਮਤ ਚਮਕੀ ਆ... ਚਮਕਾ ਲੈਣ... ਅਸੀਂ ਤਾਂ ਸਾਰੀ ਉਮਰ ਪੈਂਚਰ ਲਾਈ ਜਾਣੇ ਆ।"

"ਚਾਚਾ ਹੁਣ ਸਾਇਕਲ ਘਟ ਗਏ ਆ। ਹੋਰ ਸਾਲ ਨੂੰ ਤੇਰੇ ਪੈਂਚਰਾਂ ਵਾਲਾ ਖੋਖਾ ਵੀ ਚੁੱਕ ਹੋ ਜਾਣਾ। ਪਿੱਛਲੇ ਪਾਸੇ ਦਾ ਪਲਾਟ ਵਿਕ ਗਿਆ। ਹੁਣ ਏਥੇ ਜੁੱਤੀਆਂ ਦਾ ਬਹੁਤ ਵੱਡਾ ਸਟੋਰ ਬਣਨ ਲੱਗਾ। ਤੇਰੀ ਛੁੱਟੀ ਆ।" ਡਲਿਵਰੀ ਮੈਨ ਦਾਨੀ ਨੂੰ ਡਰਾ ਦਿੰਦਾ ਆ।

"ਕੋਈ ਨਾ... ਮੈਂ ਆਪਣਾ ਖੋਖਾ ਚੁੱਕ ਕੇ ਬੋਹੜ ਥੱਲੇ ਲੈ ਜਾਊ। ਚਾਰ ਗਾਹਕ ਉੱਥੇ ਵੀ ਆ ਜਾਣੇ ਆ।"

ਚੱਕ ਨਰਿਆਲ; ਜਲ ਸੰਕਟ ਨਿਵਾਰਨ ਦਾ ਬੇਹਤਰੀਨ ਉੱਦਮ

ਇਹ ਕਥਾ, ਪਿੰਡ ਵਸਿਆ ਕਾਲਮ ਦੀ "ਮੋੜ੍ਹੀ ਗੱਡਣ ਅਤੇ ਪਹਿਲ-ਪਲੱਕੜੀਆਂ ਬਾਤਾਂ ਤੋਂ ਕੁੱਝ ਹਟਵੀਂ ਹੈ। ਹੈ ਵੀ, ਉਸ ਥਾਂ ਦੀ ਜਿਹੜੀ ਕਦੇ ਸਾਡੇ ਮੁਸਲਮਾਨ, ਅਰਾਈਂ ਹਮਸਾਇਆਂ ਦੀ ਨਿੱਕੜੀ ਜਿਹੀ ਵਸੇਬ ਹੁੰਦੀ ਸੀ। ਸੰਤਾਲੀ 'ਚ ਉੱਜੜ ਗਈ ਉਸ ਵੱਸੋਂ ਦੇ ਖੇਤ-ਬੰਨਿਆਂ ਨੂੰ, ਮਗਰੋਂ, ਸਾਡੀਆਂ ਹਿੰਦੂ-ਸਿੱਖ ਰਗਾਂ ਨੇ ਆ ਮੱਲਿਆ ਸੀ। ਦੂਜੀ ਵਾਰ, ਇਸ ਵਸੇਬ ਦੇ ਕਦੇ ਬੇਹਤਰੀਨ ਸਰ-ਸਬਜ਼ ਰਹੇ, ਖੇਤਾਂ 'ਤੇ ਉੱਜੜ-ਪੁੱਜੜ ਜਾਣ ਦੀ ਭਾਵੀ "ਜਲ ਸੰਕਟ" ਕਾਰਨ ਉੱਮਡੀ, ਜਿਸ ਨੂੰ ਹੁਣ ਵਾਲਿਆਂ ਨੇ ਬੜੀ ਯੁਕਤ ਨਾਲ ਨਜਿੱਠਿਆ। ਐਤਕੀਂ ਇਸ ਕਾਲਮ ਵਿੱਚ ਤੁਸੀਂ ਮੈਨੂੰ ਇਹੀ ਬਾਤ ਸੁਣਾਉਣ ਦੀ ਆਗਿਆ ਦਿਓ:

ਤਿੰਨ-ਚਾਰ ਕੁ ਦਹਾਕੇ ਪਹਿਲਾਂ ਉਹ ਸਫ਼ਲ ਸਬਜ਼ੀ ਉਤਪਾਦਕ ਸਨ। ਜ਼ਮੀਨ ਥੋੜ੍ਹੀ ਸੀ, ਮਸਾਂ ਗੁਜ਼ਾਰੇ ਜੋਗੀ। ਖੇਤ ਪਹਾੜਾਂ ਨਾਲ ਖਹਿਵੇਂ, ਛੋਟੇ ਪਹਾੜਾਂ ਦੀ ਤਲਹੱਟੀ ਹੇਠ। ਢਲਾਣੀ ਸਨ, ਪਰ ਦਰੱਖਤਾਂ ਨਾਲ ਸ਼ਿੰਗਾਰੇ ਹੋਏ। ਤਿੰਨੋਂ ਟੱਬਰਾਂ ਦੇ ਕਰੀਬ ਸਾਰੇ ਜੀਅ ਵਿੱਤ-ਮੁਜ਼ਬ ਕਰੜੀ ਮਿਹਨਤ ਕਰਦੇ। ਦੇਸੀ ਰੂੜ੍ਹੀ ਵਰਤਦੇ, ਹੱਥੀਂ ਨਦੀਨ ਚੁਗਦੇ। ਕੀੜੇ-ਮਕੌੜੇ ਜਾਂ ਤਾਂ ਜਨੌਰ ਚੁਗ ਜਾਂਦੇ ਜਾਂ ਉਹ ਦੇਸੀ ਯੁਗਤ ਅਤੇ ਧੂਣੀਆਂ ਵਰਤਦੇ। ਲਸਣ, ਪਿਆਜ਼ ਅਤੇ ਮਿਰਚਾਂ ਵੀ ਵੇਚਣ ਜੋਗੀਆਂ ਹੋ ਜਾਂਦੀਆਂ। ਸਬਜ਼ੀ ਤਾਂ ਹੱਥੋ-ਹੱਥ ਵਿਕ ਜਾਂਦੀ। ਦਾਣੇ ਨਰੋਏ ਹੁੰਦੇ ਅਤੇ ਜ਼ਹਿਰ ਮੁਕਤ ਵੀ। ਝਾੜ-ਉੱਪਜ ਭਾਵੇਂ ਘੱਟ ਹੁੰਦੀ, ਪਰ ਵਲੈਤੀ ਖਾਦਾਂ, ਮਹਿੰਗੀਆਂ ਕੀੜੇਮਾਰ ਨਾ ਵਰਤਣ ਕਾਰਨ, ਮੁਕਾਬਲਤਨ, ਮੁਨਾਫ਼ਾ ਵੱਧ ਸੀ। ਗੱਲ ਕੀ, ਸੋਹਣੀ ਗੁਜ਼ਰ-ਵਸੇਬ ਸੀ ਤੇ ਕਰਜ਼ਾ ਬਿੱਲਕੁਲ ਜ਼ੀਰੋ।

ਕਿਸੇ ਸਮੇਂ, ਪਿੰਡ ਚੱਕ ਨਰਿਆਲ (ਲਲਵਾਨ-ਜੈਜੋਂ) ਦੇ ਅਰਾਈਂ ਮੁਸਲਮਾਨਾਂ ਦੀ ਇਹ ਭੋਂਇ ਇਹਨਾਂ ਦੇ ਬਜ਼ੁਰਗਾਂ ਨੂੰ ਵੱਡੇ ਰੌਲਿਆਂ ਤੋਂ ਬਾਅਦ ਨਸੀਬ ਹੋਈ ਸੀ। '47 'ਚ ਪਰਾਈ ਧਰਤ ਨੂੰ, ਮਜਬੂਰੀਵੱਸ ਤੁਰ ਗਏ, ਇਹਨਾਂ ਮੁਸਲਿਮਾਂ ਦੇ ਪੁਰਖਿਆਂ ਨੇ ਇਹ ਖੇਤ, ਉੱਚੇ-ਨੀਵੇਂ ਥਾਂ ਨੂੰ, ਹੱਥੀਂ ਵੱਢ-ਸੁਆਰ ਤੇ ਪਧਰਾ ਕੇ ਬਣਾਏ ਸਨ। ਕੁੱਝ ਨਾਲ ਦੀਆਂ ਖਹਿੰਦੀਆਂ ਢਿਗਾਂ ਨੂੰ ਹੋਰ ਖੁਰਚ-ਟੱਕ ਉਹਨੀਂ ਆਪਣਾ ਰਕਬਾ ਵਧਾ ਲਿਆ ਸੀ। ਸੋਹਣਾ ਸਬਜ਼ ਖਿੱਤਾ, ਕੁਦਰਤੀ ਬਨਸਪਤੀ ਨਾਲ ਲਬਰੇਜ਼, ਹਰਾ-ਕਚੂਰ। ਖੇਤਾਂ ਵਿਚਕਾਰ ਵਗਦੀ ਨਿੱਕੀ ਪਹਾੜੀ ਖੱਡ, ਥੋੜ੍ਹਾ ਪਾਣੀ ਵਹਾਊ ਰਕਬਾ (ਕੈਚਮੈਂਟ ਏਰੀਆ) ਹੋਣ ਦੇ ਬਾਵਜੂਦ ਸਦਾ-ਬਹਾਰ ਸੀ। ਜਲ-ਲਬਰੇਜ਼ ਇਸ ਖੱਡ ਕੰਢੇ ਹੀ ਮੁਸਲਿਮ ਹਮਸਾਇਆਂ ਦਾ ਹੱਥੀਂ ਲਾਇਆ ਇੱਕ ਭਰਿਆ-ਭੁਕੰਨਿਆ ਖੂਹ ਸਥਿਤ ਸੀ, ਜਿਹੜਾ ਉਨ੍ਹਾਂ ਦੀਆਂ ਰੋਜ਼-ਮਰ੍ਹਾ ਦੀਆਂ ਜਲ ਜ਼ਰੂਰਤਾ ਵੀ ਪੂਰਦਾ ਅਤੇ ਖੇਤਾਂ ਨੂੰ ਵੀ ਸਿੰਜਦਾ। ਦਰਅਸਲ, ਖੱਡ 'ਚ ਕਲਕਲ ਵਹਿੰਦਾ ਅਤੇ ਸਬਜ਼-ਪਹਾੜਾਂ ਤੋਂ ਸਿੰਮਦਾ ਪਾਣੀ ਹੀ ਉਸ ਖੂਹ ਦੀ ਸਾਹ ਰਗ ਸੀ।

ਹੌਲੀ-ਹੌਲੀ ਕੁਦਰਤ ਮਧੌਲੀ ਜਾਣ ਲੱਗੀ। ਮਨੁੱਖ ਦੀ ਅਣਜਾਣਤਾ, ਅਣਸਾਵੇਂ ਵਿਕਾਸ ਅਤੇ ਭੌਤਿਕ ਸਹੂਲਤਾਂ ਮਗਰ ਨਠਾਏ ਤੇ ਹਾਫਲੇ ਫਿਰਦੇ ਬੰਦੇ ਨੇ ਪਹਾੜੀਆਂ ਰੁੰਡ-ਮਰੁੰਡ ਕਰ ਦਿੱਤੀਆਂ। "ਠੇਕੇਦਾਰਾਂ" ਅਤੇ "ਵੱਡਿਆਂ" ਸਾਹਮਣੇ "ਜੰਗਲਾਤੀ ਕਾਇਦੇ-ਕਾਨੂੰਨ" ਵੀ ਡੰਡੋਤ ਬੰਦਨਾ ਕਰਦੇ ਸਨ। ਜਿਉਂ ਹੀ ਹਰਿਆਲੀ ਖ਼ਤਮ ਹੋਈ, ਪਹਾੜੋਂ ਰੁੜ੍ਹ-ਖੁਰ ਆਇਆ ਮਲਬਾ ਸਦਾ-ਬਹਾਰ ਖੱਡ ਦੀ ਹੋਂਦ ਮਿਟਾਉਣ ਲੱਗਾ। ਬਨਸਪਤੀ ਜੋ ਵਹਿੰਦਾ ਪਾਣੀ, ਖਾਸ ਕਰ ਬਰਸਾਤੀ ਰੁੱਤੇ, ਰੋਕਦੀ-ਖਲਾਰ੍ਹਦੀ ਅਤੇ ਧਰਤੀ

ਪਿੰਡ ਵਸਿਆ-90

ਵਿਜੈ ਬੰਬੇਲੀ

'ਚ ਰਿਸਾਂਦੀ ਸੀ, ਦੀ ਅਣਹੋਂਦ ਕਾਰਨ ਬੇਲਗਾਮ ਬਰਸਾਤੀ ਪਾਣੀ ਪਹਾੜਾਂ 'ਚ ਕੱਟ-ਵੱਢ ਅਤੇ ਨੀਵੇਂ ਪਾਸੀਂ ਹੜ੍ਹ-ਮਲਬਾ ਲਿਆਉਣ-ਪੂਰਨ ਲੱਗਾ। ਫਿਰ ਵਰਖਾ ਵੀ ਅਣਸਾਵੀਂ ਹੋਣ ਲੱਗੀ, ਕਦੇ ਵੱਟਾਂ ਤੋੜ ਤੇ ਕਦੇ ਨਿਰੀ ਘੱਟ। ਗੱਲ ਕੀ, ਸਦਾ ਵਗਦੀ ਖੱਡ ਦੀ ਮੌਤ ਹੋ ਗਈ, ਇਹ ਖੂਹ ਵੀ ਸੁੱਕ ਗਿਆ, ਖੇਤ-ਜਨੌਰ ਤਿਹਾਏ ਹੋ ਗਏ। ਸਥਾਨਕ ਰੁਜ਼ਗਾਰ ਅਤੇ ਰੋਜ਼ੀ-ਰੋਟੀ ਦੇ ਲਾ-ਲੇ ਅੱਡ।

ਦਹਾਕਿਆਂ ਪਹਿਲਾਂ ਇਸ ਦਸ ਹੱਥ ਡੂੰਘੇ ਖੂਹ, ਜੋ ਗਲੇ ਤੱਕ ਭਰਿਆ ਰਹਿੰਦਾ ਸੀ, ਦੇ ਪੈਰ, ਪੂਰੀ ਤਰ੍ਹਾਂ ਸੁੱਕ ਗਏ। ਮਗਰੋਂ ਇਸ ਦੇ ਥੱਲੇ ਦੀ ਸੀਰ ਵੀ ਮਰ-ਮਿਟ ਗਈ। ਸਿੱਟਾ; ਛੋਟੇ ਕਿਸਾਨ ਲਾਚਾਰ ਮਜ਼ਦੂਰਾਂ 'ਚ ਵਟ ਗਏ। ਖੇਤੀ ਸੰਦ ਕੀਲੀਆਂ-ਪਰਛੱਤੀਆਂ ਟੰਗ ਦਿੱਤੇ ਗਏ। ਹਲ-ਪੰਜਾਲੀਆਂ ਚੁੱਲ੍ਹਿਆਂ ਦਾ ਖਾਜਾ ਬਣ ਗਈਆਂ। ਕੁਦਰਤ ਦਾ ਭਾਣਾ ਮੰਨ ਬੇਹੱਦ ਆਤੁਰ ਢੰਗ ਨਾਲ ਉਹਨੀਂ ਅਖੀਰ ਸਾਰੇ ਚਾਹੀ-ਖੇਤ ਆਪ-ਸਹੇੜੀ ਬਰਾਨਗੀ ਹਵਾਲੇ ਕਰ ਦਿੱਤੇ। ਉਹ ਬੁਝੇ-ਮਨੀਂ, ਮਹਿਜ਼, ਅੱਧ-ਚੌਥਾਈ ਹਿੱਸੇ ਵਿੱਚ ਬਾਹੀ-ਬੀਜੀ ਕਰਦੇ। ਮੀਂਹ ਅਧਾਰਤ ਖੇਤੀ ਪੂਰੀ ਨਾ ਪਾਉਂਦੀ। ਉਹ ਮੱਥੇ ਹੱਥ ਰੱਖ, ਭਵਾਂ ਤਾਣ, ਅਸਮਾਨ ਵੱਲ ਟਿਕ-ਟਿਕੀ ਲਾ ਕੇ ਵਹਿੰਦੇ ਰਹਿੰਦੇ। ਕਦੇ-ਕਦੇ ਵੇਲੇ ਸਿਰ ਵਰਸਣ ਵਾਲੀਆਂ ਬੂੰਦਾਂ ਉਹਨਾਂ ਨੂੰ ਪੈਸਿਆਂ ਦਾ ਮੀਂਹ ਜਾਪਦੀਆਂ।

ਸਬੱਬੀਂ, ਅੱਜ ਤੋਂ ਦੋ ਕੁ ਦਹਾਕੇ ਪਹਿਲਾਂ ਉਸ ਵਡੇਰੇ ਤੇ ਚੌਤਰਫਾ, ਖਿੱਤੇ ਵਿੱਚ ਵਾਟਰਸ਼ੈੱਡ ਬੇਸਡ ਸਕੀਮ (ਜਲ ਸੰਰਚਨਾ ਅਧਾਰਤ ਯੋਜਨਾ) ਆਈ, ਜਿਸ ਰਾਹੀਂ ਕੁਦਰਤ ਪੱਖੀ, ਵਿਸ਼ੇਸ਼ ਕਰਕੇ, ਭੂਮੀ ਤੇ ਜਲ ਸੰਭਾਲ ਦੇ ਕਾਰਜ ਵੀ ਹੋਣੇ ਸਨ। ਇਹ ਯੋਜਨਾ ਐਵੇਂ ਨਹੀਂ ਸੀ ਆਈ, ਦਰ-ਹਕੀਕਤ ਇਸ ਪਿੱਛੇ ਮਹਿਕਮਾ ਭੂਮੀ ਤੇ ਜਲ ਸੰਭਾਲ ਦੇ ਕਰਮਯੋਗੀ ਕਾਮਿਆਂ ਅਤੇ ਸਿਆਣੇ ਅਧਿਕਾਰੀਆਂ ਦਾ ਹੱਥ ਸੀ। ਇਸ ਯੋਜਨਾ ਵਿੱਚ ਵਿਸ਼ੇਸ਼ ਭਾਈਵਾਲੀ, ਸਰਗਰਮ ਸਹਿਯੋਗ ਅਤੇ ਯਥਾਯੋਗ ਕਿਰਤ ਦਾ ਹਿੱਸਾ ਸਥਾਨਕ ਵਸਨੀਕਾਂ, ਖਾਸ ਕਰਕੇ ਸੰਭਾਵਿਤ ਲਾਭਪਾਤਰੀਆਂ ਦਾ ਅੰਗਿਆ-ਮੰਗਿਆ ਗਿਆ ਸੀ। ਖਾਸ ਗੱਲ ਇਹ ਵਾਪਰੀ ਕਿ ਵਸ਼ਿੰਦਿਆਂ ਨੇ ਵੀ ਭਰਪੂਰ ਦਿਲਚਸਪੀ ਲਈ ਅਤੇ ਭਰਵਾਂ ਯੋਗਦਾਨ ਪਾਇਆ।

ਵੱਖ-ਵੱਖ ਪਿੰਡਾਂ ਵਿੱਚ ਫੈਲੇ-ਪੱਸਰੇ ਉਸ ਖੇਤਰ ਵਿੱਚ ਹੋਰ ਸੰਬੰਧਤ ਕਾਰਜਾਂ ਅਤੇ ਸਰਗਰਮੀਆਂ ਤੋਂ ਬਿਨਾਂ ਚੱਕ ਨਰਿਆਲ ਦੀ ਉਸ ਜ਼ਿਕਰ ਅਧੀਨ ਖੱਡ ਉੱਤੇ ਬਹੁ-ਪਰਤੀ ਲਾਭਾਂ ਵਾਲਾ ਇੱਕ "ਵਰਖੇਈ ਪਾਣੀ ਕਮਾਊ ਨੱਕਾ" (ਮਲਟੀਪਰਪਜ਼ ਰੇਨ ਵਾਟਰ ਹਾਰਵੇਸਟਿੰਗ ਸਟਰੱਕਚਰ) ਬਣਾਇਆ ਗਿਆ। ਇਸ "ਨੱਕੇ" ਨੂੰ ਸਥਾਨਕ ਭਾਸ਼ਾਈ "ਡੰਗਾਂ" ਆਖਦੇ। ਜਿਸ ਨੂੰ ਜਿਹੜਾ ਸੰਨ 2006 ਦੀਆਂ ਬਰਸਾਤਾਂ ਤੋਂ ਅੱਧਾ ਕੁ ਮਹੀਨਾ ਪਹਿਲਾਂ ਰਲ-ਮਿਲ ਉਸਾਰ ਦਿੱਤਾ ਗਿਆ ਸੀ। ਵਰਖਾ, ਭਾਵੇਂ ਬਹੁਤੀ ਨਹੀਂ ਸੀ ਪਈ, ਪਰ ਇਹ ਲਘੂ-ਪ੍ਰੋਜੈਕਟ ਪੂਰਾ ਜਾਂ ਜਿੰਨਾ ਕੁ ਵੀ ਆਇਆ, ਪਾਣੀ ਰੋਕਦਾ। ਜਿਹੜਾ ਪਹਿਲਾਂ-ਪਹਿਲ, ਰਤੀਲੇ ਪੈਰਾਂ (ਬੈਡ) ਅਤੇ ਰਤੀਲੀਆਂ ਬਾਹੀਆਂ (ਸਾਈਡਾਂ) ਕਾਰਨ ਸਾਰੇ ਦਾ ਸਾਰਾ ਧਰਤੀ ਵਿੱਚ ਜਜ਼ਬ ਹੋ ਜਾਂਦਾ।

ਇੱਕੋ ਬਰਸਾਤ ਨੇ ਪਹਾੜੀਆਂ ਨੂੰ ਇੱਕ ਖਾਸ ਉਚਾਈ ਤੱਕ ਚਿਰ-ਸਥਾਈ ਸਿੱਲ੍ਹਾ ਅਤੇ ਖੂਹ ਦੇ ਖੁਸ਼ਕ ਥੱਲੇ ਨੂੰ ਸੀਰ ਦਿੱਤਾ। ਖੂਹ ਦੀ ਸੁੱਕੀ ਸੀਰ ਜੀਵਤ ਹੋ ਗਈ ਅਤੇ ਕੁੱਝ ਉੱਚਾਈ ਤੱਕ ਪਾਣੀ ਨੇ ਸਿਰ ਚੁੱਕ ਲਿਆ। "ਮਨੁੱਖੀ ਹਿੰਮਤ ਅਤੇ ਪਹਿਲ ਕਦਮੀ ਦਾ ਕ੍ਰਿਸ਼ਮਾ" ਹੀ ਕਿਹਾ ਜਾ ਸਕਦਾ ਹੈ ਕਿ ਖੂਹ ਦਾ ਬੰਦ ਪਿਆ ਇੰਜਣ-ਬੋਰ ਵੀ ਚੱਲ ਪਿਆ। ਕਿਸਾਨ ਖਿੜ ਉੱਠੇ। ਬਾਲਾਂ ਦੀਆਂ ਕਿਲਕਾਰੀਆਂ ਨਾਲ ਪਹਾੜੀਆਂ ਚਹਿਕ ਪਈਆਂ। ਦੂਰ-ਦੁਮੇਲ ਤੋਂ ਆਉਂਦੀ ਮੋਰਾਂ ਤੇ ਜੰਗਲੀ ਪੰਖੇਰੂਆਂ ਦੀ 'ਵਾਜ਼ ਅਤੇ ਤ੍ਰੀਮਤਾਂ ਦਾ ਘੁੰਡ ਵਿਚਲਾ ਮੁਸ਼ਕੜੀ ਹਾਸਾ ਫਿਜ਼ਾ ਵਿੱਚ ਬਸੰਤੀ ਰੰਗ ਘੋਲਣ ਲੱਗ ਪਿਆ। ਹੁਣ ਉਹਨਾਂ ਨੂੰ ਪੀਣ ਵਾਲਾ ਪਾਣੀ ਲੈਣ ਲਈ ਡੂੰਘੀ ਵਾਟ ਨਹੀਂ ਸੀ ਕਰਨੀ ਪੈਂਦੀ। ਗੰਗਾ ਘਰ ਵਿੱਚ ਹੀ ਵਗਣ ਲੱਗ ਪਈ ਸੀ।

2007 ਵਿੱਚ ਮੀਂਹ ਪਿਛਲੇ ਵਰ੍ਹੇ ਨਾਲੋਂ ਕਿਤੇ ਸਵੱਲੇ ਪਏ। ਨਤੀਜਨ, ਖੂਹ ਦਾ ਢਿੱਡ ਹੀ ਨਹੀਂ ਭਰਿਆ, ਸਗੋਂ ਇਸ ਦੇ ਉੱਤਲੇ ਧੜ ਤੱਕ ਵੀ ਪਾਣੀ ਚੜ੍ਹ ਗਿਆ। ਬੋਰ ਪੱਖੇ (ਸੈਂਟਰੀਫਿਉਗਲ ਪੰਪ) ਉੱਪਰ ਚੁੱਕਣੇ ਪਏ। ਐਤਕੀਂ ਖੇਤਾਂ ਨੂੰ ਵੀ ਜ਼ਿਆਦਾ ਪਾਣੀ ਮਿਲਿਆ। ਫਸਲ ਪਹਿਲਾਂ ਵਾਲੀ ਸਥਿਤੀ ਵੱਲ ਵਧਣ ਲੱਗੀ, ਰੋਜ਼ਗਾਰ ਨੇ ਦਰ 'ਤੇ ਆ ਦਸਤਕ ਦਿੱਤੀ। ਜ਼ਮੀਂ ਮਾਲਕ ਹੁਣ ਦੂਸਰਿਆਂ ਦੀ ਟੋਕਰੀ ਵਾਹੁਣ ਦੀ ਬਜਾਏ ਆਪਣਾ ਹਲ ਵਾਹੁਣ ਲੱਗ ਪਏ। ਨਾਲ ਲੱਗਦੀਆਂ ਪਹਾੜੀਆਂ ਵੀ ਸਰ-ਸਬਜ਼ ਹੋਣ ਲੱਗੀਆਂ। ਪੰਛੀ-ਜਨੌਰ ਵੀ ਪਰਤ ਆਏ। ਹੁਣ ਖੂਹ ਦਾ ਪਾਣੀ ਨਹੀਂ ਸੁੱਕੇਗਾ, ਨਾ ਹੀ ਖੇਤੀ ਮਰੁੰਡ ਹੋਵੇਗੀ।

ਇਹੀ ਨਹੀਂ, ਹੁਣ ਸਕੂਲ ਨੂੰ ਬਸਤਾ ਚੁੱਕੀ, ਖਿੜ-ਖਿੜ ਜਾਂਦੀਆਂ ਬੱਚੀਆਂ ਵੀ ਸੂਹੀ ਆਸ ਬਨ੍ਹਾਉਂਦੀਆਂ ਹਨ। ਹੁਣ ਉਹਨਾਂ ਦੀ ਪ੍ਰਾਰਥਨਾ ਸਭਾ ਵਿੱਚ ਡੂੰਘੇ ਅਰਥ ਸਮੋਈ ਬੈਠਾ ਇਹ ਬੰਦ ਵੀ ਦੁਹਰਾਇਆ ਜਾਂਦਾ ਹੈ:

"ਖੇਤ ਦੀ ਮਿੱਟੀ, ਖੇਤ ਵਿੱਚ, ਖੇਤ ਦਾ ਪਾਣੀ, ਖੇਤ ਵਿੱਚ।
ਪਿੰਡ ਦੀ ਮਿੱਟੀ, ਪਿੰਡ ਵਿੱਚ, ਪਿੰਡ ਦਾ ਪਾਣੀ, ਪਿੰਡ ਵਿੱਚ।"

ਆਖਰੀ ਗੱਲ! ਤਿੰਨਾਂ-ਚਾਰਾਂ ਟੱਬਰਾਂ, ਜੋ ਉਸ ਖੂਹ ਦੇ ਆਹਲਾ-ਮਾਲਕ ਸਨ, ਦਾ ਵਡੇਰਾ ਵੀ ਹੁਣ ਰੁੱਖੀ ਜਿਹੀ ਰਾਮ-ਰਾਮ ਨਹੀਂ ਕਹਿੰਦਾ, ਜੱਫੀ ਪਾ ਕੇ ਸਿਰ ਪਲੋਸਦਾ ਹੈ। ਕਹਿੰਦਾ, "ਬਾਬੂ! ਦੁੱਧ-ਲੱਸੀ ਪੀਤੇ ਬਿਨਾਂ ਨਹੀਂ ਜਾਣ ਦੇਣਾ।"

ਮੋਬਾ. 94634-39075

ਅੱਖੀਂ ਡਿੱਠਾ ਹਾਲ; ਮੈਦਾਨ-ਏ-ਕੁਰੂਖੇਤਰ

ਕੁਰੁਖੇਤਰ ਦਾ ਯੁੱਧ ਅਠਾਰਾਂ ਦਿਨਾਂ ਤੱਕ ਚੱਲਿਆ ਦੱਸਿਆ ਜਾਂਦਾ ਹੈ। ਪੰਜਾਬ ਸਿਰ ਮੰਡਰਾਉਂਦੇ ਰਹੇ ਕਲੂ-ਕਾਲ ਦੀ ਖਾਨਾਜੰਗੀ ਦੇ ਦਿਨਾਂ ਦੀ ਕੋਈ ਗਿਣਤੀ ਨਹੀਂ। ਇਸ ਸਾਰੇ ਵਰਤਾਰੇ ਨੂੰ ਗਹੁ ਨਾਲ਼ ਵਾਚਦਿਆਂ ਗਿਆਨ ਹੁੰਦਾ ਹੈ ਕਿ ਕੀ ਕੁਰੁਖੇਤਰ ਦਾ ਯੁੱਧ ਅਠਾਰਾਂ ਦਿਨ ਚੱਲ ਕੇ ਸ਼ਾਂਤੀ ਪਰਤ ਆਈ ਸੀ? ਇਸ ਦਾ ਜਵਾਬ ਨਾਂਹ ਵਿੱਚ ਹੈ। ਸ਼ਾਂਤੀ ਪਰਤਣ ਲਈ ਭਲਾਂ ਦਿਨ ਨਹੀਂ, ਮਹੀਨੇ ਨਹੀਂ ਸਗੋਂ ਸਾਲਾਂ ਦੇ ਸਾਲ ਲੱਗ ਜਾਂਦੇ ਹਨ। ਸਾਲ 1995 ਦੇ ਅਗਸਤ ਮਹੀਨੇ ਦਾ ਅਖੀਰਲਾ ਦਿਨ। ਉਦੋਂ ਵੀ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਖੇ ਨਾਟਕ ਹੁੰਦੇ ਸਨ। ਅਸੀਂ ਵੀ ਉਨ੍ਹੀਂ-ਦਿਨੀਂ ਇੱਥੇ ਨਾਟਕ ਖੇਡਣਾ ਸੀ, ਪਰ ਕੁਦਰਤ ਦਿਆਂ ਰੰਗਾਂ ਨੂੰ ਕੌਣ ਜਾਣਦਾ ਹੈ? ਉਸ ਦਿਨ ਰਾਜਧਾਨੀ ਵਿੱਚ ਸੱਚੀ-ਮੁਚੀਂ ਦਾ ਇੱਕ ਖ਼ੂਨੀ ਨਾਟਕ ਖੇਡੇ ਜਾਣ ਲਈ ਇੱਕ ਭਿਆਨਕ ਰੰਗਮੰਚ ਤਿਆਰ ਹੋ ਰਿਹਾ ਸੀ। ਪਾਤਰ ਜ਼ੋਰਦਾਰ ਤਿਆਰੀ ਵਿੱਚ ਸਨ। ਸੱਚ ਪੁੱਛੋਂ ਤਾਂ ਜ਼ਿੰਦਗੀ ਦੀ ਕਿਤਾਬ ਦੇ ਐਸੇ ਕੁਝ ਵਰਕੇ ਨਾ ਹੀ ਫਰੋਲੇ ਜਾਣ ਤਾਂ ਚੰਗਾ ਹੁੰਦੈ। ਰੂਹ ਸਕੂਨ ਵਿੱਚ ਰਹਿੰਦੀ ਹੈ, ਪਰ ਕਿੱਥੇ? ਸੋਚਾਂ 'ਤੇ ਕਿਵੇਂ ਵੀ ਬੰਦਿਸ਼ ਨਹੀਂ ਲਗਾਈ ਜਾ ਸਕਦੀ? ਵਕਤ ਦੀ ਘੁੰਮਦੀ ਸੂਈ ਵਾਰ ਵਾਰ ਅਜਿਹੀਆਂ ਯਾਦਾਂ ਕੋਲ਼ ਆ ਰੁਕਦੀ ਹੈ। ਜਿਹੜੇ ਪਲ ਬੰਦੇ ਨੂੰ ਮੌਤ ਦੇ ਮੂੰਹੋਂ ਜ਼ਬਰੀ ਬਾਹਰ ਧੂਅ ਲਿਆਏ ਹੋਣ, ਅਜਿਹੇ ਪਲਾਂ ਦੀ ਯਾਦ ਆਉਂਦਿਆਂ ਬੰਦਾ ਧੁਰ ਅੰਦਰ ਤੱਕ ਕੰਬ ਜਾਂਦੈ ਤੇ ਕੁਦਰਤੀ ਸ਼ੁਕਰਨੇ ਨਾਲ਼ ਵੀ ਭਰ ਜਾਂਦੈ। ਇਸ ਘਟਨਾ ਨੂੰ ਵਾਪਰਿਆਂ ਤੀਹ ਵਰ੍ਹੇ ਹੋ ਗਏ ਹਨ। ਅੱਜ ਵੀ ਜਦੋਂ ਕਦੀ ਕੋਈ ਅਜਿਹਾ ਸੁਫਨਾ ਆਉਂਦਾ ਹੈ, ਮੈਂ ਪਸੀਨੋ-ਪਸੀਨਾ ਹੋ ਜਾਂਦਾ ਹਾਂ। ਉਸ ਦਿਨ ਸਾਢੇ ਕੁ ਚਾਰ ਵਜੇ ਮੈਂ, ਛੇਵੀਂ ਮੰਜ਼ਿਲ 'ਤੇ ਸਥਿਤ ਜਰਨੈਲ ਹੁਸ਼ਿਆਰਪੁਰੀ ਦੇ ਦਫਤਰੀ ਕਮਰੇ ਵਿੱਚ ਦਾਖਲ ਹੋਇਆ। ਉਦੋਂ ਉਹ ਤਤਕਾਲੀ ਵਿੱਤ ਮੰਤਰੀ ਡਾ. ਕੇਵਲ ਕ੍ਰਿਸ਼ਨ ਨਾਲ਼ ਬਤੌਰ ਨਿੱਜੀ ਸਹਾਇਕ ਤੈਨਾਤ ਸਨ। ਲੇਖਣੀ ਦੇ ਨਾਲ਼ ਨਾਲ਼ ਉਹ ਰੰਗਕਰਮੀ ਵੀ ਸਨ। ਸਿਤੰਬਰ 1995 ਦੇ ਪਹਿਲੇ-ਦੂਜੇ ਹਫ਼ਤੇ ਉਨ੍ਹਾਂ ਦਵਿੰਦਰ ਦਮਨ ਦਾ ਲਿਖਿਆ ਨਾਟਕ 'ਕਾਲ਼ਾ ਲਹੂ' ਟੈਗੋਰ ਥੀਏਟਰ 'ਚ ਖੇਡਣਾ ਸੀ, ਜਿਸ ਦੇ ਉਹ ਐਕਟਰ/ ਡਾਇਰੈਕਟਰ ਸਨ। ਇਸ ਨਾਟਕ ਦੇ ਇੱਕ ਪਾਤਰ 'ਜੇਰੇ' ਦਾ ਕਿਰਦਾਰ ਨਿਭਾਉਣ ਲਈ ਉਨ੍ਹਾਂ ਮੇਰੀ ਡਿਊਟੀ ਲਗਾਈ ਹੋਈ ਸੀ। ਰੋਜ਼ਾਨਾ ਦੀ ਤਰ੍ਹਾਂ ਸਾਡੀ ਸਾਰੀ ਟੀਮ ਨੇ ਉਸ ਦਿਨ ਵੀ ਪੰਜ ਵਜੇ ਤੋਂ ਬਾਅਦ ਇਸ ਨਾਟਕ ਦੀ ਰਿਹਰਸਲ ਲਈ ਕਲਾ ਭਵਨ ਇਕੱਠੇ ਹੋਣਾ ਸੀ। ਉਨ੍ਹੀਂ-ਦਿਨੀਂ ਹੀ ਖੇਤੀਬਾੜੀ ਵਿਭਾਗ ਤੋਂ ਬਦਲੀ ਰਾਹੀਂ, ਮੇਰੀ ਤੈਨਾਤੀ ਸਕੱਤਰੇਤ ਹੋਈ ਸੀ। ਵਿੱਤ ਮੰਤਰੀ ਦੇ ਦੌਰੇ 'ਤੇ ਹੋਣ ਕਾਰਣ ਉਨ੍ਹਾਂ ਦਾ ਸਮੁੱਚਾ ਨਿੱਜੀ ਅਮਲਾ ਉਸ ਦਿਨ ਆਰਾਮ ਦੀ ਮੁਦਿਰਾ ਵਿੱਚ ਸੀ। ਉਨ੍ਹਾਂ ਵੱਲੋਂ ਆਪਣੇ ਪੈਂਡਿੰਗ ਦਫਤਰੀ ਕੰਮਾਂ ਨੂੰ ਨਿਪਟਾ ਲਿਆ ਗਿਆ ਲਗਦਾ ਸੀ। ਉਂਝ ਆਮ ਦਿਨਾਂ ਵਿੱਚ ਕਿਸੇ ਵੀ ਮੰਤਰੀ ਜਾਂ ਉੱਚ ਅਧਿਕਾਰੀ ਦੇ ਨਿੱਜੀ ਅਮਲੇ ਦਾ ਕੰਮ-ਕਾਜ ਅਕਸਰ ਛੇ-ਸੱਤ ਵਜੇ ਤੱਕ ਵੀ ਮੁੱਕਣ ਦਾ ਨਾਂ ਨਹੀਂ ਲੈਂਦਾ। ਹੁਸ਼ਿਆਰਪੁਰੀ ਜੀ ਦੇ ਜ਼ੋਰ ਪਾਉਣ 'ਤੇ ਅਸੀਂ ਸਾਰੇ ਪੰਜ ਵੱਜਣ ਵਿੱਚ ਕੁਝ ਮਿੰਟ ਰਹਿੰਦਿਆਂ ਹੀ ਵੀਆਈਪੀ ਲਿਫਟ ਅੱਗੇ ਆ ਖੜ੍ਹੇ ਹੋਏ। ਕਮਰੇ ਵਿੱਚੋਂ ਨਿਕਲਣ ਲੱਗਿਆ ਸੇਵਾਦਾਰ ਰਮੇਸ਼ ਨੇ ਛਿੱਕ ਮਾਰੀ। ਫਿਰ ਉਹ ਪਤਾ ਨਹੀਂ ਕਦੋਂ ਵਾਪਸ ਮੁੜ ਗਿਆ। ਸਕੱਤਰ ਮੰਤਰੀ ਅਜੀਤ ਸਿੰਘ ਪਾਹਵਾ ਬੋਲੇ, 'ਓਏ ਦੋ ਕੁ ਮਿੰਟ ਰੁਕਿਓ ਜ਼ਰਾ, ਮੈਂ ਆਇਆ' ਆਖ ਉਹ ਬਾਥਰੂਮ ਵੱਲ ਵਧ ਗਏ। 'ਪਾਹਵਾ ਸਾਬ੍ਹ ਇਹ ਥੋੜਾ ਨਿੱਤ ਦਾ ਈ ਸਿਆਪਾ ਹੋ ਗਿਆ। ਸਰ, ਪਹਿਲਾਂ ਜਾ ਆਇਆ ਕਰੋ ਭਲਾਂ। ਲਿਫਟ ਕੋਲ਼ ਆ ਕੇ ਤੁਸੀਂ .। ਇਨ੍ਹਾਂ ਦਾ ਰੋਜ਼ ਦਾ ਈ ਕੰਮ ਐ ਮੇਰੇ ਆਰ।' ਹੁਸ਼ਿਆਰਪੁਰੀ ਜੀ ਦੇ ਹਾਸੇ ਵਿੱਚ ਥੋੜ੍ਹੀ-ਥੋੜ੍ਹੀ ਖਿੱਝ ਤੇ ਤੜਫਣ ਰਲ਼ੀ ਹੋਈ ਸੀ। ਫਿਰ ਉਹ ਇੱਧਰ-ਉੱਧਰ ਟਹਿਲਣ ਲੱਗੇ, ਜਿਵੇਂ ਉਨ੍ਹਾਂ ਦੇ ਪੈਰ ਮੱਚ ਰਹੇ ਹੋਣ। ਉਨ੍ਹਾਂ ਖੱਬੀ ਅੱਖ ਮਲ਼ਦਿਆਂ ਕਿਹਾ, 'ਖ਼ੈਰ ਹੋਵੇ, ਅੱਜ ਸਵੇਰ ਦੀ ਈ ਫਰਕੀ ਜਾਂਦੀ ਆ।' ਕੋਲ਼ ਖੜ੍ਹੇ ਸਟਾਫ ਦੇ ਬਾਕੀ ਮੈਂਬਰ ਵੀ ਹੱਸ ਪਏ ਤੇ ਪਾਹਵਾ ਸਾਬ੍ਹ ਨੂੰ ਮਖੌਲ ਕਰਨ ਲੱਗੇ।

ਲਿਫਟ ਆਈ ਤੇ ਚਲੀ ਗਈ। ਪਾਹਵਾ ਸਾਬ੍ਹ ਦੇ ਪਹੁੰਚਣ ਬਾਅਦ ਲਿਫਟ ਮੁੜ ਖੁੱਲ੍ਹੀ। ਅਸੀਂ ਸਾਰੇ ਉਸ ਵਿੱਚ ਸਵਾਰ ਹੋ ਗਏ। ਲਿਫਟ ਹਾਲੇ ਤੀਜੀ ਮੰਜ਼ਿਲ 'ਤੇ ਪਹੁੰਚੀ ਹੀ ਸੀ, ਜਦੋਂ ਅਚਾਨਕ ਇੱਕ ਜ਼ੋਰਦਾਰ ਧਮਾਕੇ ਨਾਲ਼ ਅੱਧ-ਵਿਚਕਾਰ ਹੀ ਰੁਕ ਗਈ। ਇੰਝ ਲੱਗਾ ਜਿਵੇਂ ਹਾਈ ਰਿਕਟਰ ਸਕੇਲ ਦਾ ਭੂਚਾਲ ਆਇਆ ਹੋਵੇ। ਇੱਕ ਵਾਰੀ ਤਾਂ ਸਕੱਤਰੇਤ ਦੀ ਸਮੁੱਚੀ ਇਮਾਰਤ ਨੂੰ ਭਿਆਨਕ ਕੰਬਣੀ ਛਿੜ ਗਈ। ਅਸੀਂ ਸਾਰੇ ਲਿਫਟ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-79

ਸੁਰਜੀਤ ਸੁਮਨ

ਵਿੱਚ ਹੀ ਫਸੇ ਰਹਿ ਗਏ। ਸਾਨੂੰ ਕੁਝ ਵੀ ਸਮਝ ਨਾ ਆਇਆ। ਬਾਹਰ ਕੀ ਹੋਇਆ? ਸਭ ਕੁਝ ਤੋਂ ਅਣਜਾਣ। ਕੁਝ ਪਲਾਂ ਬਾਅਦ ਸਾਨੂੰ ਅਪਰੇਟਰ ਨੇ ਇੱਕ ਇੱਕ ਕਰਕੇ ਬਾਹਰ ਕੱਢਿਆ। 'ਬੰਬ ਫਟ ਗਿਆ ਸਰ' ਉਹਦੇ ਕਾਹਲ਼ੇ ਬੋਲਾਂ ਨੂੰ ਕੰਬਣੀ ਜਿਹੀ ਛਿੜੀ ਹੋਈ ਸੀ। ਤੀਜੀ ਮੰਜ਼ਿਲ ਉੱਤੇ ਸੁੰਨ ਵਰਤੀ ਪਈ ਸੀ। ਛੁੱਟੀ ਦਾ ਵਕਤ ਹੋਣ ਕਾਰਣ ਬਹੁਤਾ ਦਫ਼ਤਰੀ ਅਮਲਾ ਜਾ ਚੁੱਕਾ ਸੀ। ਫਿਰ ਵੀ ਕੁਝ ਲੋਕ ਤੇਜ਼ੀ ਨਾਲ਼ ਇੱਧਰ-ਉੱਧਰ ਭੱਜ ਰਹੇ ਸਨ। ਅਸੀਂ ਵੀ ਕਾਹਲ਼ੇ ਕਦਮੀਂ ਰੈਂਪ ਵੱਲ ਦੌੜਨ ਲੱਗੇ। ਵੀਪੀਆਈਪੀ ਗੇਟ, ਜਿੱਥੇ ਤਤਕਾਲੀਨ ਮੁੱਖ ਮੰਤਰੀ ਬੇਅੰਤ ਸਿੰਘ ਦੀ ਗੱਡੀ ਖੜ੍ਹਦੀ ਸੀ, ਦਾ ਦ੍ਰਿਸ਼ ਧੂੰਆਂ-ਧੂੰਆਂ ਸੀ। ਚੁਫੇਰੇ ਸੜੇ ਹੋਏ ਮਨੁੱਖੀ ਅੰਗ ਖਿੱਲਰੇ ਹੋਏ ਸਨ। ਅੱਗ ਦੀਆਂ ਲਪਟਾਂ। ਲਹੂ-ਲੁਹਾਣ ਚੁਫੇਰਾ। ਧੂਅ ਧੂਅ ਸੜ ਰਹੀ ਚਿੱਥੜੇ ਉੱਡੀ ਕਾਰ। ਧੂੰਏ ਦੇ ਗੁਬਾਰ ਵਿੱਚੋਂ ਲਹੂ ਨਾਲ਼ ਲੱਥ-ਪੱਥ ਇੱਕ ਬੰਦਾ ਲੜਖੜ੍ਹਾਉਂਦਾ ਦਿਸਿਆ, ਜਿਸ ਦੇ ਤੇੜ ਦੇ ਕੱਪੜੇ ਲੰਗਾਰ ਸਨ। ਇਹ ਦ੍ਰਿਸ਼ ਦੇਖ ਸਾਹਮਣਲੇ ਬੋਹੜ ਦੇ ਤਿੰਨੋਂ ਕੱਦਾਵਰ ਰੁੱਖਾਂ 'ਤੇ ਬੈਠੇ ਪੰਛੀ ਜਿਵੇਂ ਜੜ੍ਹ ਹੋ ਗਏ ਹੋਣ। ਰੁਮਕਦੀ ਪੌਣ ਥਮ ਗਈ ਹੋਵੇ। ਵਿਧਾਨ ਸਭਾ, ਹਾਈ ਕੋਰਟ ਦੀਆਂ ਇਮਾਰਤਾਂ ਹੈਰਾਨ ਹੈਰਾਨ-ਪ੍ਰੇਸ਼ਾਨ ਹੋ ਗਈਆਂ ਹੋਣ। ਚੁਫੇਰੇ ਡੂੰਘਾ ਸਨਾਟਾ। ਸਿਰਫ ਕੁਝ ਪੁਲਿਸ ਕਰਮੀ ਡੌਰ-ਭੌਰ ਜਿਹੇ ਇੱਧਰ-ਉੱਧਰ ਭੱਜ-ਨੱਠ ਰਹੇ ਸਨ। ਕਿਸੇ ਨੂੰ ਕੁਝ ਵੀ ਸੁੱਝ ਨਹੀਂ ਸੀ ਰਿਹਾ। ਮੇਰੀਆਂ ਅੱਖਾਂ ਸਾਹਮਣੇ ਜਿਵੇਂ ਮੈਦਾਨ-ਏ-ਕੁਰੂਖੇਤਰ ਸਾਕਾਰ ਹੋ ਉੱਠਿਆ ਸੀ। ਸਮਝ ਨਹੀਂ ਸੀ ਆ ਰਿਹਾ ਕੌਰਵ ਜਿੱਤੇ ਜਾਂ ਪਾਂਡਵ? ਪੰਜ-ਦਸ ਮਿੰਟ ਤਾਂ ਚਸ਼ਮਦੀਦਾਂ ਨੂੰ ਕੁਝ ਵੀ ਸਮਝ ਨਾ ਆਇਆ। ਉੱਥੇ ਮੌਜੂਦ ਪੁਲਿਸ ਕਰਮੀਆਂ ਨੇ ਤੁਰੰਤ ਘੇਰਾਬੰਦੀ ਸ਼ੁਰੂ ਕਰ ਲਈ ਸੀ। ਸਾਨੂੰ ਵੀ ਉਨ੍ਹਾਂ ਜਾਣ ਦਾ ਇਸ਼ਾਰਾ ਕੀਤਾ ਤਾਂ ਜੋ ਭੀੜ ਇੱਕਠੀ ਨਾ ਹੋਵੇ। ਸੱਚ ਪੁੱਛੋਂ ਤਾਂ ਅਸੀਂ ਉੱਥੇ ਇੱਕ ਵੀ ਪਲ ਹੋਰ ਖੜ੍ਹੇ ਰਹਿਣਾ ਵੀ ਨਹੀਂ ਸੀ ਚਾਹੁੰਦੇ। ਸਾਥੋਂ ਖੜ੍ਹਿਆ ਈ ਨਹੀਂ ਸੀ ਜਾ ਰਿਹਾ। ਅਸੀਂ ਸਾਰੇ ਇੱਕ ਇੱਕ ਕਰਕੇ ਪਾਰਕਿੰਗ ਵੱਲ ਵਧ ਗਏ। ਪਾਹਵਾ ਸਾਬ੍ਹ ਆਪਣੇ ਸਵਰਨ ਤੇ ਯਸ਼ਪਾਲ ਬਾਲੀ ਦਾ ਕੀ ਬਣਿਆ ਹੋਊ?' ਹੁਸ਼ਿਆਰਪੁਰੀ ਜੀ ਨੇ ਕਿਹਾ। ਇਹ ਦੋਵੇਂ ਮੁੱਖ ਮੰਤਰੀ ਦੇ ਨਿੱਜੀ ਸਹਾਇਕ ਸਨ।ਪਾਹਵਾ ਸਾਬ੍ਹ ਸਿਰ ਮਾਰਦਿਆਂ ਬੋਲੇ, ਵਾਹਿਗੁਰੂ ਮਿਹਰ ਕਰੀਂ। ਬਾਈ ਰਾਮ ਦਿਆਲ ਸਿੰਘ ਵੀ ਤਾਂ ਮੁੱਖ ਮੰਤਰੀ ਕੋਲੋਂ ਕੋਈ ਦਰਖਾਸਤ ਮਾਰਕ ਕਰਵਾਉਣ ਆਏ ਹੋਏ ਸਨ? ਅਵਤਾਰ ਚੰਦ ਸ਼ਰਮਾ ਜੋ ਪੀਸੀਐਸ ਬਣ ਗਏ ਸਨ, ਕਿੱਥੇ ਹੋਣਗੇ?' ਆਪਣੇ ਆਪ ਨੂੰ ਪੁੱਛਦਾ ਹਾਂ।

ਮੈਨੂੰ ਮਾਸਟਰ ਦਲਵੀਰ ਤੇ ਚੌਧਰੀ ਬਲਬੀਰ ਸਿੰਘ ਯਾਦ ਆਏ। ਫਿਰ ਪਤਾ ਨਹੀਂ ਕਿਹੜੇ ਵੇਲ਼ੇ ਮੇਰਾ ਸਾਈਕਲ ਉੱਤਰ ਮਾਰਗ 'ਤੇ ਦੌੜਦਾ ਹੋਇਆ ਝੀਲ ਵੱਲ ਵਧਣ ਲੱਗਾ।ਮੇਰੀ ਨਜ਼ਰ ਵੋਗਨਵਿਲੀਆ ਗਾਰਡਨ ਤੋਂ ਤਿਲਕਦੀ, ਪੰਜਾਬ ਭਵਨ, ਐਮ ਐਲ ਏ ਹੋਸਟਲ, ਰੌਕ ਗਾਰਡਨ ਤੇ ਫਿਰ ਸੁਖਨਾ ਦੇ ਪਾਣੀਆਂ 'ਚੋਂ ਪਤਾ ਨਹੀਂ ਕੀ ਕੀ ਲੱਭਦੀ ਰਹੀ। ਮੇਰੀਆਂ ਸੋਚਾਂ ਦੇ ਅੰਬਰ ਦੀ ਸਕਰੀਨ 'ਤੇ ਸਿਰਫ ਇੱਕੋ ਇੱਕ ਤਸਵੀਰ ਅਟਕੀ ਹੋਈ ਸੀ, ਜੋ ਰਤਾ ਵੀ ਇੱਧਰ-ਉੱਧਰ ਨਹੀਂ ਸੀ ਸਰਕ ਰਹੀ। ਹੁਣ ਮੇਰਾ ਸਾਈਕਲ ਸਰੋਵਰ ਮਾਰਗ 'ਤੇ ਦੌੜਨ ਲੱਗਾ। ਉੱਤਰ ਮਾਰਗ ਤੇ ਸਰੋਵਰ ਮਾਰਗ, ਜਿਵੇਂ ਸਕੱਤਰੇਤ ਵਿਖੇ ਹੋਏ ਇਸ ਬੰਬ ਬਲਾਸਟ ਤੋਂ ਬਿਲਕੁਲ ਅਣਜਾਣ ਸਨ, ਉਸੇ ਤਰ੍ਹਾਂ ਜਿਵੇਂ ਹਾਲੇ ਚੰਡੀਗੜ੍ਹ, ਪੰਜਾਬ ਕੀ ਪੂਰਾ ਦੇਸ਼ ਅਣਜਾਣ ਸੀ। ਇਹ ਖ਼ਬਰਾਂ ਹੌਲ਼ੀ ਹੌਲ਼ੀ ਨਸ਼ਰ ਹੋਣਗੀਆਂ। ਫਿਰ ਖੰਭ ਲਾ ਕੇ ਉੱਡਣਗੀਆਂ। ਚੁਫੇਰਾ ਸੜ/ਬਲ਼ ਉੱਠੇਗਾ। ਸੰਤਾਲ਼ੀ, ਚੁਰਾਸੀ। ਸੋਚਾਂ ਦੇ ਸਮੁੰਦਰ ਵਿੱਚ ਤਰਦਾ-ਡੁੱਬਦਾ ਮੈਂ ਕਿਹੜੇ ਵੇਲ਼ੇ ਬੁੜੈਲ਼ ਵਾਲ਼ੇ ਆਪਣੇ ਕਿਰਾਏ ਦੇ ਮਕਾਨ ਵਿੱਚ ਪੁੱਜਾ, ਕੁਝ ਪਤਾ ਨਾ ਲੱਗਿਆ। ਮੈਂ ਆਪਣੇ ਰੂਮੇਟ ਦੇ ਗਲ਼ ਲੱਗ ਕੇ ਉੱਚੀ ਉੱਚੀ ਰੋਣ ਲੱਗਾ। ਮੈਂ ਉਸ ਨੂੰ ਦੱਸਣਾ ਚਾਹੁੰਦਾ ਸੀ, 'ਮੈਂ ਅੱਜ ਮੌਤ ਦਾ ਤਾਂਡਵ ਦੇਖ ਕੇ ਆਇਆ ਹਾਂ ਸੁਰਿੰਦਰ।' ਫਿਰ ਇਹ ਸਾਰੀ ਰਾਤ ਮੇਰੀਆਂ ਅੱਖਾਂ ਵਿੱਚੋਂ ਦੀ ਲੰਘੀ। ਅੱਖਾਂ ਬੰਦ ਕਰਦਾ ਤਾਂ ਚੁਫੇਰੇ ਖ਼ੂਨ ਦੀਆਂ ਧਾਰਾਵਾਂ ਵਗਦੀਆਂ ਦਿਸਦੀਆਂ। ਮਾਸ ਦੇ ਲੋਥੜੇ ਉੱਡਦੇ ਦਿਸਦੇ। ਕੰਨਾਂ ਵਿੱਚ ਚੀਕ-ਪੁਕਾਰ ਦੀਆਂ ਆਵਾਜ਼ਾਂ ਕੋਹਰਾਮ ਮਚਾਉਂਦੀਆਂ। ਅਗਲੇ ਦਿਨਾਂ ਦੀਆਂ ਖ਼ਬਰਾਂ ਨੇ ਸਾਰੀ ਦੁਨੀਆਂ ਨੂੰ ਸੁੰਨ ਕਰਕੇ ਰੱਖ ਦਿੱਤਾ ਸੀ। ਅੱਜ ਜਦੋਂ ਦੁਨੀਆਂ ਵਿੱਚ ਹੋ ਰਹੇ ਜੰਗਾਂ-ਯੁੱਧਾਂ ਦੀਆਂ ਖ਼ਬਰਾਂ ਆਉਂਦੀਆਂ ਹਨ ਤਾਂ ਚੇਤਨਾ ਸੁੰਨ ਹੋ ਕੇ ਰਹਿ ਜਾਂਦੀ ਹੈ। ਫਲਸਤੀਨ, ਗਾਜ਼ਾ, ਇਜ਼ਰਾਈਲ, ਯੂਕਰੇਨ, ਰੂਸ। ਉਫ ਸੋਚਦਾ ਹਾਂ ਮੈਦਾਨ-ਏ-ਕੁਰੂਖੇਤਰ ਕਦੇ ਵੀ ਚੰਗਾ ਨਹੀਂ ਹੋ ਸਕਦਾ, ਜਿੱਥੇ ਆਪਣਿਆਂ ਦਾ ਖ਼ੂਨ ਡੁੱਲ੍ਹਿਆ ਹੋਵੇ। ਡੁੱਲ੍ਹ ਰਿਹਾ ਹੋਵੇ। ਅਜਿਹੇ ਸੁਫਨਿਆਂ ਤੋਂ ਮੈਂ ਭੈਅ-ਭੀਤ ਹੋ ਜਾਂਦਾ ਹਾਂ।

ਸੰਪਰਕ : 98144 30874

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਪੰਜਾਬ ਦੀ ਲੋਕ ਮਾਨਸਿਕਤਾ ਦਾ ਬਹੁਵਿਧਾਈ ਚਿਤਰਨ

ਫੋਕਸ

ਚਰਚਾ ਇੱਕ ਪੁਸਤਕ ਦੀ

ਨਿਰੰਜਣ ਬੋਹਾ



ਰਾਵੀ ਤੋਂ ਘੱਗਰ ਵਾਇਆ ਸਤਲੁਜ

(ਨਾਵਲ)
ਧਰਮ ਸਿੰਘ ਕੰਮੇਆਣਾ
ਪੰਨੇ -368, ਮੁੱਲ-795 ਰੁਪਏ
ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ

ਧਰਮ ਸਿੰਘ ਕੰਮੇਆਣਾ ਨੇ ਨਾਵਲ ਦੇ ਖੇਤਰ ਵਿਚ ਜਿਸ ਗੰਭੀਰਤਾ ਨਾਲ ਪ੍ਰਵੇਸ਼ ਕੀਤਾ ਹੈ, ਉਸ ਨੇ ਇਕ ਉੱਘੇ ਕਵੀ ਤੇ ਗੀਤਕਾਰ ਵਜੋਂ ਬਣੀ ਉਸ ਦੀ ਉਘੜਵੀਂ ਸਾਹਿਤਕ ਪਛਾਣ ਨੂੰ ਬਹੁ- ਵਿਧਾਈ ਤੇ ਬਹੁ-ਪ੍ਰਤਿਭਾਸ਼ਾਲੀ ਲੇਖਕ ਹੋਣ ਦੀ ਪਛਾਣ ਵਿਚ ਬਦਲ ਦਿੱਤਾ ਹੈ। ਭਾਵੇਂ ਉਸ ਦੀਆਂ ਕਵਿਤਾਵਾਂ ਤੇ ਗੀਤਾਂ ਦੀਆਂ ਪ੍ਰਕਾਸ਼ਤ ਪੁਸਤਕਾਂ ਦੇ ਮੁਕਾਬਲੇ ਵਿੱਚ ਉਸ ਦੇ ਨਾਵਲ ਦੀ ਗਿਣਤੀ ਘੱਟ ਹੈ, ਪਰ ਪੰਜਾਬੀ ਨਾਵਲਕਾਰੀ ਨੂੰ ਪ੍ਰਭਾਵਤ ਕਰਨ ਵਾਲੀਆਂ ਨਵੀਆਂ ਪ੍ਰਵਿਰਤੀਆਂ ਦੀ ਸ਼ਿੱਦਤ ਬਿਆਨੀ ਕਰਕੇ ਉਸ ਪ੍ਰੌਢ ਚਿੰਤਕ ਹੋਣ ਦੀ ਪਛਾਣ ਰੱਖਦੇ ਨਾਵਲਕਾਰਾਂ ਵਿੱਚ ਵੀ ਆਪਣਾ ਵੱਡਾ ਨਾਂਅ-ਥਾਂ ਬਣਾ ਲਿਆ ਹੈ। ਉਸ ਦਾ ਨਵਾਂ ਵੱਡ-ਅਕਾਰੀ ਨਾਵਲ 'ਰਾਵੀ ਤੋਂ ਘੱਗਰ ਵਾਇਆ ਸਤਲੁਜ' ਆਪਣੇ ਨਾਂਅ ਮੁਤਾਬਕ ਪੰਜਾਬ ਦੀ ਭੂਗੋਲਿਕ ਬਣਤਰ ਤੇ ਸੱਭਿਆਚਾਰਕ ਸਫ਼ਰ ਨੂੰ ਵੀ ਦਰਸਾਉਂਦਾ ਹੈ ਤੇ ਇਸ ਖੇਤਰ ਦੀਆਂ ਬਦਲ ਰਹੀਆਂ ਆਰਥਿਕ ਸਥਿਤੀਆਂ ਵੱਲੋਂ ਮਨੁੱਖੀ ਰਿਸ਼ਤਿਆਂ ਅਤੇ ਨੈਤਿਕ ਸੰਬੰਧਾਂ 'ਤੇ ਪਾਏ ਜਾਣ ਵਾਲੇ ਪ੍ਰਭਾਵ ਨੂੰ ਵੀ ਪਰਤ ਦਰ ਪਰਤ ਉਘੇੜਦਾ ਹੈ। ਨਾਵਲ ਵਿੱਚ ਇਕ ਜਾਗਰੂਕ ਪਾਤਰ ਕੇਵਲ ਸ਼ਰਮਾ ਇਸ ਵਿਸ਼ੇ 'ਤੇ ਕਿਸੇ ਯੂਨੀਵਰਸਿਟੀ ਵੱਲੋਂ ਖੋਜ ਕਾਰਜ ਕਰਦਾ ਵਿਖਾਇਆ ਗਿਆ ਹੈ, ਪਰ ਨਾਵਲਕਾਰ ਨੇ ਪੰਜਾਬੀ ਗਲਪਕਾਰੀ ਰਾਹੀਂ ਜਿਹੜੀ ਖੋਜ ਕੀਤੀ ਹੈ, ਉਹ ਪੰਜਾਬ ਲੋਕ ਮਾਨਸਿਕਤਾ ਦਾ ਅਧਿਐਨ ਬਹੁਤ ਨੇੜਿਓਂ ਕਰਨ ਕਰਕੇ ਅਕਾਦਮਿਕ ਖੋਜਾਂ ਨਾਲੋਂ ਵੱਧ ਮਹੱਤਵਪੂਰਨ ਜਾਪਦੀ ਹੈ।

ਨਾਵਲ ਦੇ ਤਿੰਨ ਭਾਗ ਤਿੰਨ ਵੱਖਰੇ ਨਾਵਲ ਹੋਣ ਦਾ ਪ੍ਰਭਾਵ ਵੀ ਸਿਰਜਦੇ ਹਨ, ਪਰ ਨਾਵਲਕਾਰ ਨੇ ਅਜਿਹਾ ਤਜਰਬਾ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਹੋਈਆਂ ਸਮਾਜਿਕ ਤਬਦੀਲੀਆਂ ਦੇ ਇਤਿਹਾਸ ਨੂੰ ਇੱਕੋ ਹੀ ਵਿਸ਼ਾਲ ਕੈਨਵਸ 'ਤੇ ਪੇਸ਼ ਕਰਨ ਦੇ ਯਤਨ ਵਜੋਂ ਕੀਤਾ ਹੈ। ਨਾਵਲ ਦੇ ਤਿੰਨੇ ਭਾਗਾਂ ਵਿੱਚ ਘਟਨਾਕ੍ਰਮ ਵੀ ਵੱਖਰਾ ਹੈ, ਘਟਨਾ ਸਥਾਨ ਵੀ ਵੱਖਰੇ ਹਨ ਤੇ ਪਾਤਰ ਵੀ ਵੱਖਰੇ ਹਨ। ਇਹ ਭਾਗ ਮਿਲ ਕੇ ਸਮੇਂ ਤੇ ਸਥਿਤੀਆਂ ਅਨੁਸਾਰ ਪੰਜਾਬ ਦੀਆਂ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਵਿਵਸਥਾਵਾਂ ਦੀ ਬਦਲ ਰਹੀ ਦਸ਼ਾ ਨੂੰ ਸਮੁੱਚਤਾ ਵਿਚ ਪੇਸ਼ ਕਰਨ ਦਾ ਕਾਰਜ ਕਰਦੇ ਹਨ।ਆਪਣੇ ਇਸ ਤਜਰਬੇ ਦੀ ਅਹਿਮੀਅਤ ਨੂੰ ਆਪਣੇ ਹੀ ਸ਼ਬਦਾਂ ਵਿਚ ਬਿਆਨ ਕਰਦਿਆਂ ਨਾਵਲਕਾਰ ਆਪਣੇ ਵੱਲੋਂ ਲਿਖੀ ਨਾਵਲ ਦੀ ਭੂਮਿਕਾ ਵਿੱਚ ਆਖਦਾ ਹੈ-

'ਮੇਰੀ ਸਮਝ ਅਨੁਸਾਰ, ਨਾਵਲਕਾਰ ਨੇ ਆਪਣੇ ਨਾਵਲ ਵਿਚ ਸਿਰਫ ਦਿਲਚਸਪ ਕਹਾਣੀ ਹੀ ਨਹੀਂ ਪੇਸ਼ ਕਰਨੀ ਹੁੰਦੀ, ਬਲਕਿ ਹੋਰ ਵੀ ਬਹੁਤ ਕੁਝ ਚਿਤਰਨਾ ਹੁੰਦਾ ਹੈ, ਉਹ ਜਿਨ੍ਹਾਂ ਲੋਕਾਂ ਦੀ ਕਹਾਣੀ ਸਿਰਜਦਾ ਹੈ, ਉਨ੍ਹਾਂ ਦੇ ਬੀਤ ਗਏ ਨੂੰ ਆਪਣੇ ਸ਼ਬਦਾਂ ਵਿਚ ਸੰਭਾਲਦਾ ਹੈ, ਉਨ੍ਹਾਂ ਦੇ ਵਰਤਮਾਨ ਦੇ ਨਾਲ-ਨਾਲ ਤੁਰਦਾ ਹੈ ਅਤੇ ਭਵਿੱਖ ਦੇ ਨਕਸ਼ ਉਘੇੜਣ ਲਈ ਵੀ ਯਤਨਸ਼ੀਲ ਹੁੰਦਾ ਹੈ।'

ਨਾਵਲ ਦਾ ਪਹਿਲੇ ਭਾਗ ਦਾ ਨਾਂਅ 'ਰਾਵੀ' ਇਸ ਲਈ ਰੱਖਿਆ ਗਿਆ ਹੈ ਕਿ ਇਹ ਭਾਗ ਰਾਵੀ ਦਰਿਆ ਨੇੜਲੇ ਸਾਂਝੇ ਪੰਜਾਬ ਦੇ ਉਸ ਖਿੱਤੇ ਨੂੰ ਦਰਸਾਉਂਦਾ ਹੈ, ਜੋ ਹੁਣ ਪਾਕਿਸਤਾਨ ਵਾਲੇ ਪਾਸੇ ਲਹਿੰਦੇ ਪੰਜਾਬ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਹ ਭਾਗ ਸੰਨ 1947 ਨੂੰ ਦੇਸ਼ ਦੀ ਅਜ਼ਾਦੀ ਦੇ ਸਾਲ ਵਜੋਂ ਯਾਦ ਨਹੀ ਕਰਦਾ, ਸਗੋਂ ਦੇਸ਼ ਦੀ ਵੰਡ ਵਜੋਂ ਹੀ ਸਵੀਕਾਰਦਾ ਹੈ। ਇਸ ਭਾਗ ਅਨੁਸਾਰ ਵੰਡੇ ਜਾਣ ਵਾਲੇ ਲੋਕਾਂ ਦੀ ਸਹਿਮਤੀ ਤੋਂ ਬਿਨਾਂ ਹੋਈ ਦੇਸ਼ ਦੀ ਵੰਡ ਨਾਲ ਜੁੜੀਆਂ ਸਮੂਹਿਕ ਕਤਲੇਆਮ ਤੇ ਉਜਾੜੇ ਦੀਆਂ ਯਾਦਾਂ ਅਜੇ ਵੀ ਪੰਜਾਬੀ ਲੋਕ ਮਾਨਸਿਕਤਾ ਦਾ ਹਿੱਸਾ ਬਣੀਆਂ ਹੋਈਆਂ ਹਨ। ਭਾਵੇਂ ਰਾਵੀ ਖੇਤਰ ਤੋਂ ਉਜੜ ਕੇ ਸਤਲੁਜ ਦਰਿਆਈ ਖੇਤਰ ਵਿਚ ਆਏ ਪੰਜਾਬੀਆਂ ਨੂੰ ਜਾਨੀ ਤੇ ਮਾਲੀ ਰੂਪ ਵਿਚ ਵੱਡਾ ਨੁਕਸਾਨ ਉਠਾਉਣਾ ਪਿਆ ਹੈ, ਪਰ ਦਹਾਕੇ ਬੀਤ ਜਾਣ 'ਤੇ ਵੀ ਉਹ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਮੁੜ ਇਕੱਠਾ ਹੋਣ ਦੇ ਸੁਪਨੇ ਵੇਖਦੇ ਹਨ। ਇਸ ਲਈ ਹੀ ਨਾਵਲਕਾਰ ਵੱਲੋਂ ਇਹ ਨਾਵਲ 'ਸਾਂਝੇ ਦੇਸ਼ ਪੰਜਾਬ ਦੇ ਸੰਕਲਪ' ਨੂੰ ਸਮਰਪਤ ਕੀਤਾ ਗਿਆ ਹੈ।

ਸੰਨ ਸੰਤਾਲੀ ਤੋਂ ਪਹਿਲਾਂ ਲਹਿੰਦੇ ਪੰਜਾਬ ਦੇ ਸਾਂਦਲ ਬਾਰ ਖੇਤਰ ਵਿੱਚ ਫੌਜਾ ਸਿੰਘ ਤੇ ਮੁਹੰਮਦ ਰਮਜ਼ਾਨ ਦੀ ਦੋਸਤੀ ਭਰਾਵਾਂ ਵਰਗੀ ਰਹੀ ਹੈ। ਦੋਹਾਂ ਪਾਸੇ ਦੇ ਰਾਜਸੀ ਆਗੂਆਂ ਵੱਲੋਂ ਸੱਤਾ ਦੀ ਕੁਰਸੀ 'ਤੇ ਬੈਠਣ ਦੀ ਕਾਹਲ ਕਾਰਨ ਫਿਰਕੂ ਦੰਗੇ ਭੜਕਦੇ ਹਨ ਤਾਂ ਫੌਜਾ ਸਿੰਘ ਨੂੰ ਚੜ੍ਹਦੇ ਪੰਜਾਬ ਦੇ ਦੇਵੀਗੜ੍ਹ (ਪਟਿਆਲਾ) ਵਿੱਚ ਆਉਣਾ ਪੈਂਦਾ ਹੈ। ਏਧਰ ਆਇਆ ਫੌਜਾ ਸਿੰਘ ਤੇ ਉਧਰ ਰਹਿ ਗਿਆ ਰਮਜ਼ਾਨ ਆਪਣੀ ਦੋਸਤੀ ਨੂੰ ਵੀ ਤੋੜ ਤੱਕ ਨਿਭਾਉਂਦੇ ਹਨ ਤੇ ਸਾਂਝੀਵਾਲਤਾ ਦੇ ਸੁਫਨੇ ਨੂੰ ਵੀ ਜਿਉਂਦਾ ਰੱਖਦੇ ਹਨ।ਨਾਵਲ ਦੀ ਕਹਾਣੀ ਅਨੁਸਾਰ ਸਾਂਝੇ ਪੰਜਾਬ ਵਿਚ ਜਨਮ ਲੈਣ ਵਾਲੇ ਲੋਕਾਂ ਦੀ ਜੀਵਨ-ਜਾਚ ਜਿੱਥੇ ਮੋਹ-ਮੁਹੱਬਤ ਵਾਲੀ ਖਾਸੀਅਤ ਰੱਖਦੀ ਸੀ, ਉੱਥੇ ਉਸ ਸਮੇਂ ਦੀਆਂ ਨੈਤਿਕ ਤੇ ਸਦਾਚਾਰਕ ਕੀਮਤਾਂ ਵੀ ਬਹੁਤ ਮਜ਼ਬੂਤ ਸਨ।

ਭਾਵੇਂ ਵਿਆਹ ਬਾਹਰੀ ਸਰੀਰਕ ਸੰਬੰਧ ਮਨੁੱਖ ਦੀਆਂ ਜਿਨਸੀ ਲੋੜਾਂ ਨਾਲ ਅੰਤਰ ਸੰਬੰਧਤ ਹੁੰਦਿਆਂ ਉਸ ਵੇਲੇ ਵੀ ਆਪਣੀ ਹੋਂਦ ਰੱਖਦੇ ਰਹੇ ਹਨ, ਪਰ ਸਦਾਚਾਰਕ ਦਬਾਵਾਂ ਕਾਰਨ ਇਹਨਾਂ ਦੀ ਹੋਂਦ ਬਹੁਤ ਲੁਕਵੀਂ ਸੀ।ਸਾਂਦਲ ਬਾਰ ਦੀ ਰਿਹਾਇਸ਼ ਵੇਲੇ ਫੌਜਾ ਸਿੰਘ ਦੇ ਦੂਜੇ ਫਿਰਕੇ ਦੀ ਕੁੜੀ ਹਾਜਰਾਂ ਨਾਲ ਸਰੀਰਕ ਸੰਬੰਧ ਵੀ ਜੁੜਦੇ ਹਨ ਤੇ ਉਹ ਘਰੋਂ ਭੱਜਣ ਦਾ ਫੈਸਲਾ ਵੀ ਕਰਦੇ ਹਨ, ਪਰ ਮਾਪਿਆਂ ਦੀ ਜਿੱਲ੍ਹਤ ਰੱਖਣ ਦੀ ਸੋਚ ਨਾਲ ਜੁੜੀ ਨੈਤਿਕਤਾ ਰਾਤੋ-ਰਾਤ ਦੋਵਾਂ ਨੂੰ ਘਰ ਮੋੜ ਲਿਆਉਂਦੀ ਹੈ। ਸਮਾਜ ਦੇ ਸਦਾਚਾਰਕ ਜ਼ਾਬਤੇ ਨੂੰ ਆਪਣੇ 'ਤੇ ਲਾਗੂ ਕਰਕੇ ਉਹ ਦੋ ਫਿਰਕਿਆਂ ਵਿਚਕਾਰ ਪੈਦਾ ਹੋ ਸਕਦੇ ਸੰਭਾਵਿਤ ਟਕਰਾਓ ਨੂੰ ਵੀ ਰੋਕ ਲੈਂਦੇ ਹਨ। ਦੇਵੀਗੜ੍ਹ ਦੀ ਰਿਹਾਇਸ਼ ਸਮੇਂ ਫੌਜਾ ਸਿੰਘ ਦੀ ਪਤਨੀ ਭਗਵਾਨ ਕੌਰ ਦੀ ਮੌਤ ਹੋ ਜਾਂਦੀ ਹੈ ਤਾਂ ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਲਈ ਉਹ ਘਰੇਲੂ ਪਰਵਾਸੀ ਨੌਕਰਾਣੀ ਸਵਿਤਾ ਨਾਲ ਆਪਣੇ ਸਰੀਰਕ ਸੰਬੰਧ ਜੋੜ ਲੈਂਦਾ ਹੈ। ਅਜਿਹੇ ਮੌਕੇ 'ਤੇ ਉਸ ਅੰਦਰਲੀ ਨੈਤਿਕਤਾ ਉਸ ਤੋਂ ਮੰਗ ਕਰਦੀ ਹੈ ਕਿ ਉਹ ਔਰਤ ਨੂੰ ਸਿਰਫ ਭੋਗ ਦੀ ਵਸਤੂ ਨਾ ਸਮਝੇ ਤੇ ਸਵਿਤਾ ਦੇ ਪੇਟੋਂ ਪੈਦਾ ਹੋਏ ਪੁੱਤਰ ਪੰਜਾਬ ਸਿੰਘ ਨੂੰ ਆਪਣੀ ਜਾਇਦਾਦ ਵਿਚੋਂ ਹਿੱਸਾ ਵੀ ਦੇਵੇ। ਭਾਵੇਂ ਉਹ ਸਰਵਜਨਕ ਤੌਰ 'ਤੇ ਪੰਜਾਬ ਸਿੰਘ ਨੂੰ ਆਪਣੀ ਜਾਇਦਾਦ ਦਾ ਵਾਰਸ ਨਹੀਂ ਐਲਾਨਦਾ, ਪਰ ਪਰਦੇ ਨਾਲ ਉਸ ਦੇ ਨਾਂਅ ਜ਼ਮੀਨ ਵੀ ਲਵਾਉਂਦਾ ਹੈ ਤੇ ਉਸ ਨੂੰ ਬਾਪੂ ਵਾਲਾ ਪਿਆਰ ਵੀ ਦਿੰਦਾ ਹੈ।

ਜਗੀਰਦਾਰੀ ਦੌਰ ਦੀਆਂ ਸਮਾਜਿਕ ਕੀਮਤਾਂ ਪੂੰਜੀਵਾਦੀ ਕੀਮਤਾਂ ਵਿਚ ਪਰਵਰਤਿਤ ਹੁੰਦੀਆਂ ਹਨ ਤਾਂ ਫੌਜਾ ਸਿੰਘ ਦੀ ਅਗਲੀ ਪੀੜ੍ਹੀ ਵੀ ਪਿਆਰ ਸੰਬੰਧਾਂ ਦੇ ਮਾਮਲੇ ਵਿਚ ਥਿੱਚ ਖੁੱਲ੍ਹ ਲੈਣ ਦੇ ਰਾਹ ਪੈ ਜਾਂਦੀ ਹੈ। ਫੌਜਾ ਸਿੰਘ ਆਪਣੇ ਬੇਟੇ ਰਵਨੀਤ ਅਤੇ ਆਪਣੇ ਦੋਸਤ ਦੀ ਬੇਟੀ ਰਾਜਵਿੰਦਰ ਕੌਰ ਉਰਫ ਰਾਜੀ ਵਿਚਕਾਰ ਪੈਦਾ ਹੋਈ ਵਿਚਾਰਧਾਰਕ ਨੇੜਤਾ ਨੂੰ ਵਿਆਹ ਸੰਬੰਧਾਂ ਵਿਚ ਤਬਦੀਲ ਕਰਨ ਦੀ ਸਹਿਮਤੀ ਤਾਂ ਖ਼ੁਸ਼ੀ ਨਾਲ ਦੇ ਦਿੰਦਾ ਹੈ, ਪਰ ਆਪਣੀ ਬੇਟੀ ਛਿੰਦਰ ਵੱਲੋਂ ਉਸ ਦੀ ਮਰਜ਼ੀ ਤੋਂ ਉਲਟ ਜਾ ਕੇ ਭਾਪਿਆਂ ਦੇ ਮੁੰਡੇ ਨਾਲ ਅਦਾਲਤੀ ਵਿਆਹ ਕਰਵਾਏ ਜਾਣ ਦੀ ਗੱਲ ਉਸ ਨੂੰ ਆਪਣੀ ਸ਼ਾਨ ਦੇ ਬਹੁਤ ਖਿਲਾਫ ਲੱਗਦੀ ਹੈ। ਉਹ ਆਪਣੇ ਪੁੱਤਰ ਦਾ ਵਿਆਹ ਧੂਮਧਾਮ ਨਾਲ ਕਰਦਾ ਹੈ, ਪਰ ਧੀ ਨੂੰ ਪੜ੍ਹਾਈ ਲਈ ਬਾਹਰਲੇ ਮੁਲਕ ਭੇਜਣ ਦਾ ਝੂਠ ਬੋਲਦਿਆਂ ਉਸ ਦੇ ਵਿਆਹ ਨੂੰ ਦੁਨੀਆ ਤੋਂ ਛੁਪਾ ਕੇ ਹੀ ਰੱਖਦਾ ਹੈ। ਕੁੜੀ ਵੱਲੋਂ ਅੰਤਰਜਾਤੀ ਵਿਆਹ ਕਰਵਾਏ ਜਾਣ 'ਤੇ ਉਸ ਨੂੰ ਸ਼ਰੀਕੇ ਦਾ ਵੀ ਡਰ ਹੈ ਤੇ ਇਹ ਵੀ ਫਿਕਰ ਹੈ ਕਿ ਕਿਤੇ ਉਹ ਆਪਣੇ ਹਿੱਸੇ ਦੀ ਜ਼ਮੀਨ ਲੈਣ ਲਈ ਅਦਾਲਤੀ ਕੇਸ ਨਾ ਕਰ ਦੇਵੇ। ਨਵੇਂ ਨਾਵਲ ਦੇ ਇਸ ਭਾਗ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਅਜਿਹੇ ਦੋਹਰੇ ਮਾਪਦੰਡ ਆਪਣੇ ਆਪ ਨੂੰ ਬਦਲ ਰਹੇ ਸਮੇਂ ਅਨੁਸਾਰ ਢਾਲਣ ਜਾਂ ਨਾ ਢਾਲਣ ਦੀ ਦੁਬਿਧਾ ਵਿਚੋਂ ਹੀ ਜਨਮ ਲੈਂਦੇ ਹਨ।

ਨਾਵਲ ਦਾ ਦੂਜਾ ਭਾਗ 'ਸਤਲੁਜ' ਪੰਜਾਬੀ ਜੀਵਨ ਦੇ ਉਸ ਦੌਰ ਨੂੰ ਚਿਤਰਦਾ ਹੈ, ਜਦੋਂ ਖੇਤੀਬਾੜੀ ਕਿੱਤੇ ਦਾ ਮਸ਼ੀਨੀਕਰਨ ਹੋਣ ਲੱਗਦਾ ਹੈ ਤੇ ਪੂੰਜੀਵਾਦੀ ਸੋਚ ਆਪਣੇ ਨਵੇਂ ਸਿਖ਼ਰ ਤਲਾਸ਼ਣ ਲੱਗਦੀ ਹੈ। ਇਸ ਦੌਰ ਵਿਚ ਪੰਜਾਬ ਦੇ ਸਮਾਜਿਕ ਢਾਂਚੇ ਵਿਚ ਵੀ ਵੱਡੀਆਂ ਤਬਦੀਲੀਆਂ ਆਉਂਦੀਆਂ ਹਨ। ਇਹ ਭਾਗ ਦਰਿਆ ਸਤਲੁਜ ਦੇ ਨਾਲ ਲੱਗਦੇ ਇਲਾਕਿਆਂ ਨੂੰ ਆਉਣ ਵਾਲੀਆਂ ਤਬਦੀਲੀਆਂ ਨੂੰ ਵਿਸ਼ੇਸ਼ ਤੌਰ 'ਤੇ ਆਪਣੀ ਖੋਜ ਦਾ ਹਿੱਸਾ ਬਣਾਉਂਦਾ ਹੈ। ਇੱਥੇ ਸਤਲੁਜ ਪੰਜਾਬ ਦੇ ਲੋਕਾਂ ਦੇ ਦੁੱਖਾਂ-ਸੁੱਖਾਂ ਦਾ ਤਰਜਮਾਨ ਵੀ ਬਣਦਾ ਤੇ ਪਲ-ਪਲ ਮਨੁੱਖੀ ਸੋਚ ਨੂੰ ਪ੍ਰਭਾਵਤ ਕਰ ਰਹੇ ਪੂੰਜੀਵਾਦੀ ਦਬਾਵਾਂ ਬਾਰੇ ਵੀ ਅਹਿਮ ਖੁਲਾਸੇ ਕਰਦਾ ਹੈ। ਮਨੁੱਖੀ ਵਿਚਾਰਾਂ ਵਿਚ ਆ ਰਹੀ ਅਸਥਿਰਤਾ ਇਸ ਦੌਰ ਦੀ ਵਿਸ਼ੇਸ਼ ਖਾਸੀਅਤ ਵਜੋਂ ਸਾਹਮਣੇ ਆਉਂਦੀ ਹੈ।

ਨਾਵਲ ਦਾ ਪਾਤਰ ਜਗਜੀਤ ਫਿਰੋਜ਼ਪੁਰ ਦੇ ਡੀ ਏ ਵੀ ਕਾਲਜ ਵਿਚ ਕੱਚ ਦੀ ਨੌਕਰੀ ਪ੍ਰਾਪਤ ਕਰਕੇ ਆਪਣੇ ਆਪ ਨੂੰ ਆਰਥਿਕ ਤੌਰ 'ਤੇ ਸੁਰੱਖਿਅਤ ਕਰ ਲੈਂਦਾ ਹੈ ਤਾਂ ਉਸ ਦੇ ਭਰਾ ਖੁਸ਼ ਹੋਣ ਦੀ ਬਜਾਏ ਉਸ ਨਾਲ ਈਰਖਾ ਤੇ ਨਫ਼ਰਤ ਕਰਨ ਲੱਗਦੇ ਹਨ। ਜਗਜੀਤ ਆਪਣੇ ਭਰਾਵਾਂ ਦੇ ਸ਼ਰੀਕ ਬਣ ਜਾਣ ਕਾਰਨ ਪ੍ਰੇਸ਼ਾਨ ਹੈ, ਪਰ ਉਸ ਦੀ ਮਜ਼ਬੂਤ ਆਰਥਿਕਤਾ ਉਸ ਨੂੰ ਸਮਝੌਤਾਵਾਦੀ ਰਾਹ ਨਹੀਂ ਅਪਨਾਉਣ ਦਿੰਦੀ। ਭਾਵੇਂ ਪਿੰਡ ਰਹਿਣ ਸਮੇਂ ਉਸ ਦੇ ਭਰਾ ਉਸ ਨਾਲ ਬੋਲਚਾਲ ਤੱਕ ਬੰਦ ਰੱਖਦੇ ਹਨ। ਜਦੋਂ ਉਹ ਆਪਣੀ ਨੌਕਰੀ ਵਾਲੇ ਸਥਾਨ ਵਿਖੇ ਆਪਣੀ ਰਿਹਾਇਸ਼ ਬਣਾ ਲੈਂਦਾ ਹੈ ਤਾਂ ਭਰਾਵਾਂ ਦੀਆਂ ਆਰਥਿਕ ਲੋੜਾਂ ਤੇ ਗਰਜ਼ਾਂ ਉਹਨਾਂ ਨੂੰ ਫਿਰ ਉਸ ਕੋਲ ਲੈ ਆਉਂਦੀਆਂ ਹਨ। ਉਹ ਭਰਾਵਾਂ ਕੋਲ ਰਹਿੰਦੇ ਪਿਉ ਦੇ ਇਲਾਜ 'ਤੇ ਖੁੱਲ੍ਹ ਕੇ ਖਰਚਾ ਕਰਦਾ ਹੈ, ਫਿਰ ਵੀ ਉਸ ਦੀ ਆਪਣੇ ਭਰਾਵਾਂ ਨਾਲ ਪੈਦਾ ਹੋਈ ਦੂਰੀ ਨੇੜਤਾ ਵਿਚ ਨਹੀਂ ਬਦਲਦੀ।

ਪਤਨੀ ਦੇ ਬਿਮਾਰ ਪੈਣ 'ਤੇ ਉਸ ਦੀਆਂ ਜਿਸਮਾਨੀ ਲੋੜਾਂ ਉਸ ਨੂੰ ਕਾਲਜ ਵਿਚ ਆਪਣੀ ਕੁਲੀਗ ਪ੍ਰੋ. ਇਕਬਾਲ ਨਾਲ ਜਿਨਸੀ ਸੰਬੰਧ ਬਣਾਉਣ ਲਈ ਪ੍ਰੇਰਿਤ ਕਰਦੀਆਂ ਹਨ, ਪਰ ਪਿਛਲੇ ਭਾਗ ਵਿਚਲੇ ਵਿਆਹ ਬਾਹਰੀ ਸੰਬੰਧਾਂ ਨਾਲੋਂ ਇਹਨਾਂ ਸਬੰਧਾਂ ਵਿਚ ਫਰਕ ਇਹ ਹੈ ਕਿ ਉਸ ਦੀ ਪਤਨੀ ਉਸ ਦੀਆਂ ਜਿਸਮਾਨੀ ਲੋੜਾਂ ਨੂੰ ਸਮਝਦਿਆਂ ਇਹਨਾਂ ਸੰਬੰਧਾਂ ਬਾਰੇ ਇਤਰਾਜ਼ ਨਹੀਂ ਕਰਦੀ ਤੇ ਆਪਣੀ ਮੌਤ ਤੱਕ ਉਸ ਨਾਲ ਆਪਣੇ ਆਤਮਿਕ ਸੰਬੰਧ ਬਣਾਈ ਰੱਖਦੀ ਹੈ। ਅਗਲੀ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੀ ਉਹਨਾਂ ਦੀ ਧੀ ਨਵਰੀਤ ਇਸ ਵਿਚਾਰ ਨੂੰ ਅੱਗੇ ਤੋਰਦੀ ਹੈ ਕਿ ਵਿਆਹ ਸੰਸਥਾ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਮੁੰਡਾ ਤੇ ਕੁੜੀ ਇਕ-ਦੂਜੇ ਨਾਲ ਵਿਚਾਰਧਾਰਕ ਨੇੜਤਾ ਜ਼ਰੂਰ ਪੈਦਾ ਕਰਨ। ਉਹ ਬ੍ਰਾਹਮਣ ਜਾਤੀ ਨਾਲ ਸੰਬੰਧਤ ਨੰਦਵਾਨ ਜਮਾਤੀ ਕੇਵਲ ਨਾਲ ਪਿਆਰ ਸਬੰਧ ਜੋੜਣ ਵੇਲੇ ਉਸ ਅੰਦਰ ਇਹ ਡਰ ਤਾਂ ਰਹਿੰਦਾ ਹੈ ਕਿ ਉਸ ਦਾ ਜੱਟ ਪਿਤਾ ਉਸ ਨੂੰ ਇਕ ਬ੍ਰਾਹਮਣ ਮੁੰਡੇ ਨਾਲ ਵਿਆਹ ਕਰਨ ਦੀ ਆਗਿਆ ਨਹੀਂ ਦੇਵੇਗਾ, ਪਰ ਇਹ ਅਹਿਸਾਸ ਉਸ ਦਾ ਹੌਸਲਾ ਵਧਾਉਂਦਾ ਹੈ ਕਿ ਉਸ ਦੇ ਪਿਤਾ ਕੋਈ ਪੇਂਡੂ ਜੱਟ ਬੂਟ ਨਹੀਂ, ਸਗੋਂ ਪੜ੍ਹੇ-ਲਿਖੇ ਕਲਾਸ-1 ਡੀ ਪੀ ਆਈ ਹਨ। ਉਸ ਨੂੰ ਇਹ ਵਿਚਾਰ ਵੀ ਮਾਨਸਿਕ ਰਾਹਤ ਦਿੰਦਾ ਹੈ ਕਿ ਉਸ ਦੇ ਪਿਤਾ ਨੂੰ ਸਮਾਜ ਦੀ ਨਵੀਂ ਤੋਰ ਦਾ ਪੂਰਾ ਅਹਿਸਾਸ ਹੈ। ਭਾਵੇਂ ਜਗਜੀਤ ਆਪਣੀ ਧੀ ਦੀ ਇੱਛਾ ਨੂੰ ਪੂਰੀ ਕਰਨ ਵੇਲੇ ਥੋੜ੍ਹੇ ਚਿਰ ਲਈ ਦਵੰਦ ਦਾ ਸ਼ਿਕਾਰ ਹੁੰਦਾ ਹੈ, ਪਰ ਛੇਤੀ ਹੀ ਉਹ ਬਦਲੇ ਸਮੇਂ ਅਨੁਸਾਰ ਆਪਣੀ ਸੋਚ ਦਾ ਵੀ ਹੋਰ ਨਵੀਨੀਕਰਨ ਕਰ ਲੈਂਦਾ ਹੈ।

ਨਾਵਲ ਦੇ ਇਸ ਭਾਗ ਵਿਚ ਪ੍ਰੋ. ਹਿੰਮਤ ਰਾਏ ਤੇ ਰਾਧਿਕਾ ਦੇ ਪਿਆਰ ਵਿਆਹ ਦੀ ਕਹਾਣੀ ਵੀ ਅੱਗੇ ਤੁਰਦੀ ਹੈ। ਭਾਵੇਂ ਪ੍ਰੋ. ਸ਼ਰਮਾ ਨਾਵਲ ਦੇ ਮੁੱਖ ਪਾਤਰ ਜਗਮੀਤ ਦਾ ਹੀ ਕੁਲੀਗ ਹੈ, ਪਰ ਉਸ ਤੇ ਰਾਧਿਕਾ ਦੀ ਪ੍ਰੇਮ ਕਹਾਣੀ ਸਮਾਜਿਕ ਸੰਸਕ੍ਰਿਤੀ ਵਿਚ ਆ ਰਹੇ ਵਿਗਾੜਾਂ ਦੇ ਖਤਰਨਾਕ ਮੋੜ ਤੱਕ ਪਹੁੰਚਣ ਦੀ ਪੁਸ਼ਟੀ ਕਰਦੀ ਹੈ। ਰਾਧਿਕਾ ਨਾਲ ਚਲਦੇ ਪਿਆਰ ਸੰਬੰਧਾਂ ਨੂੰ ਵਿਆਹ ਸੰਬੰਧਾਂ ਵਿਚ ਤਬਦੀਲ ਕਰਨ ਦੀ ਪਹਿਲਕਦਮੀ ਕਰਨ ਵਾਲੇ ਪ੍ਰੋ. ਸ਼ਰਮਾ ਨੂੰ ਛੇਤੀ ਹੀ ਅਹਿਸਾਸ ਹੋ ਜਾਂਦਾ ਹੈ ਕਿ ਉਸ ਦੀ ਪਤਨੀ ਘਰ ਪਰਵਾਰ ਨਾਲ ਸੰਬੰਧਤ ਫਰਜ਼ ਨਿਭਾਉਣ ਤੋਂ ਮੁਨਕਰ ਹੈ। ਉਹ ਆਪਣੀਆਂ ਬੇਕਾਬੂ ਕਾਮ ਇੱਛਾਵਾਂ ਦੀ ਪੂਰਤੀ ਲਈ ਵਿਆਹ ਤੋਂ ਪਹਿਲਾਂ ਵੀ ਸਮਾਜ ਦੇ ਨੈਤਿਕ ਜ਼ਾਬਤੇ ਤੋੜਦੀ ਰਹੀ ਹੈ ਤੇ ਵਿਆਹ ਤੋਂ ਬਾਅਦ ਵੀ ਉਸ ਨੂੰ ਲੱਗਦਾ ਹੈ ਕਿ ਇਕੱਲਾ ਪਤੀ ਉਸ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਦੀ ਪੂਰਤੀ ਨਹੀਂ ਕਰ ਸਕਦਾ। ਇਸ ਨੈਤਿਕਤਾ ਵਿਹੂਣੀ ਸੋਚ ਕਾਰਨ ਉਹ ਆਪਣੇ ਸਕੂਲ ਦੇ ਪ੍ਰਿੰਸੀਪਲ ਨਾਲ ਸਰੀਰਕ ਸੰਬੰਧ ਜੋੜਨ ਤੋਂ ਸੰਕੋਚ ਨਹੀਂ ਕਰਦੀ। ਉਸ ਵੱਲੋਂ ਸਮਾਜਿਕ ਜ਼ਾਬਤਿਆਂ ਨੂੰ ਬੇਕਿਰਕੀ ਨਾਲ ਤੋੜੇ ਜਾਣ ਦਾ ਨਤੀਜਾ ਪ੍ਰੋ. ਸ਼ਰਮਾ ਦੇ ਮਾਨਸਿਕ ਤਣਾਓ ਵਿਚ ਏਨਾ ਵਾਧਾ ਕਰਦਾ ਹੈ ਕਿ ਉਸ ਦੀ ਮੌਤ ਹੀ ਹੋ ਜਾਂਦੀ ਹੈ। ਬਦਲੇ ਸਮੇਂ ਅਨੁਸਾਰ ਨੈਤਿਕਤਾ ਦੇ ਬਦਲੇ ਸਮੀਕਰਨਾਂ ਦੀ ਕਹਾਣੀ ਦਾ ਇਹ ਅੰਤਮ ਪੜਾਅ ਨਹੀਂ , ਸਗੋਂ ਧਰਮ, ਰਾਜਨੀਤੀ ਤੇ ਗੁੰਡਾ ਗੱਠਜੋੜ ਦੇ ਨਵੇਂ ਰੂਪ ਵਿਚ ਵੀ ਸਾਹਮਣੇ ਆਉਂਦੀ ਹੈ। ਇਹ ਨਵੇਂ ਸਮੀਕਰਨ ਸਮਾਜਿਕ ਜ਼ਾਬਤੇ ਤੋੜਣ ਵਾਲੀ ਰਾਧਿਕਾ ਨੂੰ ਧਾਰਮਿਕ ਤੇ ਸਮਾਜਿਕ ਸਮਾਗਮਾਂ ਵਿਚ ਵਿਖਿਆਨ ਕਰਨ ਵਾਲੀ 'ਰਾਧਾ ਮਾਂ' ਵੀ ਬਣਾ ਦਿੰਦੇ ਹਨ ਹੈ ਤੇ ਉਸ ਨੂੰ ਵੱਡੇ ਰਾਜ ਨੇਤਾਵਾਂ ਤੇ ਕਾਰੋਬਾਰੀਆਂ ਦਾ ਥਾਪੜਾ ਵੀ ਦਿਵਾ ਦਿੰਦੇ ਹਨ ।

ਇਸ ਭਾਗ ਦੇ ਇਕ ਵੱਖਰੇ ਨਿਰਨਾਇਕ ਸਿੱਟੇ ਅਨੁਸਾਰ ਸਮਾਜਿਕ ਤੇ ਨੈਤਿਕ ਮਰਿਆਦਾਵਾਂ ਦਾ ਭੰਜਨ ਸਿਰਫ ਪੜ੍ਹੇ-ਲਿਖੇ ਮੱਧ ਵਰਗੀ ਜਾਂ ਅਮੀਰ ਲੋਕਾਂ ਵੱਲੋਂ ਹੀ ਨਹੀਂ ਕੀਤਾ ਜਾ ਰਿਹਾ, ਸਗੋਂ ਬਦਲੇ ਰਹੇ ਸਮੇਂ ਦੀ ਬਦਲ ਰਹੀ ਚਾਲ ਅਨੁਸਾਰ ਗਰੀਬ ਤੇ ਨਿਮਨ ਵਰਗ 'ਤੇ ਵੀ ਇਸ ਦਾ ਅਸਰ ਪੈ ਰਿਹਾ ਹੈ। ਜੇ ਹਿੱਸੇ ਆਉਂਦੀ ਜ਼ਮੀਨ ਦੀ ਘਾਟ ਕਾਰਨ ਕੁੰਦਨ ਵਰਗੇ ਜੱਟ ਛੜੇ ਰਹਿ ਜਾਂਦੇ ਹਨ ਤਾਂ ਮੁੱਲ ਦੀਆਂ ਤੀਵੀਆਂ ਖਰੀਦਣਾ ਵੀ ਉਨ੍ਹਾਂ ਦੀ ਮਜਬੂਰੀ ਬਣ ਜਾਂਦੀ ਹੈ। ਚਾਹੇ ਕੁੰਦਨ ਤੇ ਉਸ ਦੇ ਟਰੱਕ ਦਾ ਕਲੀਨਰ ਲਾਲੀ ਪੰਜਾਬ ਵਿਚ ਪਰਵਾਸੀ ਔਰਤ ਦੀ ਹੈਸੀਅਤ ਰਹਿ ਰਹੀ ਔਰਤ ਸਾਹਬੋ ਦੀ ਇੱਜ਼ਤ ਪੈਸਿਆਂ ਬਦਲੇ ਖਰੀਦਦੇ ਰਹੇ ਹਨ, ਪਰ ਕੁੰਦਨ ਨਿੱਘਰੀ ਆਰਥਿਕ, ਸਮਾਜਿਕ ਹੈਸੀਅਤ ਕਾਰਨ ਆਪਣੇ ਵਿਆਹ ਦੀ ਆਸ ਮੁੱਕ ਜਾਣ 'ਤੇ ਉਸ ਨੂੰ ਹੀ ਆਪਣੀ ਪਤਨੀ ਵਜੋਂ ਸਵੀਕਾਰ ਕਰ ਲੈਂਦਾ ਹੈ। ਇਸ ਤਰ੍ਹਾਂ ਉਹਨਾਂ ਦੇ ਅਨੈਕਿਤਾ ਦੀ ਸ਼੍ਰੇਣੀ ਵਿਚ ਆਉਂਦੇ ਸੰਬੰਧ ਨੈਤਿਕਤਾ ਦੀ ਸ਼੍ਰੇਣੀ ਵਿਚ ਆ ਜਾਂਦੇ ਹਨ।

ਟਰੱਕ ਕਲੀਨਰ ਲਾਲੀ ਦੀ ਕਹਾਣੀ ਰਾਹੀਂ ਇਹ ਨਵਾਂ ਤੱਥ ਉਭਰਦਾ ਹੈ ਕਿ ਸਮਾਜ ਵਿਚਲੇ ਨੈਤਿਕ ਜ਼ਾਬਤੇ ਟੁੱਟਣ ਨਾਲ ਸਮਲਿੰਗਤਾ ਤੇ ਗੇਅ ਪ੍ਰਵਿਰਤੀ ਵੀ ਪੱਛਮ ਵਾਂਗ ਸਮਾਜਿਕ ਸਵੀਕ੍ਰਿਤੀ ਦੇ ਦਾਇਰੇ ਵਿੱਚ ਆਉਂਦੀ ਜਾ ਰਹੀ ਹੈ। ਨਾਵਲ ਦਾ ਜ਼ਿਕਰਯੋਗ ਪੱਖ ਇਹ ਹੈ ਕਿ ਇਹ ਸਮਾਜਿਕਤਾ ਵੱਲੋਂ ਨਕਾਰੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਸਮਕਾਲੀ ਕਵਿਤਾ ਦਾ ਦ੍ਰਿਸ਼

ਰਾਮਪਾਲ ਸ਼ਾਹਪੁਰੀ (ਡਾ.)
ਸੰਪਰਕ : 99148-86310

ਅੱਸੀਆਂ ਤੋਂ ਬਾਅਦ

(ਕਾਵਿ-ਸੰਗ੍ਰਹਿ)
ਗੁਰਦੇਵ ਸਿੰਘ ਘਣਗਸ
ਪੰਨੇ-115, ਮੁੱਲ-295 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਗੁਰਦੇਵ ਸਿੰਘ ਘਣਗਸ ਸਾਹਿਤ ਖੇਤਰ ਵਿੱਚ ਜਾਣਿਆ-ਪਛਾਣਿਆ ਨਾਂਅ ਹੈ। 2005 ਤੋਂ ਉਹ ਨਿਰੰਤਰ ਸਾਹਿਤ ਸਿਰਜਣਾ ਨਾਲ ਜੁੜਿਆ ਹੋਇਆ ਹੈ। ਹੁਣ ਤੱਕ ਉਸ ਦੇ ਛੇ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਨੇ 2019 ਵਿੱਚ ਆਪਣੀ ਸਵੈ ਜੀਵਨੀ 'ਇੱਕ ਮੋੜ ਵਿਚਲਾ ਪੈਂਡਾ' ਵੀ ਪ੍ਰਕਾਸ਼ਿਤ ਕਰਵਾਈ। ਹੁਣ ਉਸ ਦਾ ਨਵਾਂ ਕਾਵਿ-ਸੰਗ੍ਰਹਿ 'ਅੱਸੀਆਂ ਤੋਂ ਬਾਅਦ' ਨਾਂਅ ਹੇਠ ਪ੍ਰਕਾਸ਼ਿਤ ਹੋਇਆ ਹੈ।



ਇਸ ਕਾਵਿ-ਸੰਗ੍ਰਹਿ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ ਉਸ ਨੇ ਤੇਰਾਂ ਕਵਿਤਾਵਾਂ ਨੂੰ ਸ਼ਾਮਲ ਕੀਤਾ ਹੈ। ਦੂਸਰੇ ਭਾਗ ਵਿੱਚ ਤੇਰਾਂ ਗ਼ਜ਼ਲਾਂ ਸ਼ਾਮਲ ਹਨ। ਤੀਸਰੇ ਭਾਗ ਵਿੱਚ ਪੰਜ ਗੀਤ ਹਨ। ਚੌਥੇ ਭਾਗ ਨੂੰ ਫੁੱਟਕਲ ਰਚਨਾਵਾਂ ਦਾ ਨਾਂਅ ਦਿੱਤਾ ਗਿਆ ਹੈ। ਇਸ ਭਾਗ ਵਿੱਚ ਤੀਹ ਦੇ ਕਰੀਬ ਕਵਿਤਾਵਾਂ, ਗ਼ਜ਼ਲਾਂ ਸ਼ਾਮਲ ਹਨ, ਜਿਨ੍ਹਾਂ ਵਿੱਚ ਦੋ ਅਨੁਵਾਦਿਤ ਕਵਿਤਾਵਾਂ ਵੀ ਸ਼ਾਮਲ ਹਨ। ਕਵੀ ਦੀ ਵਡੇਰੀ ਉਮਰ ਹੋਣ ਕਰਕੇ ਬਹੁਤ ਸਾਰੇ ਜੀਵਨ ਦੇ ਅਨੁਭਵ ਉਸ ਨੇ ਇਨ੍ਹਾਂ ਰਚਨਾਵਾਂ ਵਿੱਚ ਸਾਂਝੇ ਕੀਤੇ ਹਨ। ਇਨ੍ਹਾਂ ਰਚਨਾਵਾਂ ਵਿੱਚ ਮਨ ਦੇ ਵਲਵਲੇ ਹਨ। ਇਸ ਉਮਰੇ ਬਹੁਤੇ ਲੋਕ ਇਕੱਲਤਾ ਹੰਢਾਉਣ ਲਈ ਮਜਬੂਰ ਹੁੰਦੇ ਹਨ। ਕਵੀ ਨੇ ਇਨ੍ਹਾਂ ਰਚਨਾਵਾਂ ਵਿੱਚ ਆਪਣੇ ਅਨੁਭਵ ਅਤੇ ਭਾਵਾਂ ਨੂੰ ਤਾਂ ਪੇਸ਼ ਕੀਤਾ ਹੀ ਹੈ, ਪਰ ਨਾਲ ਹੀ ਸਾਹਿਤ ਨੂੰ ਪੜ੍ਹਨ ਅਤੇ ਸਾਹਿਤ ਸਿਰਜਣਾ ਨੂੰ ਜੀਵਨ ਜਿਉਣ ਦਾ ਜ਼ਰੀਆ ਵੀ ਬਣਾਇਆ ਹੈ।ਇਨ੍ਹਾਂ ਰਚਨਾਵਾਂ ਵਿੱਚ ਬਹੁਤ ਸਾਰੇ ਸਮਾਜਿਕ ਮਸਲੇ ਉੱਭਰ ਕੇ ਸਾਹਮਣੇ ਆਏ ਹਨ। ਕਵੀ ਦਾ ਮੰਨਣਾ ਹੈ ਕਿ ਸਾਡੇ ਰਿਸ਼ਤੇ, ਨਾਤਿਆਂ ਵਿੱਚੋਂ ਪਵਿੱਤਰਤਾ ਤੇ ਸੁੱਚਾਪਣ ਖ਼ਤਮ ਹੋ ਰਿਹਾ ਹੈ। ਰਿਸ਼ਤੇ ਨਿਲਾਮ ਹੋ, ਮੰਡੀ ਦੀ ਵਸਤੂ ਬਣ ਗਏ ਹਨ। ਕਵੀ ਆਪਣੀਆਂ ਰਚਨਾਵਾਂ ਰਾਹੀਂ ਲੋਕਾਈ ਨੂੰ ਸਿਹਤ ਸੁਰੱਖਿਆ ਪ੍ਰਤੀ ਵੀ ਸੁਚੇਤ ਕਰਦਾ ਹੈ। ਗ਼ਜ਼ਲਾਂ ਦੇ ਬਹੁਤੇ ਸ਼ੇਅਰ ਲੋਕ ਸੱਚਾਈਆਂ ਵਰਗੇ ਹਨ। ਦੇਸ਼ ਦੇ ਲੀਡਰ ਕਿਵੇਂ ਦਸਤਾਰਾਂ ਨੂੰ ਆਪਣੇ ਮੁਫਾਦਾਂ ਲਈ ਵਰਤ ਰਹੇ ਹਨ, ਇਸ ਬਾਰੇ ਲੇਖਕ ਬੜੀ ਬੇਬਾਕੀ ਨਾਲ ਲਿਖਦਾ ਹੈ। ਆਪਣੇ ਗੀਤਾਂ ਵਿੱਚ ਕਵੀ ਆਪਣੇ ਵਿਰਸੇ ਨੂੰ ਸੰਭਾਲਣ ਦਾ ਹੋਕਾ ਦਿੰਦਾ ਹੈ।ਆਪਣੇ ਦੋਸਤਾਂ ਅਤੇ ਸਾਹਿਤਕਾਰਾਂ ਦੇ ਰੇਖਾ ਚਿੱਤਰ ਵੀ ਇਸ ਪੁਸਤਕ ਦਾ ਹਾਸਲ ਹਨ। ਸਮੁੱਚੇ ਕਾਵਿ-ਸੰਗ੍ਰਹਿ ਵਿੱਚ ਕਵੀ ਉਮਰ ਵਡੇਰੀ ਹੋਣ ਦੇ ਬਾਵਜੂਦ ਆਸ਼ਾਵਾਦ ਨੂੰ ਆਪਣੇ ਨਾਲ ਰੱਖ ਰਿਹਾ ਹੈ। ਕਵੀ ਨੂੰ ਮੁਬਾਰਕਬਾਦ ਅਤੇ ਪੁਸਤਕ ਦਾ ਭਰਪੂਰ ਸਵਾਗਤ ਹੈ।

ਡਰੇ ਹੋਏ ਲੋਕ

(ਕਾਵਿ-ਸੰਗ੍ਰਹਿ)
ਕੋਮਲਦੀਪ ਕੌਰ
ਪੰਨੇ-108, ਮੁੱਲ-250 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

'ਡਰੇ ਹੋਏ ਲੋਕ' ਕੋਮਲਦੀਪ ਕੌਰ ਦਾ ਪਲੇਠਾ ਕਾਵਿ ਸੰਗ੍ਰਹਿ ਹੈ ।ਭਾਵੇਂ ਕੋਮਲਦੀਪ ਕਾਫ਼ੀ ਲੰਮੇ ਸਮੇਂ ਤੋਂ ਹਿੰਦੀ ਤੇ ਪੰਜਾਬੀ ਵਿਚ ਕਵਿਤਾ ਲਿਖ ਰਹੀ ਹੈ ਤੇ ਛਪ ਰਹੀ ਹੈ, ਪਰ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਹੋਣ ਦਾ ਨਿਰਣਾ ਉਸ ਨੇ ਬੜੇ ਲੰਮੇ ਸਮੇਂ ਬਾਅਦ ਲਿਆ ਹੈ। ਅੱਜ ਉਹ ਪ੍ਰੋੜ੍ਹ ਕਵਿੱਤਰੀ ਦੇ ਰੂਪ ਵਿੱਚ ਆਪਣਾ ਕਾਵਿ ਸੰਗ੍ਰਹਿ ਲੈ ਕੇ ਪੰਜਾਬੀ ਪਿਆਰਿਆਂ ਦੇ ਸਨਮੁੱਖ ਹੋਈ ਹੈ। ਇਸ ਕਾਵਿ ਸੰਗ੍ਰਹਿ ਵਿੱਚ ਉਸ ਨੇ 61 ਕਵਿਤਾਵਾਂ ਨੂੰ ਸ਼ਾਮਲ ਕੀਤਾ ਹੈ। ਇਨ੍ਹਾਂ ਕਵਿਤਾਵਾਂ ਨੂੰ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਕੋਮਲਦੀਪ ਉਹ ਕਵਿੱਤਰੀ ਹੈ, ਜਿਸ ਨੂੰ ਆਪਣੇ ਭਾਵਾਂ ਨੂੰ ਜ਼ੁਬਾਨ ਦੇਣ ਦਾ ਹੁਨਰ ਆਉਂਦਾ ਹੈ। ਉਸ ਦੇ ਨਿੱਕੇ-ਨਿੱਕੇ ਅਹਿਸਾਸ ਜੀਵਨ ਨਾਲ ਜੁੜੇ ਵੱਡੇ-ਵੱਡੇ ਮਸਲਿਆਂ ਨੂੰ ਵਿਅਕਤ ਕਰਨ ਦੀ ਤਾਕਤ ਰੱਖਦੇ ਹਨ। ਕੋਮਲਦੀਪ ਆਪਣੀ ਕਵਿਤਾ ਵਿੱਚ ਦਿਖਦੇ ਬਾਹਰੀ ਸੰਸਾਰ ਦੇ ਮਸਲਿਆਂ ਦੇ ਨਾਲ-ਨਾਲ ਮਨੁੱਖ ਦੀ ਅੰਦਰੂਨੀ ਖੰਡਿਤ ਅਵਸਥਾ ਨੂੰ ਚਿਤਰਨ ਵਿੱਚ ਵੀ ਕਾਮਯਾਬ ਹੋਈ ਹੈ। ਸ਼ੁਰੂਆਤ ਦੀਆਂ ਕਵਿਤਾਵਾਂ ਵਿੱਚ ਵਲਵਲੇ, ਨਿੱਕੇ-ਨਿੱਕੇ ਅਹਿਸਾਸ ਹਨ, ਜੋ ਉਸ ਦੇ ਨਿੱਜ ਨਾਲ ਸੰਬੰਧਤ ਹਨ, ਪਰ ਸਮੇਂ ਦੇ ਅੰਤਰਾਲ ਨਾਲ ਉਹ ਨਿੱਜ ਤੋਂ ਪਰ ਤੱਕ ਦੇ ਮਸਲਿਆਂ ਨਾਲ ਜੁੜਦੀ ਹੈ। ਜਿਸ ਵਿੱਚ ਮੈਂ, ਤੂੰ ਤੇ ਉਹ ਨਾਲ ਜੁੜਿਆ ਸੰਵਾਦ ਹੈ। ਇਹਨਾਂ ਕਵਿਤਾਵਾਂ ਵਿੱਚ ਮੁਹੱਬਤ ਦਾ ਰੰਗ ਹੈ, ਜੋ ਪਰਤ-ਦਰ-ਪਰਤ ਗੂੜ੍ਹਾ ਹੋਇਆ ਪ੍ਰਤੀਤ ਹੁੰਦਾ ਹੈ। ਇਸ ਮੁਹੱਬਤ ਵਿੱਚ ਆਪਣਿਆਂ ਲਈ ਫ਼ਿਕਰ ਹੈ, ਚਿੰਤਾ ਹੈ, ਚੰਗੇਰ ਭਰੀਆਂ ਆਸ਼ਾਵਾਂ ਦਾ ਨੁੰਮੂਨਾ ਹੈ, ਸਮਰਪਣ ਹੈ, ਸਤਿਕਾਰ ਹੈ, ਜੋ ਮਨੁੱਖ ਨੂੰ ਮਨੁੱਖ ਲਈ ਜੀਣ ਦਾ ਸੰਦੇਸ਼ ਦਿੰਦਾ ਹੈ। ਇਹ ਕਵਿਤਾਵਾਂ ਮਨੁੱਖ ਦੇ ਸੁਪਨਿਆਂ ਦੇ ਟੁੱਟਣ 'ਤੇ ਹੌਂਕਾ ਭਰਦੀਆਂ ਹਨ, ਸੁਪਨਿਆਂ ਦੇ ਸਾਕਾਰ ਹੋਣ ਲਈ ਜ਼ਮੀਨ ਤਿਆਰ ਕਰਦੀਆਂ ਹਨ ਅਤੇ ਗ਼ਲਤੀਆਂ 'ਤੇ ਪਛਤਾਉਣ ਦੀ ਥਾਂ ਗ਼ਲਤੀਆਂ ਤੋਂ ਸਬਕ ਸਿੱਖਣ ਦਾ ਹੌਂਸਲਾ ਦਿੰਦੀਆਂ ਹਨ। ਕੋਮਲਦੀਪ ਦੀਆਂ ਇਹ ਕਵਿਤਾਵਾਂ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨੂੰ ਕਲਾਤਮਿਕ ਨਾਲ ਬਿਆਨ ਤਾਂ ਕਰ ਕਰਦੀਆਂ ਹਨ, ਪਰ ਕੋਮਲਦੀਪ ਇਨ੍ਹਾਂ ਤਲਖ ਹਕੀਕਤਾਂ ਨੂੰ ਤਰਕ ਦੇ ਧਰਾਤਲ 'ਤੇ ਤੁਰਦਿਆਂ ਜੀਵਨ ਲਈ ਜ਼ਰੂਰੀ ਨਿਆਮਤਾਂ ਬਣਾ ਕੇ ਵੀ ਪੇਸ਼ ਕਰਦੀ ਹੈ। ਕਵਿੱਤਰੀ ਆਪਣੀ ਕਵਿਤਾ ਵਿੱਚ ਵਿਅੰਗ ਦੇ ਜ਼ਰੀਏ ਮਰਦ ਪ੍ਰਧਾਨ ਸਮਾਜ ਵਿਰੁੱਧ, ਪਿੱਤਰ ਸੱਤਾ ਵਿਰੁੱਧ, ਰਾਜਨੀਤਿਕ ਵਿਵਸਥਾ ਵਿਰੁੱਧ ਆਪਣਾ ਰੋਹ ਵੀ ਦਰਜ ਕਰਾਉਂਦੀ ਹੈ। ਉਸ ਦੀ ਕਵਿਤਾ ਦੀ ਕਾਵਿਕ ਤਕਨੀਕ ਵਿੱਚ ਨਵਾਂਪਣ ਹੈ, ਜੋ ਉਸ ਨੂੰ ਵਿਲੱਖਣ ਕਵਿਤਰੀਆਂ ਦੀ ਕਤਾਰ ਵਿੱਚ ਸ਼ਾਮਲ ਕਰਦਾ ਹੈ। ਕੋਮਲਦੀਪ ਦਾ ਸਬਰ ਉਸ ਲਈ ਸੁਹਾਵਣਾ ਹੋਵੇ। ਇਹ ਪੁਸਤਕ ਪਾਠਕਾਂ ਦਾ ਭਰਪੂਰ ਪਿਆਰ ਹਾਸਲ ਕਰੇ। ਇਸ ਆਸ ਨਾਲ ਕੋਮਲਦੀਪ ਨੂੰ ਮੁਬਾਰਕਬਾਦ। ਪੁਸਤਕ ਦਾ ਸਵਾਗਤ।

ਇਬਾਦਤਨਾਮਾ

(ਗਜ਼ਲਾਂ ਅਤੇ ਗੀਤ)
ਪਰਮਿੰਦਰ ਸਿੰਘ ਅਜ਼ੀਜ਼
ਪੰਨੇ-79, ਮੁੱਲ-295 ਰੁਪਏ
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

ਪਰਮਿੰਦਰ ਸਿੰਘ ਅਜ਼ੀਜ਼ ਪੰਜਾਬੀ ਸਾਹਿਤ ਖੇਤਰ ਵਿੱਚ ਜਾਣਿਆ-ਪਛਾਣਿਆ ਨਾਂਅ ਹੈ। ਉਸ ਦੇ ਹੁਣ ਤੱਕ ਦੋ ਮੌਲਿਕ ਕਾਵਿ-ਸੰਗ੍ਰਹਿ, ਤਿੰਨ ਸਾਂਝੇ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਇਲਾਵਾ ਉਹ ਅਨੁਵਾਦ ਦੇ ਕਾਰਜ ਨਾਲ ਵੀ ਜੁੜਿਆ ਹੋਇਆ ਹੈ। ਹਾਲਾ ਹੀ ਉਸ ਦਾ ਨਵਾਂ ਗ਼ਜ਼ਲਾਂ ਤੇ ਗੀਤਾਂ ਦਾ ਸੰਗ੍ਰਹਿ 'ਇਬਾਦਤਨਾਮਾ' ਪ੍ਰਕਾਸ਼ਿਤ ਹੋਇਆ ਹੈ। ਇਸ ਸੰਗ੍ਰਹਿ ਵਿੱਚ 52 ਗਜ਼ਲਾਂ ਅਤੇ 12 ਗੀਤ ਸ਼ਾਮਲ ਕੀਤੇ ਗਏ ਹਨ। ਸ਼ਾਇਰ ਨੇ ਇਸ ਸੰਗ੍ਰਹਿ ਵਿੱਚ ਇੱਕ ਨਵਾਂ ਤਜਰਬਾ ਕੀਤਾ ਹੈ। ਉਸ ਨੇ ਆਪਣੀਆਂ ਗਜ਼ਲਾਂ ਤੇ ਗੀਤਾਂ ਨੂੰ ਆਪਣੀ ਆਵਾਜ਼ ਵਿੱਚ ਸਾਂਭਦਿਆਂ, ਆਪਣੀ ਇਹ ਆਵਾਜ਼ ਪਾਠਕਾਂ ਤੱਕ QR ਕੋਡ ਰਾਹੀਂ ਪਹੁੰਚਾਈ ਹੈ। ਪਾਠਕ ਇਸ QR ਕੋਡ ਨੂੰ ਗੂਗਲ 'ਤੇ ਸਰਚ ਕਰਕੇ ਪੜ੍ਹਨ ਦੇ ਨਾਲ-ਨਾਲ ਇਨ੍ਹਾਂ ਰਚਨਾਵਾਂ ਨੂੰ ਸੁਣਨ ਦਾ ਆਨੰਦ ਵੀ ਲੈ ਸਕਦੇ ਹਨ।



ਇਨ੍ਹਾਂ ਗ਼ਜ਼ਲਾਂ ਵਿੱਚ ਮੁਹੱਬਤ ਦੀ ਡੂੰਘੀ ਟੁਣਕਾਰ ਟੁਣਕ ਰਹੀ ਹੈ। ਮੁਹੱਬਤ ਲਈ ਆਪਣੇ-ਆਪ ਨੂੰ ਸਮਰਪਿਤ ਕਰਨ ਦਾ ਭਾਵ ਪਲ ਰਿਹਾ ਹੈ। ਇਹ ਗਜ਼ਲਾਂ ਜਿੱਥੇ ਤਨਹਾਈ ਦੀ ਬਾਤ ਪਾਉਂਦੀਆਂ ਹਨ, ਉੱਥੇ ਇਨ੍ਹਾਂ ਗ਼ਜ਼ਲਾਂ ਵਿੱਚ ਤਨਹਾਈ ਪ੍ਰਤੀ ਸ਼ੁਕਰਾਨਾ ਵੀ ਹੈ, ਕਿਉਂਕਿ ਇਸ ਤਨਹਾਈ ਤੋਂ ਬਾਅਦ ਜੋ ਆਪਣਿਆਂ ਨੂੰ ਮਿਲਣ ਦਾ ਆਨੰਦ ਹੈ। ਸ਼ਾਇਰ ਇਸ ਆਨੰਦ ਵਿੱਚੋਂ ਹੀ ਜਿਉਣ ਦੀ ਚਾਹਤ ਨੂੰ ਜ਼ਮਾਨੇ ਅੰਦਰ ਖੇੜੇ ਲੱਭਣ ਦਾ ਦਸਤੂਰ ਬਣਾਉਣਾ ਲੋਚਦਾ ਹੈ। ਇਨ੍ਹਾਂ ਗ਼ਜ਼ਲਾਂ ਵਿੱਚ ਰੱਬ ਦੀਆਂ ਦਿੱਤੀਆਂ ਦਾਤਾਂ ਪ੍ਰਤੀ ਸ਼ੁਕਰਾਨਾ ਹੈ। ਇਹ ਸ਼ਾਇਰੀ ਵਿੱਚ ਮਲੂਕ ਜਿਹੇ ਚਾਅ ਹਨ। ਸੁਪਨਿਆਂ ਦੇ ਅੰਬਾਰ ਹਨ ।ਪਿਆਰੇ ਨਾਲ ਰਲ-ਮਿਲ ਜੀਣ ਦੀ ਤਾਂਘ ਪਲਦੀ ਨਜ਼ਰ ਆਉਂਦੀ ਹੈ।ਇਸ ਤਾਂਘ ਵਿੱਚ ਸਮਰਪਣ, ਆਸਥਾ ਅਤੇ ਵਿਸ਼ਵਾਸ ਰਲਿਆ ਹੋਇਆ ਹੈ। ਸਮੁੱਚੀਆਂ ਗ਼ਜ਼ਲਾਂ ਮੁਹੱਬਤੀ ਬੋਲਾਂ ਨਾਲ ਲਬਰੇਜ਼ ਹਨ। ਇਸ ਮੁਹੱਬਤ ਵਿੱਚ ਰੋਸੇ ਹਨ, ਉਮੀਦਾਂ ਹਨ, ਸ਼ਿਕਵੇ ਹਨ, ਮਲਾਲ ਹੈ, ਨਿਹੋਰੇ ਹਨ ਅਤੇ ਆਪਣਿਆਂ ਤੋਂ ਆਪਾ ਨਿਛਾਵਰ ਕਰਨ ਦਾ ਖ਼ੂਬਸੂਰਤ ਖ਼ਿਆਲ ਰਲਿਆ ਨਜ਼ਰ ਆਉਂਦਾ ਹੈ।

ਇਸ ਸੰਗ੍ਰਹਿ ਵਿੱਚ ਸ਼ਾਮਲ 12 ਗੀਤਾਂ ਨੂੰ ਸ਼ਾਇਰ ਨੇ ਸਾਲ ਦੇ 12 ਮਹੀਨਿਆਂ ਵਿੱਚ ਬਦਲਦੇ ਕੁਦਰਤੀ ਮੌਸਮਾਂ ਤੇ ਰੁੱਤਾਂ ਨੂੰ ਮਨੁੱਖੀ ਮਨ ਦੇ ਅੰਦਰਲੀਆਂ ਰੁੱਤਾਂ ਦੇ ਨਾਲ ਤੁਲਨਾਉਣ ਦਾ ਯਤਨ ਕਰਦਾ ਹੈ। ਇਨ੍ਹਾਂ ਗੀਤਾਂ ਵਿੱਚ ਮਨੁੱਖੀ ਮਨ ਅੰਦਰਲੇ ਸੋਕੇ, ਬਹਾਰ ਅਤੇ ਪੱਤਝੜ ਦਾ ਜ਼ਿਕਰ ਆਉਂਦਾ ਹੈ। ਪੱਤਝੜ ਤੋਂ ਬਾਅਦ ਆਉਂਦੀ ਬਹਾਰ ਦੇ ਹੁਲਾਸ ਨੂੰ ਸ਼ਾਇਰ ਨੇ ਇਨ੍ਹਾਂ ਗੀਤਾਂ ਰਾਹੀਂ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ ।ਤਕਨੀਕੀ ਬਹਿਰ, ਵਜ਼ਨ ਪੱਖੋਂ ਮੁਕੰਮਲਤਾ ਦੇ ਨੇੜੇ ਹੋਈ ਗੀਤਕਾਰੀ ਅਤੇ ਗ਼ਜ਼ਲਕਾਰੀ ਸ਼ਾਇਰ ਨੂੰ ਪ੍ਰਬੰਧ ਹੋਣ ਦਾ ਮਾਣ ਦਿੰਦੀ ਹੈ। ਖ਼ੂਬਸੂਰਤ ਗ਼ਜ਼ਲਾਂ ਅਤੇ ਗੀਤਾਂ ਦੇ ਸੰਗ੍ਰਹਿ ਲਈ ਪਰਮਿੰਦਰ ਸਿੰਘ ਅਜ਼ੀਜ਼ ਨੂੰ ਮੁਬਾਰਕਬਾਦ ਤੇ ਪੁਸਤਕ ਦਾ ਭਰਪੂਰ ਸਵਾਗਤ ਹੈ।

ਗੁਆਚੀ ਧਰਤ

(ਕਾਵਿ-ਸੰਗ੍ਰਹਿ)
ਕੁਲਦੀਪ ਸਿੰਘ ਦੀਪ
ਪੰਨੇ-124, ਮੁੱਲ-275 ਰੁਪਏ
ਸਾਦਿਕ ਪਬਲੀਕੇਸ਼ਨ, ਬਠਿੰਡਾ (ਪੰਜਾਬ)

ਕੁਲਦੀਪ ਸਿੰਘ ਦੀਪ ਉੱਭਰਦਾ ਨੌਜਵਾਨ ਕਵੀ ਹੈ। ਉਸ ਦੁਆਰਾ ਸੰਪਾਦਿਤ ਚਾਰ ਪੁਸਤਕਾਂ ਅੱਖਰਾਂ ਦੀ ਗੋਦ, ਪੰਜ ਆਬ, ਸ਼ਬਦ ਜਿਨ੍ਹਾਂ ਦੇ ਅੰਦਰ ਵਸਦੇ ਅਤੇ ਸ਼ਬਦ ਸਾਗਰ ਪ੍ਰਕਾਸ਼ਿਤ ਹੋ ਚੁੱਕੇ ਹਨ। ਹਾਲ ਹੀ 'ਚ ਉਸ ਦਾ ਨਵਾਂ ਕਾਵਿ-ਸੰਗ੍ਰਹਿ 'ਗੁਆਚੀ ਧਰਤ' ਪ੍ਰਕਾਸ਼ਿਤ ਹੋਇਆ ਹੈ । ਇਸ ਕਾਵਿ-ਸੰਗ੍ਰਹਿ ਵਿੱਚ ਲੱਗਭੱਗ ਬਾਹਟ ਕਵਿਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ ਬੜੇ ਹੀ ਸੂਖ਼ਮ ਅਹਿਸਾਸਾਂ ਨੂੰ ਪੇਸ਼ ਕੀਤਾ ਹੈ। ਕਵਿਤਾਵਾਂ ਦੇ ਭਾਵੁਕ ਬੋਲ ਪਾਠਕ ਨੂੰ ਨਾਲ ਹੀ ਨਹੀਂ ਤੋਰਦੇ, ਸਗੋਂ ਸੋਚਣ ਲਈ ਵੀ ਮਜਬੂਰ ਕਰਦੇ ਹਨ। ਇਨ੍ਹਾਂ ਕਵਿਤਾਵਾਂ ਵਿੱਚ ਉਹ ਮਾਨਵੀ ਸਰੋਕਾਰਾਂ ਦੇ ਨਾਲ-ਨਾਲ ਸਮਾਜੀ ਸਰੋਕਾਰਾਂ ਨੂੰ ਵੀ ਆਪਣੀ ਰਚਨਾ ਦਾ ਵਸਤੂ ਬਣਾਉਂਦਾ ਹੈ ਅਤੇ ਪੰਜਾਬ ਦੀ ਸਮਾਜਿਕ ਵਿਵਸਥਾ ਸੰਬੰਧੀ ਬਹੁਤ ਸਾਰੇ ਸਵਾਲ ਵੀ ਖੜੇ ਕਰਦਾ ਹੈ। ਪੰਜਾਬ ਅਤੇ ਪੰਜਾਬੀਅਤ ਨੂੰ ਮੋਹ ਕਰਨ ਵਾਲਾ ਇਹ ਸ਼ਾਇਰ ਪੰਜਾਬੀ ਸਮਾਜ, ਸੱਭਿਆਚਾਰ ਅਤੇ ਵਾਤਾਵਰਣ ਵਿੱਚ ਆਏ ਵਿਗਾੜ ਨੂੰ ਆਪਣੀਆਂ ਰਚਨਾਵਾਂ ਰਾਹੀਂ ਪੇਸ਼ ਕਰਦਾ ਹੈ। ਮਾਂ ਬੋਲੀ ਪੰਜਾਬੀ ਬਾਰੇ ਇਸ ਪੁਸਤਕ ਵਿੱਚ ਬਹੁਤ ਸਾਰੀਆਂ ਕਵਿਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਕਵਿਤਾਵਾਂ ਵਿੱਚ ਪੰਜਾਬੀ ਬੋਲੀ ਪ੍ਰਤੀ ਅਥਾਹ ਪਿਆਰ ਹੈ, ਤੜਫ ਹੈ। ਤਿੜਕ ਰਹੇ ਰਿਸ਼ਤੇ ਉਸ ਨੂੰ ਅੰਦਰੋਂ ਝੰਜੋੜਦੇ ਹਨ। 1947 ਦੀ ਵੰਡ ਦੇ ਦੁਖਾਂਤ ਦਾ ਅਸਰ ਇਨ੍ਹਾਂ ਕਵਿਤਾਵਾਂ ਵਿੱਚ ਸਹਿਜੇ ਦੇਖਿਆ ਜਾ ਸਕਦਾ ਹੈ।

ਇਨ੍ਹਾਂ ਕਵਿਤਾਵਾਂ ਵਿੱਚ ਕਵੀ ਨਿੱਜ ਤੋਂ ਪਰ ਤੱਕ ਦੀ ਯਾਤਰਾ ਕਰਦਾ ਹੈ।ਆਪਣੇ ਦੁੱਖਾਂ ਨਾਲੋਂ ਉਹ ਸਮਾਜ ਦੇ ਦੁੱਖਾਂ ਨੂੰ ਵਧੇਰੇ ਵੱਡਾ ਮੰਨਦਾ ਹੈ।ਕਵੀ ਕਲਮ ਦੀ ਤਾਕਤ ਨੂੰ ਪਛਾਣਦਾ ਹੈ। ਕਲਮ ਅੰਦਰਲੀ ਬਗ਼ਾਵਤ ਉਸ ਦੇ ਖਿਆਲਾਂ ਨੂੰ ਟੁੰਭਦੀ ਹੈ। ਇਸੇ ਲਈ ਪੰਜਾਬ ਸਿਰ ਚੜ੍ਹਦੇ ਨਿੱਤ ਦੇ ਕਰਜ਼ੇ ਬਾਰੇ ਉਹ ਸਿੱਧਾ ਤੇ ਸਪੱਸ਼ਟ ਲਿਖਦਾ ਹੈ। ਉਹ ਪੰਜਾਬ ਦੀ ਸੋਹਣੀ ਅਤੇ ਸੁਚੱਜੀ ਭਵਿੱਖੀ ਤਸਵੀਰ ਨੂੰ ਗੁਰਬਾਣੀ ਨੂੰ ਪੜ੍ਹਨ ਅਤੇ ਅਮਲ ਕਰਨ ਵਿੱਚੋਂ ਦੇਖਦਾ ਹੈ। ਨਸ਼ਿਆਂ ਦਾ ਪ੍ਰਚਲਨ, ਪਾਣੀਆਂ ਦੇ ਡੂੰਘੇ ਧਰਤੀ ਹੇਠ ਚਲੇ ਜਾਣ, ਪਾਣੀਆਂ ਦੇ ਪ੍ਰਦੂਸ਼ਿਤ ਹੋਣ, ਪੰਜਾਬ ਅੰਦਰ ਵਧ ਰਹੀ ਬੇਰੁਜ਼ਗਾਰੀ, ਵਾਤਾਵਰਨ ਦਾ ਵਿਗਾੜ, ਪੰਜਾਬ ਦੀ ਧਰਤੀ ਨੂੰ ਛੱਡ ਕੇ ਵਿਦੇਸ਼ਾਂ ਵੱਲ ਦਾ ਰੁਝਾਨ, ਨਿਆਂ ਪ੍ਰਣਾਲੀ ਵੱਲੋਂ ਨਿਆਂ ਨਾ ਕਰ ਸਕਣਾ, ਇਕੱਲਤਾ, ਜ਼ਿੰਦਗੀ, ਔਰਤ ਦੀ ਜ਼ਿੰਦਗੀ ਦੇ ਮਸਲਿਆਂ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਸ਼ੇ ਇਸ ਕਵਿਤਾ ਦਾ ਹਾਸਲ ਹਨ। ਕਵਿਤਾ ਭਾਵੇਂ ਸਰਲ ਤੇ ਸਪੱਸ਼ਟ ਨਜ਼ਰ ਆਉਂਦੀ ਹੈ, ਪਰ ਇਨ੍ਹਾਂ ਕਵਿਤਾਵਾਂ ਦੀਆਂ ਪਰਤਾਂ ਬੜੀਆਂ ਡੂੰਘੀਆਂ ਹਨ। ਕਵੀ ਵੱਲੋਂ ਵਰਤੇ ਨਿੱਕੇ-ਨਿੱਕੇ ਬਿੰਬ, ਪ੍ਰਤੀਕ, ਠੇਠ ਸ਼ਬਦਾਵਲੀ ਇਨ੍ਹਾਂ ਰਚਨਾਵਾਂ ਨੂੰ ਹੋਰ ਵੀ ਰੌਚਿਕ ਬਣਾਉਂਦੇ ਹਨ। ਖ਼ੂਬਸੂਰਤ ਕਾਵਿ ਸਿਰਜਣਾ ਲਈ ਕੁਲਦੀਪ ਸਿੰਘ ਦੀਪ ਵਧਾਈ ਦਾ ਹੱਕਦਾਰ ਹੈ।'ਗੁਆਚੀ ਧਰਤ' ਕਾਵਿ-ਸੰਗ੍ਰਹਿ ਦਾ ਭਰਪੂਰ ਸਵਾਗਤ ਹੈ।

ਸਿਆਣੇ ਕਹਿੰਦੇ ਨੇ-3

(ਵਿਚਾਰ-ਸੰਗ੍ਰਹਿ)
ਜਰਨੈਲ ਸਿੰਘ (ਸੰਪਾਦਕ)
ਪੰਨੇ-80, ਮੁੱਲ-225 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਜਰਨੈਲ ਸਿੰਘ ਨੇ ਅਦਾਕਾਰੀ ਦੇ ਖ਼ੇਤਰ ਵਿੱਚ ਚੰਗਾ ਨਾਮਣਾ ਖੱਟਿਆ ਹੈ। ਸੰਵੇਦਨਾ ਅਦਾਕਾਰੀ ਨੂੰ ਹੋਰ ਪ੍ਰਪੱਕ ਬਣਾਉਂਦੀ ਹੈ। ਸੰਵੇਦਨਾ ਜਿੱਥੇ ਭਾਵਾਂ ਨੂੰ ਪ੍ਰਗਟਾਉਣ ਲਈ ਜ਼ਮੀਨ ਤਿਆਰ ਕਰਦੀ ਹੈ, ਉੱਥੇ ਚੁਫ਼ੇਰੇ ਬਿਖਰੇ ਅਤੇ ਕੰਨਾਂ ਦੁਆਰਾ ਸੁਣੇ ਬੋਲਾਂ ਨੂੰ ਸਾਂਭਣ ਦਾ ਜ਼ਰੀਆ ਵੀ ਬਣਦੀ ਹੈ। ਜਰਨੈਲ ਸਿੰਘ ਨੇ ਇੱਕ ਅਜਿਹਾ ਹੀ ਕਾਰਜ ਆਪਣੇ ਹਿੱਸੇ ਲਿਆ ਹੈ। ਉਸ ਨੇ 'ਸਿਆਣੇ ਕਹਿੰਦੇ' ਸਿਰਲੇਖ ਹੇਠ ਪਹਿਲਾਂ ਦੋ ਪੁਸਤਕਾਂ ਸੰਪਾਦਿਤ ਕੀਤੀਆਂ ਹਨ। ਹੁਣ ਇਸੇ ਸਿਰਲੇਖ ਹੇਠ 'ਸਿਆਣੇ ਕਹਿੰਦੇ ਨੇ-3' ਪੁਸਤਕ ਸੰਪਾਦਿਤ ਕੀਤੀ ਹੈ। ਭਾਵੇਂ ਇਹ ਪੁਸਤਕ ਨੂੰ ਵਿਚਾਰ ਸੰਗ੍ਰਹਿਾਂ ਵਾਲੀਆਂ ਪੁਸਤਕਾਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਵਿਚਾਰ ਵਿਅਕਤੀਗਤ ਵੀ ਹੋ ਸਕਦੇ ਹਨ। ਇੱਥੇ ਇਨ੍ਹਾਂ ਨੂੰ 'ਸਿਆਣੇ ਕਹਿੰਦੇ ਨੇ' ਸਿਰਲੇਖ ਹੇਠ ਪੇਸ਼ ਕੀਤਾ ਗਿਆ ਹੈ। ਸਿਆਣੇ ਤੋਂ ਭਾਵ ਵੱਡੇ-ਵਡੇਰੇ, ਵੱਡੇ-ਵਡੇਰੇ 'ਲੋਕ' ਵਿੱਚ ਹੀ ਸ਼ਾਮਲ ਹੋ ਜਾਂਦੇ ਹਨ।ਇਸ ਲਈ ਇਹ ਸੰਗ੍ਰਹਿ ਲੋਕ ਸੱਚਾਈਆਂ ਦੇ ਵਧੇਰੇ ਨੇੜੇ ਜਾਪਦਾ ਹੈ। ਇਹ ਪੁਸਤਕ ਵਿੱਚ 63 ਦੇ ਕਰੀਬ 'ਸਿਆਣੇ ਕਹਿੰਦੇ' ਸਿਰਲੇਖ ਹੇਠ ਵਿਚਾਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਸਧਾਰਨ ਦ੍ਰਿਸ਼ਟੀ ਵਿੱਚ ਇਹ ਆਮ ਸਤਰਾਂ ਹਨ, ਪਰ ਜੇ ਇਨ੍ਹਾਂ ਨੂੰ ਗਹਿਰਾਈ ਨਾਲ ਪੜ੍ਹਿਆ ਜਾਵੇ ਤਾਂ ਇਹ ਸਤਰਾਂ ਵਿਸ਼ੇਸ਼ ਅਰਥਾਂ ਦੀਆਂ ਧਾਰਨੀ ਹੋ ਜਾਂਦੀਆਂ ਹਨ। ਇਨ੍ਹਾਂ ਸਤਰਾਂ ਵਿੱਚ ਲੋਕ ਸਮੱਗਰੀ ਦੀ ਵੰਨਗੀ 'ਲੋਕ ਸੱਚਾਈਆਂ' ਦਾ ਸਰੂਪ ਨਜ਼ਰ ਆਉਂਦਾ ਹੈ। ਇਹ ਦੋ-ਦੋ, ਚਾਰ-ਚਾਰ, ਛੇ-ਛੇ ਸਤਰਾਂ ਦੇ ਵਿਚਾਰ ਆਪਣੇ ਅੰਦਰ ਲੋਕ ਸੱਚ ਦਾ ਬੜਾ ਵੱਡਾ ਖਜ਼ਾਨਾ ਸਾਂਭੀ ਬੈਠੇ ਹਨ। ਇਨ੍ਹਾਂ ਸਤਰਾਂ ਵਿੱਚ ਲੋਕ ਜੀਵਨ-ਜਾਚ ਦਾ ਵੱਡਾ ਫ਼ਲਸਫ਼ਾ ਹੈ, ਖ਼ਾਸ ਕਰਕੇ ਪੰਜਾਬ ਦੇ ਜਨ ਜੀਵਨ ਦੇ ਸੰਦਰਭ ਵਿੱਚ। ਜਰਨੈਲ ਸਿੰਘ ਦੁਆਰਾ ਸੰਪਾਦਿਤ ਇਹ ਪੁਸਤਕ ਪਾਠਕ ਮਨਾਂ ਅੰਦਰ ਜੀਵਨ ਜਿਉਣ ਦੀ ਸਮਝ ਤਾਂ ਪੈਦਾ ਕਰੇਗੀ ਹੀ, ਨਾਲ ਹੀ ਲੋਕ ਜੀਵਨ ਵਿੱਚ ਨੈਤਿਕਤਾ ਦਾ ਪ੍ਰਚਲਨ ਵੀ ਕਰੇਗੀ। ਜਰਨੈਲ ਸਿੰਘ ਨੂੰ ਇਸ ਪੁਸਤਕ ਲਈ ਬਹੁਤ-ਬਹੁਤ ਮੁਬਾਰਕਬਾਦ ਅਤੇ ਪੁਸਤਕ ਦਾ ਭਰਪੂਰ ਸਵਾਗਤ ਹੈ।

ਆਹਾਂ ਦੀ ਅੱਗ

(ਕਾਵਿ-ਸੰਗ੍ਰਹਿ)
ਮਨਜੀਤ ਕੌਰ ਅੰਬਾਲਵੀ
ਪੰਨੇ-131, ਮੁੱਲ-250 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਮਨਜੀਤ ਕੌਰ ਅੰਬਾਲਵੀ ਸ਼ਬਦਾਂ ਦੀ ਨਿਰੰਤਰ ਵਹਿੰਦੀ ਨਦੀ ਹੈ। ਜਿਸ ਦੇ ਅੰਦਰ ਲਗਾਤਾਰਤਾ ਦਾ ਵੇਗ ਠਾਠਾਂ ਮਾਰ ਰਿਹਾ ਹੈ। ਹੁਣ ਤੱਕ ਉਸ ਦੇ ਕਵਿਤਾ, ਬਾਲ ਕਵਿਤਾ, ਬਾਲ ਕਹਾਣੀਆਂ ਦੇ ਤੇਰਾਂ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਨਵਾਂ ਕਾਵਿ-ਸੰਗ੍ਰਹਿ 'ਆਹਾਂ ਦੀ ਅੱਗ' ਉਸ ਦਾ ਚੌਧਵਾਂ ਕਾਵਿ-ਸੰਗ੍ਰਹਿ ਹੈ। ਇਸ ਸੰਗ੍ਰਹਿ ਵਿੱਚ ਉਸ ਨੇ 58 ਦੇ ਕਰੀਬ ਕਵਿਤਾਵਾਂ, ਕੁਝ ਗਜ਼ਲਾਂ ਤੇ ਗੀਤਾਂ ਨੂੰ ਸ਼ਾਮਲ ਕੀਤਾ ਹੈ। ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਔਰਤ ਚੇਤਨਾ ਨਾਲ ਸੰਬੰਧਤ ਹਨ। ਔਰਤ ਜੀਵਨ ਦੇ ਵਿਭਿੰਨ ਮਸਲੇ ਇਨ੍ਹਾਂ ਕਵਿਤਾਵਾਂ ਦਾ ਹਾਸਲ ਬਣੇ ਹਨ। ਇਹ ਕਵਿਤਾਵਾਂ ਪਰਵਾਰ, ਸਮਾਜ ਤੇ ਦੇਸ਼ ਵਿੱਚ ਔਰਤ ਦੀ ਹੋਂਦ ਲਈ ਸਪੇਸ ਦੀ ਮੰਗ ਹੀ ਨਹੀਂ ਕਰਦੀਆਂ, ਸਗੋਂ ਔਰਤ ਦੀ ਹੋਂਦ ਦਾ ਪਰਵਾਰ, ਸਮਾਜ ਤੇ ਦੇਸ਼ ਕਲਿਆਣ ਲਈ ਲਾਜ਼ਮ ਹੋਣਾ ਦਰਸਾਉਂਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿੱਚ ਔਰਤ ਦੇ ਜੀਵਨ ਦੀ ਸਦੀਆਂ ਲੰਮੇਰੀ ਦਾਸਤਾਨ, ਔਰਤ ਦਾ ਸੰਘਰਸ਼ ਅਤੇ ਔਰਤ ਵੱਲੋਂ ਪ੍ਰਾਪਤ ਕੀਤੀਆਂ ਪ੍ਰਾਪਤੀਆਂ ਦਾ ਗੌਰਵਮਈ ਮਾਣ ਹੈ। ਕਵਿੱਤਰੀ ਦਾ ਉਦੇਸ਼ ਔਰਤ ਵੇਦਨਾ ਦਾ ਪ੍ਰਗਟਾਵਾ ਨਹੀਂ, ਸਗੋਂ ਵੇਦਨਾ ਨੂੰ ਸੰਘਰਸ਼ ਦਾ ਲਿਬਾਸ ਪਹਿਨਾ ਔਰਤ ਨੂੰ ਦਰਪੇਸ਼ ਚੁਣੌਤੀਆਂ ਦਾ ਡਟ ਕੇ ਮੁਕਾਬਲਾ ਕਰਨ ਲਈ ਪ੍ਰੇਰਿਤ ਕਰਨਾ ਹੈ। ਕਵਿੱਤਰੀ ਆਪਣੀਆਂ ਕਵਿਤਾਵਾਂ ਵਿੱਚੋਂ ਔਰਤ ਨੂੰ ਗਿਆਨ ਪ੍ਰਾਪਤੀ ਰਾਹੀਂ ਆਪਣੀ ਚੇਤਨਾ ਨੂੰ ਜਗਾਉਣ ਲਈ ਹੰਭਲਾ ਮਾਰਦੀ ਨਜ਼ਰ ਆ ਰਹੀ ਹੈ। ਉਹ ਜਾਣਦੀ ਹੈ ਕਿ ਅਗਿਆਨਤਾ ਔਰਤ ਨੂੰ ਆਪਣੀ ਹੋਂਦ ਨੂੰ ਪਛਾਨਣ ਤੋਂ ਰੋਕਦੀ ਹੈ। ਗਿਆਨ ਹੀ ਹੈ, ਜੋ ਔਰਤ ਦੀਆਂ ਮਨ ਵਿੱਚ ਦੱਬੀਆਂ ਹਸਰਤਾਂ ਨੂੰ ਪੂਰਾ ਕਰ ਸਕਦਾ ਹੈ। ਬਰਾਬਰ ਹੋਣ ਦਾ ਮਾਣ ਦਿਵਾ ਸਕਦਾ ਹੈ। ਔਰਤ ਦੇ ਆਪੇ ਨੂੰ ਉਸ ਦੀ ਢਾਲ ਬਣਾ ਸਕਦਾ ਹੈ। ਔਰਤ ਚੇਤਨਾ ਤੋਂ ਇਲਾਵਾ ਬਹੁਤ ਸਾਰੇ ਔਰਤ ਦੇ ਜੀਵਨ ਨਾਲ ਜੁੜੇ ਸਵਾਲ ਵੀ ਹਨ, ਜਿਨ੍ਹਾਂ ਦਾ ਉੱਤਰ ਉਹ ਇਕੱਲੇ ਆਪਣੇ ਵਿਰੋਧੀ ਜੁੱਟ ਤੋਂ ਨਹੀਂ, ਸਗੋਂ ਸਥਾਪਤ ਸਮੁੱਚੇ ਪ੍ਰਬੰਧ ਤੋਂ ਮੰਗ ਰਹੀ ਹੈ। ਔਰਤ ਦੇ ਜੀਵਨ ਨਾਲ ਜੁੜੇ ਸਥਾਨਕ ਮਸਲਿਆਂ ਦੇ ਨਾਲ-ਨਾਲ ਉਹ ਔਰਤ ਨਾਲ ਜੁੜੇ ਰਾਸ਼ਟਰੀ ਪੱਧਰ ਦੇ ਮਸਲਿਆਂ ਨੂੰ ਵੀ ਆਪਣੀਆਂ ਕਵਿਤਾਵਾਂ ਦੇ ਵਿਸ਼ੇ ਬਣਾਉਂਦੀ ਹੈ। ਔਰਤ ਚੇਤਨਾ ਤੋਂ ਇਲਾਵਾ ਇਨ੍ਹਾਂ ਕਵਿਤਾਵਾਂ ਵਿੱਚ ਕਿਸਾਨੀ ਪ੍ਰਤੀ ਫ਼ਿਕਰ ਹੈ। ਮਾਂ ਬੋਲੀ ਲਈ ਅੰਤਾਂ ਦਾ ਮੋਹ ਹੈ। ਇਹ ਕਵਿਤਾਵਾਂ ਔਰਤ ਦੇ ਚਿੰਤਨ ਨੂੰ ਹੋਰ ਪ੍ਰਚੰਡ ਕਰਨਗੀਆਂ, ਇਸ ਉਮੀਦ ਨਾਲ ਪੁਸਤਕ ਦਾ ਭਰਪੂਰ ਸਵਾਗਤ ਹੈ।

ਭਾਵਨਾਵਾਂ ਦਾ ਸਾਗਰ

(ਕਾਵਿ-ਸੰਗ੍ਰਹਿ)
ਪਰਮਿੰਦਰ ਕੌਰ ਸੈਲੋਨ
ਚੇਤਨਾ ਪ੍ਰਕਾਸ਼ਨ, ਲੁਧਿਆਣਾ
ਪੰਨੇ-157, ਮੁੱਲ-350 ਰੁਪਏ

'ਭਾਵਨਾਵਾਂ ਦਾ ਸਾਗਰ' ਪਰਮਿੰਦਰ ਕੌਰ ਸੈਲੋਨ ਦਾ ਪਲੇਠਾ ਕਾਵਿ-ਸੰਗ੍ਰਹਿ ਹੈ। ਇਸ ਕਾਵਿ-ਸੰਗ੍ਰਹਿ ਵਿੱਚ ਉਸ ਨੇ ਲੱਗਭੱਗ 118 ਕਵਿਤਾਵਾਂ ਨੂੰ ਸ਼ਾਮਲ ਕੀਤਾ ਹੈ। ਉਸ ਦਾ ਇਹ ਕਾਵਿ-ਸੰਗ੍ਰਹਿ ਕਵਿਤਾ ਵਰਗੀ ਸੰਜੀਦਾ ਵਿਧਾ ਵੱਲ ਤੁਰਨ ਲਈ ਪਹਿਲਾ ਕਦਮ ਹੈ। ਪਹਿਲੀਆਂ 25 ਦੇ ਕਰੀਬ ਕਵਿਤਾਵਾਂ ਕਵਿੱਤਰੀ ਵੱਲੋਂ ਆਪਣੇ ਦੁਨੀਆ ਤੋਂ ਰੁਖ਼ਸਤ ਹੋ ਗਏ ਪਿਤਾ ਅਤੇ ਭਰਾ ਦੀ ਯਾਦ ਨੂੰ ਸਮਰਪਿਤ ਹਨ। ਇਨ੍ਹਾਂ ਕਵਿਤਾਵਾਂ ਵਿੱਚ ਆਪਣਿਆਂ ਦੇ ਵਿਛੜਨ ਦਾ ਦਰਦ ਹੈ, ਖਾਲੀਪਣ ਨੂੰ ਭਰਨ ਲਈ ਕਵਿਤਾਵਾਂ ਲਿਖਣ ਦੀ ਚਾਰਾਜੋਈ ਹੈ। ਇਹਨਾਂ ਤੋਂ ਬਾਅਦ ਦੀਆਂ ਕਵਿਤਾਵਾਂ ਵਹਿਮ, ਖ਼ੁਸ਼ੀ, ਬੱਚਤ, ਵਕਤ, ਮਨ ਦੀ ਖ਼ੁਸ਼ੀ, ਚੰਗੀ ਸੰਗਤ, ਚੰਗੇ ਦੋਸਤ, ਚੁੱਪ, ਮੁਸਕੁਰਾਹਟ, ਅਰਦਾਸ, ਕੋਸ਼ਿਸ਼, ਨਕਾਬ, ਜੱਦੋ-ਜਹਿਦ, ਡਿਪਰੈਸ਼ਨ, ਹੋਣੀ, ਹਿੰਮਤ, ਆਸ਼, ਅਟੱਲ ਫ਼ੈਸਲੇ ਅਤੇ ਭਰੋਸਾ ਇਕਹਿਰੇ ਵਿਸ਼ਿਆਂ ਨਾਲ ਸੰਬੰਧਤ ਹਨ। ਇਨ੍ਹਾਂ ਕਵਿਤਾਵਾਂ ਵਿੱਚ ਜੀਵਨ ਜਿਉਣ ਦਾ ਸਲੀਕਾ ਹੈ। ਆਪਣੇ-ਆਪ ਨੂੰ ਅੱਗੇ ਵਧਾਉਣ ਲਈ ਹੌਂਸਲਾ ਹੈ। ਆਸ਼ਾਵਾਦ ਦਾ ਸੁਨੇਹਾ ਹੈ।

ਮਾਨਵੀ ਰਿਸ਼ਤਿਆਂ ਦੇ ਫਿੱਕੇ ਪੈ ਜਾਣ ਦਾ ਝੋਰਾ ਹੈ। ਕਵਿੱਤਰੀ ਉਹਨਾਂ ਲੋਕਾਂ ਨੂੰ ਆਪਣੀ ਕਵਿਤਾ ਦੇ ਜ਼ਰੀਏ ਨਹੋਰਾ ਮਾਰਦੀ ਹੈ, ਜੋ ਪ੍ਰਵਾਸ ਦੀ ਦੁਨੀਆ ਵਿੱਚ ਆਪਣੇ-ਆਪ ਨੂੰ ਗੁਆ ਚੁੱਕੇ ਹਨ ਅਤੇ ਉਨ੍ਹਾਂ ਦੇ ਮਾਪੇ ਪੰਜਾਬ ਵਿਚ ਰੁਲ ਰਹੇ ਹਨ। ਅਜੋਕੇ ਮਨੁੱਖ ਦੀ ਖੰਡਿਤ ਮਨੋ ਦਸ਼ਾ ਦਾ ਵਰਣਨ ਇਨ੍ਹਾਂ ਕਵਿਤਾਵਾਂ ਦਾ ਹਾਸਲ ਬਣਿਆ ਹੈ। ਮਨੁੱਖ ਬਨਾਵਟੀ ਜ਼ਿੰਦਗੀ ਜਿਉਂਦਾ ਹੋਇਆ, ਆਪਣੇ ਸੁਭਾਅ ਵਿੱਚੋਂ ਸਹਿਜਤਾ ਨੂੰ ਗੁਆ ਚੁੱਕਾ ਹੈ। ਕਵਿੱਤਰੀ ਇਹਨਾਂ ਕਵਿਤਾਵਾਂ ਵਿੱਚ ਗੁਆਚੀ ਸਹਿਜਤਾ ਦੀ ਤਲਾਸ਼ ਵਿੱਚ ਹੈ। ਆਪਣੀ ਸ਼ਬਦ ਸਿਰਜਣਾ ਰਾਹੀਂ ਉਹ ਪੀੜਤ ਹਿਰਦਿਆਂ ਨੂੰ ਸਕੂਨ ਦੇਣਾ ਲੋਚਦੀ ਹੈ। ਮਾੜੇ ਹਾਲਾਤ ਤੋਂ ਸਬਕ ਸਿੱਖਣ ਦੀ ਪ੍ਰੇਰਨਾ, ਕਵਿੱਤਰੀ ਦੀ ਕਾਵਿਕ ਉਡਾਰੀ ਨੂੰ ਬਲ ਦੇ ਰਹੀ ਹੈ। ਇਨ੍ਹਾਂ ਕਵਿਤਾਵਾਂ ਜ਼ਰੀਏ ਉਹ ਮੁਸੀਬਤਾਂ ਤੋਂ ਭੱਜਣ ਲਈ ਨਹੀਂ, ਸਗੋਂ ਮੁਸੀਬਤਾਂ ਦਾ ਡਟ ਕੇ ਮੁਕਾਬਲਾ ਕਰਨ ਲਈ ਮਨੁੱਖ ਨੂੰ ਪ੍ਰੇਰਦੀ ਹੈ ਅਤੇ ਜ਼ਿੰਦਗੀ ਨੂੰ ਬਿਹਤਰ ਢੰਗ ਨਾਲ ਜਿਉਣ ਲਈ ਕੁਝ ਸਖ਼ਤ ਫ਼ੈਸਲੇ ਲੈਣ ਲਈ ਕਹਿੰਦੀ ਹੈ। ਖ਼ੁਸ਼ੀਆਂ, ਚਾਵਾਂ ਅਤੇ ਗ਼ਮਾਂ ਦੀਆਂ ਮਿਲਵੀਆਂ ਭਾਵਨਾਵਾਂ ਦੇ ਸਾਗਰ ਦਾ ਸਾਹਿਤ ਜਗਤ ਵਿੱਚ ਭਰਪੂਰ ਸਵਾਗਤ ਹੈ।

ਸਮਾਜਕ ਕਾਰਕੁੰਨ ਧਰਮਪਾਲ ਉਪਾਸ਼ਕ

ਅਮੋਲਕ ਸਿੰਘ

ਪਾਸ਼ ਦੇ ਸਮਕਾਲੀ ਕਵੀ, ਲੇਖਕ, ਸੰਪਾਦਕ ਅਤੇ ਸਮਾਜਕ ਜਮਹੂਰੀ ਕਾਰਕੁਨ ਧਰਮਪਾਲ ਉਪਾਸ਼ਕ ਸਿਰਫ਼ ਜਿਸਮਾਨੀ ਤੌਰ 'ਤੇ ਹੀ ਵਿੱਛੜੇ ਨੇ, ਉਹ ਹਮੇਸ਼ਾ ਆਪਣੇ ਹਰਫ਼ਾਂ ਵਿਚ ਜੀਵਤ ਰਹਿਣਗੇ।

ਜਿਹੜੇ ਘਰ ਖ਼ੂਬਸੂਰਤ ਅਤੇ ਸਿਹਤਮੰਦ ਵਿਚਾਰਾਂ ਦੀ ਖੇਤੀ ਕਰਦੇ ਨੇ, ਉਥੇ ਖ਼ੁਸ਼ਬੂ ਅਤੇ ਬਹਾਰਾਂ ਸਦਾ ਹੀ ਸੰਘਣੇ ਜੰਗਲ ਪੈਦਾ ਕਰਦੀਆਂ ਨੇ।

ਉਹਨਾਂ ਮਾਪਿਆਂ ਲਈ ਮਾਣਮੱਤੀ ਗੱਲ ਹੋਣੀ ਚਾਹੀਦੀ ਹੈ, ਜਿਨ੍ਹਾਂ ਦੇ ਬੱਚੇ ਸਮਾਜ ਦੇ ਫ਼ਿਕਰਾਂ ਦੀ ਬਾਂਹ ਫੜਦੇ ਨੇ। ਉਹਨਾਂ ਬੱਚਿਆਂ ਲਈ ਉਸ ਤੋਂ ਵੀ ਮਾਣ ਵਾਲੀ ਗੱਲ ਹੁੰਦੀ ਹੈ, ਜਿਨ੍ਹਾਂ ਦੇ ਮੋਢਿਆਂ 'ਤੇ ਮਾਪੇ ਹੱਥ ਰੱਖ ਕੇ ਅਜਿਹੇ ਸਮਾਜਿਕ ਕਾਰਜਾਂ ਵਿੱਚ ਹੱਲਾਸ਼ੇਰੀ ਦਿੰਦੇ ਨੇ । ਹੋਰ ਭਾਵੇਂ ਕਿਸੇ ਚੀਜ਼ ਦੀ ਵੀ ਊਣਤਾਈ ਹੋਵੇ, ਪਰ ਇਹ ਅਮੀਰੀ ਜ਼ਰੂਰ ਹੋਵੇ ਕਿ ਉਹਨਾਂ ਦਾ ਪਰਵਾਰ ਮਿਲ ਬੈਠ ਕੇ ਸਿਹਤਮੰਦ ਵਿਚਾਰਾਂ ਦੇ ਗੁਲਦਸਤੇ ਤਿਆਰ ਕਰਦਾ ਹੈ । ਉਹਨਾਂ ਦੇ ਘਰਾਂ, ਪਿੰਡਾਂ ਅਤੇ ਸ਼ਹਿਰਾਂ ਦੀਆਂ ਪੌਣਾਂ ਵਿੱਚ ਕੋਈ ਫਿਰਕੇਦਰਾਨਾ, ਜਾਤ-ਪਾਤੀ ਰੰਗ ਨਹੀਂ ਚੜ੍ਹ ਸਕਦਾ, ਜਿੱਥੇ ਲੋਕ ਸਾਹਿਤ ਦੇ ਬਗੀਚੇ ਖਿੜੇ ਹੋਣ।ਉਹਨਾਂ ਦੇ ਕੋਲ ਗਿੱਠ ਜ਼ਮੀਨ ਭਾਵੇਂ ਨਾ ਹੋਵੇ, ਪਰ ਕਮਾਲ ਦੀ ਗੱਲ ਇਹ ਹੈ ਕਿ ਭਾਵੇਂ ਉਹਨਾਂ ਕੋਲ ਚੁੱਲ੍ਹੇ ਚੌਂਕੇ ਜੋਗੀ ਜਗ੍ਹਾ ਹੀ ਹੋਵੇ, ਉਹ ਵੀ ਖਿੜੇ ਹੋਏ ਬਾਗ-ਬਗੀਚੇ ਦਾ ਸਕੂਨ ਦਿੰਦੀ ਹੈ। ਕਿੰਨੇ ਕੁ ਲੋਕ ਨੇ, ਜਿਹੜੇ ਆਪਣੀਆਂ ਭਰ ਜੁਆਨ ਧੀਆਂ ਨੂੰ ਹੌਸਲਾ ਦੇ ਕੇ ਰੰਗ-ਮੰਚ ਦੀਆਂ ਪੌੜੀਆਂ ਚਾੜ੍ਹਦੇ ਨੇ।

ਪੰਜਾਬੀ ਰੰਗ ਮੰਚ ਦੀ ਅਦਾਕਾਰਾ ਅਨੀਤਾ ਸ਼ਬਦੀਸ਼ ਨੂੰ ਇਸ ਗੱਲ ਦਾ ਮਾਣ ਹੈ ਕਿ ਉਸ ਦੇ ਬਾਬਲ ਧਰਮਪਾਲ ਉਪਾਸ਼ਕ ਨੇ ਆਪਣੀ ਧੀ ਨੂੰ ਉਂਗਲ ਫੜ ਕੇ ਰੰਗ ਮੰਚ ਦੇ ਬਾਬੇ ਗੁਰਸ਼ਰਨ ਸਿੰਘ ਦੇ ਕਲਾ ਡੇਰੇ 'ਤੇ ਚਾੜ੍ਹਿਆ। ਰੰਗ ਮੰਚ ਦਾ ਬਾਬਾ ਗੁਰਸ਼ਰਨ ਕਿਹੜਾ ਅੱਗੋਂ ਘੱਟ ਸੀ, ਉਸ ਨੇ ਵੀ ਗੁਰੂ ਤੇ ਚੇਲਿਆਂ ਦਾ ਪਾਠ ਨਹੀਂ ਸੀ ਪੜ੍ਹਿਆ, ਉਸ ਨੇ ਧਰਮਪਾਲ ਉਪਾਸ਼ਕ ਦੀ ਧੀ ਨੂੰ ਰੰਗ ਮੰਚ ਦੀ ਧੀ ਦਾ ਰੁਤਬਾ ਹਾਸਲ ਦੇ ਸਫ਼ਰ ਵਿੱਚ ਕੋਈ ਕਸਰ ਨਹੀਂ ਛੱਡੀ।

12 ਸਤੰਬਰ ਅੱਚਰਵਾਲ (ਲੁਧਿਆਣਾ) ਮੇਲਾ ਸੀ ਕੂਕਾ ਲਹਿਰ, ਗਦਰ ਲਹਿਰ, ਨਕਸਲਬਾੜੀ ਲਹਿਰ ਦੇ ਸਭਨਾਂ ਸ਼ਹੀਦਾਂ ਤੇ ਸੂਰਮਿਆਂ ਦਾ। ਇਸ ਨਗਰ ਦਾ ਨਗੀਨਾ ਸੀ ਸ਼ਹੀਦ ਸਾਥੀ ਅਮਰ ਸਿੰਘ ਅੱਚਰਵਾਲ। ਉਹਨਾਂ ਦੀ ਯਾਦ 'ਚ ਹੋ ਰਹੇ ਸਮਾਗਮ ਮੌਕੇ ਜਦੋਂ ਦਹਾਕਿਆਂ ਪਹਿਲਾਂ ਅਨੀਤਾ ਨੇ ਗੁਰਸ਼ਰਨ ਭਾਅ ਜੀ ਦੇ ਨਾਲ 'ਤੰਦੂਰ' ਨਾਟਕ ਖੇਡਿਆ। ਪੰਡਾਲ 'ਚ ਵੱਡੀ ਗਿਣਤੀ 'ਚ ਜੁੜੀਆਂ ਔਰਤਾਂ ਨੂੰ ਪੰਡਾਲ ਵਿੱਚੋਂ ਉੱਠ ਕੇ ਜਾਣ ਲਈ ਆਪਣੇ ਹੀ ਘਰਾਂ ਦਾ ਰਾਹ ਭੁੱਲ ਗਿਆ ਸੀ। ਉਹਨਾਂ ਨੂੰ ਉਹ ਅਨੀਤਾ, ਅਨੀਤਾ ਹੀ ਨਹੀਂ ਲੱਗੀ, ਉਹਨਾਂ ਨੂੰ ਇਉਂ ਲੱਗਿਆ, ਜਿਵੇਂ ਉਹਨਾਂ ਦੀਆਂ ਆਪਣੀਆਂ ਧੀਆਂ ਤੰਦੂਰ ਵਿੱਚ ਸੜਦੀਆਂ ਹੋਣ।

ਪੰਡਾਲ 'ਚੋਂ ਸਮਾਗਮ ਸਮਾਪਤੀ 'ਤੇ ਘਰਾਂ ਨੂੰ ਜਾਂਦੀਆਂ ਔਰਤਾਂ ਗੱਲਾਂ ਕਰਦੀਆਂ ਜਾਂਦੀਆਂ, 'ਨੀ ਭੈਣੇ ਜੀ ਕਰਦਾ ਸੀ ਉਹ ਕੁੜੀ ਨੂੰ ਘਰ ਲੈ ਆਈਏ ਹਾਏ! ਨੀ ਉਹ ਤਾਂ ਬਾਹਲਾ ਹੀ ਰੋਂਦੀ ਸੀ।' ਉਹ ਕੀ ਜਾਨਣ ਕਿ ਅਦਾਕਾਰ ਅਨੀਤਾ ਦਰਦ ਗ੍ਰਸਤ ਸਮਾਜ ਦੇ ਤੰਦੂਰ ਵਿੱਚ ਕਿੰਨੀਆਂ ਖ਼ੁਸ਼ੀਆਂ ਸੁਆਹ ਕਰ ਚੁੱਕੀ ਸੀ ਅਤੇ ਉਹ ਔਰਤ ਦੀ ਵੇਦਨਾ ਨੂੰ ਕਿੰਨਾ ਸਮਝਦੀ ਹੈ।

ਉਸ ਅਨੀਤਾ ਦਾ ਬਾਬਲ ਧਰਮਪਾਲ ਉਪਾਸ਼ਕ ਬੀਤੇ ਦਿਨ ਸਾਡੇ ਵਡੇਰੇ ਪਰਵਾਰ ਵਿੱਚੋਂ ਅਲਵਿਦਾ ਹੋ ਗਿਆ। ਰੰਗ ਮੰਚ ਦੇ ਵਿਹੜੇ ਅਨੀਤਾ ਲਈ ਬਾਬਲਾਂ ਦੀ ਭਾਵੇਂ ਕਮੀ ਨਹੀਂ, ਪਰ ਹਰ ਇਕ ਨੇ ਧਰਮਪਾਲ ਉਪਾਸ਼ਕ ਵੀ ਤਾਂ ਨਹੀਂ ਬਣ ਜਾਣਾ।

ਅਜੋਕੇ ਸਮੇਂ ਨੂੰ ਅਣਗਿਣਤ ਉਪਾਸ਼ਕ ਲੋੜੀਂਦੇ ਨੇ, ਜੋ ਰੰਗ ਮੰਚ ਦੀ ਝੋਲੀ ਆਪਣੇ ਧੀਆਂ-ਪੁੱਤਰਾਂ ਨੂੰ ਪਾਉਣ ਲਈ ਆਪਣੇ ਵੱਲੋਂ ਹਰ ਉਪਰਾਲਾ ਕਰਨ। ਅੱਗੇ ਜ਼ਿੰਦਗੀ ਦੇ ਮਾਰਗ ਦੀ ਚੋਣ ਕਰਨਾ ਜੁਆਨੀ ਦੇ ਆਪਣੇ ਹੱਥ ਹੈ।

ਕਿੱਥੇ ਹੈ ਜ਼ੀਰਾ ਤੇ ਕਿੱਥੇ ਮੋਹਾਲੀ। ਜ਼ੀਰਾ ਤੋਂ ਮੋਹਾਲੀ ਤੱਕ ਦਾ ਸਫ਼ਰ, ਧਰਮਪਾਲ ਉਪਾਸ਼ਕ ਦਾ ਸਾਹਿਤ ਅਤੇ ਕਵਿਤਾ ਦਾ ਸਫ਼ਰ ਹੈ।

ਧਰਮਪਾਲ ਉਪਾਸ਼ਕ ਨੇ 1973 ਵਿੱਚ ਪੰਜਾਬ ਟਰੈਕਟਰਜ਼ ਮੋਹਾਲੀ ਵਿੱਚ ਸਰਵਿਸ ਸ਼ੁਰੂ ਕੀਤੀ। ਉਹ ਵਰਕਰਾਂ ਦੇ ਨਾਲ ਹੁੰਦੇ ਧੱਕੇ-ਧੋੜੇ ਨਹੀਂ ਸੀ ਜਰ ਸਕਦੇ। ਉਹਨਾਂ ਨੇ ਪੰਜਾਬ ਟਰੈਕਟਰ ਵਰਕਰਜ਼ ਯੂਨੀਅਨ ਮੋਹਾਲੀ ਨਾਂਅ ਦੀ ਸੰਸਥਾ ਖੜ੍ਹੀ ਕੀਤੀ। ਸਮੂਹ ਕਾਮਿਆਂ ਨੇ ਉਹਨਾਂ ਨੂੰ ਸਰਬ-ਸੰਮਤੀ ਨਾਲ ਪ੍ਰਧਾਨ ਬਣਾਇਆ। ਇਉਂ ਹੀ ਕਾਮਿਆਂ ਦੇ ਨਾਲ-ਨਾਲ ਉਹ ਸਾਹਿਤਕ ਖੇਤਰ ਨੂੰ ਬੇਹੱਦ ਤਰਜੀਹ ਦਿੰਦੇ ਸਨ। ਉਹਨਾਂ ਨੇ ਪੰਜਾਬੀ ਸਾਹਿਤ ਸਭਾ ਅਤੇ ਪ੍ਰੈੱਸ ਕਲੱਬ ਮੋਹਾਲੀ ਦੀ ਸਥਾਪਨਾ ਕੀਤੀ ਅਤੇ ਬਤੌਰ ਪ੍ਰਧਾਨ ਸੇਵਾਵਾਂ ਦਿੱਤੀਆਂ।

ਇਹਨਾਂ ਸਾਹਿਤਕ, ਸੱਭਿਆਚਾਰਕ ਸਫ਼ਰਾਂ ਵਿੱਚ ਦੀ ਹੁੰਦੇ ਹੋਇਆਂ ਦੀ ਪਹਿਲੀ ਕਾਵਿ ਪੁਸਤਕ 'ਗੁੰਮਸ਼ੁਦਾ ਪੈੜਾਂ' ਸੇਵਾ-ਮੁਕਤੀ ਦੇ ਨਜ਼ਰਾਨੇ ਵਜੋਂ ਆਈ ਅਤੇ ਦੂਜੀ ਕਾਵਿ ਪੁਸਤਕ 'ਮਰੇ ਖ਼ਤ ਨਹੀਂ ਲਿਖਿਆ ਕਰਦੇ' 20 ਜੁਲਾਈ ਨੂੰ ਜਨਮ ਦਿਨ 'ਤੇ ਲੋਕ ਅਰਪਣ ਕੀਤੀ ਗਈ। ਉਹਨਾਂ ਨੇ ਗੁਰਸ਼ਰਨ ਭਾਅ ਜੀ ਦੀ ਰਹਿਨੁਮਾਈ 'ਚ ਕੰਮ ਕਰਦੇ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਲਈ ਵੀ ਪੁਸਤਕਾਂ ਦੇ ਸੰਪਾਦਨ ਦਾ ਕੰਮ ਕੀਤਾ। ਪਾਸ਼ ਦੀ ਨਿਗਰਾਨੀ 'ਚ ਛਪਦੇ ਸਾਹਿਤਕ ਪੱਤਰ 'ਸਿਆੜ' ਦੇ ਉਹ ਸਹਿ-ਸੰਪਾਦਕ ਰਹੇ। ਉਹਨਾਂ ਦੀ ਧੀ ਅਨੀਤਾ ਅਤੇ ਉਸ ਦਾ ਜੀਵਨ ਸਾਥੀ ਸ਼ਬਦੀਸ਼ ਰੰਗ ਮੰਚ ਅਤੇ ਗਾਇਨ ਦੀ ਜੁਗਲਬੰਦੀ ਦਾ ਦੂਜਾ ਨਾਂਅ ਹੈ। ਅਨੀਤਾ ਸ਼ਬਦੀਸ਼ ਜਦੋਂ ਲਿਖਿਆ ਪੜ੍ਹਿਆ ਜਾਂਦਾ ਹੈ ਤਾਂ ਕੋਈ ਵੀ ਨਹੀਂ ਸੋਚ ਸਕਦਾ ਕਿ ਇਹ ਦੋ ਨਾਂਅ ਹੋ ਸਕਦੇ ਨੇ। ਕਿੰਨੀ ਖ਼ੂਬਸੂਰਤੀ ਹੈ ਧਰਮਪਾਲ ਉਪਾਸ਼ਕ ਦੇ ਪਰਵਾਰ ਦੀ, ਜਿਸ ਨੇ ਕਵਿਤਾ ਅਤੇ ਰੰਗ ਮੰਚ ਦੇ ਬਗ਼ੀਚੇ ਲਾਏ।

ਪਾਸ਼ ਦੇ ਭਰਾ ਸੁਖਵਿੰਦਰ ਸੁੱਚਾ ਤਲਵੰਡੀ ਸਲੀਮ ਦੇ ਉੱਦਮ ਨਾਲ ਸਾਂਭ-ਸਾਂਭ ਰੱਖੀਆਂ ਸਾਹਿਤਕ ਵੰਨਗੀਆਂ ਵਿੱਚੋਂ ਪ੍ਰਾਪਤ ਚਿੱਠੀਆਂ ਨੂੰ ਇਕੱਠਾ ਕਰਕੇ ਪੁਸਤਕ 'ਚਿੱਠੀਆਂ 'ਚ ਵਸਦਾ ਪਾਸ਼' ਜਦੋਂ ਮੈਂ ਸੰਪਾਦਨ ਕੀਤੀ ਤਾਂ ਧਰਮਪਾਲ ਉਪਾਸ਼ਕ ਦੀਆਂ ਚਿੱਠੀਆਂ ਨੂੰ ਇਸ ਕਿਤਾਬ ਦਾ ਸ਼ਿੰਗਾਰ ਬਣਾਉਂਦੇ ਹੋਏ ਮਾਣ ਮਹਿਸੂਸ ਹੋਇਆ। ਜਦੋਂ ਇਹ ਖ਼ਬਰ ਧਰਮਪਾਲ ਉਪਾਸ਼ਕ ਜੀ ਤੱਕ ਪੁੱਜੀ ਤਾਂ ਉਹਨਾਂ ਦੇ ਚਿਹਰੇ 'ਤੇ ਬੀਤੇ ਇਤਿਹਾਸ ਦੀਆਂ ਕਵਿਤਾਵਾਂ ਅਤੇ ਜ਼ਿੰਦਗੀ ਦਾ ਸਰੂਰ ਹੋਰ ਵੀ ਗੂੜ੍ਹੇ ਅੱਖਰਾਂ 'ਚ ਪੜ੍ਹਿਆ ਜਾ ਸਕਦਾ ਸੀ।

ਅੱਜ ਜਦੋਂ ਧਰਮਪਾਲ ਉਪਾਸ਼ਕ ਸਾਡੇ ਦਰਮਿਆਨ ਨਹੀਂ ਰਹੇ ਤਾਂ 'ਚਿੱਠੀਆਂ 'ਚ ਵਸਦਾ ਪਾਸ਼' ਪੁਸਤਕ ਵਿੱਚ ਉਹਨਾਂ ਦੇ ਖ਼ਤ ਜਿਉਂਦੇ ਜਾਗਦੇ ਨੇ ਅਤੇ ਸਦਾ ਰੋਸ਼ਨ ਰਹਿਣਗੇ। ਉਹਨਾਂ ਵਿੱਚੋਂ ਕੁਝ ਖਤਾਂ ਦੀ ਝਲਕ ਤੁਹਾਡੇ ਰੂਬਰੂ ਹੈ :

ਮੋਹਾਲੀ
16.10.74

ਪਿਆਰੇ ਪਾਸ਼,

ਦੋ ਸਾਲ ਬੀਤ ਗਏ ਕੋਈ ਚਿੱਠੀ ਪੱਤਰ ਨਹੀਂ ਤੇ ਨਾ ਹੀ ਮਿਲ ਸਕੇ। ਦਰਅਸਲ ਮੇਰਾ ਸਮਾਗਮਾਂ 'ਤੇ ਜਾਣਾ ਹੀ ਬੰਦ ਹੋ ਗਿਆ, ਕਿਉਂਕਿ ਇੱਥੇ ਯੂਨੀਅਨ ਦੇ ਇੰਨੇ ਕੰਮ ਤੇ ਸਮੱਸਿਆਵਾਂ ਰਹਿੰਦੀਆਂ ਨੇ। ਸਿਰਫ਼ ਇੱਕ ਪਾਸੇ ਦਾ ਕਿਰਾਇਆ ਜੇਬ 'ਚ ਪਾ ਕੇ ਕਦੇ ਮਹੀਨੇ ਦੇ ਪਹਿਲੇ ਹਫ਼ਤੇ ਦਰਸ਼ਨ ਦਿਓ। ਚਿੱਠੀ ਦਾ ਉੱਤਰ ਜਲਦੀ ਦੇਣਾ।

ਧਰਮ ਪਾਲ ਉਪਾਸ਼ਕ

ਦਸਤਖ਼ਤ ਕਰਨ ਤੋਂ ਹੇਠਾਂ ਲਿਖੀਆਂ ਨੇ ਇਹ ਕਾਵਿ ਸਤਰਾਂ :

ਡਗਮਗ ਡੋਲੇ ਜਿਸ ਬੇੜੀ ਵਿਚ ਪੈਰ ਧਰਾਂ
ਦੱਸੋ ਯਾਰੋ ਦਰਿਆ ਕਿਵੇਂ ਪਾਰ ਕਰਾਂ
ਪੰਛੀ ਬਣ ਕੇ ਉੱਚਾ ਉੱਡਣਾ ਚਾਹੁੰਦਾ ਹਾਂ
ਮੈਂ ਪਿੰਜਰੇ ਦਾ ਕੈਦੀ ਬਣ ਕੇ ਕਿਉਂ ਮਰਾਂ
ਸਭ ਤਸਬੀਹਾਂ ਭਾਰੇ ਪੱਤੇ ਸਾਡੇ ਨੇ ਫੇਰ
ਵਿਰੋਧੀ ਲੈ ਜਾਂਦੇ ਨੇ ਕਿੰਝ ਸਰਾਂ
ਜੀਹਦੇ ਹੱਥ 'ਚ ਗੋਲਕ ਆਵੇ ਕਹਿੰਦਾ ਹੈ
ਮੂਰਖ ਲੋਕਾਂ ਦੇ ਫ਼ਿਕਰਾਂ ਵਿੱਚ ਕਿਉਂ ਮਰਾਂ
ਮੇਰੇ ਚਾਰ ਚੁਫ਼ੇਰੇ ਹੀ ਮਹਿਬੂਬਾਂ ਨੇ ਫਿਰ ਵੀ
ਨਿੱਘੇ ਖਾਲੀ ਪਾਲੇ ਨਾਲ ਠਰਾਂ।

ਪਿਆਰੇ ਪਾਸ਼ ਜੀ,

ਇੱਥੇ 18.6.72 ਐਤਵਾਰ ਮੇਰੇ ਛੋਟੇ ਭਾਈ ਦੀ ਮੰਗਣੀ ਹੈ।ਹੋਰ ਵੀ ਸਾਹਿਤਕ ਮਿੱਤਰ ਪਹੁੰਚ ਰਹੇ ਨੇ। ਚੰਗਾ ਹੋਵੇ ਜੇ ਆਪ ਜ਼ਰੂਰ ਪਹੁੰਚੋ। ਸਿੱਧੇ ਜ਼ੀਰੇ ਪਹੁੰਚ ਕੇ ਜ਼ੀਰਾ ਤੋਂ ਫ਼ਿਰੋਜ਼ਪੁਰ ਨੂੰ ਕੱਚਾ ਰੂਟ 'ਤੇ ਮਰਖਾਈ ਪਿੰਡ ਹੈ, ਉੱਥੇ ਉੱਤਰ ਕੇ ਸਿੱਧੇ ਪੱਕੀ ਸੜਕ ਪੈ ਕੇ

ਕੱਸੋਆਣਾ ਪਹੁੰਚ ਜਾਣਾ
ਨੀਲੇਵਾਲਾ ਲਾਗੇ ਹੀ ਹੈ।

ਧਰਮਪਾਲ
ਨੀਲੇਵਾਲਾ ਡਾਕ. ਕੱਸੋਆਣਾ

ਸ੍ਰੀਮਾਨ ਜੀ,

ਅਸੀਂ ਇੱਥੇ ਤਲਵੰਡੀ ਭਾਈ (ਫਿਰੋਜ਼ਪੁਰ) ਸਾਹਿਤ ਸਭਾ ਸਥਾਪਤ ਕੀਤੀ ਹੈ, ਜਿਸ ਦੇ ਪ੍ਰਧਾਨ ਜਸਵੰਤ ਕੈਲਵੀ ਐੱਮ.ਏ. ਨੇ। ਆਪ ਮਿਹਰਬਾਨੀ ਕਰਕੇ ਸਮਾਂ ਕੱਢ ਕੇ ਆਉਣ ਦੀ ਤਕਲੀਫ਼ ਕਰਨਾ। ਜੇ ਤੁਸੀਂ ਦਸ ਜਾਂ ਤਿੰਨ ਜੂਨ ਆਉਣਾ ਹੈ ਤਾਂ ਇਸ ਬਾਰੇ ਲਿਖਣਾ।

ਤੁਹਾਡੇ ਪੱਤਰ ਦੀ ਉਡੀਕ 'ਚ
ਧਰਮਪਾਲ ਉਪਾਸ਼ਕ
16.5.72

ਪਿਆਰੇ ਪਾਸ਼,

ਅੱਜ ਗੁਰਦੀਪ ਗਰੇਵਾਲ ਤੋਂ ਪਤਾ ਲੱਗਾ ਕਿ ਤੁਸੀਂ ਇੱਥੇ ਆਏ ਸੀ। ਕੀ ਕਾਰਨ ਹੈ ਮੈਨੂੰ ਮਿਲ ਕੇ ਨਹੀਂ ਗਏ। ਮੈਂ ਅਗਲੇ ਮਹੀਨੇ ਤੋਂ ਹਰ ਤਰ੍ਹਾਂ ਦੀ ਮਦਦ ਕਰਨ ਦਾ ਵਾਅਦਾ ਕਰਦਾ ਹਾਂ। ਸ਼ਾਇਦ ਤੁਸੀਂ ਅਜੇ ਤੱਕ ਕਵਿਤਾਵਾਂ ਨਹੀਂ ਭੇਜੀਆਂ ਕਿਤਾਬ ਲਈ।

ਚਿੱਠੀ ਦਾ ਉੱਤਰ ਸ਼ੀਘਰ ਦੇਣਾ।

ਧਰਮਪਾਲ ਉਪਾਸ਼ਕ
17.1.73

ਪਿਆਰੇ ਪਾਸ਼,

ਕਾਫੀ ਸਮੇਂ ਤੋਂ ਨਾ ਤੁਸੀਂ ਕੋਈ ਪੱਤਰ ਲਿਖਿਆ ਨਾਹੀਂ ਮੈਂ।

ਪੱਤਰ ਦੀ ਉਡੀਕ 'ਚ

ਧਰਮਪਾਲ ਉਪਾਸ਼ਕ
ਡੀਪਾਰਟਮੈਂਟ ਟੂਲਰੂਮ
ਪੰਜਾਬ ਟਰੈਕਟਰ ਲਿਮਟਿਡ ਮੋਹਾਲੀ
6.8.73

ਮੋਇਆਂ ਦੇ ਖ਼ਤ

ਮੋਇਆਂ ਦੀ ਜਾਗ ਵਰਗੀਆਂ ਕਿਤਾਬਾਂ ਵਿਸ਼ਵ ਸਾਹਿਤ ਦਾ ਰੁਤਬਾ ਹਾਸਲ ਕਰ ਗਈਆਂ। ਕਾਗਜ਼ ਦੀ ਹਿੱਕੜੀ 'ਤੇ ਉੱਤਰੇ ਹਰਫ਼ ਜ਼ਿੰਦਗੀ ਦੇ ਸਫ਼ਰ ਦੇ ਮੀਲ ਪੱਥਰ ਹੋ ਨਿੱਬੜਦੇ ਨੇ। ਪਾਸ਼ ਨੂੰ ਇਹ ਹਰਫ਼ ਚੁੰਮ-ਚੁੰਮ ਰੱਖਣ ਦੀ ਜਾਚ ਸੀ।

ਇਹਨਾਂ ਦੁਰਲਭ ਯਾਦਗਾਰੀ ਹਰਫ਼ਾਂ ਨਾਲ ਅਸੀਂ ਧਰਮਪਾਲ ਉਪਾਸ਼ਕ ਜੀ ਨੂੰ ਸਿਜਦਾ ਕਰਦੇ ਹਾਂ।

30 ਅਗਸਤ ਮੋਹਾਲੀ ਵਿਖੇ ਉਨ੍ਹਾਂ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ ਮੌਕੇ ਉਹਨਾਂ ਦੀਆਂ ਪੈੜਾਂ ਨੂੰ ਸਲਾਮ ਕੀਤਾ ਜਾਏਗਾ।

ਸੰਪਰਕ : 98778-68710

ਸਮਕਾਲ

---- ਭਗਵੰਤ ਰਸੂਲਪੁਰੀ----

ਪੰਜਾਬੀ ਸਾਹਿਤ ਅਕਾਡਮੀ ਦਾ ਇਤਿਹਾਸ : ਡਾ. ਹਰੀ ਸਿੰਘ ਜਾਚਕ

ਪੰਜਾਬੀ ਸਾਹਿਤਕਾਰਾਂ ਅਤੇ ਬੁੱਧੀਜੀਵੀਆਂ ਦੀ ਸਿਰਮੌਰ ਸੰਸਥਾ 'ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ' ਅਜਿਹਾ ਸੰਸਥਾ ਹੈ ਜਿਹੜੀ ਤਕਰੀਬਨ ਸੱਤ ਦਹਾਕਿਆ ਤੋਂ ਸਾਹਿਤ, ਭਾਸ਼ਾ, ਸੱਭਿਆਚਾਰ ਦੇ ਖੇਤਰ ਵਿੱਚ ਗੌਲਣਯੋਗ ਕਾਰਜ ਕਰਦੀ ਆ ਰਹੀ ਹੈ। ਇਸ ਦਾ ਕੰਮ ਕਰਨ ਦਾ ਆਪਣਾ ਵਿਧੀ ਵਿਧਾਨ ਹੈ। ਠੋਸ ਰੂਪ ਵਿੱਚ ਕੰਮ ਕਰਨ ਲਈ ਅਕਾਡਮੀ ਕੋਲ ਆਪਣੀ ਨਿੱਜੀ ਇਮਾਰਤ ਹੈ। ਅਕਾਡਮੀ ਨੂੰ ਚਲਾਉਣ ਲਈ ਦੋ ਦਰਜਨ ਤੋਂ ਵੱਧ ਮੈਂਬਰਾਂ ਦੀ ਹਰ ਦੋ ਸਾਲ ਬਾਅਦ ਚੋਣ ਹੁੰਦੀ ਹੈ। ਸੋ ਇਸ ਵੱਡੇ ਕੱਦ ਵਾਲੀ ਸੰਸਥਾਂ ਦਾ ਬਹੁਤ ਵੱਡਾ ਇਤਿਹਾਸ ਹੈ। ਇਸ ਇਤਿਹਾਸ ਨੂੰ ਪੁਸਤਕ ਰੂਪ ਵਿੱਚ ਸੰਸਥਾ ਦੇ ਅਹੁਦੇਦਾਰ ਡਾ. ਹਰੀ ਸਿੰਘ ਜਾਚਕ ਨੇ ਲਿਖਿਆ ਹੈ 'ਪੰਜਾਬੀ ਸਾਹਿਤ ਅਕਾਡਮੀ ਦਾ ਇਤਿਹਾਸ' ਵੱਡੇ ਅਕਾਰ ਦੀ ਇਹ ਪੁਸਤਕ ਹੁਣੇ ਜਿਹੇ ਛਪ ਕੇ ਆਈ ਹੈ। ਸੰਸਥਾ ਦੇ ਮੌਜੂਦਾ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਆਪਣੇ ਲਿਖੇ ਮੁੱਢਲੇ ਸ਼ਬਦਾਂ ਵਿੱਚ ਲਿਖਿਆ ਹੈ, "ਇਤਿਹਾਸ ਲਿਖਣ ਲਈ ਪ੍ਰਬੰਧਕੀ ਬੋਰਡ ਵੱਲੋਂ ਡਾ. ਹਰੀ ਸਿੰਘ ਜਾਚਕ ਹੁਰਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਸੀ। ਡਾ. ਜਾਚਕ ਹੁਰਾਂ ਨੇ ਲਗਾਤਾਰ ਦੋ ਸਾਲ ਲਗਾ ਕੇ ਸਖ਼ਤ ਮਿਹਨਤ ਕਰਕੇ ਸਭ ਤੋਂ ਪਹਿਲਾਂ ਜੋ ਦਸਤਾਵੇਜ਼ ਤਿਆਰ ਕੀਤਾ ਸੀ, ਉਹ ਲਗਭਗ ਅੱਠ ਸੌ ਸਫ਼ੇ ਦਾ ਸੀ। ਲਗਾਤਾਰ ਸੰਪਾਦਨ, ਕਾਂਟ ਛਾਂਟ, ਕੱਟ ਵੱਢ, ਸੰਖੇਪਤਾ ਤੋਂ ਬਾਅਦ ਇਹ ਪੁਸਤਕ ਤਿਆਰ ਕੀਤੀ ਗਈ ਹੈ।" ਉਪਰੰਤ ਮੌਜੂਦਾ ਜਰਨਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਸਮੇਤ ਡਾ. ਸਰਦਾਰਾ ਸਿੰਘ ਜੌਹਲ, ਗੁਰਭਜਨ ਸਿੰਘ ਗਿੱਲ, ਸੁਖਦੇਵ ਸਿੰਘ ਸਿਰਸਾ, ਰਵਿੰਦਰ ਭੱਠਲ, ਡਾ. ਲਖਵਿੰਦਰ ਸਿੰਘ ਜੌਹਲ ਸਮੇਤ ਲੇਖਕ ਦੇ ਦੋ ਸ਼ਬਦ ਦਰਜ਼ ਹਨ।

ਪੁਸਤਕ ਵਿੱਚ ਅਕਾਡਮੀ ਦਾ ਪਿਛੋਕੜ ਤੇ ਸਥਾਪਨਾ ਚੈਪਟਰ ਵਿੱਚ, ਅਕਾਡਮੀ ਦੀ 24 ਅਕਤੂਬਰ, 1954 ਨੂੰ ਸਥਾਪਨਾ, ਮੁੱਢਲੇ ਜੀਵਨ ਮੈਂਬਰ, ਉਦੇਸ਼, ਰਜਿਸਟ੍ਰੇਸ਼ਨ, ਮਾਨਤਾ ਦਾ ਜ਼ਿਕਰ ਹੈ। ਅਕਾਡਮੀ ਦੇ ਸੰਵਿਧਾਨ ਅਤੇ ਸੰਵਿਧਾਨਕ ਸੋਧਾਂ ਦੇ ਨਾਲ ਨਾਲ ਪੰਜਾਬੀ ਭਵਨ ਟਰੱਸਟ ਬਣਾਉਣ ਦੀ ਤਜਵੀਜ਼ ਤੇ ਖਾਤਮਾ ਦਾ ਜ਼ਿਕਰ ਵੀ ਪੁਸਤਕ ਵਿੱਚ ਮਿਲਦਾ ਹੈ। ਅਗਲੇ ਚੈਪਟਰ ਵਿੱਚ ਅਕਾਡਮੀ ਦੀ ਕਾਰਜ ਪ੍ਰਣਾਲੀ ਦਾ ਵੇਰਵਾ ਦਿੱਤਾ ਗਿਆ ਹੈ। 1954 ਤੋਂ ਲੈ ਕੇ 2028 ਤੱਕ ਪ੍ਰਬੰਧਕੀ ਬੋਰਡ ਦੇ ਅਹੁਦੇਦਾਰ ਤੇ ਮੈਂਬਰ ਦੇ ਵੇਰਵੇ ਦਰਜ਼ ਕੀਤੇ ਗਏ ਹਨ। ਜਿਸ ਨੂੰ ਵਾਚ ਕੇ ਪਤਾ ਲੱਗਦਾ ਹੈ ਕਿ ਸੰਸਥਾ ਨਾਲ ਵੱਡੇ ਕੱਦ ਦੇ ਸਾਹਿਤਕਾਰ ਜੁੜੇ ਹੋਏ ਸਨ। 'ਪੰਜਾਬੀ ਭਵਨ' ਦੇ ਸੰਕਲਪ, ਪ੍ਰਾਪਤੀ, ਉਸਾਰੀ ਤੇ ਕਾਰਜ ਬਾਰੇ ਪੁਸਤਕ ਵਿੱਚ ਜ਼ਿਕਰ ਕੀਤਾ ਗਿਆ ਹੈ। 2 ਜੁਲਾਈ, 1966 ਵਿੱਚ ਉਸ ਵੇਲੇ ਦੇ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਨੇ 'ਪੰਜਾਬੀ ਭਵਨ' ਦਾ ਨੀਂਹ ਪੱਥਰ ਰੱਖਿਆ ਸੀ। ਜਿਸ ਵਿੱਚ ਇਕ ਖੁੱਲ੍ਹਾ ਰੰਗ ਮੰਚ, ਸੈਮੀਨਾਰ ਹਾਲ, ਪ੍ਰਬੰਧਕੀ ਦਫ਼ਤਰ, ਆਰਟ ਗੈਲਰੀ, ਰੈਫ਼ਰੈਂਸ ਲਾਇਬ੍ਰੇਰੀ ਤੇ ਖੋਜ ਕੇਂਦਰ ਦਾ ਵਿਸਥਾਰ ਨਾਲ ਇਤਿਹਾਸ ਲਿਖਿਆ ਹੈ। ਖਾਸ ਕਰਕੇ ਲਾਇਬ੍ਰੇਰੀ ਦੇ ਵੱਖ ਵੱਖ ਸੈਕਸ਼ਨ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਹੈ। ਅਕਾਡਮੀ ਦਾ 'ਸਾਈਂ ਮੀਆਂ ਮੀਰ ਬੁੱਕ ਬਾਜ਼ਾਰ' ਅਹਿਮ ਅੰਗ ਹੈ। ਜਿਸ ਵਿੱਚ ਨਿੱਜੀ ਅਦਾਰਿਆਂ ਵੱਲੋਂ ਪੁਸਤਕਾਂ ਵੇਚੀਆਂ ਜਾਂਦੀਆਂ ਹਨ। ਜਿਸ ਦਾ ਉਦਘਾਟਨ 22 ਜੂਨ 2014 ਨੂੰ ਕੀਤਾ ਗਿਆ। ਇਸ ਦੇ ਨਾਲ ਨਾਲ ਅਕਾਡਮੀ ਦੀ ਵਿਸ਼ਾਲ ਇਮਾਰਤ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਵਿਕਰੀ ਕੇਂਦਰ, ਜ਼ਿਲ੍ਹਾ ਭਾਸ਼ਾ ਵਿਭਾਗ, ਗ਼ਜ਼ਲ ਤੇ ਸੰਗੀਤ ਕੇਂਦਰ, ਪੰਜਾਬ ਸਰਦਾਰ ਦਾ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ, ਕੰਟੀਨ, ਪਾਰਕ ਤੇ ਬਗੀਚਾ ਆਦਿ ਪ੍ਰਮੁੱਖ ਅੰਗ ਹਨ। ਭਾਵੇਂ ਕਿ ਇਮਾਰਤ ਦਾ ਕਾਫੀ ਹਿੱਸਾ ਕਿਰਾਏ ਉੱਤੇ ਦਿੱਤਾ ਗਿਆ ਹੈ ਪਰ ਇਤਿਹਾਸ ਵਿੱਚ ਅਕਾਡਮੀ ਦੇ ਆਮਦਨ ਦੇ ਸਰੋਤ ਮੈਨੂੰ ਪੜ੍ਹਨ ਨੂੰ ਮਿਲੇ ਨਹੀਂ। 'ਆਲੋਚਨਾ' ਤ੍ਰੈ-ਮਾਸਿਕ ਪੱਤਰ ਦੇ ਅੰਕਾਂ ਦਾ ਵਿਸਥਾਰ ਨਾਲ ਜ਼ਿਕਰ ਹੈ। ਅੱਗੇ ਅਕਾਡਮੀ ਵੱਲੋਂ ਕਰਵਾਈਆਂ ਗਈਆਂ ਵਿਸ਼ਵ ਪੱਧਰੀ ਪੰਜਾਬੀ ਕਾਨਫ਼ਰੰਸਾਂ ਦੇ ਵਿਸ਼ੇ ਤੇ ਪਾਸ ਹੋਏ ਵੱਖ ਵੱਖ ਮਤੇ ਦਾ ਜ਼ਿਕਰ ਵੀ ਕੀਤਾ ਗਿਆ ਹੈ। ਇਨ੍ਹਾਂ ਮਤਿਆਂ ਨੂੰ ਵਾਚਦਿਆਂ ਪਤਾ ਲੱਗਦਾ ਹੈ ਕਿ ਅਕਾਡਮੀ ਸਾਹਿਤ, ਸਭਿਆਚਾਰ, ਭਾਸ਼ਾ ਤੇ ਸਮਾਜਕ ਮੁੱਦਿਆਂ ਪ੍ਰਤੀ ਕਿੰਨੀ ਫ਼ਿਕਰਮੰਦੀ ਹੈ। ਪਾਸ ਕੀਤੇ ਮਤਿਆਂ ਨਾਲ ਅਕਾਡਮੀ ਨੇ ਰਾਜ ਦੀਆਂ ਸਰਕਾਰਾਂ ਉੱਤੇ ਆਪਣਾ ਦਬਾਅ ਵੀ ਬਣਾਇਆ ਅਤੇ ਆਪਣਾ ਸਟੈਂਡ ਵੀ ਸਪੱਸ਼ਟ ਕੀਤਾ ਹੈ। ਇਸ ਇਤਿਹਾਸ ਵਿੱਚ 'ਪ੍ਰਬੰਧਕੀ ਬੋਰਡ ਅਤੇ ਜਨਰਲ ਕੌਂਸਲ ਵਲੋਂ ਪਾਸ ਕੀਤੇ ਮਤੇ' ਵਿਸ਼ੇਸ਼ ਚੈਪਟਰ ਹੈ। ਜਿਨ੍ਹਾਂ ਦੇ ਅਧਾਰ ਤੇ ਅਕਾਡਮੀ ਆਪਣੀ ਕਾਰਜ ਪ੍ਰਣਾਲੀ ਵਿੱਚ ਸੋਧ ਕਰਦੀ ਹੈ ਤੇ ਸਰਕਾਰੀ ਅਦਾਰਿਆ ਉੱਤੇ ਆਪਣਾ ਦਬਾਅ ਬਣਾਉਂਦੀ ਹੈ। ਅੰਤਲੇ ਪੰਨਿਆਂ ਉੱਤੇ 'ਗੋਸ਼ਟੀਆਂ ਸੈਮੀਨਾਰ ਤੇ ਕਾਨਫ਼ਰੰਸਾਂ' ਦੇ ਹਵਾਲੇ ਨਾਲ ਗੱਲ ਕੀਤੀ ਗਈ ਹੈ। ਇਹ ਅਕਾਡਮੀ ਦਾ ਅਹਿਮ ਪੱਖ ਹੈ। ਇਨ੍ਹਾਂ ਉਪਰੋਕਤ ਕਾਰਜਾਂ ਦੇ ਨਾਲ ਨਾਲ ਅਕਾਡਮੀ ਪੁਰਸਕਾਰ ਤੇ ਫੈਲੋਸ਼ਿਪ ਵੀ ਦਿੰਦੀ ਹੈ। ਉਨ੍ਹਾਂ ਦਾ ਸਿਲਸਿਲੇਵਾਰ ਇਤਿਹਾਸ ਲਿਖਿਆ ਗਿਆ ਹੈ। ਅੱਗੇ 130 ਦੇ ਕਰੀਬ ਅਕਾਡਮੀ ਵੱਲੋਂ ਪ੍ਰਕਾਸ਼ਤ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ। ਇਸ ਤਰ੍ਹਾਂ ਇਸ ਪੁਸਤਕ ਵਿੱਚ ਪਾਠਕ ਸਮੁੱਚਾ ਤੇ ਹਰ ਪੱਖ ਤੋਂ ਲਿਖਿਆ ਇਤਿਹਾਸ ਪੜ੍ਹ ਅਤੇ ਸਮਝ ਸਕਦੇ ਹਨ। ਇਹ ਇਕ ਚੰਗਾ ਯਤਨ ਹੈ। ਅਕਾਡਮੀ ਦੇ ਇਤਿਹਾਸ ਨੂੰ ਲਿਖਵਾਉਣ ਲਈ ਅਕਾਡਮੀ ਦੇ ਪ੍ਰਧਾਨ, ਜ. ਸਕੱਤਰ ਤੇ ਸਾਰੀ ਟੀਮ ਵਧਾਈ ਦੀ ਹੱਕਦਾਰ ਹੈ। ਚਾਹਵਾਨ ਇਹ ਪੁਸਤਕ ਪਾਠਕ ਅਕਾਡਮੀ ਦੇ ਦਫ਼ਤਰ ਤੋਂ ਪ੍ਰਾਪਤ ਕਰ ਸਕਦੇ ਹਨ।

ਪੰਜਾਬੀ ਸਾਹਿਤ ਅਕਾਡਮੀ ਦਾ ਇਤਿਹਾਸ (ਲੇਖਕ : ਡਾ. ਹਰੀ ਸਿੰਘ ਜਾਚਕ), ਪ੍ਰਕਾਸ਼ਕ : ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, (ਸੰਪਰਕ ਨੰ. 98155-74144,70099-66188), ਸਫ਼ੇ : 223, ਮੁੱਲ : 450 ਰੁਪਏ।

ਚਰਚਾ ਕੌਮਾਂਤਰੀ : ਵਿਸ਼ੇਸ਼ ਪ੍ਰੋ. ਸਈਦ ਭੁੱਟਾ ਨਾਲ ਗੱਲਬਾਤ

ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਵੱਲੋਂ ਪ੍ਰਕਾਸ਼ਤ 'ਚਰਚਾ ਕੌਮਾਂਤਰੀ' ਦਾ ਨਵਾਂ ਅੰਕ ਜਨਵਰੀ-ਅਪ੍ਰੈਲ,2026 ਭਾਵੇਂ ਕਾਫੀ ਪੱਛੜ ਕੇ ਪੁੱਜਾ ਹੈ ਪਰ ਇਸ ਵਿੱਚ ਕੁਝ ਲਿਖਤਾਂ ਅਜਿਹੀਆਂ ਪ੍ਰਕਾਸ਼ਤ ਹੋਈਆਂ, ਪੜ੍ਹਨ ਨੂੰ ਮਿਲ ਜਾਂਦੀਆਂ ਹਨ ਜਿਹੜੀਆਂ ਕਦੇ ਵੀ ਪੜ੍ਹੀਆਂ ਜਾ ਸਕਦੀਆਂ ਹਨ। 'ਚਰਚਾ' ਆਪਣੀ ਨਿਵੇਕਲੀ ਦਿੱਖ ਨਾਲ 'ਚਰਚਾ' ਵਿੱਚ ਹੈ। ਭਾਵੇਂ ਕਿ ਮੌਲਿਕ ਪੰਜਾਬੀ ਲਿਖਤਾਂ ਦੀ ਘਾਟ ਰੜਕਦੀ ਹੈ।

ਹੱਥਲੇ ਅੰਕ ਦੀ ਸੰਪਾਦਕੀ ਨੋਟ 'ਬਾਤ ਸਿਰਫ਼ ਮਨ ਦੀ ਹੀ ਨਹੀਂ ਹੁੰਦੀ' ਵਿੱਚ ਸੁਖਦੇਵ ਸਿੰਘ ਸਿਰਸਾ ਤੇ ਕੁਲਦੀਪ ਸਿੰਘ ਦੀਪ ਨੇ ਨਾਰਵੇ ਦੀ ਪੱਤਰਕਾਰ ਹੈਲੀ ਲਿੰਗ ਦੇ ਹਵਾਲੇ ਨਾਲ ਪ੍ਰੈੱਸ ਦੀ ਆਜ਼ਾਦੀ ਦੀ ਗੱਲ ਕੀਤੀ ਹੈ। ਕਿਵੇਂ ਪ੍ਰੈੱਸ ਦੀ ਆਜ਼ਾਦੀ ਦਿਨੋਂ ਦਿਨ ਸੁੰਗੜ ਰਹੀ ਹੈ। ਹੱਥਲੇ ਅੰਕ ਵਿੱਚ ਦੋ ਲਿਖਤਾਂ ਵਿਸ਼ੇਸ਼ ਧਿਆਨ ਖਿੱਚਣ ਵਾਲੀਆਂ ਹਨ। ਪਹਿਲੀ ਹੈ ਪ੍ਰੋ. ਸਈਦ ਭੁੱਟਾ ਨਾਲ ਜੁਗਨੂੰ ਮੋਹਸਿਨ ਵੱਲੋਂ ਕੀਤੀ ਗੱਲਬਾਤ 'ਇਸਲਾਮ ਦਾ ਪੰਜਾਬ ਦੇ ਵਿੱਚ ਆਉਣਾ ਤੇ ਸੂਫ਼ੀ ਮੱਤ ਦਾ ਪਾਸਾਰ' ਜਿਸ ਨੂੰ ਸੁਖਦੇਵ ਸਿਰਸਾ ਨੇ ਲਿਪੀਅੰਤਰ ਕੀਤਾ ਹੈ। ਪੰਜਾਬੀ ਬੰਦੇ ਦੀ ਪਛਾਣ, ਉਸ ਦੇ ਹੋਣ ਥੀਣ, ਪੰਜਾਬ ਦੇ ਇਤਿਹਾਸ ਦੀ ਨਿਸ਼ਾਨਦੇਹੀ, ਚਿੰਤਨ ਤੇ ਕਬਾਈਲੀ ਸੂਝ ਬਾਰੇ ਗੰਭੀਰ ਗੱਲਾਂ ਕੀਤੀਆਂ ਹਨ। ਇਕਬਾਲ ਕੈਸਰ ਦੇ 'ਛੱਜੂ ਦੇ ਚੌਬਾਰੇ ਦੀਆਂ ਬਾਤਾਂ' ਲਿਖਤ ਵੀ ਇਤਿਹਾਸਕ ਮਹੱਤਤਾ ਰੱਖਦੀ ਹੈ। ਹਰਵਿੰਦਰ ਭੰਡਾਲ ਦਾ ਲੇਖ 'ਤਕਨਾਲੋਜੀ, ਵਿਅਕਤੀਵਾਦ ਅਤੇ ਸਮਾਜਿਕ ਤਬਦੀਲੀ' ਗੰਭੀਰ ਚਿੰਤਨ ਮੰਥਨ ਕਰਨ ਵਾਲਾ ਲੇਖ ਹੈ। ਭੰਡਾਲ ਅੰਗਰੇਜ਼ੀ ਦੀਆਂ ਕਿਤਾਬਾਂ ਕਾਫੀ ਪੜ੍ਹਦਾ ਰਹਿੰਦਾ ਹੈ ਤੇ ਉਸੇ ਵਿੱਚੋਂ ਕੁਝ ਅਰਕ ਨਿਚੋੜ ਕੇ ਆਪਣੇ ਚਿੰਤਨ ਮੰਥਨ ਨਾਲ ਕੁਝ ਨਵੀਆਂ ਧਾਰਨਾਵਾਂ ਉਸਾਰਨ ਦਾ ਮਹਿਰ ਹੈ। ਇਹ ਲੇਖ ਵੀ ਗੰਭੀਰ ਕਿਸਮ ਦਾ ਹੈ। ਸ਼ਾਇਦ ਕਹਾਣੀ ਬਣਦਾ ਦੇਸ਼ (ਨੂਰ ਜ਼ਹੀਰ, ਅਨੁ. ਮੋਹਨ ਰਮਣੀਕ),ਜਿੰਦਰ ਦੀ ਕਹਾਣੀ 'ਸੌਰੀ', ਦਰਸ਼ਨ ਜੋਗਾ ਦੀ ਕਹਾਣੀ 'ਛਲ' ਉਸਦੀ ਸਿਰਜਣ ਪ੍ਰਕਿਰਿਆ, ਕਮਲ ਸੇਖੋਂ ਦੀ ਨਵੀਂ ਕਹਾਣੀ 'ਪੈੜਾਂ' ਮਰਾਠੀ ਕਵੀ ਨਰਾਇਣ ਸੁਰਵੇ ਤੇ ਲੇਖ ਤੇ ਉਸ ਦੀਆਂ ਕਵਿਤਾਵਾਂ, ਹਰੀਸ਼ ਜੈਨ ਦਾ 'ਰੰਗ ਦੇ ਬਸੰਤੀ ਚੋਲਾ', ਬਸ਼ੀਰ ਬਦਰ ਦੀ ਸ਼ਾਇਰੀ 'ਤੇ ਆਲੇਖ, ਸੁਰਿੰਦਰ ਗੀਤ ਵੱਲੋਂ ਬਰਕਤ ਸਿੱਧੂ ਦਾ ਲਿਖਿਆ ਸ਼ਬਦ ਚਿੱਤਰ ਮਿਆਰੀ ਲਿਖਤਾਂ ਹਨ। ਡਾ. ਸਰਬਜੀਤ ਸਿੰਘ ਨੇ 'ਇਤਿ ਕਥਾ' ਦੀ ਬਿਰਤਾਂਤਕਾਰੀ ਨਿੱਠ ਕੇ ਲਿਖੀ ਹੈ। ਰੰਗਮੰਚ ਅਤੇ ਲੋਕਤੰਤਰ (ਦਵਿੰਦਰ ਦਮਨ), ਮੋਗੇ ਵਾਲਾ ਅਜਮੇਰ ਗਿੱਲ (ਹਰਮੀਤ ਵਿਦਿਆਰਥੀ), ਕੰਵਲ ਧਾਲੀਵਾਲ ਬਾਰੇ (ਡਾ. ਅੰਜੂ ਬਾਲਾ), ਫੋਟੋ ਗ੍ਰਾਫਰ ਰਘੂ ਰਾਏ ਬਾਰੇ (ਗੁਰਪ੍ਰੀਤ), ਫਿਲਮ ਭੁਵਨ ਸ਼ੋਮ (ਤਰਸੇਮ ਬਸ਼ਰ), ਸ਼ਾਂਤ ਸ਼ਹਿਰ ਸਲੂਨੀ (ਹਰਚਰਨ ਚੋਹਲਾ), ਗੁਰਤੇਜ ਕੁਹਾਰਵਾਲਾ ਦੀਆਂ ਗ਼ਜ਼ਲ ਪਾਠਕ ਨੂੰ ਆਪਣੇ ਵੱਲ ਖਿੱਚਦੀਆਂ ਹਨ। ਇਸ ਤੋਂ ਇਲਾਵਾ ਮਨਜੀਤ ਪੁਰੀ, ਰਮਨ ਸੰਧੂ, ਮਨਜੀਤ ਪਾਲ ਸਿੰਘ, ਪ੍ਰੀਤ ਜੱਗੀ, ਕੰਵਰਜੀਤ ਸਿੰਘ ਸਿੱਧੂ, ਜਸ ਮਲਕੀਤ, ਹਰਭਗਵਾਨ ਚਾਵਲਾ, ਹੂਬ ਨਾਥ, ਵਿਹਾਗ ਵੈਭਵ, ਮੀਨਾ ਕਾਂਦਾਸਾਮੀ ਆਦਿ ਦੀ ਸ਼ਾਇਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਸੁਖਦੀਪ ਔਜਲਾ ਦੀ ਸ਼ਾਇਰੀ ਨਾਲ ਡਾ. ਸੰਤੋਖ ਸੁੱਖੀ ਨੇ ਪਛਾਣ ਕਰਵਾਈ ਹੈ। ਅੰਤ ਵਿੱਚ ਸੁਖਬੀਰ ਸੰਧੂ (ਪਾਇਲ), ਆਰ. ਕੇ. ਨਰਾਇਣ (ਗਾਈਡ, ਟਿੱਪਣੀ ਨਿਰੰਜਣ ਬੋਹਾ), ਸੁਰਿੰਦਰ ਗਿੱਲ ਜੈਪਾਲ (ਪੌਣਾਂ ਮੀਲ ਸਰਹੱਦ, ਟਿੱਪਣੀਕਾਰ ਡਾ. ਭੁਪਿੰਦਰ ਜੌਹਲ ਜੱਜ) ਗਿਆਨ ਦੀ ਰਾਜਨੀਤੀ, (ਟਿੱਪਣੀਕਾਰ ਕੁਮਾਰ ਸੁਸ਼ੀਲ, ਗਿੱਲ ਗੁਰਪ੍ਰੀਤ) ਯੁਵਾਲ ਨੋਹ ਹਰਾਰੀ, ਟਿੱਪਣੀਕਾਰ ਸੈਮ ਗੁਰਵਿੰਦਰ) ਗੰਭੀਰ ਕਿਤਾਬਾਂ ਬਾਰੇ ਪੜ੍ਹਨ ਨੂੰ ਮਿਲ ਜਾਂਦਾ ਹੈ। ਜਸਵੀਰ ਰਾਣਾ ਦੀ ਪੁਰਾਣੀ ਤੇ ਪਹਿਲਾ ਛਪੀ ਹੋਈ ਲਿਖਤ 'ਬਾਜੀ ਮੈਨੂੰ ਬਰਫ਼ੀ ਲੈ ਕੇ ਦਿੰਦਾ ਸੀ' ਵੀ ਛਪੀ ਹੈ। ਜੋ ਉਸ ਦੇ ਨਾਵਲ '70 % ਪ੍ਰੇਮ ਕਥਾ ਦੇ ਕੁਝ ਕਾਂਡ ਹਨ। 26 ਪੰਨੇ ਪੰਜਾਬੀ ਲਿਖਤਾਂ ਦੇ ਹਨ ਜਿਹੜੇ ਪੁਨਰ ਪ੍ਰਕਾਸ਼ਤ ਹੋਏ ਹਨ। ਸੰਪਾਦਕੀ ਟੀਮ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਚਰਚਾ ਕੌਮਾਂਤਰੀ ਮੁੱਲ : 200 ਰੁਪਏ, ਪੰਨੇ : 231, ਸੰਪਾਦਕ : ਡਾ. ਸੁਖਦੇਵ ਸਿੰਘ ਸਿਰਸਾ, ਡਾ. ਕੁਲਦੀਪ ਸਿੰਘ ਦੀਪ, 2891, ਫੇਜ਼-2, ਅਰਬਨ ਅਸਟੇਟ, ਪਟਿਆਲਾ, ਮੋ. 98768-20600, 98156-36565)

ਰਤਨਪਾਲ ਡੂਡੀਆਂ ਦਾ ਨਾਵਲ 'ਹਨੇਰਿਆਂ ਦੇ ਚੰਨ' ਲੋਕ ਅਰਪਣ

ਲਹਿਰਾਗਾਗਾ-ਪੰਜਾਬੀ ਸਾਹਿਤ ਸਭਾ ਲਹਿਰਾਗਾਗਾ ਵੱਲੋਂ ਸੌਰਵ ਕੰਪਲੈਕਸ ਲਹਿਰਾਗਾਗਾ ਵਿਖੇ ਪੰਜਾਬੀ ਲੇਖਕ ਰਤਨਪਾਲ ਡੂਡੀਆਂ ਦਾ ਪਲੇਠਾ ਨਾਵਲ 'ਹਨੇਰਿਆਂ ਦੇ ਚੰਨ' ਲੋਕ ਅਰਪਣ ਕੀਤਾ ਗਿਆ। ਕਾਂਤਾ ਗੋਇਲ ਅਤੇ ਨਿਰਮਲਾ ਗਰਗ ਨੇ ਆਸ ਪ੍ਰਗਟਾਈ ਕਿ ਇਹ ਨਾਵਲ ਪੰਜਾਬੀ ਸਾਹਿਤ ਵਿੱਚ ਆਪਣੀ ਵਿਲੱਖਣ ਪਛਾਣ ਬਣਾਵੇਗਾ।ਸਮਾਗਮ ਦੌਰਾਨ ਮਾਸਟਰ ਦੇਸ ਰਾਜ ਛਾਜਲੀ ਨੇ ਪਰਚਾ ਪੜ੍ਹਦਿਆਂ ਨਾਵਲ ਦਾ ਵਿਸ਼ਾ-ਵਸਤੂ, ਵਾਰਤਾਲਾਪ, ਪਾਤਰ ਉਸਾਰੀ ਅਤੇ ਸਥਾਨਕ ਰੰਗਣ ਬਾਰੇ ਵਿਸਥਾਰ ਸਹਿਤ ਦੱਸਦਿਆਂ ਕਿਹਾ ਕਿ ਇਹ ਨਾਵਲ ਇੱਕ ਰੌਚਿਕ ਕਹਾਣੀ ਰਾਹੀਂ ਸਮਾਜ ਨੂੰ ਜਾਤਪਾਤ ਦੇ ਕੋਹੜ ਅਤੇ ਧਰਮਾਂ ਦੀ ਕੱਟੜਤਾ ਵਿਰੁੱਧ ਜਾਗਰੂਕ ਕਰਦਾ ਹੈ। ਕਰਮ ਸਿੰਘ ਜ਼ਖ਼ਮੀ ਨੇ ਕਿਹਾ ਕਿ ਇਸ ਨਾਵਲ ਦੇ ਅਖੀਰ ਵਿੱਚ ਲੇਖਕ ਨੇ ਇਹ ਮੁੱਦਾ ਵੀ ਉਠਾਇਆ ਹੈ ਕਿ ਵਿਆਹ ਤੋਂ ਪਹਿਲਾਂ ਮੁੰਡੇ ਦਾ ਮੈਡੀਕਲ ਚੈੱਕਅੱਪ ਹੋਣਾ ਚਾਹੀਦਾ ਹੈ।

ਜਗਜੀਤ ਭਟਾਲ ਨੇ ਦੱਸਿਆ ਕਿ ਲੇਖਕ ਨੇ ਨਾਵਲ ਵਿੱਚ ਪਿੰਡਾਂ 'ਚ ਨੌਜਵਾਨ ਸਭਾਵਾਂ ਦੀ ਉਸਾਰੀ ਦੀ ਲੋੜ ਨੂੰ ਬਾਖੂਬੀ ਬਿਆਨਿਆ ਹੈ।ਪ੍ਰਿੰਸੀਪਲ ਹਰਸੰਤ ਸਿੰਘ ਢੀਂਡਸਾ ਨੇ ਕਿਹਾ ਕਿ ਨਾਵਲ ਦਾ ਮੁੱਖ ਪਾਤਰ ਜਸ਼ਨਦੀਪ ਹਾਲਾਤ ਅੱਗੇ ਗੋਡੇ ਨਹੀਂ ਟੇਕਦਾ ਸਗੋਂ ਜੇਤੂ ਜਰਨੈਲ ਬਣ ਕੇ ਇੱਕ ਚੰਗਾ ਅਧਿਆਪਕ ਬਣਦਾ ਹੈ। ਪ੍ਰਸਿੱਧ ਕਹਾਣੀਕਾਰ ਭੁਪਿੰਦਰ ਸਿੰਘ ਮਾਨ ਨੇ ਕਿਹਾ ਕਿ ਰਤਨਪਾਲ ਡੂਡੀਆਂ ਨੇ ਆਪਣੇ ਪਲੇਠੇ ਨਾਵਲ ਵਿੱਚ ਵਿਸ਼ੇ ਦੀ ਗੰਭੀਰਤਾ ਨੂੰ ਕਥਾ ਦੀ ਰਵਾਨੀ ਨਾਲ ਜੋੜਨ ਦਾ ਸੁਹਣਾ ਯਤਨ ਕੀਤਾ ਹੈ।ਧਰਮਾ ਹਰਿਆਊ ਨੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।

ਸਵਿੰਦਰ ਸੰਧੂ ਦੀ ਪੁਸਤਕ 'ਜਿਉਂਦੇ ਸ਼ਹੀਦ' 'ਤੇ ਵਿਚਾਰ ਚਰਚਾ

ਜਲੰਧਰ : ਸਾਹਿਤ, ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ.) ਦੇ ਸਹਿਯੋਗ ਨਾਲ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਸਵਿੰਦਰ ਸੰਧੂ ਦੀ ਪੁਸਤਕ 'ਜਿਉਂਦੇ ਸ਼ਹੀਦ' ਬਾਰੇ ਵਿਚਾਰ ਚਰਚਾ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਪੇਪਰ ਲੇਖਕ, ਚਰਚਾਕਾਰ ਤੋਂ ਇਲਾਵਾ ਕੰਵਲ ਭੱਲਾ, ਕੁਲਦੀਪ ਸਿੰਘ ਬੇਦੀ, ਬੱਲੀ, ਸਵਿੰਦਰ ਸੰਧੂ, ਸੰਧੂ ਵਰਿਆਣਵੀ ਹਾਜ਼ਰ ਸਨ।

ਡਾ. ਸੋਮਾ ਸਬਲੋਕ ਨੇ 'ਜਿਉਂਦੇ ਸ਼ਹੀਦ' ਬਾਰੇ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਪਰਚਾ ਪੜ੍ਹਦਿਆਂ ਕਿਹਾ ਕਿ ਨਿਬੰਧ ਪੁਸਤਕ 'ਜਿਉਂਦੇ ਸ਼ਹੀਦ' ਵਿੱਚ ਸੈਨਿਕਾਂ ਦੀ ਬਹਾਦਰੀ ਨੂੰ ਬਾਖੂਬੀ ਪੇਸ਼ ਕੀਤਾ ਹੈ। ਸੋਮਾ ਸਬਲੋਕ ਨੇ ਕਿਹਾ ਕਿ ਜੰਗ ਵਿੱਚ ਜਿਹੜੇ ਨਾ ਜੀਣਿਆਂ ਵਿੱਚ ਹਨ ਤੇ ਨਾ ਮੋਇਆਂ ਵਿੱਚ ਅਸਲ ਵਿੱਚ ਉਹੀ ਹਨ ਜਿਉਂਦੇ ਸ਼ਹੀਦ।ਪ੍ਰੋ. ਬਲਦੇਵ ਸਿੰਘ ਬੱਲੀ ਨੇ ਪੁਸਤਕ 'ਜਿਉਂਦੇ ਸ਼ਹੀਦ' ਦੇ ਹਰ ਪਹਿਲੂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਮਾਨਵੀ ਮੁੱਲਾਂ ਦੀ ਕਦਰ ਕਰਦੇ ਸ਼ਬਦਾਂ ਦੀ ਲੋਅ ਹੈ ਜਿਉਂਦੇ ਸ਼ਹੀਦ। ਸਵਿੰਦਰ ਸੰਧੂ ਨੇ ਸਭ ਦਾ ਧੰਨਵਾਦ ਕਰਦਿਆਂ ਆਪਣੀ ਕਵਿਤਾ ਜੰਗੀ ਕੈਦੀਆਂ ਦੀ ਵੇਦਨਾ ਸੁਣਾ ਕੇ ਮਾਹੌਲ ਨੂੰ ਸਿਖ਼ਰ 'ਤੇ ਪੁਚਾ ਦਿੱਤਾ। ਪਰਚਿਆਂ ਬਾਰੇ ਵਿਚਾਰ ਚਰਚਾ ਵਿੱਚ ਭਾਗ ਲੈਂਦਿਆਂ ਕੁਲਦੀਪ ਸਿੰਘ ਬੇਦੀ, ਨਵਤੇਜ ਗੜ੍ਹਦੀਵਾਲਾ, ਕੇ ਸਾਧੂ ਸਿੰਘ, ਜਿੰਗਾ ਸਿੰਘ ਅਤੇ ਪ੍ਰੋ. ਸੰਧੂ ਵਰਿਆਣਵੀ ਨੇ ਕਿਹਾ ਕਿ ਪਰਚਾ ਪੜ੍ਹਨ ਵਾਲੇ ਦੋਵੇਂ ਵਿਦਵਾਨਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਮੌਕੇ ਸਭਾ ਵੱਲੋਂ ਡਾ. ਸੋਮਾ ਸਬਲੋਕ ਅਤੇ ਪ੍ਰੋ. ਬਲਦੇਵ ਸਿੰਘ ਬੱਲੀ ਦਾ ਸ਼ਾਨਦਾਰ ਸਨਮਾਨ ਪੱਤਰ, ਲੋਈ ਅਤੇ ਕਿਤਾਬਾਂ ਦੇ ਕੇ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਜਗਦੀਸ਼ ਰਾਣਾ ਨੇ ਕੀਤਾ।

ਡਾ. ਸੁਖਦੇਵ ਸਿੰਘ ਝੰਡ ਦਾ ਸਨਮਾਨ

ਕੈਲਗਰੀ : ਸਾਹਿਤ ਸਭਾ ਕੈਲਗਰੀ ਦੀ ਇਕੱਤਰਤਾ ਕੋਸੋ ਹਾਲ ਵਿੱਚ ਪੰਜਾਬੀ ਸਾਹਿਤ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ, ਉੱਘੇ ਸਾਹਿਤਕਾਰ ਡਾ. ਸੁਖਦੇਵ ਸਿੰਘ ਝੰਡ ਅਤੇ ਉਹਨਾਂ ਦੀ ਧਰਮ ਪਤਨੀ ਜਗਦੀਸ਼ ਕੌਰ ਝੰਡ ਦੀ ਪ੍ਰਧਾਨਗੀ ਵਿੱਚ ਇਕੱਤਰਤਾ ਵਿੱਚ ਹੋਈ।ਪੰਜਾਬੀ ਸਾਹਿਤ ਸਭਾ ਦਾ ਦੇਸ਼ : ਸਫ਼ਰਨਾਮਾ , 2026 ਲਿਖਿਆ।ਇਸ ਤੋਂ ਇਲਾਵਾ ਉਹਨਾਂ ਨੇ ਆਪਣੀ ਸਵੈ-ਜੀਵਨੀ ਨਾਲ ਪੰਜਾਬੀ ਸਾਹਿਤ ਵਿੱਚ ਭਰਵਾਂ ਵਿੱਚ ਵਾਧਾ ਕਰ ਚੁੱਕੇ ਹਨ। ਡਾ ਸੁਖਦੇਵ ਸਿੰਘ ਝੰਡ ਹੋਰਾਂ ਹਾਜ਼ਰੀਨ ਦੇ ਰੂਬਰੂ ਹੁੰਦਿਆਂ ਆਪਣੇ ਸਮੁੱਚੇ ਜੀਵਨ, ਆਪਣੇ ਜੀਵਨ ਦੇ ਵਿੰਗੇ ਟੇਢੇ ਰਾਹਾਂ ਤੇ ਉਤਰਾਅ-ਚੜ੍ਹਾਵਾਂ ਦਾ ਖੁੱਲ੍ਹਮ ਖੁੱਲ੍ਹਾ ਵਰਨਨ ਕੀਤਾ ਜੋ ਹਾਜ਼ਰੀਨ ਲਈ ਜੀਵਨ ਦਰਸ ਹੋ ਨਿੱਬੜਿਆ।ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਆਪਣੀ ਇਕ ਗ਼ਜ਼ਲ ਤਰੰਨਮ ਵਿੱਚ ਪੇਸ਼ ਕੀਤੀ ਅਤੇ ਡਾ ਝੰਡ ਅਤੇ ਉਹਨਾਂ ਦੀ ਧਰਮ ਪਤਨੀ ਦਾ ਜਗਦੀਸ਼ ਕੌਰ ਝੰਡ ਦਾ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਉਹ ਅੱਗੇ ਤੋਂ ਵੀ ਏਸੇ ਤਰ੍ਹਾਂ ਪੰਜਾਬੀ ਸਾਹਿਤ ਸਭਾ ਕੈਲਗਰੀ 'ਚ ਆਉਂਦੇ ਰਹਿਣਗੇ।ਇਸ ਤੋਂ ਇਲਾਵਾ ਜਗਦੇਵ ਸਿੰਘ ਸਿੱਧੂ,ਗੁਰਬਖ਼ਸ਼ ਸਿੰਘ ਗਿੱਲ, ਜਸਵੰਤ ਸਿੰਘ ਕੂਪਰ, ਮਲਿਕ ਆਰਿਫ਼, ਹਰਮਿੰਦਰ ਸਿੰਘ ਨੇ ਹਾਜ਼ਰੀ ਲਗਵਾਈ।ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਸਭਾ ਦੇ ਮੈਂਬਰ ਮਨਮੋਹਨ ਸਿੰਘ ਬਾਠ ਦੇ ਬੱਚਿਆਂ ਦਲਬੀਰ ਸਿੰਘ, ਗੁਰਮੀਤ ਕੌਰ ਗੁਰਿੰਦਰ ਕੌਰ ਦਾ ਵਡਮੁੱਲੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਮੰਚ ਸੰਚਾਲਨ ਦਾ ਕੰਮ ਗੁਰਦਿਆਲ ਸਿੰਘ ਖਹਿਰਾ ਨੇ ਬੜੇ ਸੁਚੱਜੇ ਅਤੇ ਸੁਲਝੇ ਢੰਗ ਨਾਲ ਨਿਭਾਇਆ।

ਕੈਲਗਰੀ ਵੱਲੋਂ ਡਾ. ਸੁਖਦੇਵ ਸਿੰਘ ਝੰਡ ਨੂੰ ਪੰਜਾਬੀ ਸਾਹਿਤ ਵਿੱਚ ਪਾਏ ਯੋਗਦਾਨ ਲਈ ਉਹਨਾਂ ਦੇ ਸਨਮਾਨ ਵਿੱਚ ਸਨਮਾਨ ਚਿੰਨ੍ਹ ਭੇਟਾ ਕੀਤਾ ਗਿਆ। ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਡਾ. ਸੁਖਦੇਵ ਸਿੰਘ ਝੰਡ ਦੀ ਜੀਵਨੀ ਅਤੇ ਸਾਹਿਤਕ ਪ੍ਰਾਪਤੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸੁਖਦੇਵ ਸਿੰਘ ਝੰਡ ਹੋਰਾਂ ਨੇ ਪੰਜਾਬ ਦੇ ਲੋਕ ਰੁੱਖ, ਸਾਡੇ ਰੁੱਖ, ਉੱਤਰੀ ਅਮਰੀਕਨ ਰੁੱਖ, ਕਦੋਂ (ਕਾਵਿ ਸੰਗ੍ਰਹਿ) ਪੱਤੇ ਤੇ ਪਰਛਾਵੇਂ (ਸਵੈ ਜੀਵਨੀ) ਅਤੇ ਪੁਰਖਿਆਂ

ਲੋਕ ਗੀਤ ਤੇ ਸੱਭਿਆਚਾਰ 'ਤੇ ਪ੍ਰੋ. ਨਾਹਰ ਸਿੰਘ ਦਾ ਭਾਸ਼ਣ

ਪਟਿਆਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ ਪੰਜਾਬੀ ਦੀ ਅਗਵਾਈ ਵਿਚ ਵਿਭਾਗ ਦੀ ਸਾਹਿਤ ਸਭਾ ਵੱਲੋਂ ਸੈਮੀਨਾਰ ਹਾਲ ਵਿੱਚ 'ਲੋਕ-ਗੀਤਾਂ ਦਾ ਸੰਗ੍ਰਹਿ, ਸੰਪਾਦਨ ਅਤੇ ਸੱਭਿਆਚਾਰਕ ਮਾਨਵ-ਵਿਗਿਆਨਕ ਅਧਿਐਨ' ਵਿਸ਼ੇ 'ਤੇ ਪ੍ਰੋ. ਨਾਹਰ ਸਿੰਘ ਦਾ ਭਾਸ਼ਣ ਦਾ ਆਯੋਜਨ ਕੀਤਾ ਗਿਆ।

ਸਮਾਗਮ ਦੀ ਸ਼ੁਰੂਆਤ ਪ੍ਰੋਫੈਸਰ ਸੁਰਜੀਤ ਸਿੰਘ, ਡੀਨ ਭਾਸ਼ਾਵਾਂ ਨੇ ਸਵਾਗਤੀ ਭਾਸ਼ਣ ਨਾਲ ਕੀਤੀ। ਉਨ੍ਹਾਂ ਕਿਹਾ ਕਿ ਪ੍ਰੋਫੈਸਰ ਨਾਹਰ ਸਿੰਘ ਦਾ ਲੋਕ-ਸਾਹਿਤ ਦੇ ਖੇਤਰ ਵਿੱਚ ਯੋਗਦਾਨ ਪੰਜਾਬ ਦੀ ਲੋਕ-ਵਿਰਾਸਤ ਨੂੰ ਸੰਭਾਲਣ ਅਤੇ ਇਸ ਨੂੰ ਅਕਾਦਮਿਕ ਪੱਧਰ 'ਤੇ ਸਥਾਪਤ ਕਰਨ ਵਿੱਚ ਬੇਹੱਦ ਮਹੱਤਵਪੂਰਨ ਹੈ।

ਆਪਣੇ ਭਾਸ਼ਣ ਦੌਰਾਨ ਪ੍ਰੋਫੈਸਰ ਨਾਹਰ ਸਿੰਘ ਨੇ ਕਿਹਾ ਕਿ ਲੋਕ-ਗੀਤ ਕਿਸੇ ਵੀ ਸਮਾਜ ਦੀ ਸਾਂਝੀ ਯਾਦ, ਸੱਭਿਆਚਾਰਕ ਪਛਾਣ, ਲੋਕ-ਵਿਸ਼ਵਾਸਾਂ, ਸਮਾਜਿਕ ਰਿਸ਼ਤਿਆਂ ਅਤੇ ਇਤਿਹਾਸਕ ਚੇਤਨਾ ਦੇ ਜੀਵੰਤ ਦਸਤਾਵੇਜ਼ ਹਨ। ਉਨ੍ਹਾਂ ਕਿਹਾ ਕਿ ਲੋਕ-ਗੀਤਾਂ ਦਾ ਅਧਿਐਨ ਕੇਵਲ ਸਾਹਿਤਕ ਪੱਖ ਤੋਂ ਹੀ ਨਹੀਂ, ਸਗੋਂ ਸੱਭਿਆਚਾਰਕ ਮਾਨਵ-ਵਿਗਿਆਨ, ਸਮਾਜ-ਵਿਗਿਆਨ, ਇਤਿਹਾਸ ਅਤੇ ਭਾਸ਼ਾ-ਵਿਗਿਆਨ ਦੇ ਅੰਤਰ-ਵਿਸ਼ਾਗਤ ਪ੍ਰਸੰਗ ਵਿੱਚ ਵੀ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਆਪਣੇ ਲੰਬੇ ਖੋਜ-ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਲੋਕ-ਸਾਹਿਤ ਦਾ ਪ੍ਰਮਾਣਿਕ ਸੰਗ੍ਰਹਿ ਖੇਤਰੀ ਸਰਵੇਖਣ, ਮੌਖਿਕ ਸਰੋਤਾਂ ਅਤੇ ਲੋਕ-ਸਮਾਜ ਨਾਲ ਸਿੱਧੇ ਸੰਪਰਕ ਰਾਹੀਂ ਹੀ ਸੰਭਵ ਹੈ। ਭਾਸ਼ਣ ਉਪਰੰਤ ਵਿਦਿਆਰਥੀਆਂ, ਖੋਜਾਰਥੀਆਂ ਅਤੇ ਅਧਿਆਪਕਾਂ ਨੇ ਲੋਕ-ਸਾਹਿਤ ਅਤੇ ਖੋਜ-ਵਿਧੀ ਨਾਲ ਸੰਬੰਧਤ ਕਈ ਮਹੱਤਵਪੂਰਨ ਪ੍ਰਸ਼ਨ ਪੁੱਛੇ, ਜਿਨ੍ਹਾਂ ਦੇ ਪ੍ਰੋਫੈਸਰ ਨਾਹਰ ਸਿੰਘ ਨੇ ਤੱਥਪੂਰਨ ਅਤੇ ਵਿਸ਼ਲੇਸ਼ਣਾਤਮਕ ਜਵਾਬ ਦਿੱਤੇ।

ਮੰਚ ਸੰਚਾਲਨ ਦੀ ਭੂਮਿਕਾ ਡਾ. ਗੁਰਸੇਵਕ ਸਿੰਘ ਲੰਬੀ ਇੰਚਾਰਜ ਸਾਹਿਤ ਸਭਾ ਨੇ ਨਿਭਾਈ। ਪੰਜਾਬੀ ਵਿਭਾਗ ਦੇ ਸਾਬਕਾ ਪ੍ਰੋਫੈਸਰ ਰਜਿੰਦਰਪਾਲ ਸਿੰਘ ਬਰਾੜ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਪ੍ਰੋਫੈਸਰ ਚਰਨਜੀਤ ਕੌਰ ਬਰਾੜ, ਦਲਜੀਤ ਅਮੀ ਸਮੇਤ ਪੰਜਾਬੀ ਵਿਭਾਗ ਦੇ ਅਧਿਆਪਕਾਂ, ਖੋਜਾਰਥੀਆਂ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ।

ਪਾਠਕਾਂ ਦੇ ਝਰੋਖੇ 'ਚੋਂ

ਦ੍ਰਿਸ਼ਟੀਕੋਣ

ਜਤਿੰਦਰ ਪੰਨੂ ਨੇ 23 ਅਗਸਤ ਦੇ ਐਤਵਾਰਤਾ ਅੰਕ ਵਿੱਚ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁਖ ਰੱਖਕੇ ਰਾਜਨੀਤਿਕ ਪਾਰਟੀਆਂ ਦੇ ਅੰਦਰ ਹੋ ਰਹੀ ਟੁੱਟ ਭੱਜ ਤੇ ਅਨਕਿਆਸੇ ਗੱਠਜੋੜਾਂ ਦੀਆਂ ਉਡ ਰਹੀਆਂ ਕੰਸੋਆਂ ਬਾਰੇ ਵਧੀਆ ਵਿਸ਼ਲੇਸ਼ਣ ਕੀਤਾ ਹੈ।

ਮੂੰਹ ਆਈ ਬਾਤ ਵਿੱਚ ਦਾਨੀ ਪੈਂਚਰਾਂ ਵਾਲਾ, ਪੜ੍ਹਾਕੂ, ਗੁਰਦੇਵ ਸੀਮੇਂਟ ਵਾਲਾ ਤੇ ਜ਼ਮਾਣੇ ਵਾਲ਼ੇ ਮੁੰਡੇ ਦੇ ਪਾਤਰਾਂ ਦੀ ਗੱਲਬਾਤ ਰਾਹੀਂ ਚਲਦੇ ਵਿਸ਼ਿਆਂ ਤੇ ਵਧੀਆ ਜਾਣਕਾਰੀ ਦੇ ਰਹੇ ਹਨ। ਇਸ ਵਾਰ ਓਹਨਾ ਨੇ ਬੀਜੇਪੀ ਸਰਕਾਰ ਵਲੋਂ ਸਕੂਲ ਕਾਲਜ ਦੀਆਂ ਇਤਿਹਾਸ ਪੁਸਤਕਾਂ ਵਿੱਚੋਂ ਮੁਗ਼ਲ ਇਤਿਹਾਸ ਨਾਲ ਸਬੰਧਤ ਜਾਣਕਾਰੀ ਨੂੰ ਖ਼ਤਮ ਕਰਨ ਦੀ ਯੋਜਨਾ ਬਾਰੇ ਗੱਲ ਕੀਤੀ ਹੈ।

- ਬੀ. ਡੀ. ਭਗਤ. ਅੰਮ੍ਰਿਤਸਰ

ਐਤਵਾਰਤਾ ਪੜ੍ਹ ਕੇ ਰੂਹ ਰੁਸ਼ਨਾ ਜਾਂਦੀ

ਨਵਾਂ ਜ਼ਮਾਨਾ ਦਾ ਐਤਵਾਰਤਾ ਅੰਕ ਸਾਹਿਤਕ ਕਿਰਤਾਂ ਨਾਲ ਭਰਿਆ ਹੋਇਆ ਹੈ।ਅਖ਼ਬਾਰ ਚੁਕਦਿਆਂ ਹੀ ਸੰਦੀਪ ਸਿੰਘ ਦਾ ਸ਼ਿਅਰ ਪੜ੍ਹਕੇ ਰੂਹ ਨਸ਼ਿਆ ਜਾਂਦੀ ਹੈ।ਸਭ ਤੋਂ ਪਹਿਲਾਂ ਅਪਣਾ ਪਸੰਦ ਵਾਲਾ ਕਾਲਮ ਦ੍ਰਿਸ਼ਟੀਕੋਣ ਪੜ੍ਹਦਾ ਹਾਂ।ਜਤਿੰਦਰ ਪਨੂੰ ਦੇਸ਼ ਅਤੇ ਪੰਜਾਬ ਦੇ ਸਿਆਸੀ ਹਾਲਾਤ ਦਾ ਤਬਸਰਾ ਕਰਦਾ ਹੋਇਆ ਬੁਰਜੁਆ ਸਿਆਸੀ ਪਾਰਟੀਆਂ ਦੇ ਚੋਣ ਵਾਅਦਿਆਂ ਅਤੇ ਆਗੂਆਂ ਦੇ ਕਿਰਦਾਰ ਦਾ ਝੂਠ ਉਜਾਗਰ ਕਰਦਾ ਹੈ। ਭਗਵੰਤ ਰਸੂਲਪੁਰੀ ਪੱਕੇ ਪਾਤਰਾਂ ਦੇ ਵਾਰਤਾਲਾਪ ਨਾਲ ਸੱਤਾ ਦੇ ਮਾਰੂ ਮਨਸੂਬਿਆਂ ਦਾ ਪਰਦਾਫਾਸ਼ ਕਰਦਾ ਹੈ।ਉਸਦੀ ਲਿਖਤ ਕਹਾਣੀ ਦਾ ਪ੍ਰਭਾਵ ਪਾਉਂਦੀ ਹੈ।ਸੁਰਜੀਤ ਸੁਮਨ ਵੀ ਸਮਾਜਿਕ ਅਤੇ ਸੱਭਿਆਚਾਰਕ ਵਿਸ਼ਿਆਂ ਨੂੰ ਅਧਾਰ ਬਣਾਕੇ ਮੌਜੂਦਾ ਹਾਲਾਤ ਦਾ ਖੂਬਸੂਰਤ ਚਿੱਤਰ ਪੇਸ਼ ਕਰਦਾ ਹੈ।ਕਾ.ਜਗਰੂਪ, ਕਾ. ਮੰਗਤ ਰਾਮ ਪਾਸਲਾ ਅਤੇ ਮੱਖਣ ਕੁਹਾੜ ਦੇ ਲੇਖ ਵੀ ਸੇਧਮਈ ਹਨ।ਇਹਨਾਂ ਨੂੰ ਪੜ੍ਹਕੇ ਵਿਗਿਆਨਕ, ਰਾਜਨੀਤਕ ਅਤੇ ਸਾਹਿਤਕ ਵਰਤਾਰਿਆਂ ਦਾ ਗਿਆਨ ਹੁੰਦਾ ਹੈ।ਰਸੂਲ ਹਮਜ਼ਾਤੋਵ ਦੀਆਂ ਕਵਿਤਾਵਾਂ ਦਾ ਅਨੁਵਾਦ ਪੜ੍ਹਕੇ ਆਨੰਦ ਆ ਗਿਆ ਹੈ।ਇਹਨਾਂ ਕਵਿਤਾਵਾਂ ਵਿੱਚ ਉਰਦੂ ਦੇ ਔਖੇ ਸ਼ਬਦਾਂ ਦੇ ਅਰਥ ਲਿਖਕੇ ਜੋਗਿੰਦਰਪਾਲ ਮਾਨ ਨੇ ਅਨੋਖਾ ਕਾਰਜ ਕੀਤਾ ਹੈ।ਅਜਿਹਾ ਕਾਰਜ ਜਾਰੀ ਰਹਿਣਾ ਚਾਹੀਦਾ ਹੈ।ਦੇਵ ਕੁਰਾਈਵਾਲਾ ਦੀ ਕਸ਼ਮੀਰ ਯਾਤਰਾ ਵੀ ਵਿਲੱਖਣ ਅਤੇ ਦਿਲਚਸਪ ਹੈ।ਉਸਦੀ ਸ਼ੈਲੀ ਨਿਵੇਕਲੀ ਹੈ।ਉਹ ਦ੍ਰਿਸ਼ ਵੀ ਪੇਸ਼ ਕਰਦਾ ਹੈ ਅਤੇ ਸਮਾਜਿਕ ਹਾਲਾਤ ਦੀ ਸੋਝੀ ਵੀ ਦਿੰਦਾ ਹੈ।ਉਸ ਕੋਲ ਮਹਾਨ ਵਿਦਵਾਨ ਲੇਖਕਾਂ ਦੇ ਕਥਨ ਦਰਜ ਕਰਕੇ ਲਿਖਤ ਨੂੰ ਰੌਚਕ ਬਣਾਉਣ ਦਾ ਵਲ ਹੈ।ਪੁਸਤਕ ਰੀਵਿਊ ਅਤੇ ਸਾਹਿਤਕ ਸਰਗਰਮੀਆਂ ਵੀ ਅਖ਼ਬਾਰ ਦੀ ਸ਼ਾਨ ਹਨ।

- ਰਣਬੀਰ ਰਾਣਾ, ਬਠਿੰਡਾ

ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਮਜ਼ਦੂਰ ਵਰਗ ਬਦਲਾਅ ਲਈ ਸੰਘਰਸ਼ ਕਰਨ ਦਾ ਸੰਕਲਪ ਲੈਂਦਾ ਹੈ-2: ਅਮਰਜੀਤ ਕੌਰ

ਅਰੁੰਧਤੀ ਰਾਏ ਨਾਲ ਮੁਲਾਕਾਤ : ਸੁਪ੍ਰਿਆ ਸ਼ਰਮਾ

'ਪਹਿਰੇਦਾਰੀ' : ਰਘਬੀਰ ਸਿੰਘ ਮਾਨ (ਫੋਕਸ) ਡਾ. ਹਰਿੰਦਰ ਸਿੰਘ ਤੁੜ

ਜਗਦੇਵ ਸ਼ਰਮਾ ਬੁਗਰਾ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

ਤਰਸੇਮ ਸਿੰਘ ਭੰਗੂ ਦੀਆਂ ਮਿੰਨੀ ਕਹਾਣੀਆਂ

ਵੱਡਾ ਗੱਪੀ

'ਬਾਈ ਕਿਵੇਂ ਐਂ! ਅੱਜ ਤਾਂ ਬਾਹਲ਼ੀਓ ਚਾਲ ਠੇਲੀ ਐ, ਲੱਗਦੈ ਅੱਜ ਤੜਕੇ ਈ ਨਾਗਣੀ ਦੇ ਗੱਫੇ ਮਿਲ ਗਏ!' ਆਪਣੀ ਮਸਤੀ ਵਿੱਚ ਤੁਰੇ ਆਉਂਦੇ ਅਮਲੀ ਨੂੰ ਦੂਜੇ ਅਮਲੀ ਨੇ ਟਿੱਚਰ ਜਿਹੀ ਕੀਤੀ।

'ਬਾਈ ਤੈਨੂੰ ਨਹੀਂ ਪਤਾ! ਅੱਜ ਆਪਣੇ ਲਵੇ ਬੜਾ ਲੀਡਰ ਆ ਰਿਹੈ, ਸ਼ੈਂਤ ਸਾਡੇ ਹੱਕ 'ਚ ਈ ਕੋਈ ਅਲਾਨ 'ਲੂਨ ਹੋ ਜੇ, ਆ ਜਾ ਤੋਂ ਵਿਹਜ਼ੀਆਂ ਧਾਰਾਂ ਚੋਣੀਆਂ'। ਪਹਿਲੇ ਨੇ ਨੱਕ 'ਚ ਬੋਲਦੇ ਹੋਏ ਦੂਜੇ ਨੂੰ ਵੀ ਨਾਲ ਹੀ ਤੋਰ ਲਿਆ।

ਪਿੰਡ ਵਿੱਚ ਸਥਾਨਕ ਮੁਹਤਬਰਾਂ ਨੇ ਇਕੱਠ ਕੀਤਾ ਹੋਇਆ ਸੀ। ਅਖੀਰ ਇੰਤਜ਼ਾਰ ਦੀਆਂ ਘੜੀਆਂ ਖ਼ਤਮ ਹੋਈਆਂ ਇੱਕ ਬਹੁਤ ਹੀ ਸਾਫ਼-ਸੁਥਰਾ, ਚਿੱਟ ਕੱਪੜੀਆ, ਪੋਚਵੀਂ ਪੱਗ ਵਾਲਾ ਅੱਧਖੜ ਉਮਰ ਦਾ ਲੀਡਰ ਮਾਈਕ 'ਤੇ ਆਇਆ ਤੇ ਫ਼ਤਿਹ ਬੁਲਾ ਕੇ ਭਾਸ਼ਣ ਦੇਣ ਲੱਗ ਪਿਆ, 'ਭੈਣੋ ਤੇ ਭਰਾਓ, ਸਾਡੀ ਸਰਕਾਰ ਥੋਡੇ ਅਸਤੇ ਪੀਣ ਲਈ ਸਾਫ਼ ਪਾਣੀ, ਹਰ ਪਿੰਡ ਨੂੰ ਵਧੀਆ ਸੜਕਾਂ ਅਤੇ ਸੀਵਰੇਜ ਦਾ ਬੰਦੋਬਸਤ ਕਰੇਗੀ, ਕੋਈ ਭੁੱਖੇ ਢਿੱਡ ਨਹੀਂ ਰਹੂਗਾ, ਕੋਈ ਅਨਪੜ੍ਹ ਨਹੀਂ ਰਹੇਗਾ, ਹਰ ਪਿੰਡ ਵਿੱਚ ਵਧੀਆ ਸਕੂਲ ਖੋਲ੍ਹੇ ਜਾਣਗੇ।' ਹਰ ਸਹੂਲਤ ਦਾ ਐਲਾਨ ਇੰਜ ਕਰ ਮਾਰਿਆ, ਜਿਵੇਂ ਅਲਾਦੀਨ ਦੇ ਚਿਰਾਗ ਵਾਂਗ ਸਭ ਕੁਝ ਹੁਕਮ ਕਰਨ 'ਤੇ ਹੀ ਬਣ ਜਾਣਾ ਹੋਵੇ। ਝੋਲੀ ਚੁੱਕਾਂ ਨੇ ਲੀਡਰਾਂ ਦੇ ਗਲ ਹਾਰ ਪਾਏ ਤੇ ਸਿਰੋਪੇ ਦਿੱਤੇ ਥੋੜ੍ਹੀ ਦੇਰ ਬਾਅਦ ਹਰਮਨ ਪਿਆਰਾ ਲੀਡਰ ਤੇ ਉਸ ਦੇ ਸਾਥੀ ਕਾਰਾਂ ਦੇ ਕਾਫ਼ਲੇ 'ਚ ਬੈਠ ਅਹੁ ਗਏ-ਅਹੁ ਗਏ।

ਦੂਜਾ ਅਮਲੀ ਪਹਿਲੇ ਨੂੰ ਨਿਹੋਰਾ ਜਿਹਾ ਮਾਰਦਾ ਆਖ ਰਿਹਾ ਸੀ, 'ਯਾਰ ਨਸ਼ੇ-ਪੱਤੇ ਦੀ ਤਾਂ ਕੋਈ ਗੱਲ ਨਹੀਂ ਕੀਤੀ! ਇਹ ਤਾਂ ਸਾਡੇ ਤੋਂ ਵੀ ਵੱਡਾ ਗੱਪੀ ਲੱਗਦੈ, ਏਨੀਆਂ ਗੱਪਾਂ ਖਾਧੇ ਬਗੈਰ ਨ੍ਹੀਂ ਵੱਜਦੀਆਂ, ਏਹ ਤਾਂ ਕਾਂ ਦੇ ਸਿਰ ਜਿੰਨੀ ਤੜਕੇ ਉੱਠਦਾ ਹੀ ਖਾਂਦਾ ਹਊ!'

ਹੈਂਡੀਕੇਪਡ

ਅੱਡੇ ਵਿੱਚੋਂ ਸਰਕਦੀ ਸਰਕਾਰੀ ਬੱਸ ਨੂੰ ਲੰਮੀ ਸੀਟੀ ਮਾਰ ਬਾਰੀ ਬੰਦ ਕਰਕੇ ਬੈਠੇ 'ਚੋਂ ਟਿਕਟਾਂ ਕੱਢ ਕੇ ਸਿੱਧੀਆਂ ਕਰਦਾ ਕੰਡਕਟਰ ਰੁੱਖੀ ਜਿਹੀ ਆਵਾਜ਼ ਵਿੱਚ ਸਵਾਰੀਆਂ ਨੂੰ ਸੰਬੋਧਨ ਹੋਇਆ, 'ਖੁੱਲ੍ਹੇ ਪੈਸੇ ਕੱਢਿਓ ਬਈ, ਸਵੇਰੇ-ਸਵੇਰੇ।'

ਟਿਕਟਾਂ ਕੱਟਦੇ ਨੇੜੇ ਆਏ ਕੰਡਕਟਰ ਨੂੰ ਇੱਕ ਸਵਾਰੀ ਨੇ ਪੈਸੇ ਫੜਾਉਂਦਿਆਂ ਬੜੀ ਨਿਮਰਤਾ ਨਾਲ ਕਿਹਾ, 'ਕਿਰਪਾ ਕਰਕੇ ਅੱਧੀ ਟਿਕਟ ਕੱਟ ਦਿਓ ਮੈਂ ਹੈਂਡੀਕੈਪਡ ਹਾਂ।'

ਸਰਟੀਫਿਕੇਟ ਦਿਖਾਓ! ਕੰਡਕਟਰ ਦਾ ਰੁੱਖਾ ਜਿਹਾ ਜਵਾਬ ਸੀ।

ਸਵਾਰੀ ਨੇ ਪਜਾਮਾ ਉੱਪਰ ਸਰਕਾ ਕੇ ਕੱਟੀ ਹੋਈ ਲੱਤ ਵਿਖਾ ਦਿੱਤੀ।

'ਭਾਈ ਸਾਹਿਬ ਸਰਟੀਫਿਕੇਟ ਦਿਖਾਓ!' ਕੰਡਕਟਰ ਹੋਰ ਖਿਝਿਆ।

ਸਵਾਰੀ ਨੇ ਬੜੀ ਸ਼ਾਂਤੀ ਨਾਲ ਕਿਹਾ, 'ਤੁਹਾਡੇ ਕੋਲ ਸਰਟੀਫਿਕੇਟ ਹੈ?' ਸਵਾਰੀ ਦੀ ਨਿਮਰਤਾ ਕਾਇਮ ਸੀ।

ਕੀ ਬਕਵਾਸ ਕਰ ਰਿਹੈਂ! ਮੈਂ ਤੈਨੂੰ ਹੈਂਡੀਕੈਪਡ ਲੱਗਦਾਂ?

'ਮੈਨੂੰ ਤਾਂ ਤੁਸੀਂ ਅੱਖਾਂ ਤੋਂ ਲੱਗਦੇ ਹੋ, ਜੋ ਤੁਹਾਨੂੰ ਮੇਰੀ ਕੱਟੀ ਹੋਈ ਲੱਤ ਨਹੀਂ ਦਿਸ ਰਹੀ, ਜੋ ਸਭ ਤੋਂ ਵੱਡਾ ਸਰਟੀਫਿਕੇਟ ਹੈ।' ਸਵਾਰੀ ਦੇ ਵਿਅੰਗਮਈ ਜਵਾਬ ਤੋਂ ਸ਼ਰਮਿੰਦਾ ਹੋਇਆ ਕੰਡਕਟਰ ਅੱਧੀ ਟਿਕਟ ਨਾਲ ਬਕਾਇਆ ਫੜਾ ਅਗਲੀ ਟਿਕਟ ਕੱਟਣ ਲੱਗ ਪਿਆ।

ਦਸਵੰਧ

ਇੱਕ ਗਰੀਬ ਕਿਸਾਨ ਨੂੰ ਉਸ ਦੀ ਘਰਵਾਲੀ ਜ਼ੋਰ ਦੇ ਕੇ ਇੱਕ ਸਥਾਨਕ ਸਾਧ ਦੇ ਡੇਰੇ 'ਤੇ ਲੈ ਗਈ, ਭਲਾ ਜੇ ਕਿਤੇ ਬਾਬਾ ਜੀ ਦੇ ਆਸ਼ੀਰਵਾਦ ਨਾਲ ਕਮਾਈ 'ਚ ਬਰਕਤ ਪੈ ਜਾਵੇ।

ਦਗ-ਦਗ ਕਰਦਾ ਚਿਹਰਾ, ਸ਼ਨੀਲ ਦੇ ਗੱਦੇ ਦਾ ਢਾਸਣਾ ਲਾਈ, ਠੰਢੇ ਕਮਰੇ 'ਚ ਬੈਠਾ ਸਾਧ ਲਾਈਨ ਵਿੱਚ ਆਉਂਦੀ ਸੰਗਤ ਨੂੰ ਮੋਰ ਦੇ ਖੰਭ ਲਾ-ਲਾ ਆਸ਼ੀਰਵਾਦ ਦੇ ਰਿਹਾ ਸੀ। ਆਪਣੀ ਵਾਰੀ ਆਉਣ 'ਤੇ ਕਿਸਾਨ ਜੋੜੇ ਨੇ ਸਰਧਾ ਅਨੁਸਾਰ ਮੱਥਾ ਟੇਕਣ ਤੋਂ ਬਾਅਦ ਆਪਣੀ ਸਮੱਸਿਆ ਬਿਆਨ ਕਰਦਿਆਂ ਕਿਹਾ, 'ਮਹਾਰਾਜ ਰਾਤ-ਦਿਨ ਮਿਹਨਤ ਕਰਦੇ ਆਂ, ਬਰਕਤ ਨਹੀਂ ਪੈਂਦੀ।'

ਬਾਬੇ ਨੇ ਮੱਥਾ ਟੇਕੀ ਹੋਈ ਮਾਇਆ ਵੱਲ ਟੇਢਾ ਝਾਕਦਿਆਂ ਕਿਹਾ, 'ਭਗਤਾ ਦਸਵੰਧ ਕੱਢਿਆ ਕਰ, ਆਪੇ ਪ੍ਰਭੂ ਕਿਰਪਾ ਕਰੂ।'

ਡੇਰੇ 'ਚੋਂ ਬਾਹਰ ਆਉਂਦਾ ਕਿਸਾਨ ਆਪਣੀ ਘਰਵਾਲੀ ਨੂੰ ਕਹਿ ਰਿਹਾ ਸੀ, 'ਸਾਰੀ ਫਸਲ 'ਚੋਂ ਦਸਵੰਧ ਤਾਂ ਕਦੀ ਮੈਨੂੰ ਨ੍ਹੀਂ ਬਚਿਆ, ਇਸ ਬੁਝਨੇ ਨੂੰ ਕਿੱਥੋਂ ਦੇ ਦਿਆਂ?'

ਸੋਚ ਆਪੋ ਆਪਣੀ

ਆਪਣੇ ਇੱਕ ਧਾਰਮਿਕ ਬਿਰਤੀ ਵਾਲੇ ਮਿੱਤਰ ਦੇ ਜ਼ੋਰ ਦੇਣ 'ਤੇ ਮੈਂ ਜਦ ਉਸ ਦਾ ਸਤਿਸੰਗੀ ਬਣ ਗਿਆ ਤਾਂ ਉਸ ਨੇ ਇੱਕ ਵਿਸ਼ੇਸ਼ ਦਿਹਾੜੇ 'ਤੇ ਧਾਰਮਿਕ ਸਥਾਨ ਦੀ ਯਾਤਰਾ ਦਾ ਪ੍ਰੋਗਰਾਮ ਬਣਾ ਲਿਆ। ਤਿਆਰੀ ਕਰਕੇ ਅਸੀਂ ਮੋਟਰਸਾਈਕਲ 'ਤੇ ਵੱਡਾ ਸਾਰਾ ਝੰਡਾ ਲਾ ਕੇ ਚੱਲ ਪਏ। ਇਸ ਦਿਹਾੜੇ ਉੱਤੇ ਵੱਖ-ਵੱਖ ਫਿਰਕਿਆਂ ਵੱਲੋਂ ਏਕਤਾ ਦਾ ਸਬੂਤ ਦਿੰਦਿਆਂ ਹੋਇਆਂ ਯਾਤਰੀਆਂ ਵਾਸਤੇ ਕਈ ਕਿਸਮ ਦੇ ਲੰਗਰਾਂ ਦਾ ਪ੍ਰਬੰਧ ਵੱਖ-ਵੱਖ ਥਾਵਾਂ 'ਤੇ ਕੀਤਾ ਜਾਂਦਾ ਹੈ। ਧਾਰਮਿਕ ਵਿਚਾਰ ਚਰਚਾ ਕਰਦੇ ਜਾਇਆਂ ਜਦੋਂ ਕੁਝ ਫ਼ਕਰ ਦੀ ਤਲਬ ਹੋਈ ਤਾਂ ਇੱਕ ਤਰ੍ਹਾਂ ਨਾਲ ਮੇਰਾ ਰਹਿਨੁਮਾ ਮੈਨੂੰ ਕਹਿਣ ਲੱਗਾ, 'ਯਾਰ, ਵਧੀਆ ਜਿਹੇ ਬੰਦਿਆਂ ਵੱਲੋਂ ਲਾਇਆ ਲੰਗਰ ਵੇਖ ਕੇ ਰੋਕੀਂ।'

ਮੈਂ ਉਸ ਤੋਂ 'ਵਧੀਆ ਜਿਹੇ ਬੰਦਿਆਂ' ਦਾ ਮਤਲਬ ਪੁੱਛਦਿਆਂ ਕਿਹਾ, 'ਲੰਗਰ ਤਾਂ ਹਮੇਸ਼ਾ ਵਧੀਆ ਹੁੰਦਾ ਹੈ।'

'ਯਾਰ, ਤੂੰ ਸਮਝਿਆ ਨਹੀਂ ਮੇਰਾ ਮਤਲਬ ਹੈ, ਐਂਕੜੂ ਐਵੇਂ ਜਾਤਾਂ-ਕੁਜਾਤਾਂ ਇਕੱਠੀਆਂ ਹੋ ਕੇ ਲੰਗਰ ਲਾਈ ਫਿਰਦੀਐਂ।'

ਮੈਂ ਮੋਟਰਸਾਈਕਲ ਰੋਕ ਕੇ ਵਾਪਸ ਮੋੜ ਲਿਆ।

'ਨਾ ਕੀ ਗੱਲ ਹੋ ਗਈ! ਉਹਨੇ ਹੈਰਾਨਗੀ ਨਾਲ ਕਿਹਾ ਕੁਝ ਭੁੱਲ ਗਿਐਂ?'

ਉਹਦੇ ਘਰ ਦੇ ਬੂਹੇ ਅੱਗੇ ਉਤਾਰ ਕੇ ਮੈਂ ਉਸ ਨੂੰ ਮੁਖਾਤਿਬ ਹੁੰਦਿਆਂ ਕਿਹਾ, 'ਬਾਈ ਜੀ ਸਾਡਾ ਯਾਤਰਾ 'ਤੇ ਜਾਣ ਦਾ ਓਨਾ ਚਿਰ ਕੋਈ ਮਤਲਬ ਨਹੀਂ, ਜਿੰਨਾ ਚਿਰ ਅਸੀਂ ਉੱਚ-ਨੀਚ ਤੋਂ ਮੁਕਤ ਨਹੀਂ ਹੁੰਦੇ, ਤੜਕੇ ਉੱਠ ਕੇ ਸਾਡੀ ਉਡੀਕ 'ਚ ਬੈਠੇ ਲੰਗਰਾਂ ਵਾਲੇ ਭਾਵੇਂ ਕਿਸੇ ਵੀ ਜਾਤ ਦੇ ਹੋਣ, ਉਹ ਸਾਡੇ ਵਰਗਿਆਂ ਨਾਲੋਂ ਉੱਚੇ-ਸੁੱਚੇ ਹੀ ਹੁੰਦੇ ਨੇ।'

ਫੈਸਲਾ

ਜਾਣੇ-ਅਣਜਾਣੇ ਇੱਕ ਪਤੀ-ਪਤਨੀ ਵਿੱਚ ਕਿਸੇ ਗੱਲ ਨੂੰ ਲੈ ਕੇ ਅਣਬਣ ਹੋ ਗਈ। ਵਧੀ ਗੱਲ ਤਲਾਕ ਲੈਣ ਦਾ ਸਬੱਬ ਬਣ ਗਈ। ਚਾਰ ਸਾਲ ਦੇ ਬੱਚੇ ਨੂੰ ਲੈ ਕੇ ਖੁਦ ਪਰਵਾਰ, ਮਹਿਲਾ ਮੰਡਲ ਅਤੇ ਪੁਲਸ ਵੱਲੋਂ ਸਮਝੌਤੇ ਦੀਆਂ ਸਭ ਕੋਸ਼ਿਸ਼ਾਂ ਅਸਫਲ ਹੋ ਗਈਆਂ। ਕੇਸ ਚੱਲ ਪਿਆ। ਦੋਵਾਂ ਧਿਰਾਂ ਵੱਲੋਂ ਬੱਚੇ ਦੀ ਬਿਹਤਰ ਜ਼ਿੰਦਗੀ ਨੂੰ ਲੈ ਕੇ ਉਸ ਉੱਪਰ ਆਪਣੀ-ਆਪਣੀ ਦਾਅਵੇਦਾਰੀ ਦਾ ਪੱਖ ਵਕੀਲਾਂ ਜ਼ਰੀਏ ਪੂਰੇ ਜ਼ੋਰ-ਸ਼ੋਰ ਨਾਲ ਕੋਰਟ ਵਿੱਚ ਪੇਸ਼ ਕੀਤਾ ਗਿਆ। ਜੱਜ ਵੱਲੋਂ ਗੁਜ਼ਾਰਾ ਭੱਤਾ ਨਿਸ਼ਚਿਤ ਕਰਕੇ ਤਲਾਕ ਹੋ ਗਿਆ। ਫੈਸਲੇ ਮੁਤਾਬਕ ਬੱਚੇ ਨੂੰ ਹੋਸਟਲ ਵਿੱਚ ਪੜ੍ਹਨ ਲਾ ਦਿੱਤਾ ਗਿਆ। ਬਾਲਗ ਹੋਣ ਤੱਕ ਬੱਚੇ ਨੂੰ ਦੋਵੇਂ ਧਿਰਾਂ ਅਲੱਗ-ਅਲੱਗ ਸਮੇਂ ਹੋਸਟਲ ਵਿੱਚ ਮਿਲ ਸਕਦੇ ਸਨ। ਉਸ ਤੋਂ ਬਾਅਦ ਬੱਚੇ ਨੇ ਕਿਸ ਧਿਰ ਨਾਲ ਰਹਿਣਾ ਹੈ, ਉਸ ਦੀ ਮਰਜ਼ੀ ਸੀ। ਹੋਸਟਲ ਵਿੱਚ ਮਿਲਦਿਆਂ ਮਾਂ ਵੱਲੋਂ ਮਮਤਾ ਅਤੇ ਪਿਤਾ ਵੱਲੋਂ ਪਿੱਤਰੀ ਪ੍ਰਭਾਵ ਛੱਡਣ ਦੀ ਪੂਰੀ ਕੋਸ਼ਿਸ਼ ਕੀਤੀ ਗਈ।

ਚੌਦਾਂ ਸਾਲ ਪਹਿਲਾਂ ਚਾਰ ਸਾਲਾ ਹਰੀਸ਼ ਅੱਜ ਅਠਾਰਾਂ ਸਾਲਾ ਭਰਿਆ ਪੂਰਾ ਨੌਜਵਾਨ ਸੀ। ਬਚਪਨ ਵਿੱਚ ਜੱਜ ਦਾ ਸੁਣਾਇਆ ਫੈਸਲਾ ਵੀ ਉਸ ਦੀ ਯਾਦ ਦਾ ਹਿੱਸਾ ਸੀ। ਅੱਜ ਕੋਈ ਅਦਾਲਤ ਨਹੀਂ ਸੀ, ਉਹ ਖੁਦ ਜੱਜ ਸੀ, ਖੁਦ ਫੈਸਲਾ ਕਰਨਾ ਸੀ।

ਹਰੀਸ਼ ਨੂੰ ਆਪੋ-ਆਪਣੇ ਪੱਖ ਵਿੱਚ ਆਉਣ ਦੀ ਇੱਛਾ ਰੱਖਣ ਵਾਲੇ ਮਾਂ-ਬਾਪ ਬੇਟੇ ਦੇ ਫੈਸਲੇ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਨੌਜਵਾਨ ਹਰੀਸ਼ ਨੇ ਦੋਵਾਂ ਨੂੰ ਮੁਖਾਤਬ ਹੁੰਦਿਆਂ ਕਿਹਾ, 'ਤੁਹਾਡੀ ਵਜ੍ਹਾ ਕਰਕੇ ਮੇਰਾ ਮਾਸੂਮ ਬਚਪਨ ਗਵਾਚ ਗਿਆ, ਸਕੂਲ ਨੇ ਵਿੱਦਿਆ ਦਿੱਤੀ, ਪਰ ਮਾਂ-ਬਾਪ ਨਹੀਂ, ਸਮਾਜਿਕ ਜ਼ਿੰਮੇਵਾਰੀਆਂ ਦੀ ਸਿੱਖਿਆ ਮੈਂ ਤੁਹਾਡੇ ਕੋਲੋਂ ਲੈਣੀ ਸੀ, ਪਰ ਤੁਸੀਂ ਖੁਦ ਹੀ ਜ਼ਿੰਮੇਵਾਰ ਨਹੀਂ ਬਣ ਸਕੇ, ਇਸ ਲਈ ਮੈਂ ਕਿਸੇ ਨਾਲ ਵੀ ਨਹੀਂ ਜਾ ਸਕਾਂਗਾ, ਕਿਉਂਕਿ ਮੈਂ ਇਕੱਲਿਆਂ ਰਹਿਣਾ ਸਿੱਖ ਲਿਆ ਹੈ।'

ਦੋਵੇਂ ਪਤੀ-ਪਤਨੀ ਆਪਣਾ ਜਾਂਦੇ ਨੌਜਵਾਨ ਪੁੱਤ ਦੀ ਪਿੱਠ ਨੂੰ ਅਤੇ ਕਦੀ ਇੱਕ-ਦੂਜੇ ਨੂੰ ਤੱਕਦੇ ਆਪਣੀ ਬੇਵਕੂਫ਼ੀ, ਬੇਵਸੀ ਅਤੇ ਜ਼ਿੰਮੇਵਾਰੀ ਦੇ ਅਰਥ ਸਮਝਣ ਦੀ ਕੋਸ਼ਿਸ਼ ਕਰ ਰਹੇ ਸਨ।

ਲੱਕੜ ਦਾ ਮੁੰਡਾ

ਸੂਬੇ ਵਿੱਚ ਨਵੀਂ ਬਣੀ ਸਰਕਾਰ ਦੇ ਸਹੁੰ ਚੁੱਕਣ ਤੋਂ ਬਾਅਦ ਇੱਕ ਅੱਗ ਲਾਊ ਟੀ. ਵੀ. ਚੈਨਲ ਵਾਲੇ ਇੱਕ ਪਿੰਡ ਵਿੱਚ ਪਹੁੰਚੇ। ਉਹਨਾਂ ਦਾ ਮਕਸਦ ਸੀ ਕਿ ਨਵੀਂ ਬਣੀ ਸਰਕਾਰ ਬਾਰੇ ਲੋਕਾਂ ਦੀ ਰਾਇ ਜਾਣੀ ਜਾਵੇ ਕਿ ਉਹ ਨਵੀਂ ਸਰਕਾਰ ਨੂੰ ਕਿਵੇਂ ਵੇਖ ਰਹੇ ਹਨ। ਐਂਕਰ ਨੇ ਕਾਰਵਾਈ ਸ਼ੁਰੂ ਕਰਦਿਆਂ ਹਰੇਕ ਵਰਗ ਦੀ ਉਮਰ ਦੇ ਲੋਕਾਂ ਕੋਲੋਂ ਸਵਾਲ ਪੁੱਛੇ। ਹਰੇਕ ਦਾ ਨਜ਼ਰੀਆ ਆਪਣਾ-ਆਪਣਾ ਸੀ। ਕਿਸੇ ਨੇ ਰਾਜ ਕਰ ਚੁੱਕੀ ਪਾਰਟੀ ਨੂੰ ਨਿਕੰਮੀ ਕਿਹਾ, ਦੂਜੇ ਨੇ ਉੱਭਰ ਕੇ ਆਈ ਤੀਜੀ ਧਿਰ ਨੂੰ ਕੋਸਦਿਆਂ ਕਿਹਾ, 'ਬਾਹਰੋਂ ਡਾਕੂ ਆਏ ਸੀ, ਉਹਨਾਂ ਤੋਂ ਬਚ ਗਏ। ਕੋਈ ਨਵੀਂ ਸਰਕਾਰ ਤੋਂ ਉਮੀਦ ਲਾਈ ਬੈਠਾ ਸੀ। ਇੱਕ ਢਿੱਡੋਂ ਅੱਖਾ ਕਹਿ ਰਿਹਾ ਸੀ, 'ਯਾਰ ਏਹ ਤਾਂ ਭਰਿਆਂ ਨੂੰ ਹੀ ਭਰਨ ਲੱਗ ਪਏ, ਸਾਨੂੰ ਕੀ ਦੇਣੈ, ਵੈਸੇ ਹੈ ਸਿਆਣੇ ਨੇ ਕੱਲ੍ਹ ਨੂੰ ਇਹਨਾਂ ਵੀ ਤਾਂ ਹਾਰਨਾ ਹੈ।'

ਐਂਕਰ ਨੇ ਇੱਕ ਸੱਤਰ-ਅੱਸੀ ਸਾਲ ਦੇ ਬਜ਼ੁਰਗ ਵੱਲ ਮਾਈਕ ਕਰਦਿਆਂ ਸਰਕਾਰ ਪ੍ਰਤੀ ਆਪਣਾ ਸਵਾਲ ਦੁਹਰਾਇਆ, 'ਬਾਪੂ ਜੀ ਤੁਸੀਂ ਵੀ ਆਪਣਾ ਜੀਵਨ ਤਜਰਬਾ ਦਰਸ਼ਕਾਂ ਨਾਲ ਸਾਂਝਾ ਕਰੋ।' ਬਜ਼ੁਰਗ ਦਾ ਜਵਾਬ ਸੀ, 'ਸ਼ੇਰਾ, ਸਾਰੀਆਂ ਸਰਕਾਰਾਂ ਲੱਕੜ ਦਾ ਮੁੰਡਾ ਹੀ ਦੇਂਦੀਆਂ ਨੇ, ਜੋ ਨਾ ਰੋਂਦਾ ਹੈ, ਨਾ ਹੱਸਦਾ ਹੈ ਤੇ ਨਾ ਢੁੱਖਦਾ ਹੈ।'

ਘੜੀ

ਇੱਕ ਕਸਾਈ ਵੱਲੋਂ ਮੀਟ ਵਾਸਤੇ ਸਵੇਰੇ-ਸਵੇਰੇ ਖਰੀਦ ਕੇ ਲਿਆਂਦੇ ਬੱਕਰੇ ਨੇ ਕੱਲ੍ਹ ਵਾਲੇ ਬੱਕਰੇ ਨੂੰ ਵੇਖ ਅਸਲੀ ਬੱਕਰਾ ਬੁਲਾਉਂਦਿਆਂ ਇੰਜ ਲਲਕਾਰਿਆ, ਜਿਵੇਂ ਕਹਿ ਰਿਹਾ ਹੋਵੇ, 'ਮੈਂ ਤਾਂ ਜਿਹੜੇ ਇੱਜੜ 'ਚੋਂ ਆਇਆਂ, ਉਥੇ ਕੋਈ ਖੰਘਣ ਨਹੀਂ ਦਿੱਤਾ ਤੂੰ ਕਿਹੜੇ ਬਾਗ ਦੀ ਮੂਲੀ ਏਂ?'

ਗੁੱਸੇ ਭਰੀ ਲਲਕਾਰ ਸੁਣ ਕੇ ਦੂਜੇ ਬੱਕਰੇ ਦੀ ਧੌਣ ਦੇ ਵਾਲ ਵੀ ਆਕੜ ਗਏ। ਕਸਾਈ ਨਵੇਂ ਲਿਆਂਦੇ ਬੱਕਰੇ ਨੂੰ ਬੰਨ੍ਹ ਪਿਛਾਂਹ ਹਟਿਆ ਹੀ ਸੀ ਕਿ ਦੋਵਾਂ ਬੱਕਰਿਆਂ ਨੇ ਪੈਂਤੜਾ ਮੱਲ ਕੇ ਇੱਕ-ਦੂਜੇ ਨੂੰ ਠਾਹ ਟੱਕਰ ਮਾਰ ਦਿੱਤੀ। ਕਸਾਈ ਦੁਬਾਰਾ ਇੱਕ ਨੂੰ ਖੋਲ੍ਹ ਕੇ ਥੋੜ੍ਹਾ ਹਟਵਾਂ ਬੰਨ੍ਹਦਾ ਬੁੜ-ਬੁੜਾਅ ਰਿਹਾ ਸੀ, 'ਸਹੁਰੀ ਦਿਓ, ਘੜੀ-ਪਲ ਦੀ ਤਾਂ ਖੇਡ ਹੈ ਤੁਹਾਡੀ, ਭਿੜ ਕੇ ਕੀ ਵੰਡਣਾ ਜੇ!'

ਬੱਕਰਾ ਪਾਸੇ ਹਟਾ ਕੇ ਬੰਨ੍ਹ ਦੋਵਾਂ ਅੱਗੇ ਤੂੰਤ-ਤੂੰਤ ਪੱਠਿਆਂ ਦਾ ਸੁੱਟ ਕਸਾਈ ਅੰਦਰ ਚਲਾ ਗਿਆ। ਥੋੜ੍ਹੀ ਦੇਰ ਬਾਅਦ ਅੰਦਰੋਂ ਤੁੰ-ਤੁੰ, ਮੈਂ-ਮੈਂ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਬੱਕਰਿਆਂ ਨੇ ਪੱਠੇ ਚੱਬਦਿਆਂ ਕੰਨ ਥਰਕਿਕੇ ਲੋਗਦਿਆਂ ਇੱਕ-ਦੂਜੇ ਵੱਲ ਵੇਖਦਿਆਂ ਆਉਂਦੀਆਂ ਆਵਾਜ਼ਾਂ ਵੱਲ ਵੇਖਿਆ। ਤੰਗ-ਤਰਾਸ਼ਾ ਸ਼ਾਇਦ ਭਰਾਵਾਂ ਦੀ ਵੰਡ ਦਾ ਸੀ, ਜੋ ਪਲਾਂ 'ਚ ਹੀ ਰੋਣ-ਧੋਣ ਵਿੱਚ ਬਦਲ ਗਿਆ। ਬੱਕਰਾ ਬੰਨ੍ਹ ਕੇ ਗਿਆ ਮਾਲਕ ਵੱਢਿਆ ਗਿਆ ਸੀ। ਪਹਿਲਾ ਬੱਕਰਾ ਦੂਜੇ ਨੂੰ ਆਪਣੀ ਭਾਸ਼ਾ 'ਚ ਮਿੱਠ-ਮਿਨਾਉਂਦਾ ਕਹਿ ਰਿਹਾ ਸੀ, 'ਲੱਗਦੈ ਘੜੀ ਪਲ ਦੀ ਗੱਲ ਕਰਨ ਵਾਲੇ ਦੀ ਘੜੀ ਸਾਡੇ ਨਾਲੋਂ ਵੀ ਪਹਿਲੋਂ ਆ ਗਈ।'

ਸੰਪਰਕ : 94656-56214

ਪ੍ਰਸਿੱਧ ਨਾਵਲਕਾਰ ਬਲਬੀਰ ਪਰਵਾਨਾ ਦਾ ਨਵਾਂ ਨਾਵਲ 'ਚਿਰਾਗਾਂ ਦੀਆਂ ਪੁਸ਼ਤਾਂ' ਰਿਲੀਜ਼ ਕਰਦੇ ਹੋਏ ਕੁਲਦੀਪ ਸਿੰਘ ਬੇਦੀ, ਵਿਸ਼ਾਲ, ਬਲਬੀਰ ਪਰਵਾਨਾ, ਬਖ਼ਤਾਵਰ ਸਿੰਘ ਧਾਲੀਵਾਲ, ਮੱਖਣ ਮਾਨ, ਲਖਵਿੰਦਰ ਜੌਹਲ ਅਤੇ ਸੰਦੀਪ।

ਡਾ. ਭੰਡਾਲ ਦੀਆਂ ਤਿੰਨ ਪੁਸਤਕਾਂ ਲੋਕ ਅਰਪਣ

ਕਪੂਰਥਲਾ : ਅੱਖਰ ਮੰਚ ਕਪੂਰਥਲਾ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੇ ਪ੍ਰਵਾਸੀ ਸ਼੍ਰੋਮਣੀ ਸਾਹਿਤਕਾਰ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀਆਂ ਨਵ-ਪ੍ਰਕਾਸ਼ਿਤ ਤਿੰਨ ਪੁਸਤਕਾਂ ਸਫ਼ਰਨਾਮਾ ਲਾਹੌਰ ਦੀ ਫ਼ਿਜ਼ਾ ਤੇ ਕਰਤਾਰ ਪੁਰ ਯਾਤਰਾ, ਵਾਰਤਕ ਟੁੱਟੀ ਡੰਡੀ ਵਾਲਾ ਕੱਪ ਤੇ ਬੱਚਿਓ! ਸਾਨੂੰ ਮਾਫ਼ ਕਰਨਾ ਡਾ. ਭੰਡਾਲ ਦੇ ਸਫ਼ਲ ਵਿਦਿਆਰਥੀਆਂ ਵੱਲੋਂ ਉਨ੍ਹਾਂ ਦੇ ਗੁਰੂ ਪ੍ਰੋਫੈਸਰ ਕਾਲੋਨੀ ਵਿਖੇ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਰਿਲੀਜ਼ ਕੀਤੀਆਂ ਗਈਆਂ। ਇਸ ਮੌਕੇ ਅੱਖਰ ਮੰਚ ਦੇ ਪ੍ਰਧਾਨ ਸਰਵਣ ਸਿੰਘ ਔਜਲਾ ਨੇ ਦੱਸਿਆ ਕਿ ਡਾਕਟਰ ਗੁਰਬਖ਼ਸ਼ ਭੰਡਾਲ ਦੀ ਵਿਗਿਆਨਕ ਅਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਸਿਰਜਦੀ ਕਲਮ ਨੇ ਸਫ਼ਰਨਾਮੇ, ਵਾਰਤਕ, ਕਵਿਤਾ ਤੇ ਵਿਗਿਆਨਕ ਵਿਸ਼ਿਆਂ ਉੱਤੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਇਨ੍ਹਾਂ ਤਿੰਨ ਪੁਸਤਕਾਂ ਤੋਂ ਪਹਿਲਾਂ ਤੇਈ ਕਿਤਾਬਾਂ ਪਾ ਕੇ ਆਪਣੀ ਵਿਲੱਖਣਤਾ ਦਾ ਲੋਹਾ ਮੰਨਵਾਇਆ ਹੈ। ਕੁਲਵੰਤ ਔਜਲਾ ਨੇ ਡਾ. ਭੰਡਾਲ ਦੀ ਜੀਵਨ ਤੇ ਲਿਖਣ ਸ਼ੈਲੀ ਬਾਰੇ ਕਿਹਾ ਕਿ ਡਾ. ਭੰਡਾਲ ਜਿੱਥੇ ਫਿਜ਼ਿਕਸ ਦੇ ਪ੍ਰੋਫ਼ੈਸਰ ਰਹੇ ਹਨ, ਉੱਥੇ ਅੱਜ ਅਮਰੀਕਾ ਦੀ ਯੂਨੀਵਰਸਿਟੀ 'ਚ ਗੋਰੇ ਵਿਦਿਆਰਥੀਆਂ ਨੂੰ ਫਿਜ਼ਿਕਸ ਪੜ੍ਹਾਉਂਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਯੂਨੀਵਰਸਿਟੀ ਵੱਲੋਂ ਆਦਰਸ਼ ਅਧਿਆਪਕ ਹੋਣ ਦੇ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਰੋਸ਼ਨ ਖੈੜਾ ਨੇ ਕਿਹਾ ਕਿ ਸਾਨੂੰ ਕਿਤਾਬਾਂ ਦੇ ਮੰਥਨ ਕਰਦੇ ਤੇ ਲਿਖਦੇ ਟੀਕਾਕਾਰ ਵਿਦਵਾਨ ਤਾਂ ਬਹੁਤ ਮਿਲ ਜਾਣਗੇ, ਪਰ ਡਾ. ਗੁਰਬਖ਼ਸ਼ ਭੰਡਾਲ ਵਰਗਾ ਪ੍ਰਕਿਰਤ ਵਿਵਹਾਰ ਕਦੇ ਹੀ ਲੱਭਦਾ ਹੈ। ਪ੍ਰਿੰਸੀਪਲ ਸਰਵਿੰਦਰ ਸਿੰਘ ਸੋਢੀ ਨੇ ਕਿਹਾ ਕਿ ਡਾ. ਭੰਡਾਲ ਇੱਕ ਆਦਰਸ਼ ਅਧਿਆਪਕ ਹਨ। ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਅਸੀਂ ਡਾ. ਭੰਡਾਲ ਦੇ ਉਹ ਵਿਦਿਆਰਥੀ ਹਾਂ, ਜੇਕਰ ਸਾਡੇ ਕਾਲਜ ਸਮੇਂ ਡਾ. ਭੰਡਾਲ ਸਾਹਿਬ ਨਾ ਆਉਂਦੇ ਤਾਂ ਅਸੀਂ ਪਤਾ ਨਹੀਂ ਕਿੱਥੇ ਰੁਲ ਜਾਂਦੇ। ਇਸ ਮੌਕੇ ਡਾ. ਸਰਦੂਲ ਸਿੰਘ ਔਜਲਾ, ਮੰਗਲ ਸਿੰਘ ਭੰਡਾਲ, ਜਸਬੀਰ ਸੰਧੂ, ਊਧਮ ਸਿੰਘ ਔਜਲਾ ਤੋਂ ਇਲਾਵਾ ਡਾਕਟਰ ਭੰਡਾਲ ਦੇ ਵਿਦਿਆਰਥੀਆਂ 'ਚ ਸੁਖਬੀਰ ਸਿੰਘ ਵਾਲੀਆ, ਵਾਈਸ ਪ੍ਰਿੰਸੀਪਲ ਰਜਿੰਦਰ ਸਿੰਘ, ਪ੍ਰਵਾਸੀ ਭਾਰਤੀ ਭਜਨ ਸਿੰਘ ਔਜਲਾ, ਪ੍ਰੋਫ਼ੈਸਰ ਯਾਦਵਿੰਦਰ ਸਿੰਘ ਕਲਸੀ, ਰਾਕੇਸ਼ ਸ਼ਰਮਾ, ਰਾਜਨ ਟੰਡਨ, ਡਾਕਟਰ ਦੀਪਕ ਅਰੋੜਾ, ਐਡਵੋਕੇਟ ਰਾਕੇਸ਼ ਪਰਾਸ਼ਰ, ਜੋਤੀ ਮਹਿੰਦਰੂ, ਰਵਿਸ਼ ਮੌਂਦਗਿਲ ਆਦਿ ਵੀ ਹਾਜ਼ਰ ਸਨ।

ਬਚਪਨ ਦਾ ਦ੍ਰਿਸ਼

ਡਾਇਰੀ ਦੇ ਪੰਨੇ

ਹੀਰਾ ਸਿੰਘ ਤੂਤ

ਬਚਪਨ ਦੇ ਦਿਨ ਸਨ। ਸਾਡੇ ਘਰਾਂ ਦੇ ਹੀ ਇੱਕ ਅੜਬ ਬੰਦੇ ਨੇ ਗਲੀ ਵਿੱਚ ਆ ਕੇ ਰੌਲਾ ਪਾਇਆ ਸੀ, ਤੁਹਾਨੂੰ ਕਿੰਨੇ ਵਾਰੀ ਆਖਿਆ ਕਿ ਗਲੀ 'ਚੋਂ ਮੱਝਾਂ ਵਾਲਾ ਕਿੱਲਾ ਪੁੱਟੋ।

ਬਾਪੂ ਆਖਣ ਲੱਗਾ, ਏਡੀ ਵੱਡੀ ਤਾਂ ਗਲੀ ਹੈ! ਭਾਵੇਂ ਦੋ ਟਰੱਕ 'ਕੱਠੇ ਲੰਘਾ ਲਓ! ਕਿਸੇ ਨੂੰ ਕੀ ਅੜਿੱਕਾ ਹੈ! ਨਾਲੇ ਸਵੇਰ-ਸ਼ਾਮ ਦੋ ਘੰਟੇ ਤਾਂ ਮੱਝਾਂ ਬੰਨ੍ਹਦੇ ਆਂ ! ਘਰ ਛਾਂ ਨਹੀਂ ਹੈ!

ਨਾ ਬਾਈ ! ਮੈਂ ਤਾਂ ਕਿੱਲਾ ਪੁੱਟ ਕੇ ਹੀ ਸਾਹ ਲਊਂ! ਹੁਣ ਤੁਹਾਡਾ ਕਿੱਲਾ ਮੇਰੀ ਹਿੱਕ 'ਚ ਵੱਜਦਾ! ਉਹ ਬੁੜਬੁੜਾਉਂਦਾ ਆਪਣੇ ਘਰ ਗਿਆ ਤੇ ਸੱਬਲ ਚੁੱਕ ਲਿਆਇਆ ਸੀ।

ਸਾਡੀਆਂ ਵੱਡੀਆਂ ਕੁੜੀਆਂ ਤੇ ਭਰਾ ਨਾਲ਼ੋਂ ਲੱਗੇ ਤੇ ਬਾਪੂ ਨੇ ਰੋਕ ਦਿੱਤਾ ਸੀ ਤੇ ਨਾਲ਼ੇ ਕਿਹਾ ਸੀ, ਕੋਈ ਗੱਲ ਨਹੀਂ! ਇਹ ਇਸ ਵੇਲੇ ਹੰਕਾਰਿਆ ਹੈ! ਹੰਕਾਰਿਆ, ਸੋ ਮਾਰਿਆ! ਚੌਧਰ ਇਸ ਨੂੰ ਚੜ੍ਹ ਗਈ ਹੈ। ਕੋਈ ਵੱਡੇ-ਛੋਟੇ ਦਾ ਲਿਹਾਜ਼ ਨਹੀਂ! ਜਿਵੇਂ ਕਿਸੇ ਨੇ ਆਪਣੇ ਮੁੰਡੇ ਨੂੰ ਪੁੱਛਿਆ ਸੀ ਕਿ ਵੱਡਾ ਹੋ ਕੇ ਕੀ ਬਣੇਂਗਾ? ਉਸ ਨੇ ਕਿਹਾ, ਥਾਣੇਦਾਰ ਬਣਾਂਗਾ ! ਫਿਰ ਕੀ ਕਰੇਂਗਾ? ਬਾਪੂ ਤੇਰਾ ਹੀ ਪਿੱਛਾ ਕੁੱਟੂੰਗਾ! ਇਹ ਗੱਲ ਬਣੀ ਪਈ ਹੈ।

ਬਾਪੂ ਨੇ ਸਾਰੇ ਟੱਬਰ ਨੂੰ ਅੰਦਰ ਜਾਣ ਨੂੰ ਕਿਹਾ ਸੀ। ਸਭ ਨੂੰ ਗੁੱਸਾ ਸੀ ਕਿ ਸਾਨੂੰ ਬੋਲਣਾ ਚਾਹੀਦਾ ਸੀ। ਗਲੀ ਇਹਦੇ ਪਿਓ ਦੀ ਹੈ, ਪਰ ਤਕੜੇ ਦਾ ਸੱਤੀਂ ਬੀਹੀਂ ਸੌ ਵਾਲੀ ਗੱਲ ਬਣ ਗਈ ਸੀ। ਮੇਰੀ ਦਾਦੀ ਨੇ ਆ ਕਿਹਾ ਸੀ, ਕੋਈ ਨਹੀਂ ਪੁੱਤ ਸਬਰ ਰੱਖੋ! ਵਾਹਿਗੁਰੂ ਦਾ ਸ਼ੁਕਰ ਕਰੋ! ਜੇ ਕੋਈ ਕਿਸੇ ਗਰੀਬ ਦੀ ਹਾਅ ਲੈਂਦਾ ਤਾਂ ਲੋਹਾ ਵੀ ਸਵਾਹ ਹੁੰਦਾ। ਰੱਬ ਕੁੱਤਾ ਥੋੜ੍ਹੀ ਹੁੰਦਾ! ਜੋ ਕਿਸੇ ਦੀ ਲੱਤ ਪਾੜ ਦੇਵੇ!

ਰੱਬ ਦੀ ਕਰਨੀ ਹੋਈ ਕਿ ਕਿੱਲਾ ਪੁੱਟਣ ਵਾਲੇ ਬੰਦੇ ਦੀ ਮੱਝ ਦੀ ਲੱਤ ਟੁੱਟ ਗਈ। ਸਾਡੇ ਬੂਹੇ ਅੱਗੇ ਹੀ ਡੇਰਾ ਹੋ ਗਿਆ। ਨਾ ਤੁਰ-ਫਿਰ ਸਕਦੀ ਸੀ। ਇੱਥੇ ਹੀ ਪਾਣੀ ਪਿਆਉਂਦੇ। ਟੋਕਰੀ ਵਿੱਚ ਪੱਠੇ ਰੱਖ ਕੇ ਪਾਉਂਦੇ। ਬੱਠਲ ਵਿੱਚ ਪਾਣੀ ਪਾ ਕੇ ਪਿਆਉਂਦੇ ਤੇ ਮਹੀਨਾ ਭਰ ਇਵੇਂ ਹੀ ਚੱਲਦਾ ਰਿਹਾ। ਉਹ ਕਮਜ਼ੋਰ ਹੁੰਦੀ ਗਈ। ਜਦ ਲੱਗਿਆ ਕਿ ਮੱਝ ਕਿਸੇ ਕੰਮ ਦੀ ਨਹੀਂ ਤਾਂ ਬੁੱਚੜਖਾਨੇ ਨੂੰ ਵੇਚ ਦਿੱਤੀ।

ਜਿਹੜੇ ਕਹਿੰਦੇ ਸੀ ਕਿ ਅਸੀਂ ਕੀ ਲੈਣਾ ਹੈ ਓਹ ਸਾਡੇ ਦਰਵਾਜ਼ੇ ਅੱਗੇ ਹਾਜ਼ਰੀ ਭਰਦੇ ਰਹੇ। ਸਾਡੇ ਬਾਪੂ ਦਾ ਸੁਭਾਅ ਸਬਰ-ਸੰਤੋਖ ਵਾਲਾ ਤੇ ਠੰਢਾ ਸੀ। ਮੇਰੀ ਜ਼ਿੰਦਗੀ ਵਿੱਚ ਵੀ ਇਹ ਅਸਰ ਤੇ ਪ੍ਰਭਾਵ ਕਾਇਮ ਹੈ! ਬਹੁਤ ਲੋਕ ਮੇਰਾ ਬੁਰਾ ਕਰ ਗਏ। ਜੜ੍ਹਾਂ ਵੱਢਣ ਦੀ ਕੋਸ਼ਿਸ਼ ਕਰਦੇ ਰਹੇ ਤੇ ਮੈਂ ਵੀ ਹੱਥ ਬੰਨ੍ਹ ਕੇ ਆਖਦਾ ਹਾਂ, ਰੱਬਾ! ਮੈਂ ਕਿਸੇ ਨਾਲ ਲੜਨ ਜਾਣਾ ਨਹੀਂ! ਮੈਂ ਲੜਨਾ ਵੀ ਨਹੀਂ ਚਾਹੁੰਦਾ! ਮੇਰੇ ਥਾਂਵੇਂ ਤੂੰ ਹੀ ਲੜ ਲਿਆ ਕਰ, ਜਦ ਮੈਂ ਸਹੀ ਹੋਵਾਂ!

ਮੇਰੀ ਜ਼ਿੰਦਗੀ ਵਿੱਚ ਬਹੁਤ ਸਾਰੇ ਲੋਕ ਆਏ, ਜਿਨ੍ਹਾਂ ਨੇ ਮੇਰਾ ਬੁਰਾ ਕੀਤਾ। ਮੈਂ ਕਦੇ ਕੋਈ ਪਲਟਵਾਰ ਨਹੀਂ ਕਰਦਾ। ਪਰਮਾਤਮਾ ਆਪਣੇ ਹਿਸਾਬ ਨਾਲ ਨਿਬੜਦਾ ਹੈ। ਜਦ ਕਦੇ ਗੁੱਸਾ ਚੜ੍ਹ ਜਾਵੇ ਤਾਂ ਮੈਨੂੰ ਦਾਦੀ ਦੇ ਕਹੇ ਬੋਲ ਚੇਤੇ ਆ ਜਾਂਦੇ ਹਨ, ਰੱਬ ਕੁੱਤਾ ਥੋੜ੍ਹੋਂ ਹੁੰਦਾ! ਜੋ ਕਿਸੇ ਦੀ ਲੱਤ ਪਾੜ ਦੇਵੇ!

ਮੋਬਾ. 98724-55994

ਸਫ਼ਾ 3 ਦੀ ਬਾਕੀ

ਪੰਜਾਬ ਦੀ ਲੋਕ ਮਾਨਸਿਕਤਾ...

ਗਈ ਇਸ ਪ੍ਰਵਿਰਤੀ ਦੀ ਰੋਕਥਾਮ ਦੇ ਮਨੋਵਿਗਿਆਨਕ ਉਪਾਵਾਂ ਬਾਰੇ ਵੀ ਸੰਵਾਦ ਚਰਚਾ ਛੇੜਦਾ ਹੈ। ਜਿਣਸੀ ਸੰਬੰਧਾਂ ਤੋਂ ਪੈਦਾ ਹੋਣ ਵਾਲੀ ਬਿਮਾਰੀ ਏਡਜ਼ ਦਾ ਸ਼ਿਕਾਰ ਪਹਿਲਾਂ ਸ਼ਾਲੀ ਖੁਦ ਹੁੰਦਾ ਹੈ ਤੇ ਫਿਰ ਇਹ ਬਿਮਾਰੀ ਉਸ ਨਾਲ ਸਰੀਰਕ ਸੰਬੰਧ ਬਣਾਉਂਦਾ ਇਹਾ ਕੁੰਦਨ ਨੂੰ ਆਪਣਾ ਸ਼ਿਕਾਰ ਬਣਾ ਲੈਂਦੀ ਹੈ। ਸਾਰਥੋ ਨੂੰ ਇਸ ਸਵਸਥ ਪੁੱਤਰ ਦੀ ਮਾਂ ਬਣਦਾ ਵਿਖਾ ਕੇ ਨਾਵਲ ਦੀ ਕਹਾਣੀ ਇਸ ਰੋਗ ਨੂੰ ਇਲਾਜ ਯੋਗ ਸਾਬਤ ਕਰਨ ਦੀ ਵੀ ਕੋਸ਼ਿਸ਼ ਕਰਦੀ ਹੈ। ਨਾਵਲ ਦਾ ਤੀਜਾ ਭਾਗ 'ਘੱਗਰ' ਚੜ੍ਹਦੇ ਪੰਜਾਬ ਦੇ ਮਾਲਵਾ ਖੇਤਰ ਦੇ ਘੱਗਰ ਨਦੀ ਨੇੜਲੇ ਇਲਾਕਿਆਂ ਦੀਆਂ ਸਮਾਜਿਕ, ਆਰਥਿਕ ਤੇ ਇਤਿਹਾਸਕ ਸਥਿਤੀਆਂ-ਪ੍ਰਸਥਿਤੀਆਂ ਨੂੰ ਵਿਸ਼ੇਸ਼ ਤੌਰ 'ਤੇ ਰੂਪਮਾਨ ਕਰਦਾ ਹੈ। ਘੱਗਰ ਦੇ ਨੇੜਲੇ ਮਲਵਈ ਖੇਤਰ ਦੇ ਲੋਕਾਂ ਦੀ ਮਾਨਸਿਕਤਾ ਵਿਚ ਆਉਣ ਵਾਲੇ ਬਦਲਾਅ ਰਾਵੀ ਤੇ ਸਤਲੁਜ ਦੇ ਨੇੜੇ ਰਹਿਣ ਵਾਲੇ ਲੋਕਾਂ ਨਾਲੋਂ ਥੋੜ੍ਹਾ ਵੱਖਰੀ ਕਿਸਮ ਦੇ ਹਨ। ਇਹ ਭਾਗ ਦੇ ਸਮਾਜਿਕ ਰਿਸ਼ਤਿਆਂ ਦੀ ਜਟਿਲਤਾ ਵੀ ਬਹੁ-ਪਰਤੀ ਹੈ। ਜੇ ਖੇਤਰ ਦੀ ਨੌਜਵਾਨ ਪੀੜ੍ਹੀ ਜਾਤ-ਪਾਤ ਦੀਆਂ ਕੰਧਾ ਨੂੰ ਦਲੇਰੀ ਨਾਲ ਤੋੜਦੀ ਹੈ ਤਾਂ ਅਣਖ, ਇੱਜ਼ਤ ਦੇ ਨਾਂਅ 'ਤੇ ਇਸ ਖੇਤਰ ਵਿਚ ਕਤਲ ਵੀ ਆਮ ਹੁੰਦੇ ਹਨ। ਇਸ ਖੇਤਰ ਦੀ ਜੀਵਨ-ਜਾਚ ਜੁਝਾਰੂ ਸੰਘਰਸ਼ਸ਼ੀਲ ਦੌਰ ਵਿਚੋਂ ਲੰਘ ਕੇ ਪ੍ਰਵਾਨ ਚੜ੍ਹਦੀ ਹੈ। ਇਸ ਖੇਤਰ ਦਾ ਵਸਨੀਕ ਹੋਣ ਕਾਰਨ ਨਾਵਲਕਾਰ ਇਸ ਖੇਤਰ ਦੀ ਲੋਕ ਮਾਨਸਿਕਤਾ ਦੀਆਂ ਮਹੀਨ ਤੋਂ ਮਹੀਨ ਪਰਤਾਂ ਤੱਕ ਪਹੁੰਚਣ ਵਿਚ ਬਹੁਤ ਹੀ ਸਫ਼ਲ ਰਿਹਾ ਹੈ।

ਜੇ ਮਾਲਵਾ ਖੇਤਰ ਦੇ ਪਿੰਡ ਸੰਤੇਵਾਲਾ ਵਿਚ ਨੰਬਰਦਾਰ ਬਘੇਲ ਸਿੰਘ ਦੀ ਨੂੰਹ ਨਾਲ ਨਜਾਇਜ਼ ਸੰਬੰਧ ਉਸ ਦੇ ਕਤਲ ਦਾ ਕਾਰਨ ਬਣਦੇ ਹਨ ਤਾਂ ਮੱਢ ਨਾਈ ਦੀ ਪਤਨੀ ਬੇਗੋ ਵੱਲੋਂ ਛੜੇ ਤਾਰੇ ਨਾਲ ਜੋੜੇ ਸੰਬੰਧ ਵੀ ਉਸ ਦੀ ਜਾਨ ਲੈ ਲੈਂਦੇ ਹਨ। ਰਾਮਗੜ੍ਹੀਆ ਸਿੱਖ ਰੁਲੀਆ ਸਿੰਘ ਇਹ ਹਕੀਕਤ ਨੂੰ ਖ਼ੁਸ਼ੀ ਨਾਲ ਸਵੀਕਾਰ ਨਹੀਂ ਕਰਦਾ ਕਿ ਉਸ ਦੇ ਪੁੱਤਰ ਗੁਰਮੇਲ ਨੇ ਉਤਰ ਪ੍ਰਦੇਸ਼ ਤੋਂ ਆਏ ਮਥਰਾ ਦਾਸ ਦੀ ਧੀ ਮੀਰਾ ਨਾਲ ਵਿਆਹ ਕਰਵਾ ਲਿਆ ਹੈ। ਇਹ ਭਾਗ ਮਾਲਵੇ ਦੀ ਲੋਕ ਮਾਨਸਿਕਤਾ ਵੱਲੋਂ ਅੰਤਰਜਾਤੀ ਵਿਆਹ ਸੰਬੰਧਾਂ ਬਾਰੇ ਅਪਣਾਏ ਜਾਂਦੇ ਦੋਹਰੇ ਮਾਪਦੰਡਾ ਨੂੰ ਵੀ ਵਿਸ਼ੇਸ਼ ਤੌਰ 'ਤੇ ਉਭਾਰਦਾ ਹੈ। ਅੰਤਰਜਾਤੀ ਵਿਆਹ ਦੀ ਸੰਭਾਵਨਾ ਪੈਦਾ ਹੋਣ ਵੇਲੇ ਜੇ ਮੁੰਡਾ ਸਿੱਖ ਤੇ ਕੁੜੀ ਬਿਹਾਰੀ ਹੈ ਤਾਂ ਉਨ੍ਹਾਂ ਵੱਲੋਂ ਆਪਣੀ ਮਰਜ਼ੀ ਨਾਲ ਕਰਾਏ ਵਿਆਹ ਨੂੰ ਛੇਤੀ ਹੀ ਸਮਾਜਿਕ ਪ੍ਰਵਾਨਗੀ ਮਿਲ ਜਾਂਦੀ ਹੈ। ਜੇ ਕੁੜੀ ਸਿੱਖ ਤੇ ਮੁੰਡਾ ਬਿਹਾਰੀ ਹੋਵੇ ਤਾਂ ਉਨ੍ਹਾਂ ਵੱਲੋਂ ਆਪਣੀ ਮਰਜ਼ੀ ਨਾਲ ਕਰਵਾਏ ਵਿਆਹ ਦਾ ਨਤੀਜਾ ਬਿਲਕੁਲ ਉਲਟ ਨਿਕਲਦਾ ਹੈ। ਜਦੋਂ ਮਥਰਾ ਦਾਸ ਦਾ ਮੁੰਡਾ ਦੁਰਗਾ ਪ੍ਰਸਾਦ ਸਿੱਖ ਕੌਮ ਦੀ ਧੀ ਹਰਮਨਪ੍ਰੀਤ ਨਾਲ ਵਿਆਹ ਕਰਾਉਂਦਾ ਤਾਂ ਉਸ ਦਾ ਬੰਧੇ ਨਾਲ ਕਤਲ ਕਰਕੇ ਅਣਖ-ਇੱਜ਼ਤ ਨਾਲ ਜੁੜੀਆਂ ਪੁਰਾਣੀਆਂ ਪਰੰਪਰਾਵਾਂ ਫਿਰ ਤੋਂ ਜਿਊਂਦੀਆਂ ਹੋ ਜਾਂਦੀਆਂ ਹਨ।

ਇਹ ਭਾਗ ਪੰਜਾਬ ਦੀ ਰਾਜਨੀਤਕ ਦਿਸ਼ਾ ਤਹਿ ਕਰਨ ਵਾਲੀਆਂ ਸਮਾਜਿਕ ਤੇ ਸਿਆਸੀ ਲਹਿਰਾਂ ਬਾਰੇ ਵੀ ਭਰਵੀਂ ਜਾਣਕਾਰੀ ਦਿੰਦਾ ਹੈ। ਇਸ ਭਾਗ ਦੇ ਪਾਤਰ ਗੁਰਮੇਲ ਤੇ ਮੀਰਾ ਦੀ ਖੱਬੇ-ਪੱਖੀ ਵਿਚਾਰਾਂ ਨਾਲ ਜੁੜੀ ਜੋੜੀ ਭਾਵੇਂ ਕੇਂਦਰ ਸਰਕਾਰ ਵੱਲੋਂ ਪੰਜਾਬੀਆਂ ਦੇ ਦਬਾਏ ਜਾਣ ਦੇ ਵਿਰੋਧ ਵਿਚ ਲੜਨ ਦੀ ਹਮਾਇਤੀ ਤੇ ਸਾਰੀ ਮਨੁੱਖ ਜਾਤੀ ਦਾ ਭਲਾ ਚਾਹੁਣ ਵਾਲੀ ਹੈ, ਪਰ ਸੰਕਟ ਦੌਰਾਨ ਇਕ ਪਾਸੜ ਸੋਚ ਵਾਲੇ ਕੁਝ ਨੌਜਵਾਨਾਂ ਵੱਲੋਂ ਬਿਨਾਂ ਕਸੂਰ ਤੋਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਭਾਵੇਂ ਨਾਵਲ ਦੇ ਤਿੰਨੇ ਭਾਗਾਂ ਦੀ ਕਹਾਣੀ ਕਾਲਪਨਿਕ ਹੈ, ਪਰ ਪੰਜਾਬ ਦੇ ਇਤਿਹਾਸ ਤੇ ਲੋਕ ਮਾਨਸਿਕਤਾ ਬਾਰੇ ਨਾਵਲਕਾਰ ਦੀ ਪਕਪੱਕ ਸੂਝ ਇਸ ਨੂੰ ਯਥਾਰਥ ਦੇ ਐਨ ਨੇੜੇ ਲੈ ਜਾਂਦੀ ਹੈ। ਨਾਵਲ ਵਿਚਲੇ ਕੁਝ ਵੇਰਵੇ ਲਮਕਾਅ ਦੇ ਸ਼ਿਕਾਰ ਵੀ ਹਨ, ਫਿਰ ਵੀ ਇਹ ਆਪਣੇ ਪਾਠ ਦੀ ਦਿਲਚਸਪੀ ਨੂੰ ਬਣਾਈ ਰੱਖਣ ਵਾਲੇ ਹਨ। ਕੁਲ ਮਿਲਾ ਕਿ ਇਹ ਨਾਵਲ ਪੰਜਾਬ ਤੇ ਪੰਜਾਬੀਆਂ ਦੀ ਲੋਕ ਮਾਨਸਿਕਤਾ ਵਿਚ ਆਏ ਪੜਾਅਵਾਰ ਬਦਲਾਵਾਂ ਦਾ ਗਹਿਰ-ਗੰਭਿਰ ਅਧਿਐਨ ਕਰਦਾ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਹੈ।

ਸੰਪਰਕ : 89682-82700

ਸਫ਼ਾ 1 ਦੀ ਬਾਕੀ

ਬੰਕਿਮ ਵੱਲੋਂ ਆਨੰਦ ਮੱਠ...

ਭਾਵਨੰਦਾ ਦੂਸਰੇ ਪਾਤਰ ਨੂੰ ਕਹਿੰਦਾ ਹੈ ਕਿ ਸਾਰੇ ਰਾਜਿਆਂ ਦਾ ਧਰਮ ਹੁੰਦਾ ਹੈ ਕਿ ਉਹ ਆਪਣੀ ਖ਼ਲਕਤ ਦਾ ਖਿਆਲ ਰੱਖਣ, ਪਰ ਆਪਣਾ ਰਾਜਾ ਖ਼ਲਕਤ ਨੂੰ ਨਹੀਂ ਬਚਾ ਰਿਹਾ। ਇੱਥੇ ਰਾਜੇ ਦਾ ਮਤਲਬ ਅੰਗਰੇਜ਼ ਰਾਜਾ ਸੀ, ਪਰ ਚੌਥੇ ਐਡੀਸ਼ਨ ਵਿੱਚ ਰਾਜਾ ਤੋਂ ਅੱਗੇ ਮੁਸਲਿਮ ਰਾਜਾ ਕਰ ਦਿੱਤਾ ਗਿਆ ਅਤੇ ਅੰਗਰੇਜ਼ਾਂ ਨੂੰ ਕਿਸੇ ਖ਼ਲਕਤ ਦਾ ਖਿਆਲ ਨਾ ਰੱਖਣ ਦੇ ਦੋਸ਼ ਤੋਂ ਮੁਕਤ ਕਰ ਦਿੱਤਾ ਗਿਆ। 'ਬੰਗਦਰਸਨ' ਵਿੱਚ ਛਪੀਆਂ ਕਿਸ਼ਤਾਂ ਵਿੱਚ ਇੱਕ ਅੰਗਰੇਜ਼ ਅਫ਼ਸਰ ਥਾਮਸ ਬਾਰੇ ਲਿਖਿਆ ਗਿਆ ਸੀ ਕਿ ਉਹ ਸੰਥਾਲ ਕਬਾਇਲੀ ਕੁੜੀਆਂ ਨਾਲ ਰੰਗਰਲੀਆਂ ਮਨਾਉਂਦਾ ਸੀ, ਪਰ ਦੂਸਰੇ ਐਡੀਸ਼ਨ ਵਿੱਚ ਇਸ ਨੂੰ ਬਦਲ ਕੇ ਲਿਖ ਦਿੱਤਾ ਗਿਆ ਕਿ ਥਾਮਸ ਇੱਕ ਮੁਸਲਿਮ ਕੁੱਕ ਦੇ ਲਜ਼ੀਜ਼ ਪਕਵਾਨਾਂ ਦਾ ਆਨੰਦ ਲੈ ਰਿਹਾ ਸੀ। 'ਬੰਗਦਰਸਨ' ਵਿੱਚ ਛਪੀ ਕਿਸ਼ਤ ਵਿੱਚ ਦਰਜ ਸੀ ਕਿ ਸਨਾਤਨੀਆਂ ਦੇ ਛੋਟੇ ਜਿਹੇ ਗਰੁੱਪ ਨੇ 50-60 ਅੰਗਰੇਜ਼ ਸਿਪਾਹੀਆਂ ਨੂੰ ਹਰਾ ਦਿੱਤਾ, ਪਰ ਪਹਿਲੇ ਐਡੀਸ਼ਨ ਵਿੱਚ ਅੰਗਰੇਜ਼ ਸਿਪਾਹੀਆਂ ਦੀ ਜਗ੍ਹਾ ਸਿਰਫ਼ ਸਿਪਾਹੀ ਹੀ ਲਿਖਿਆ ਗਿਆ ਬਲਕਿ ਉਹਨਾਂ ਦੀ ਗਿਣਤੀ ਵੀ 20-30 ਕਰ ਦਿੱਤੀ ਗਈ। ਬੰਗਦਰਸਨ ਦੀ ਕਿਸ਼ਤ ਅਨੁਸਾਰ ਆਨੰਦ ਮੱਠ ਦਾ ਇੱਕ ਪਾਤਰ ਜੀਵਾਨੰਦਾ ਆਪਣੇ ਸਨਾਤਨੀ ਸਾਥੀਆਂ ਨੂੰ ਤਾਕੀਦ ਕਰਦਾ ਹੈ ਕਿ ਲਾਲ, ਕਾਲੀ, ਨੀਲੀ ਅਤੇ ਬਹੁਰੰਗੀ ਵਰਦੀਧਾਰੀ ਅੰਗਰੇਜ਼ੀ ਫ਼ੌਜ ਨੂੰ ਨਸ਼ਟ ਕਰ ਦਿਓ, ਪਰ ਇਹ ਸਤਰਾਂ ਦੂਸਰੇ ਐਡੀਸ਼ਨ ਤੱਕ ਕੱਟ ਦਿੱਤੀਆਂ ਗਈਆਂ। ਪਹਿਲੇ ਐਡੀਸ਼ਨ ਵਿੱਚ ਜੀਵਾਨੰਦਾ ਦੇ ਵਿਰੋਧੀ ਅੰਗਰੇਜ਼ ਦਰਸਾਏ ਗਏ, ਪਰ ਦੂਸਰੇ ਐਡੀਸ਼ਨ ਵਿੱਚ ਇਹਨਾਂ ਨੂੰ ਯਵਨ (ਯੂਨਾਨੀਆਂ ਦੀ ਇੱਕ ਕਿਸਮ) ਜਾਂ ਨੀਵੀਂ ਜਾਤ ਦੇ ਨੇੜੇ ਮੁਸਲਮਾਨ ਦਰਸਾਇਆ ਗਿਆ!

ਕਾਮਯਾਬ ਬੰਕਿਮ :

ਬੰਕਿਮ ਚੰਦਰ ਚੱਟੋਪਾਅਧਿਆਏ ਦੁਆਰਾ ਕੀਤੀਆਂ ਗਈਆਂ ਤਬਦੀਲੀਆਂ ਆਪਣਾ ਕੰਮ ਕਰ ਗਈਆਂ। ਕਿਤਾਬ 'ਤੇ ਪਾਬੰਦੀ ਨਹੀਂ ਲੱਗੀ ਅਤੇ ਅੰਗਰੇਜ਼ ਅਫ਼ਸਰ ਸ਼ਾਂਤ ਹੋ ਗਏ। ਅੰਗਰੇਜ਼ ਲੇਖਕਾਂ ਲੋਵਟ ਅਤੇ ਰੋਨਾਲਡਸੇ ਦਾ ਨਜ਼ਰੀਆ ਇਸ ਕਿਤਾਬ ਪ੍ਰਤੀ ਲੇਖਣੀਆਂ ਤੋਂ ਪਤਾ ਲੱਗਦਾ ਹੈ। ਲੋਵਟ ਆਪਣੀ ਕਿਤਾਬ 'ਏ ਹਿਸਟਰੀ ਆਫ਼ ਦ ਇੰਡੀਅਨ ਨੈਸ਼ਨਲਿਸਟ ਮੂਵਮੈਂਟ' ਵਿੱਚ ਲਿਖਦਾ ਹੈ, 'ਸੰਨਿਆਸੀ ਬਾਗੀ ਮੁਸਲਮਾਨ ਸਿਪਾਹੀਆਂ ਦੇ ਖਿਲਾਫ਼ ਜੇਤੂ ਰਹੇ। ਉਹਨਾਂ ਨੇ ਮੁਸਲਿਮ ਸ਼ਾਸਨ ਦਾ ਅੰਤ ਕਰ ਦਿੱਤਾ।' ਉਹ ਆਨੰਦ ਮੱਠ ਦੇ ਇੱਕ ਪਾਤਰ ਸਤਿਆਨੰਦ ਤੋਂ ਕਹਾਉਂਦਾ ਹੈ, 'ਸਾਡਾ ਉਥਾਨ ਅੰਗਰੇਜ਼ੀ ਹਾਕਮਾਂ ਤੋਂ ਬਿਨਾਂ ਸੰਭਵ ਨਹੀਂ ਸੀ। ਅੰਗਰੇਜ਼ ਮਿੱਤਰ ਸ਼ਕਤੀ ਹਨ ਅਤੇ ਕੋਈ ਵੀ ਧਿਰ ਅੰਗਰੇਜ਼ਾਂ ਦੇ ਖਿਲਾਫ਼ ਜੇਤੂ ਨਹੀਂ ਹੋ ਸਕਦੀ।'

ਰੋਨਾਲਡਸੇ ਵੀ ਲਿਖਦਾ ਹੈ, 'ਕਹਾਣੀ ਦਾ ਸਾਰ ਤੱਤ ਹਿੰਦੂਵਾਦ ਦੇ ਦੁਸ਼ਮਣਾਂ ਜਿਹੜੇ ਕਿ ਮੁਸਲਮਾਨ ਹਾਕਮ ਸਨ, ਨੂੰ ਹਰਾ ਕੇ ਹਿੰਦੂ ਪੁਨਰਜਾਗਰਣ ਦਾ ਹੈ। ਇਹ ਆਪਣੀ ਮਾਤਭੂਮੀ ਨੂੰ ਸਮਰਪਿਤ ਵਿਅਕਤੀਆਂ ਦੇ ਕਾਰਨ ਸੰਭਵ ਹੋ ਸਕਿਆ।'

ਬੰਕਿਮ ਚੰਦਰ ਚੱਟੋਪਾਅਧਿਆਏ ਨੇ ਆਨੰਦ ਮੱਠ ਵਿੱਚ ਕੁੱਝ ਇਤਿਹਾਸਕ ਨਾਵਾਂ ਜਿਵੇਂ ਮੀਰ ਜਾਫ਼ਰ, ਵਾਰਨ ਹੇਸਟਿੰਗਜ਼, ਰਜਾ ਅਲੀ ਖਾਨ, ਕੈਪਟਨ ਥਾਮਸ, ਲੈਫਟੀਨੈਂਟ ਵਾਟਸਨ ਅਤੇ ਕੈਪਟਨ ਐਡਵਾਰਡਜ ਦਾ ਜ਼ਿਕਰ ਕੀਤਾ ਸੀ। ਇਹ ਕਹਾਣੀ 1769 ਦੇ ਪਏ ਕਾਲ ਨਾਲ ਸੰਬੰਧਤ ਸੀ, ਪਰ ਆਨੰਦ ਮੱਠ ਦੀ ਜੋ ਕਾਪੀ ਪੰਜਵੇਂ ਐਡੀਸ਼ਨ ਤੋਂ ਛਪੀ ਹੈ, ਉਸ ਵਿੱਚ ਸੰਨਿਆਸੀਆਂ ਅਤੇ ਥਾਮਸ ਦੀ ਅਗਵਾਈ ਵਾਲੀ ਅੰਗਰੇਜ਼ੀ ਫ਼ੌਜ ਵਿੱਚ ਹੋਈ ਲੜਾਈ ਦਾ ਸਮਾਂ ਦਰਜ ਨਹੀਂ। ਬੰਗਦਰਸਨ ਅਤੇ ਪਹਿਲੇ ਐਡੀਸ਼ਨ ਵਿੱਚ 1773-74 ਦੀਆਂ ਘਟਨਾਵਾਂ ਦਾ ਜ਼ਿਕਰ ਹੈ, ਪਰ ਇਸ ਨੂੰ ਬਾਅਦ ਦੇ ਐਡੀਸ਼ਨਾਂ ਵਿੱਚੋਂ ਹਟਾ ਦਿੱਤਾ ਗਿਆ।

ਬੰਗਦਰਸਨ ਵਿੱਚ ਉਸ ਨੇ ਬੀਰਭੂਮ ਨੂੰ ਸੰਘਰਸ਼ ਦਾ ਕੇਂਦਰ ਬਣਾਉਂਦਿਆਂ ਲਿਖਿਆ ਸੀ ਕਿ ਬੀਰਭੂਮ ਅੰਗਰੇਜ਼ਾਂ ਅਤੇ ਮੁਸਲਮਾਨਾਂ ਦੇ ਹੱਥੋਂ ਨਿਕਲ ਗਿਆ, ਪਰ ਦੂਸਰੇ ਅਤੇ ਤੀਸਰੇ ਐਡੀਸ਼ਨ ਵਿੱਚ ਉਸ ਨੇ ਅੰਗਰੇਜ਼ ਸ਼ਬਦ ਹੀ ਹਟਾ ਦਿੱਤਾ। ਚੌਥੇ ਅਤੇ ਬਾਅਦ ਦੇ ਐਡੀਸ਼ਨਾਂ ਵਿੱਚ ਸੰਘਰਸ਼ ਦਾ ਸਥਾਨ ਉੱਤਰੀ ਬੰਗਾਲ ਲਿਖ ਕੇ ਦੱਸਿਆ ਗਿਆ ਕਿ ਇਹ ਇਲਾਕਾ ਮੁਸਲਿਮ ਕੰਟਰੋਲ ਤੋਂ ਬਾਹਰ ਹੋ ਗਿਆ।

ਬੰਗਦਰਸਨ ਵਿੱਚ ਉਸ ਨੇ ਥਾਮਸ ਅਤੇ ਐਡਵਰਡ ਨਾਲ ਸੰਨਿਆਸੀਆਂ ਦੀਆਂ ਲੜਾਈਆਂ ਅਜੋਏ ਨਦੀ ਦੇ ਕਿਨਾਰੇ ਚੰਦਰਮਾ ਦੀ ਰੋਸ਼ਨੀ ਵਿੱਚ ਮਾਘ ਦੇ ਮਹੀਨੇ ਹੋਈਆਂ ਦਰਸਾਈਆਂ ਸਨ, ਜਦੋਂ ਬੀਰਭੂਮ ਵਿੱਚ ਕਵੀ ਗੀਤ ਗੋਵਿੰਦ ਦੇ ਨਾਂਅ 'ਤੇ ਮਸ਼ਹੂਰ ਮੇਲਾ ਲੱਗਦਾ ਹੈ, ਪਰ ਬਾਅਦ ਵਿੱਚ ਨਦੀ ਦਾ ਨਾਂਅ ਕੱਟ ਦਿੱਤਾ ਗਿਆ ਅਤੇ ਲਿਖਿਆ ਗਿਆ ਕਿ ਇੱਕ ਨਦੀ ਦੇ ਕੰਢੇ ਮੇਲਾ ਲੱਗਿਆ ਹੋਇਆ ਸੀ। ਥਾਮਸ ਇਕੱਤੀ ਦਸੰਬਰ 1772 ਅਤੇ ਐਡਵਰਡ ਇੱਕ ਮਾਰਚ 1773 ਨੂੰ ਸੰਨਿਆਸੀ ਬਾਗੀਆਂ ਨਾਲ ਲੜਦੇ ਮਾਰੇ ਜਾਂਦੇ ਹਨ। ਇਹ ਮੌਤਾਂ ਵਾਰਨ ਹੇਸਟਿੰਗਜ਼ ਦੀ ਬੰਗਾਲ ਦੀ ਗਵਰਨਰੀ ਦੌਰਾਨ ਹੁੰਦੀਆਂ ਹਨ, ਜਦੋਂ ਈਸਟ ਇੰਡੀਆ ਕੰਪਨੀ ਸਿੱਧਾ ਲਗਾਨ ਵਸੂਲ ਰਹੀ ਸੀ, ਪਰ ਬੰਕਿਮ ਚੰਦਰ ਚੱਟੋਪਾਅਧਿਆਏ ਇਹ ਲਿਖਣ ਦੀ ਹਿੰਮਤ ਨਹੀਂ ਕਰ ਸਕਿਆ ਕਿ ਬਾਗੀ ਬ੍ਰਿਟਿਸ਼ ਤੋਂ ਆਪਣੀ ਮਾਤਭੂਮੀ ਨੂੰ ਆਜ਼ਾਦ ਕਰਵਾਉਣ ਲਈ ਸਿਰਧੜ ਦੀ ਬਾਜ਼ੀ ਲਗਾ ਰਹੇ ਸਨ, ਬਲਕਿ ਉਸ ਨੇ ਬ੍ਰਿਟਿਸ਼ ਦੀ ਜਗ੍ਹਾ ਮੁਸਲਿਮ ਰਾਜ ਨੂੰ ਇੱਕ ਬਹਾਨੇ ਦੇ ਤੌਰ 'ਤੇ ਵਰਤਿਆ।

ਬੰਕਿਮ ਚੰਦਰ ਚੱਟੋਪਾਅਧਿਆਏ ਇੱਕ ਸਰਕਾਰੀ ਅਫ਼ਸਰ ਸੀ, ਇਸ ਕਰਕੇ ਉਸ ਨੂੰ ਅੰਗਰੇਜ਼ ਅਫ਼ਸਰਸ਼ਾਹੀ ਦਾ ਭੇਤ ਵੀ ਸੀ। ਆਪਣੇ ਨਾਵਲ ਦੇ ਪਾਤਰਾਂ ਦੀ ਜੱਦੋਜਹਿਦ ਨੂੰ ਇਸ ਕਰਕੇ ਉਹ ਅੰਗਰੇਜ਼ੀ ਸਰਕਾਰ ਦੀ ਬਜਾਏ ਕਲਪਿਤ ਮੁਸਲਿਮ ਰਾਜ ਦੇ ਖਿਲਾਫ਼ ਦਰਸਾਉਂਦਾ ਹੈ ਭਾਵੇਂ ਕਿ ਉਦੋਂ ਤੱਕ ਬੰਗਾਲ ਵਿੱਚ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਦਾ ਰਾਜ ਕਾਇਮ ਹੋ ਚੁੱਕਿਆ ਸੀ। ਸੰਨਿਆਸੀ ਅਤੇ ਫਕੀਰ ਵਿਦਰੋਹ ਅਠਾਰ੍ਹਵੀਂ ਸਦੀ ਦੇ ਅਖੀਰਲੇ ਦਹਾਕੇ ਤੱਕ ਜਾਰੀ ਰਿਹਾ। ਬੰਗਦਰਸਨ ਵਿੱਚ ਛਪੇ ਅਤੇ ਪਹਿਲੇ ਐਡੀਸ਼ਨ ਵਿੱਚ ਬੰਕਿਮ ਭਵਿੱਖਬਾਣੀ ਕਰਦਾ ਹੈ, 'ਇਹ ਅੱਗ ਜਿਹੜੀ ਸਤਿਆਨੰਦ (ਆਨੰਦ ਮੱਠ ਦਾ ਇੱਕ ਪਾਤਰ) ਨੇ ਲਗਾਈ ਹੈ, ਇਹ ਜਲਦੀ ਨਹੀਂ ਬੁਝਾਈ ਜਾਣੀ।' ਇਸ ਵਾਕ ਦੀ ਮਹੱਤਤਾ ਅੰਗਰੇਜ਼ਾਂ ਨੂੰ ਵੀ ਪਤਾ ਸੀ, ਸ਼ਾਇਦ ਇਸੇ ਕਰਕੇ ਬੰਕਿਮ ਨੇ ਅਗਲੇ ਐਡੀਸ਼ਨਾਂ ਵਿੱਚੋਂ ਇਸ ਵਾਕ ਨੂੰ ਹਟਾਉਣ ਵਿੱਚ ਹੀ ਸਮਝਦਾਰੀ ਸਮਝੀ।

ਇਸ ਤਰ੍ਹਾਂ ਬਿਮਾਨ ਬਿਹਾਰੀ ਮਜੂਮਦਾਰ ਦਾ ਬੰਗਦਰਸਨ ਵਿੱਚ ਛਪੇ ਅਤੇ ਉਸ ਤੋਂ ਬਾਅਦ ਦੇ ਪੰਜ ਐਡੀਸ਼ਨਾਂ ਦਾ ਤੁਲਨਾਤਮਕ ਅਧਿਐਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਬੰਕਿਮ ਚੰਦਰ ਚੱਟੋਪਾਅਧਿਆਏ ਨੇ ਬ੍ਰਿਟਿਸ਼ ਸ਼ਾਸਨ ਦਾ ਇੱਕ ਅਫ਼ਸਰ ਹੋਣ ਦਾ ਫਰਜ਼ ਅਦਾ ਕੀਤਾ। ਆਨੰਦ ਮੱਠ ਜੋ ਹਿੰਦੂ ਸੰਨਿਆਸੀਆਂ ਅਤੇ ਮੁਸਲਿਮ ਫ਼ਕੀਰਾਂ ਦੇ ਵਿਦੇਸ਼ੀ ਹਾਕਮਾਂ ਖਿਲਾਫ਼ ਸਾਂਝੇ ਵਿਦਰੋਹ ਦਾ ਦਸਤਾਵੇਜ਼ ਬਣਨਾ ਚਾਹੀਦਾ ਸੀ, ਉਹ ਅੰਗਰੇਜ਼ੀ ਸ਼ਾਸਕਾਂ ਦੇ ਹਿੱਤਾਂ ਦੀ ਰਖਵਾਲੀ ਕਰਦਾ ਹੈ ਅਤੇ ਸਮਾਜ ਨੂੰ ਹਿੰਦੂ-ਮੁਸਲਿਮ ਵਿੱਚ ਵੰਡਣ ਦਾ ਕੰਮ ਕਰਦਾ ਹੈ। ਜਿਸ ਦਾ ਨਤੀਜਾ 1947 ਦੀ ਤ੍ਰਾਸਦੀ ਵਿੱਚ ਨਿਕਲਦਾ ਹੈ। ਬਿਮਾਨ ਬਿਹਾਰੀ ਮਜੂਮਦਾਰ ਦੁਆਰਾ ਆਨੰਦ ਮੱਠ ਦੇ ਕੀਤੇ ਅਧਿਐਨ ਨੇ ਸਪੱਸ਼ਟ ਕੀਤਾ ਹੈ ਕਿ ਬੰਕਿਮ ਚੰਦਰ ਚੱਟੋਪਾਅਧਿਆਏ ਦਾ ਨਾਵਲ ਦਰਅਸਲ ਅੰਗਰੇਜ਼ ਭਗਤੀ ਅਤੇ ਮੁਸਲਿਮ ਵਿਰੋਧ ਨਾਲ ਲਬਰੇਜ਼ ਹੈ ਅਤੇ ਅਜਿਹੀ ਲਿਖਤ ਅਤੇ ਉਸ ਦਾ ਲੇਖਕ ਸੰਘ ਪਰਵਾਰ ਦਾ ਚਹੇਤਾ ਹੋਵੇਗਾ ਹੀ।

ਸੰਪਰਕ-98728-44163

ਆਖਰੀ ਸਫ਼ਾ ਦੀ ਬਾਕੀ

ਸੰਥਨ ਜੋਤ ਪਾਰ ਕਰਦਿਆਂ...

ਉਹੀ ਗੱਲਾਂ ਦੁਹਰਾਉਣ ਲੱਗਾ, ਜੋ ਹੁਣ ਤੱਕ ਅਸੀਂ ਇਸ ਸਫ਼ਰ 'ਤੇ ਸੁਣੀਆਂ ਸਨ ਜਾਂ ਦੇਖੀਆਂ ਸਨ।

ਮੁਗ਼ਲ ਮੈਦਾਨ ਤੋਂ ਥੋੜ੍ਹਾ ਅੱਗੇ ਛਤਰੂ ਨਾਂਅ ਦੇ ਕਸਬੇ ਕੋਲ ਫੌਜ ਦਾ ਅਪ੍ਰੇਸ਼ਨ ਚੱਲ ਰਿਹਾ ਸੀ, ਜਿੱਥੇ ਭਾਰਤੀ ਫੌਜ ਨੇ ਜੈਸ਼-ਏ-ਮੁਹੰਮਦ ਦੇ ਤਿੰਨ ਅੱਤਵਾਦੀ ਮਾਰ ਦਿੱਤੇ ਸਨ ਅਤੇ ਦੋ ਭੱਜਣ ਵਿੱਚ ਕਾਮਯਾਬ ਹੋ ਗਏ ਸਨ। ਇਸੇ ਘਟਨਾ ਕਾਰਨ ਉਹ ਮੈਨੂੰ ਵਾਰ-ਵਾਰ ਕਹਿ ਰਿਹਾ ਸੀ ਅੱਜ ਤੁਸੀਂ ਤੰਬੂ ਲਾ ਕੇ ਨਹੀਂ ਰੁਕਣਾ। ਉਹਦੇ ਨਾਲ ਆਏ ਫੌਜ ਦੇ ਜਵਾਨ ਮੈਨੂੰ ਨੇੜੇ-ਤੇੜੇ ਵਾਪਰੀਆਂ ਹੋਰ ਘਟਨਾਵਾਂ ਬਾਰੇ ਦੱਸਣ ਲੱਗ ਗਏ ।ਕੁਝ ਹੀ ਦਿਨ ਪਹਿਲਾਂ ਇੱਕ ਮੁਕਾਬਲੇ ਵਿੱਚ ਭਾਰਤੀ ਫੌਜ ਦਾ ਜੇ.ਸੀ.ਓ ਸ਼ਹੀਦ ਹੋ ਗਿਆ ਸੀ । ਜਦ ਵੀ ਫੌਜ ਅਤੇ ਪੁਲਸ ਦੀਆਂ ਗੱਲਾਂ ਸੁਣਦੇ ਸੀ ਤਾਂ ਲੱਗਦਾ ਸੀ ਜੰਮੂ ਕਸ਼ਮੀਰ ਦੇ ਹਰ ਘਰ ਵਿੱਚ ਅੱਤਵਾਦੀ ਹੈ, ਪਰ ਜਦ ਹੀ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਸੁਣਦੇ ਸੀ ਤਾਂ ਲੱਗਦਾ ਸੀ ਇਹਨਾਂ ਦੇ ਘਰ-ਘਰ ਵਿੱਚ ਪੁਲਸ ਅਤੇ ਫੌਜ ਦੇ ਸਤਾਏ ਹੋਏ ਲੋਕ ਰਹਿੰਦੇ ਹਨ। ਕਿਸੇ ਇੱਕ ਨੂੰ ਗਲਤ ਜਾਂ ਸਹੀ ਕਹਿਣਾ ਬਹੁਤ ਮੁਸ਼ਕਿਲ ਜਾਪਦਾ ਸੀ । ਜੰਮੂ ਕਸ਼ਮੀਰ ਦੇ ਹਾਲਾਤ ਇਹੋ ਜਿਹੇ ਬਣੇ ਹੋਏ ਸਨ ਕਿ ਆਮ ਲੋਕ ਅਤੇ ਫੌਜ ਦੋਨਾਂ ਨੂੰ ਹੀ ਇੱਕ-ਦੂਜੇ 'ਤੇ ਬੇਭਰੋਸਗੀ ਪੈਦਾ ਹੋ ਚੁੱਕੀ ਸੀ ।ਫੌਜ ਨੂੰ ਆਪਣੀ ਡਿਊਟੀ ਕਰਦਿਆਂ ਹੋਇਆਂ ਪਿੰਡਾਂ ਵਿੱਚ ਗਸ਼ਤ ਕਰਨੀ ਪੈਂਦੀ ਹੈ ਅਤੇ ਲੋਕ ਰੋਜ਼ਾਨਾ ਲੰਘਦੀਆਂ ਕਾਨਵਾਈਆਂ ਤੋਂ ਖਿਝੇ ਹੋਏ ਹਨ।ਫੌਜ ਦੇ ਵਹੀਕਲ ਸਥਾਨਕ ਲੋਕਾਂ ਲਈ ਦਹਿਸ਼ਤ ਦਾ ਪ੍ਰਤੀਕ ਹਨ।

ਜਦ ਉਹ ਸਾਰੇ ਮੁਲਾਜ਼ਮ ਰੋਟੀ ਖਾ ਕੇ ਚਲੇ ਗਏ ਤਾਂ ਅੱਜ ਗੈਸਟ ਹਾਊਸ ਦੇ ਮਾਲਕ ਨੇ ਸਾਨੂੰ ਬਾਹਰ ਸੌਣ ਦੀ ਇਜਾਜ਼ਤ ਨਹੀਂ ਦਿੱਤੀ । ਉਹਨੇ ਸਾਨੂੰ ਕਮਰੇ ਵਿੱਚ ਸੌਣ ਦੀ ਸਖ਼ਤ ਹਦਾਇਤ ਕੀਤੀ। ਅੱਜ ਸਾਡੀ ਮੁਗ਼ਲ ਮੈਦਾਨ ਵਿੱਚ ਦੂਜੀ ਰਾਤ ਸੀ । ਅਸਮਾਨ 'ਤੇ ਬੱਦਲ ਗਰਜ ਰਹੇ ਸਨ । ਬਿਜਲੀ ਲਸ਼ਕ ਰਹੀ ਸੀ। ਮੀਂਹ ਫਿਰ ਤੋਂ ਸ਼ੁਰੂ ਹੋ ਗਿਆ ਸੀ । ਬਰਸਾਤੀ ਨਾਲੇ ਵਿੱਚ ਪਾਣੀ ਦਾ ਪੱਧਰ ਬਹੁਤ ਜ਼ਿਆਦਾ ਵਧ ਗਿਆ ਸੀ ।

ਛਤਰੂ ਵਿੱਚ ਹੋ ਰਹੇ ਮੁਕਾਬਲੇ ਦੀ ਦਹਿਸ਼ਤ ਮੁਗ਼ਲ ਮੈਦਾਨ ਤੱਕ ਵੀ ਪਹੁੰਚ ਚੁੱਕੀ ਸੀ ।ਕੰਟੀਨ ਵਿੱਚ ਕੰਮ ਕਰਦੇ ਦੋਨੋਂ ਮੁੰਡੇ ਅੱਜ ਮੁਗ਼ਲ ਮੈਦਾਨ ਰੁਕਣ ਦੀ ਬਜਾਇ ਆਪਣੇ ਘਰ ਚਲੇ ਗਏ ।ਹੁਣ ਮੈਂ ਅਤੇ ਮੇਰਾ ਦੋਸਤ ਅਸੀਂ ਦੋਨੋਂ ਹੀ ਰਹਿ ਗਏ ਸੀ ।ਮੀਂਹ ਬਹੁਤ ਤੇਜ਼ ਹੋ ਚੁੱਕਾ ਸੀ। ਤੇਜ਼ ਵਗਦੀ ਹਵਾ ਨਾਲ ਦਿਉਦਾਰ ਦੇ ਦਰੱਖਤ ਝੂਮਣ ਲੱਗ ਗਏ। ਰਾਤੀਂ ਇੱਕ-ਡੇਢ ਵਜੇ ਮੇਰੇ ਮਨ 'ਚ ਭੈੜੇ ਜਿਹੇ ਖਿਆਲ ਆਏ ਤਾਂ ਮੈਂ ਕਮਰੇ ਦੀ ਖਿੜਕੀ ਅਤੇ ਬਲਬ ਦੋਨੋਂ ਬੰਦ ਕਰ ਦਿੱਤੇ। ਮੈਨੂੰ ਡਰ ਜਿਹਾ ਲੱਗਾ ਕਿ ਕੋਈ ਸਾਨੂੰ ਬਾਹਰੋਂ ਦੇਖ ਨਾ ਲਵੇ। ਇਹ ਪਹਿਲੀ ਵਾਰ ਸੀ ਕਿ ਕਿਸੇ ਸਫ਼ਰ 'ਤੇ ਮੇਰੇ ਮਨ 'ਚ ਏਦਾਂ ਦੇ ਖਿਆਲ ਆਏ ਹੋਣ । ਸ਼ਾਇਦ ਇਹ ਆਉਣ ਵਾਲੇ ਕਿਸੇ ਮਾੜੇ ਸਮੇਂ ਦਾ ਸੰਕੇਤ ਸੀ ।ਕੁਝ ਹੀ ਸਮਾਂ ਸੁੱਤਿਆਂ ਨੂੰ ਹੋਇਆ ਸੀ ਕਿ ਕਿਸੇ ਨੇ ਬਾਹਰੋਂ ਬੂਹਾ ਖੜਕਾ ਦਿੱਤਾ।ਮੈਂ ਬੂਹਾ ਖੋਲ੍ਹਿਆ ਤਾਂ ਪਤਾ ਲੱਗਾ ਇਹ ਕੰਟੀਨ ਵਾਲੇ ਮੁੰਡੇ ਹੀ ਸਨ ।

ਦਿਨ ਚੜ੍ਹ ਚੁੱਕਾ ਸੀ, ਮੌਸਮ ਬਿਲਕੁਲ ਸਾਫ਼ ਸੀ।ਇਹਨਾਂ ਮੁੰਡਿਆਂ ਨੇ ਸਾਨੂੰ ਬ੍ਰੇਕਫਾਸਟ ਬਣਾ ਕੇ ਦਿੱਤਾ ਅਤੇ ਜਲਦੀ ਅੱਗੇ ਚਲੇ ਜਾਣ ਦੀ ਸਲਾਹ ਦਿੱਤੀ ।ਇਥੇ ਦੱਸਣਯੋਗ ਗੱਲ ਇਹ ਹੈ ਕਿ ਇਹਨਾਂ ਮੁੰਡਿਆਂ ਕੋਲ ਅਸੀਂ ਤਿੰਨ ਦਿਨ ਰੁਕੇ ਸੀ। ਇਹਨਾਂ ਸਾਡੇ ਤੋਂ ਤਿੰਨਾਂ ਦਿਨਾਂ ਦਾ ਇੱਕ ਵੀ ਰੁਪਈਆ ਨਹੀਂ ਲਿਆ। ਇੱਕ ਮੁੰਡੇ ਦਾ ਨਾਂਅ ਰਮਨ ਸੀ, ਪਰ ਦੂਜੇ ਦਾ ਨਾਂਅ ਹੁਣ ਮੇਰੇ ਯਾਦ ਨਹੀਂ ਆ ਰਿਹਾ।

ਜਦ ਹੀ ਅਸੀਂ ਮੁਗ਼ਲ ਮੈਦਾਨ ਤੋਂ ਅੱਗੇ ਲੰਘੇ ਤਾਂ ਛਤਰੂ ਵਿੱਚ ਬਣੀ ਚੈੱਕ ਪੋਸਟ ਤੋਂ ਕਸ਼ਮੀਰ ਪੁਲਸ ਨੇ ਸਾਨੂੰ ਅੱਗੇ ਜਾਣ ਤੋਂ ਮਨ੍ਹਾ ਕਰ ਦਿੱਤਾ ।ਸੰਥਨ ਜੋਤ 'ਤੇ ਰਾਤ ਹੋਈ ਭਾਰੀ ਬਰਫ਼ਬਾਰੀ ਕਾਰਨ ਰਸਤਾ ਬੰਦ ਹੋ ਚੁੱਕਾ ਸੀ ।ਚੈੱਕ ਪੋਸਟ ਤੋਂ ਵਾਪਸ ਮੁੜਦਿਆਂ ਅਸੀਂ ਛਤਰੂ ਦੇ ਨਾਲ ਲੱਗਦੇ ਪਿੰਡ ਬੂੰਦਾ ਚਲੇ ਗਏ। ਬੂੰਦਾ ਢਲਾਨਦਾਰ ਪਹਾੜਾਂ 'ਤੇ ਵੱਸਿਆ ਛੋਟਾ ਜਿਹਾ ਪਿੰਡ ਹੈ। ਪਿੰਡ ਵੜਦਿਆਂ ਹੀ ਸਾਨੂੰ ਪਿੰਡ 'ਚ ਬਣੇ ਕਰਿਆਨਾ ਸਟੋਰ 'ਤੇ ਬੈਠੇ ਕੁਝ ਗੁੱਜਰ ਮੁਸਲਮਾਨ ਮਿਲੇ। ਉਹਨਾਂ ਸਾਨੂੰ ਫੌਜੀ ਸਮਝਿਆ ਅਤੇ ਸਾਨੂੰ ਵੇਖ ਕੇ ਇਕਦਮ ਚੁੱਪ ਹੋ ਗਏ । ਉਹਨਾਂ ਦੇ ਚਿਹਰਿਆਂ 'ਤੇ ਬਹੁਤ ਜਾਣੀ-ਪਹਿਚਾਣੀ ਘਬਰਾਹਟ ਦਿਸ ਰਹੀ ਸੀ, ਜਿਸ ਤੋਂ ਉਹ ਲੋਕ ਉੱਕਾ ਹੀ ਮੁਨਕਰ ਨਹੀਂ ਹੋਏ। ਜਦ ਅਸੀਂ ਉਹਨਾਂ ਨੂੰ ਇਹ ਦੱਸਿਆ ਕਿ ਅਸੀਂ ਪੰਜਾਬ ਤੋਂ ਹਾਂ ਤੇ ਉਹਨਾਂ ਦਾ ਇਹ ਇਲਾਕਾ ਘੁੰਮਣ ਲਈ ਆਏ ਹਾਂ ।ਉਹ ਤਾਂ ਵੀ ਸਾਨੂੰ ਬਹੁਤ ਸ਼ੱਕ ਦੀ ਨਿਗ੍ਹਾ ਨਾਲ ਵੇਖ ਰਹੇ ਸਨ, ਕਿਉਂਕਿ ਜੰਮੂ ਕਸ਼ਮੀਰ ਦੇ ਇਹਨਾਂ ਪੇਂਡੂ ਇਲਾਕਿਆਂ ਵਿੱਚ ਕਦੇ ਕੋਈ ਯਾਤਰੀ ਨਹੀਂ ਗਿਆ ਸੀ ।ਕਸ਼ਮੀਰ ਦੀ ਫਿਜ਼ਾ ਵਿੱਚ ਘੁਲੀ ਇਹ ਦਹਿਸ਼ਤ ਸਾਰਥਲ ਜੋਤ ਤੋਂ ਸਾਡੇ ਨਾਲ-ਨਾਲ ਚੱਲ ਰਹੀ ਸੀ ।ਕਸ਼ਮੀਰ ਦਾ ਇਕ ਵੀ ਬਸ਼ਿੰਦਾ ਇਸ ਦਹਿਸ਼ਤ ਤੋਂ ਬੇਅਸਰ ਨਹੀਂ ਸੀ । ਅਸੀਂ ਉਹਨਾਂ ਕੋਲ ਕੁਝ ਸਮਾਂ ਰੁਕੇ, ਗੱਲਾਂ ਕੀਤੀਆਂ, ਜਦ ਹੌਲੀ-ਹੌਲੀ ਉਹਨਾਂ ਨੂੰ ਸਾਡੇ 'ਤੇ ਯਕੀਨ ਹੋਣ ਲੱਗਾ ਤਾਂ ਉਹ ਸਹਿਜ ਹੋ ਕੇ ਸਾਡੇ ਨਾਲ ਗੱਲਾਂ ਕਰਨ ਲੱਗੇ ।

ਮਸੂਮ, ਮਜਬੂਰ ਤੇ ਵਿਚਾਰੇ ਚਿਹਰਿਆਂ ਦਾ ਝੁੰਡ, ਜਿਨ੍ਹਾਂ ਨੂੰ ਦੇਖ ਕੇ ਮੈਨੂੰ ਕਸ਼ਮੀਰ ਦੇ ਲੋਕਾਂ 'ਤੇ ਤਰਸ ਜਿਹਾ ਆਇਆ ਕਿ ਇਹਨਾਂ ਛੋਟੇ-ਛੋਟੇ ਪਿੰਡਾਂ 'ਚ ਬੈਠੇ ਇਹ ਭੋਲੇ ਲੋਕ ਕਦੇ ਰਾਜਨੀਤੀ ਨੂੰ ਸਮਝਣ ਦੇ ਸਮਰੱਥ ਹੋ ਸਕਣਗੇ?

ਮੈਂ ਉਹਨਾਂ ਨੂੰ ਸੁਭਾਵਿਕ ਜਿਹੇ ਪੁੱਛਿਆ ਕਿ
ਕੀ ਹਾਲ ਨੇ ਤੁਹਾਡੇ, ਠੀਕ ਹੈ ਸਭ?

ਜਵਾਬ ਵਿੱਚ ਉਹਨਾਂ ਦੇ ਬੋਲਣ ਦਾ ਤਰੀਕਾ ਉਸ ਮਰੀਜ਼ ਵਰਗਾ ਸੀ, ਜਿਸ ਨੂੰ ਡਾਕਟਰ ਨੇ ਦੱਸ ਦਿੱਤਾ ਹੋਵੇ ਕਿ ਉਹ ਅਗਲੇ ਕੁਝ ਮਹੀਨਿਆਂ ਤੱਕ ਹੀ ਜਿਉਂਦਾ ਹੈ ਤੇ ਰਿਸ਼ਤੇਦਾਰ ਉਸ ਦਾ ਪਤਾ ਲੈਣ ਗਏ ਉਸ ਤੋਂ ਉਹਦਾ ਹਾਲ ਪੁੱਛਣ ।

ਬੇਆਸ ਜ਼ਿੰਦਗੀ ਵਿੱਚ ਆਸ ਦੀ ਧਰਵਾਸ।

ਮੈਲੇ-ਕੁਚੈਲੇ ਕੱਪੜਿਆਂ ਵਿੱਚ ਚਮਕਦੀਆਂ ਅੱਖਾਂ ਵਾਲੇ ਢਲੇ ਹੋਏ ਖੁਸ਼ਕ ਚਿਹਰੇ, ਫੈਰਨਾਂ ਵਿੱਚ ਹੱਥ ਲੁਕੋਈ ਆਪਣੇ ਭਵਿੱਖ ਅਤੇ ਵਰਤਮਾਨ ਲਈ ਚਿੰਤਤ ਸਨ, ਪਰ ਰਾਜਨੀਤੀ ਦੀ ਮੰਝਦਾਰ ਉਹਨਾਂ ਦੀ ਸਮਝ ਵਿੱਚ ਨਹੀਂ ਆ ਰਹੀ ਸੀ ।

ਪੂਰੇ ਪਿੰਡ ਵਿੱਚ ਕਿਸੇ ਕੋਲ ਵੀ ਆਧੁਨਿਕ ਖੇਤੀ ਦੇ ਸੰਦ ਨਹੀਂ ਸਨ। ਪੂਰੇ ਪਿੰਡ ਵਿੱਚ ਬਲਦਾਂ ਨਾਲ ਖੇਤੀ ਕੀਤੀ ਜਾਂਦੀ ਸੀ ।ਆਟਾ ਪੀਹਣ ਲਈ ਪਿੰਡ ਵਿੱਚ ਦੀ ਵਗਦੇ ਨਾਲੇ 'ਤੇ ਘਰਾਟ ਲੱਗੇ ਹੋਏ ਸਨ।

ਮੈਂ ਜਦ ਉਹਨਾਂ ਦੀ ਵੀਡੀਓ ਬਣਾਉਣ ਲੱਗਾ ਤਾਂ ਪਿੰਡ ਦੇ ਇੱਕ ਸਿਆਣੇ ਬਜ਼ੁਰਗ ਨੇ ਮੈਨੂੰ ਵੀਡੀਓ ਬਣਾਉਣ ਤੋਂ ਮਨ੍ਹਾਂ ਕਰ ਦਿੱਤਾ ।ਮੈਨੂੰ ਉਹਨਾਂ ਦੀ ਅਸਹਿਜਤਾ ਦਾ ਅੰਦਾਜ਼ਾ ਹੋ ਗਿਆ ਸੀ, ਇਸ ਲਈ ਮੈਂ ਆਪਣਾ ਫੋਨ ਬੰਦ ਕਰਕੇ ਜੇਬ ਵਿੱਚ ਪਾ ਲਿਆ ।ਉਹਨਾਂ ਨੇ ਮੇਰੇ ਕੋਲ ਜੋ ਆਪਣੇ ਦਿਲ ਦਾ ਗੁਬਾਰ ਕੱਢਿਆ, ਉਹਦੇ ਲਈ ਕੈਮਰਾ ਬੰਦ ਹੋਣਾ ਜ਼ਰੂਰੀ ਵੀ ਸੀ ।ਪਿੰਡ ਵਿੱਚ ਅੱਠਵੀਂ ਤੱਕ ਦਾ ਸਕੂਲ ਸੀ, ਜਿਸ ਵਿੱਚ ਕੁੱਲ ਪੰਜ ਅਧਿਆਪਕ ਸਨ, ਪਰ ਡਿਊਟੀ 'ਤੇ ਇਕ ਜਾਂ ਦੋ ਅਧਿਆਪਕ ਹੀ ਰਹਿੰਦੇ ਹਨ। ਬਾਕੀ ਦੇ ਸਭ ਕਾਗਜ਼ਾਂ ਵਿੱਚ ਡਿਊਟੀ ਕਰਦੇ ਹਨ। ਕਦੇ ਕਿਸੇ ਅਫ਼ਸਰ ਨੇ ਕਦੇ ਸਕੂਲ ਦੀ ਚੈਕਿੰਗ ਨਹੀਂ ਕੀਤੀ।ਉਹਨਾਂ ਦੇ ਪਹਿਰਾਵੇ, ਘਰਾਂ ਦੇ ਵਿਹੜੇ ਅਤੇ ਰਸੋਈਆਂ 'ਚ ਪਿਆ ਸਾਮਾਨ ਉਹਨਾਂ ਦੇ ਅੱਤ ਦਰਜੇ ਦੇ ਗਰੀਬ ਹੋਣ ਦੀ ਹਾਮੀ ਭਰਦਾ ਸੀ ।ਉਹਨਾਂ ਦੇ ਭੁੱਖੇ ਤੇ ਮੁਰਝਾਏ ਚਿਹਰੇ ਦੇਖ ਕੇ ਮੇਰੇ ਸਰਵੇਸ਼ਵਰਦਿਆਲ ਸਕਸੈਨਾ ਦੀ ਕਵਿਤਾ ਪੋਸਟਮਾਰਟਮ ਰਿਪੋਰਟ ਯਾਦ ਆ ਗਈ

ਇਹਨਾਂ ਗਰੀਬ ਕਿਸਾਨਾਂ ਨੂੰ ਨਾ ਪਾਕਿਸਤਾਨ ਚਾਹੀਦਾ ਸੀ, ਨਾ ਹਿੰਦੋਸਤਾਨ, ਨਾ ਅਜ਼ਾਦ ਕਸ਼ਮੀਰ। ਇਹਨਾਂ ਨੂੰ ਚਾਹੀਦਾ ਸੀ ਤਾਂ 'ਆਲੂ'।

ਮੈਂ ਜਦ ਇਹਨਾਂ ਲੋਕਾਂ ਨਾਲ ਕਸ਼ਮੀਰ ਦੇ ਅੱਤਵਾਦ ਬਾਰੇ ਗੱਲ ਸ਼ੁਰੂ ਕੀਤੀ ਤਾਂ ਇਹ ਇੱਕ-ਦੂਜੇ ਦੇ ਮੂੰਹ ਵੱਲ ਦੇਖ ਕੇ ਚੁੱਪ ਕਰ ਗਏ । ਚੱਕੀ ਦੇ ਦੋ ਪੁੜਾਂ ਵਿਚਕਾਰ ਪਿਸ ਜਾਣ ਦੇ ਖੌਫ ਤੋਂ ਉੱਪਜੀ ਹੋਈ ਚੁੱਪ। ਮੈਨੂੰ ਮਹੌਲ ਕੁਝ ਅਣਸੁਖਾਵਾਂ ਜਿਹਾ ਹੁੰਦਾ ਪ੍ਰਤੀਤ ਹੋਇਆ ਤਾਂ ਮੈਂ ਪਿੰਡ ਦੇ ਖੇਤਾਂ ਵੱਲ ਗੇੜਾ ਮਾਰਨ ਚਲਾ ਗਿਆ।

ਪੂਰਾ ਪਿੰਡ ਲੱਕੜ ਦੇ ਮਕਾਨਾਂ ਦਾ ਬਣਿਆ ਹੋਇਆ ਸੀ। ਖੇਤਾਂ ਵਿੱਚ ਜਿਉਂ ਪੱਕ ਚੁੱਕੇ ਸਨ ਅਤੇ ਕੁਝ ਖੇਤਾਂ ਵਿੱਚ ਮੱਕੀ ਦੀ ਬਿਜਾਈ ਸ਼ੁਰੂ ਹੋ ਚੁੱਕੀ ਸੀ । ਪਿੰਡ ਦੀਆਂ ਕੁਝ ਔਰਤਾਂ ਖੇਤਾਂ ਵਿੱਚੋਂ ਪੱਥਰ ਚੁਗ ਰਹੀਆਂ ਸਨ ਅਤੇ ਮਰਦ ਬਲਦਾਂ ਨਾਲ ਹਲ ਵਾਹ ਰਹੇ ਸਨ। ਮੈਨੂੰ ਇਕ ਕਾਫੀ ਬਜ਼ੁਰਗ ਮਾਤਾ ਜੀ ਖੇਤ ਵਿੱਚੋਂ ਪੱਥਰ ਚੁਗਦੇ ਦਿਸੇ, ਉਹਨਾਂ ਤੋਂ ਪੱਥਰਾਂ ਦਾ ਭਰਿਆ ਹੋਇਆ ਗੱਟਾ ਚੁੱਕਿਆ ਨਹੀਂ ਜਾ ਰਿਹਾ ਸੀ ਤਾਂ ਉਹ ਉਸ ਨੂੰ ਧੂਹ ਕੇ ਲਿਜਾ ਰਹੀ ਸੀ ।ਮੈਂ ਮਾਤਾ ਨੂੰ ਕਿਹਾ ਕਿ ਏਡੀ ਉਮਰ ਵਿੱਚ ਏਨੇ ਜ਼ੋਰ ਵਾਲਾ ਕੰਮ ਕਿਉਂ ਕਰ ਰਹੇ ਹੋ ਤਾਂ ਉਹਨੇ ਆਪਣੇ ਢਿੱਡ 'ਤੇ ਹੱਥ ਧਰ ਕੇ ਇਸ਼ਾਰਾ ਕੀਤਾ ਕਿ ਇਹਦੇ ਲਈ ।

(ਸਮਾਪਤ)

ਸੰਪਰਕ : 94134-00053

ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫੀ ਨਹੀਂ

ਕਿਰਤ ਸ਼ਕਤੀ ਅਤੇ ਸਰਮਾਏਦਾਰੀ

ਕਿਸ਼ਤ-12

ਜਗਰੂਪ

* 'ਮੁੱਲ' ਦਾ ਦੋਹਰਾ ਰੂਪ ; 'ਵਰਤੋਂ ਮੁੱਲ' ਅਤੇ 'ਵਟਾਂਦਰਾ ਮੁੱਲ' ਹੈ। ਇਹ ਕਿਰਤ ਦੀ ਉਪਜ ਹਨ।

* ਮੁੱਲ ਦੇ ਦੋਹਰੇ-ਗੁਣ ਦਾ ਸਰੋਤ, ਕਿਰਤ ਦੇ ਦੋਹਰੇ -ਗੁਣ-ਰੂਪ ; 'ਠੋਸ-ਕਿਰਤ' ਅਤੇ 'ਅਮੂਰਤ-ਕਿਰਤ' ਵਿਚ ਹੈ।

* ਠੋਸ ਕਿਰਤ, ਵਰਤੋਂ-ਮੁੱਲ ਸਿਰਜਦੀ ਹੈ ਅਤੇ 'ਅਮੂਰਤ-ਕਿਰਤ', (ਵਟਾਂਦਰਾ) 'ਮੁੱਲ' ਜੋੜਦੀ ਹੈ।

ਇਹ ਵਰਤਾਰਾ ਗੁੰਝਲਦਾਰ ਜ਼ਰੂਰ ਹੈ, ਪਰ ਧਿਆਨ ਕੇਂਦਰਤ ਕੀਤਿਆਂ, ਇਸ ਦੀ ਸਿੱਧੀ ਬਾ-ਖ਼ੂਬੀ ਹੋ ਜਾਂਦੀ ਹੈ। ਭਾਵੇਂ ਕਿ ਇਸ ਰਹੱਸ ਨੂੰ ਬਣਾਈ ਰੱਖਣ ਅਤੇ ਸਿੱਧੀ ਨੂੰ ਵੀ ਗੰਧਲਾ ਕਰਨ ਵਿਚ ਬੁਰਜੂਆ ਬੌਧਿਕ ਹਲਕੇ ਚੇਤਨ ਸਰਗਰਮੀ ਕਰਦੇ ਹਨ।

ਵਰਤੋਂ ਮੁੱਲ (use value) ਅਤੇ ਮੁੱਲ (value)

ਦਾ ਵਖਰੇਵਾਂ ਅਤੇ ਕਾਰਨ, ਹਰ ਮਾਰਕਸਵਾਦੀ ਦੀ ਸਮਝ ਦਾ ਪ੍ਰਪੱਕ ਹਿੱਸਾ ਬਣਨਾ ਜ਼ਰੂਰੀ ਹੈ। ਬੁਰਜੂਆ ਜਮਾਤੀ ਪ੍ਰਚਾਰਕਾਂ ਦਾ ਬਦੂ-ਪ੍ਰਚਾਰ ਕਿ : 'ਇਹ ਔਖਾ ਹੈ', ਇਹ 'ਗੂੜ੍ਹ ਗਿਆਨ' ਦੀ ਥਾਂ ਕੁਝ ਸੌਖਾ, ਸਰਲ ਕਿਉਂ ਨਹੀਂ ਕਰਦੇ, ਇਹ ਤਾਂ ਅਰਥ-ਵਿਗਿਆਨੀਆਂ ਦਾ ਕੰਮ ਹੈ, ਆਦਿ ਆਦਿ।

* ਕੁਦਰਤ, ਸਭ ਤੋਂ ਵੱਡੀ 'ਵਰਤੋਂ-ਮੁੱਲ' ਸਿਰਜਕ ਸ਼ਕਤੀ ਹੈ।ਕੁਦਰਤ ਦੀਆਂ ਵਸਤਾਂ (Goods) ਦੀ ਵਰਤੋਂ ਹੁੰਦੀ ਹੈ। ਇਹ ਵਰਤੋਂ-ਮੁੱਲ ਰੱਖਦੀਆਂ ਹਨ। ਜੀਵ (ਮਨੁੱਖ), ਉਸ ਦੀਆਂ ਪਦਾਰਥਕ-ਉਪਜਾਂ (ਵਸਤਾਂ) ਦੀ ਵਰਤੋਂ ਕਰਦਾ ਹੈ। ਉਹ ਮਨੁੱਖ ਲਈ ਵਰਤੋਂ-ਮੁੱਲ (use value) ਰੱਖਦੀਆਂ ਹਨ।

ਉਹਨਾਂ ਵਸਤਾਂ (ਪਾਉਣ, ਪਾਣੀ, ਅਗਨੀ, ਧਰਤਿ, ਜੜ੍ਹ-ਫਲ, ਰੋਸ਼ਨੀ ਆਦਿ) ਦੀ ਵਰਤੋਂ ਹੁੰਦੀ ਹੈ, (ਤਬਾਦਲਾ) ਮੁੱਲ ਨਹੀਂ ਤਾਰਿਆ ਜਾਂਦਾ। ਕੁਦਰਤ ਇਕਹਿਰਾ ਗੁਣ ਰਖਦੀ ਹੈ, ਇਹ ਕੇਵਲ ਵਰਤੋਂ-ਮੁੱਲ ਸਿਰਜਕ ਹੈ।

* ਕੁਦਰਤ ਪਿੱਛੋਂ 'ਕਿਰਤ, 'ਮੁੱਲ' (Value) ਸਿਰਜਕ' ਹੈ, ਪਰ ਮੁੱਲ ਹੋਣ ਲਈ ਜ਼ਰੂਰੀ ਹੈ ਕਿ ਉਸ ਵਸਤੂ ਦਾ ਵਰਤੋਂ-ਮੁੱਲ ਹੋਵੇ।ਇਸ ਲਈ ਮੁੱਲ ਵਾਲੀ ਵਸਤੂ, ਜਿਣਸ-ਰੂਪ (ਦੋਹਰੇ ਗੁਣ ਵਾਲੀ) ਬਣ ਜਾਂਦੀ ਹੈ।

* ਇਸ ਦੋਹਰੇ-ਮੁੱਲ (ਵਰਤੋਂ ਤੇ ਵਟਾਂਦਰਾ) ਦੀ ਸਿਰਜਣਾ ਪਿੱਛੇ ਦਾ ਰਹੱਸ ਹੈ ਕਿ ਕਿਰਤ ਹੀ ਦੋਹਰੇ ਗੁਣ ਦਾ ਜੋੜ ਹੈ, ਭਾਵ ਕਿਰਤ ਦੋਹਰੇ ਗੁਣ ਵਾਲੀ; 'ਠੋਸ ਅਤੇ ਅਮੂਰਤ' ਹੈ। ਇਹ 'ਦੋ' ਹੋ ਕੇ ਇਕ (ਕਿਰਤੀ) ਅਤੇ ਇਕ ਹੋ ਕੇ ਦੋ' ਦਾ ਵਰਤਾਰਾ ਹੈ।

ਕਿਰਤ ਦਾ ਦੋਹਰਾ ਰੂਪ (ਗੁਣ) ਕੀ ਹੈ ?

* ਕਿਰਤ, ਕਿਰਤੀ ਤੋਂ ਵੱਖਰੀ ਨਹੀਂ ਹੈ। ਕਿਰਤੀ ਠੋਸ (ਸਰੀਰਕ) ਹੋਂਦ ਹੈ। ਇਹਨੂੰ ਠੋਸ-ਕਿਰਤ (concrete labour) ਸੱਦਿਆ ਜਾਂਦਾ ਹੈ।

ਇਹ ਠੋਸ ਰੂਪ ਵਿਚ ਹੀ, ਵਸਤਾਂ (Goods) ਪੈਦਾ ਕਰਦੀ ਹੈ, ਜਿਨ੍ਹਾਂ ਦੀ ਵਰਤੋਂ ਹੁੰਦੀ ਹੈ। ਇਹ 'ਵਰਤੋਂ-ਮੁੱਲ' ਸਿਰਜਦੀ ਹੈ। ਇਹ ਵਰਤਾਰਾ ਮਨੁੱਖੀ ਅਤੇ ਸਮਾਜਿਕ ਲੋੜਾਂ ਦੀ ਪੂਰਤੀ ਅਨੁਸਾਰ ਅਮਲ ਵਿਚ ਹੁੰਦਾ ਹੈ।ਇਹ ਉਪਜਾਂ ਦੀ ਮਾਤਰਾ ਨਾਲ ਸੰਬੰਧਤ ਹੈ, ਇਹ ਗਿਣਾਤਮਕ (quantitative) ਰੂਪ ਵਿਚ ਪੈਦਾ ਕਰਨਾ ਹੈ।

ਉਤਪਾਦਕਤਾ ! (productivity)

* ਉਤਪਾਦਕਤਾ (productivity) ਦਾ ਵਾਧਾ, ਇਸ ਗਿਣਤੀ ਉਪਜ ਨੂੰ ਪ੍ਰਭਾਵਤ ਕਰਦਾ ਹੈ ਅਤੇ ਕੁਦਰਤੀ ਉਪਜ ਦੇ ਵਰਤੋਂ-ਮੁੱਲ ਵਰਤਾਰੇ ਦੇ ਅਮਲ ਵੱਲ ਵਧਦਾ ਹੈ।ਯਾਦ ਰਹੇ; ਕੁਦਰਤੀ ਉਪਜ ਦਾ ਵਰਤੋਂ ਮੁੱਲ ਹੁੰਦਾ ਹੈ, ਮੁੱਲ ਨਹੀਂ ਹੁੰਦਾ।

ਉਤਪਾਦਕਤਾ ਦਾ ਵਾਧਾ ਵੀ, ਵਰਤੋਂ ਮੁੱਲ ਵਰਤਾਰੇ ਨੂੰ ਵਧਾਉਂਦਾ ਹੈ ਅਤੇ ਵਟਾਂਦਰਾ ਮੁੱਲ ਵਰਤਾਰੇ ਨੂੰ ਘਟਾਉਂਦਾ ਹੈ। (ਇਸ ਨੂੰ ਕੁਦਰਤੀ ਉਪਜ ਦੇ ਵਰਤੋਂ ਮੁੱਲ ਵਰਤਾਰੇ ਵੱਲ ਵਧਣਾ ਕਿਹਾ ਹੈ।)

ਇਸ ਸੂਤਰ ਦੀ ਸਮਝਦਾਰੀ ਵਿਚ ਪਕਿਆਈ ਲੋੜੀਦੀ ਹੈ। ਕਿਉਂਕਿ ਇਹ ਮਨੁੱਖੀ ਅਤੇ ਸਮਾਜਕ ਪੱਖ ਤੋਂ, ਸਿਖਰਲੀ ਮਹੱਤਵ ਦਾ ਵਿਗਿਆਨਕ ਅਮਲ ਹੈ, ਜੋ ਮਨੁੱਖ ਦੇ ਸਰਬਪੱਖੀ ਵਿਕਾਸ ਅਤੇ ਸਮਾਜ ਦੇ ਖ਼ੁਸ਼ ਤੇ ਖ਼ੁਸ਼ਹਾਲ (ਅਨੰਦਮਈ) ਜੀਵਨ ਲਈ ਗਰੰਟੀ ਬਣਦਾ ਹੈ।

ਕਿਰਤ ਉਤਪਾਦਕਤਾ ਦੇ ਵਾਧਾ ਸਰੋਤ ਕੀ ਹਨ ?

* 'ਕਿਰਤ ਉਤਪਾਦਕਤਾ' ਦੇ ਵਾਧੇ ਦੇ ਸਰੋਤ ਹਨ : ਮਨੁੱਖੀ ਕਿਰਤ, ਤਜਰਬਾ, ਤਕਨੀਕ (ਵਿਗਿਆਨਕ-ਸੂਝ) +ਸਮਾਂ, ਕਿਰਤ ਦੇ ਸੰਦ (ਜੋ ਅਮਲ ਵਿਚ ਵਿਕਸਤ ਹੁੰਦੇ ਹਨ) ਔਜ਼ਾਰ, ਮਸ਼ੀਨ, ਸਵੈ-ਚਲਕ-ਮਸ਼ੀਨ, ਕੰਪਿਊਟਰ, ਇੰਟਰਨੈੱਟ ਅਤੇ ਏ ਆਈ ਜੰਤਰ। ਇਹ ਸਭ ਠੋਸ-ਕਿਰਤ (concrete- labour) ਦਾ ਅੰਗ-ਭਾਗ ਹਨ।ਇਹ (ਠੋਸ ਕਿਰਤ) ਪਦਾਰਥਕ-ਰੂਪ ਵਿਚ ਵਰਤੋਂ ਵਸਤਾਂ, ਭਾਵ 'ਵਰਤੋਂ ਮੁੱਲ' ਸਿਰਜਦੀ ਹੈ।

* ਚੇਤਨ ਮਨੁੱਖੀ ਸਮਾਜ ਵਿਚ ਇਹਨਾਂ ਦਾ ਸੰਬੰਧ, ਸਮਾਜਕ ਲੋੜਾਂ ਦੀ ਭਿੰਨ-ਭਿੰਨ ਪੂਰਤੀ ਲਈ, ਭਿੰਨ-ਭਿੰਨ ਮਾਤਰਾ ਦੀ ਸਮਾਜਕ ਵਿਉਂਤ-ਬੰਦੀ ਨਾਲ ਹੁੰਦਾ ਹੈ।

* 1970ਵੇਂ ਦੇ ਦਹਾਕੇ ਵਿਚ, ਮਨੁੱਖੀ ਗਿਆਨ ਨੇ ਵਿਗਿਆਨਕ ਲੱਭਤਾਂ (ਪਦਾਰਥਕ-ਗਤੀ ਦੇ ਸੂਖਮ ਭੇਦ ਜਾਨਣਾ) ਨੂੰ, ਮੁੜ ਘਾੜਤ ਕਰਨ ਦੀ ਤਕਨੀਕ ਨਾਲ ਜੋੜਨਾ ਸਿੱਖ ਲਿਆ, ਜਿਸ ਨੇ ਵਿਗਿਆਨਕ ਤਕਨੀਕੀ ਇਨਕਲਾਬ (STR) ਦਾ ਚਮਤਕਾਰ ਕਰ ਦਿੱਤਾ।ਇਸ ਅਮਲ ਦੇ ਪੰਜਾਹ ਵਰ੍ਹਿਆਂ ਵਿਚ, ਵਿਗਿਆਨਕ-ਤਕਨੀਕੀ ਉਪਜ ਦੇ ਜੰਤਰ ਹੋਂਦ ਵਿਚ ਆ ਗਏ ਹਨ। ਜੋ 'ਆਰਟੀਫੀਸ਼ਲ ਇੰਟੈਲੀਜੈਂਸ ਡਿਵਾਈਸ' (A.I. DEVICES) 'ਘਾੜਤ-ਬੁੱਧੀ ਜੰਤਰ' ਸੱਦੇ ਜਾਂਦੇ ਹਨ।ਇਹ ਮਨੁੱਖੀ 'ਘਾੜਤ ਬੁੱਧੀ' ਦਾ ਕ੍ਰਿਸ਼ਮਾ ਹੈ, ਉਹ ਜੰਤਰ ਕੁਦਰਤੀ ਅਮਲ ਵਾਂਗ ਕੰਮ ਕਰਨ ਦੇ ਨੇੜੇ ਪੁੱਜ ਰਹੇ ਹਨ, ਪਰ ਉਹਨਾਂ ਦੀ ਸੀਮਾ ਹੈ। ਇਹ ਜੰਤਰ, ਕੁਦਰਤ ਦੇ ਅਮਲ ਦੀ ਨਕਲ copy ਹਨ। ਜੋ ਮਨੁੱਖ ਦੇ ਪਦਾਰਥਕ-ਗਤੀ-ਗਿਆਨ ਨੂੰ ਮੁੜ ਉਪਜਾਣ ਦੇ ਅਮਲ ਰਾਹੀਂ, ਭਾਵ ਮਨੁੱਖੀ ਘਾੜਤ-ਬੌਧਕ-ਜੰਤਰ ਦੀ ਉਪਜ ਬਣਾਉਣਾ ਹੈ।

'ਪਾਉਣ ਪਾਣੀ ਅਗਨੀ ਕਾ ਮੇਲੁ
ਚੰਚਲ ਚਪਲ ਬੁਧਿ ਕਾ ਖੇਲੁ॥'
(ਗੁਰੂ ਨਾਨਕ ਬਾਣੀ)

* ਕਿਸੇ ਖੋਜ ਨੂੰ ਸਰਲ ਰੂਪ ਵਿਚ ਪੇਸ਼ ਕਰਦਿਆਂ ਹਲਕਾ-ਪਣ ਆ ਜਾਣ ਜਾਂ ਭੁੱਲ ਅਤੇ ਗਲਤੀ ਦੀ ਗੁੰਜਾਇਸ਼ ਬਣ ਜਾਣੀ ਸੁਭਾਵਕ ਹੈ, ਪਰ ਬਚਣਾ, ਚੇਤਨ ਰਹਿਣਾ ਜ਼ਰੂਰੀ ਹੈ।ਗੁੰਝਲਦਾਰ ਸਮਝ ਨੂੰ ਰੁਕ ਜਾਣਾ ਸਹੀ ਨਹੀਂ ਹੈ। ਇਸੇ ਰਹੱਸ ਤੋਂ ਪਰਦਾ ਹਟਾਉਂਦਿਆਂ ਵਿਗਿਆਨਕ ਸਿੱਧ ਤੱਕ ਪੁੱਜਦਿਆਂ ਮਾਰਕਸ ਨੇ

'ਪੂੰਜੀ' ਦੀ ਭੂਮਿਕਾ 'ਚ ਕਿਹਾ ਸੀ :

'ਵਿਗਿਆਨ ਦਾ ਕੋਈ ਸਿੱਧਾ ਪੱਧਰਾ ਸ਼ਾਹੀ ਰਾਹ ਨਹੀਂ ਹੁੰਦਾ, ਤੇ ਉਹਦੀਆਂ ਰੌਸ਼ਨ ਟੀਸੀਆਂ ਉੱਤੇ ਪੁੱਜਣ ਦਾ ਕੇਵਲ ਉਹਨਾਂ ਨੂੰ ਮੌਕਾ ਮਿਲ ਸਕਦਾ ਹੈ, ਜਿਹੜੇ ਉਸ ਦੇ ਢਲਾਣੀ ਰਾਹਾਂ ਦੀ ਥਕਾ ਦੇਣ ਵਾਲੀ ਚੜ੍ਹਾਈ ਤੋਂ ਨਹੀਂ ਡਰਦੇ।'

ਸੋ, ਇਹ ਸਮਝਦਾਰੀ ਹਾਸਲ ਕਰਦਿਆਂ ਵੀ ਸਾਨੂੰ ਇਹ ਕਥਨ ਚੇਤੇ ਰੱਖਣਾ ਚਾਹੀਦਾ ਹੈ। ਸਪੱਸ਼ਟ ਤੇ ਸੋਚੀ-ਸਮਝੀ ਧਾਰਨਾ ਬਗੈਰ ਮਾਮਲਾ ਉਲਝਿਆ ਰਹੇਗਾ। 'ਆਪ ਬੀਚਾਰੇ ਸੁ ਗਿਆਨੀ ਹੋਈ॥'

ਮੁੱਲ (ਕਦਰ . Value) ਦੀ ਧਾਰਨਾ ਕੀ ਹੈ ?

* 'ਮੁੱਲ', 'ਵਰਤੋਂ-ਮੁੱਲ' ਤੋਂ ਵੱਖਰਾ ਵਰਤਾਰਾ ਹੈ, ਪਰ ਇਹ ਵੀ ਕਿਰਤੀ ਤੋਂ ਵੱਖ ਨਹੀਂ ਹੈ। *ਕਿਰਤ-ਸ਼ਕਤੀ (Labour power), ਅਮੂਰਤ (Abstract) ਹੈ, ਇਹਦੀ ਖਪਤ ਸਮੇਂ ਵਿਚ ਹੁੰਦੀ ਹੈ, ਜੋ ਥਕਾਵਟ (ਅਮੂਰਤ) ਰੂਪ ਵਿਚ ਮਹਿਸੂਸ ਹੁੰਦੀ ਹੈ।ਕਿਰਤ-ਸ਼ਕਤੀ ਦੀ ਖਪਤ ਹੀ 'ਅਮੂਰਤ-ਕਿਰਤ' ਦੀ ਖਪਤ ਹੈ।

*** 'ਮੁੱਲ', ਅਮੂਰਤ-ਕਿਰਤ (Abstract labour)**

ਭਾਵ; ਕਿਰਤ-ਸ਼ਕਤੀ ਦੀ ਖਪਤ ਦਾ ਜਮ੍ਹਾਂ (ਜੋੜ) ਰੂਪ ਹੈ।

ਸਰਮਾਏਦਾਰੀ ਉਤਪਾਦਨ ਢੰਗ ਵਿਚ ਸਰਮਾਏ ਦਾ ਮਾਲਕ, ਕਿਰਤੀ ਨੂੰ ਨਹੀਂ, ਬਲਕਿ ਉਸ ਦੀ ਕਿਰਤ-ਸ਼ਕਤੀ ਦੀ ਵਰਤੋਂ ਲਈ ਨਿਸ਼ਚਤ ਸਮੇਂ (ਕੰਮ-ਦਿਨ) ਲਈ, ਨਿਸ਼ਚਤ ਮੁੱਲ (ਉਜਰਤ) ਨਾਲ ਵਟਾਂਦਰਾ ਕਰਦਾ ਹੈ।

* ਇੰਝ ਕਿਰਤ ਸ਼ਕਤੀ ਵਟਾਂਦਰੇ ਦੀ ਵਸਤੂ ਵਜੋਂ 'ਜਿਣਸ' ਬਣ ਜਾਂਦੀ ਹੈ ਅਤੇ ਇਸੇ ਕਿਰਤ ਸ਼ਕਤੀ ਨੂੰ ਨਵੇਂ ਨਾਂਅ 'ਉਜਰਤੀ ਕਿਰਤ' ਵੀ ਸੱਦਿਆ ਜਾਂਦਾ ਹੈ। ਉਜਰਤੀ ਕਿਰਤ ਇਕ ਨਿਸ਼ਚਤ ਸਮੇਂ ਲਈ, ਵਟਾਂਦਰੇ ਦੇ ਮਾਲਕ ਕੋਲ ਖਪਤ ਲਈ ਬੱਧੂਆ ਹੈ, ਇਹ 'ਉਜਰਤੀ-ਗੁਲਾਮੀ' ਹੈ।

* ਅਮੂਰਤ-ਕਿਰਤ ਦੀ ਖਪਤ (ਵਰਤੋਂ) ਸਮੇਂ ਵਿਚ ਹੁੰਦੀ ਹੈ ਅਤੇ ਇਹ ਮਾਪੀ ਵੀ ਸਮੇਂ ਵਿਚ ਜਾਂਦੀ ਹੈ।ਇਸ ਲਈ ਇਹ ਕਿਰਤ-ਸਮੇਂ ਦੀ ਮਾਤਰਾ ਰਾਹੀਂ ਪ੍ਰਗਟਾਈ ਜਾਂਦੀ ਹੈ।

* 'ਮੁੱਲ' (value) ਇਤਿਹਾਸਕ ਹੈ। ਇਹ ਵਟਾਂਦਰੇ ਸਮੇਂ ਪ੍ਰਗਟ ਹੁੰਦਾ ਹੈ। ਇਸ ਵਿਸ਼ੇਸ਼ਤਾ ਕਾਰਨ ਇਹ (ਮੁੱਲ), 'ਵਟਾਂਦਰਾ-ਮੁੱਲ' ਸੱਦਿਆ ਜਾਣ ਲੱਗਾ।

* ਵਟਾਂਦਰੇ ਦੇ ਅਮਲ ਵਿਚਲੀਆਂ ਵਸਤਾਂ ਦਾ ਨਾਂਅ 'ਜਿਣਸ' (Commodity) ਹੈ।ਇਹ ਦੋਹਰੇ ਗੁਣ; ਵਰਤੋਂ-ਮੁੱਲ ਅਤੇ ਵਟਾਂਦਰਾ-ਮੁੱਲ ਕਾਰਨ ਹੈ।

ਜੇ ਵਸਤੂ ਦੀ ਲੋੜ (ਵਰਤੋਂ ਮੁੱਲ) ਨਹੀਂ ਤਾਂ ਕੋਈ ਵਟਾਂਦਰਾ-ਮੁੱਲ ਕਿਉਂ ਭਰੇਗਾ ? ਮੁੱਲ ਹੋਣ ਲਈ, ਵਸਤੂ ਦਾ ਲਾਭਦਾਇਕ (ਵਰਤੋਂ ਮੁੱਲ) ਹੋਣਾ ਜ਼ਰੂਰੀ ਹੈ।

ਮੁੱਲ ਦਾ ਇਤਿਹਾਸ ਕੀ ਹੈ ?

* ਮੁੱਢਲੇ ਸਾਂਝੀਵਾਲ ਸਮਾਜ ਦੇ ਆਰੰਭ ਵਿਚ ਲੋੜ ਦੀਆਂ ਵਸਤਾਂ ਮਨ, ਸਾਂਝੀ ਖ਼ੁਰਾਕ ਸੀ, ਵਟਾਂਦਰੇ ਦੀ ਖ਼ੁਰਾਕ ('ਜਿਣਸ') ਉਪਲੱਬਧ ਨਹੀਂ ਸੀ। ਕੇਵਲ ਵਸਤੂਆਂ ਦਾ ਵਰਤੋਂ-ਮੁੱਲ ਸੀ, ਵਟਾਂਦਰਾ-'ਮੁੱਲ' ਨਹੀਂ ਸੀ।

* ਇਸ ਦਾ ਮਨਤਕੀ (Logical) ਸਿੱਟਾ ਹੈ ; ਭਵਿੱਖ ਦੇ ਵਿਕਸਤ ਸਮਾਜ ਵਿਚ ਅਜਿਹਾ ਪੜਾਅ ਆਵੇਗਾ, ਜਿਸ ਵਿਚ ਮੁੱਲ ਨਹੀਂ ਹੋਵੇਗਾ! ਭਾਵ ਉਤਪਾਦਨ ਹੋਵੇਗਾ, ਪਰ ਜਿਣਸ ਉਤਪਾਦਨ ਨਹੀਂ ਹੋਵੇਗਾ।

ਨਤੀਜਾ : ਵਰਤੋਂ ਮੁੱਲ ਹੋਵੇਗਾ, ਮੁੱਲ ਨਹੀਂ ਹੋਵੇਗਾ। ਵਸਤਾਂ ਹੋਣਗੀਆਂ, ਪਰ ਜਿਣਸਾਂ ਨਹੀਂ ਹੋਣਗੀਆਂ।

ਵਸਤੂ (Goods) ਕੀ ਹੈ ?

* ਕੁਦਰਤੀ, ਪਦਾਰਥਕ-ਪਸਾਰੇ ਵਿੱਚੋਂ ਉਹੀ ਪਦਾਰਥ, 'ਵਸਤੂ' (Goods) ਬਣਦੇ ਹਨ, ਜੋ ਮਨੁੱਖੀ ਲੋੜ ਦੀ ਪੂਰਤੀ ਕਰਦੇ ਹਨ ਜਾਂ ਜਿਨ੍ਹਾਂ ਦਾ ਮਨੁੱਖ ਲਈ ਵਰਤੋਂ-ਮੁੱਲ (use value) ਹੈ।ਬਾਕੀ ਪਦਾਰਥਕ ਪਸਾਰਾ (ਹੋਂਦ) ਹੈ।

* ਵਟਾਂਦਰਾ ਮੁੱਲ, ਸਮਾਜਕ ਵਿਕਾਸ ਦੇ ਇਕ ਪੜਾਅ 'ਤੇ ਪ੍ਰਗਟ ਹੋਇਆ।ਲੱਖਾਂ ਸਾਲ ਇਹ (ਵਸਤ-ਵਟਾਂਦਰਾ) (barter system) ਅਮਲ ਵਿਚ ਆਉਂਦਾ ਰਿਹਾ। ਫਿਰ ਵਿਸਤਰਿਤ-ਵਟਾਂਦਰਾ ਰੂਪ, ਅੱਗੋਂ ਵਿਆਪਕ-ਵਟਾਂਦਰਾ ਰੂਪ ਅਤੇ ਅੰਤ ਮੁਦਰਾ ਵਟਾਂਦਰਾ ਰੂਪ ਬਣਿਆ। ਵਟਾਂਦਰਾ ਗੇੜ ਦੀ ਵਸਤ ਨੂੰ ਉਸ ਦੇ ਦੋਹਰੇ ਗੁਣ ਕਾਰਨ 'ਜਿਣਸ' ਦਾ ਨਾਂਅ ਮਿਲਿਆ ਤਾਂ; 'ਜਿਣਸ ਵਟਾਂਦਰਾ ਗੇੜ' : 'ਜਿਣਸ-ਮੁਦਰਾ-ਜਿਣਸ' (c-m-c) ਹੋਂਦ ਵਿਚ ਆਇਆ।

* ਜਿਣਸ-ਗੇੜ ਵਿੱਚੋਂ 'ਜਿਣਸਾਂ ਦੀ ਜਿਣਸ' ; ਮੁਦਰਾ (money), ਨੇ ਕੇਂਦਰੀ ਸਥਾਨ ਮੱਲਿਆ, ਜਿਸ ਨਾਲ ਸਭ ਜਿਣਸਾਂ ਵਟਾਈਆਂ ਜਾ ਸਕਦੀਆਂ ਹਨ ।

* ਸਰਮਾਏਦਾਰੀ ਉਤਪਾਦਨ ਢੰਗ, ਜਿਣਸ-ਗੇੜ ਦੀ ਥਾਂ 'ਮੁਦਰਾ-ਗੇੜ' [ਮੁਦਰਾ-ਜਿਣਸ-ਮੁਦਰਾ (money-commodity-money)] ਹੈ।

ਮੁਦਰਾ ਨਾਲ ਖਾਸ-ਜਿਣਸ (ਕਿਰਤ ਸ਼ਕਤੀ)

ਵਟਾ ਕੇ, ਵਧੇਰੇ-ਮੁਦਰਾ ਪ੍ਰਾਪਤੀ ਦਾ ਭੇਦ ਜਾਨਣ ਦੀ ਖੋਜ ਨਾਲ ; 'ਮੁੱਲ ਦੇ ਕਿਰਤ ਸਿਧਾਂਤ' ਦੀ ਖੋਜ ਹੋਈ, ਜਿਸ ਖੋਜ ਦਾ ਸਿਹਰਾ 'ਇਨਕਲਾਬ-ਵਿਗਿਆਨੀ ਕਾਰਲ ਮਾਰਕਸ' ਦੇ ਸਿਰ ਬੱਝਦਾ ਹੈ।

* 'ਮੁੱਲ', ਅਮੂਰਤ-ਕਿਰਤ (Abstract labour) ਦਾ ਜਮਾਂ ਰੂਪ ਹੈ। ਅਮੂਰਤ-ਕਿਰਤ ਦੀ ਖਪਤ (ਵਰਤੋਂ) ਸਮੇਂ ਵਿਚ ਹੁੰਦੀ ਹੈ ਅਤੇ ਇਹ ਮਾਪੀ ਵੀ ਸਮੇਂ ਵਿਚ ਜਾਂਦੀ ਹੈ।ਇਸ ਲਈ ਇਹ ਕਿਰਤ-ਸਮੇਂ ਦੀ ਮਾਤਰਾ ਰਾਹੀਂ ਪ੍ਰਗਟਾਈ ਜਾਂਦੀ ਹੈ।

* ਕਿਰਤੀ=ਜਿੰਦਾ ਕਿਰਤ ਵਿਚ, ਕਿਰਤ-ਸ਼ਕਤੀ ਦਾ (ਅਮੂਰਤ) ਰੂਪ ਹੋਣ ਕਰਕੇ, ਇਹ ਉਸ ਤੋਂ ਵੱਖ ਨਹੀਂ ਕੀਤੀ ਜਾ ਸਕਦੀ।

* 'ਮੁੱਲ' ਜਮ੍ਹਾਂ (ਖਪਤ) ਹੋਈ ਕਿਰਤ ਸ਼ਕਤੀ ਹੈ। ਕੱਚੇ ਮਾਲ ਦੇ (ਅਨੁਪਾਤ) ਮੁੱਲ ਉਪਰੰਤ, ਸਮਾਜ ਵਿਚ ਇਕੋ ਜਿੰਨੇ ਕਿਰਤ ਸਮੇਂ ਦੀਆਂ, ਭਿੰਨ-ਭਿੰਨ ਉਪਜਾਂ, ਵਟਾਂਦਰੇ ਲਈ ਬਰਾਬਰ ਮੁੱਲ ਦੀਆਂ 'ਜਿਣਸਾਂ' ਹਨ।

ਕਿਰਤ-ਉਤਪਾਦਕਤਾ ਅਤੇ ਮੁੱਲ

ਕਿਰਤ-ਉਤਪਾਦਕਤਾ ਦਾ ਵਾਧਾ, ਕੁਲ ਕਿਰਤ ਸਮੇਂ (ਕੰਮ ਦਿਨ) ਵਿਚ, 'ਜ਼ਰੂਰੀ ਕਿਰਤ ਸਮੇਂ' ਨੂੰ ਘੱਟ ਕਰਦਾ ਅਤੇ 'ਵਾਧੂ ਕਿਰਤ ਸਮੇਂ' ਨੂੰ ਵੱਡਾ ਕਰਦਾ ਹੈ।

[ਕੰਮ ਸਮਾਂ=ਜ਼ਰੂਰੀ ਕਿਰਤ ਸ+ਵਾਧੂ ਕਿ: ਸਮਾਂ]

* 'ਜ਼ਰੂਰੀ ਕਿਰਤ ਸਮਾਂ', ਉਜਰਤ ਬਰਾਬਰ ਮੁੱਲ ਸਿਰਜਦਾ ਹੈ ਅਤੇ ਵਾਧੂ ਕਿਰਤ ਸਮਾਂ, 'ਮੁਨਾਫੇ' ਬਰਾਬਰ ਮੁੱਲ ਸਿਰਜਦਾ ਹੈ। ਵਾਧੂ ਕਿਰਤ ਸਮਾਂ, ਕਿਰਤ ਉਤਪਾਦਕਤਾ ਦੀ ਬਦੌਲਤ ਵਧਦਾ ਹੈ।

* ਕਿਰਤ ਉਤਪਾਦਕਤਾ ਦੇ ਡਬਲ, ਦੋ ਗੁਣਾਂ ਹੋਣ ਨਾਲ ਜ਼ਰੂਰੀ ਕਿਰਤ ਸਮਾਂ ਅੱਧਾ ਰਹਿ ਜਾਂਦਾ ਹੈ। ਬਾਕੀ ਅੱਧਾ, ਦੂਜੇ ਪਾਸੇ, ਵਾਧੂ ਮੁੱਲ ਵੱਲ ਹੋ ਜਾਂਦਾ ਹੈ। ਨਤੀਜਾ ਹੈ ਕਿ ਵਾਧੂ ਮੁੱਲ (ਭਾਵ ਮੁਨਾਫੇ) ਦੀ ਵਾਧਾ ਦਰ, (ਕਿਰਤ ਉਤਪਾਦਕਤਾ ਦੀ ਵਾਧਾ ਦਰ ਦੇ ਉਲਟ) ਘਟਦੀ-ਦਰ ਪ੍ਰਵਿਰਤੀ ਵਾਲੀ ਹੈ।ਨਤੀਜਾ; ਘਟਦੀ ਪ੍ਰਵਿਰਤੀ ਵਜੋਂ ਇਕ ਪੜਾਅ 'ਤੇ ਵਾਧਾ ਗੈਰ ਪ੍ਰਸੰਗਕ ਹੋ ਜਾਂਦੀ ਹੈ।

ਸਰਮਾਇਆ, ਸਰਮਾਏ ਦਾ ਗੁਣ 'ਮੁਨਾਫਾ', ਤੋਂ ਮੁਨਾਫਾ-ਹੀਣ ਹੋ ਜਾਂਦਾ ਹੈ। 'ਸਰਮਾਇਆ', ਸਰਮਾਇਆ ਵਜੋਂ ਨਹੀਂ ਰਹਿੰਦਾ।

ਉਜਰਤਾਂ (wages) ਕੀ ਹਨ ?

* ਉਜਰਤ, ਅਮੂਰਤ-ਕਿਰਤ-ਖਪਤ (ਕੰਮ ਦਿਨ) ਦਾ (ਵਟਾਂਦਰਾ) ਮੁੱਲ ਹੈ, ਕਿਉਂਕਿ ਇਹ ਬਰਾਬਰੀ ਦੇ ਆਧਾਰ 'ਤੇ ਵਟਾਂਦਰੇ ਵਿਚ ਆਈਆਂ ਹਨ।ਇਸ ਲਈ ਇਹ ਦੋਵੇਂ ਬਰਾਬਰ ਮੁੱਲ ਦੀਆਂ ਹਨ।

* ਕਿਰਤ-ਉਤਪਾਦਕਤਾ ਦੇ ਵਾਧੇ ਨਾਲ, ਜ਼ਰੂਰੀ-ਕਿਰਤ-ਸਮਾਂ ਘਟਦਾ ਹੈ। ਨਤੀਜਾ; ਉਜਰਤਾਂ ਦਾ ਅਨੁਪਾਤ ਘਟਦਾ ਹੈ।ਨਵੇਂ ਮੁੱਲ ਦੀ ਸਿਰਜਨਾ ਉਜਰਤਾਂ ਦੇ ਜੋੜ ਬਰਾਬਰ ਹੁੰਦੀ ਹੈ। ਮੋੜਵਾਂ ਨਤੀਜਾ ; ਨਵੇਂ ਮੁੱਲ ਦੀ ਸਿਰਜਨਾ ਘਟਦੀ ਹੈ।ਇੰਝ ਮੁੱਲ ਪੱਖੋਂ, ਸਮੁੱਚੀ-ਵਿਕਾਸ ਦਰ ਘਟਦੀ ਪ੍ਰਵਿਰਤੀ ਵਾਲੀ ਹੈ।

ਇਹ ਸਰਮਾਏਦਾਰੀ ਪੈਦਾਵਾਰੀ ਢੰਗ ਦਾ ਸੰਕਟ ਹੈ

ਜੋ ਨਵੇਂ, ਉਚੇਰੇ, ਵਿਗਿਆਨਕ ਢੰਗ, ਜਿਸ ਦਾ ਉਦੇਸ਼ ਮੁਨਾਫਾ ਨਹੀਂ, ਸਗੋਂ ਮਨੁੱਖੀ ਸਮਾਜ ਦੀ ਸਮੁੱਚੀ ਖ਼ੁਸ਼ੀ ਖ਼ੁਸ਼ਹਾਲੀ ਲਈ, ਸਰਵਪੱਖੀ ਵਿਕਾਸ ਲਈ, 'ਸੁਤੰਤਰ ਸਮਾਂ ਉਪਜਾਣ ਤੇ ਵੰਡਣ ਢੰਗ' ਵੱਲ ਜਾਣ ਦੀ ਅਟਲਤਾ ਵਿਦਮਾਨ ਹੈ।

ਪ੍ਰੋਲਤਾਰੀ ਜਿਸ ਦਾ ਵਾਹਦ ਕਰਤਾ ਹੈ!

ਮਾਰਕਸ ਕਿੰਜ ਬਿਆਨ ਕਰਦਾ ਹੈ!

ਸੰਥਨ ਜੋਤ ਪਾਰ ਕਰਦਿਆਂ

ਕਸ਼ਮੀਰ ਯਾਤਰਾ-2

ਦੇਵ ਕੁਰਾਈਵਾਲਾ

ਸਾਰਥਲ ਜੋਤ ਤੋਂ ਤੁਰੇ ਅਸੀਂ ਭਦਰਵਾਹ ਪਹੁੰਚ ਗਏ। ਅੱਗੇ ਗਾਠਾ ਦੁਮੇਲ ਤੋਂ ਇਕ ਛੋਟਾ ਰਾਹ ਦਿਸਿਆ, ਬੋਰਡ 'ਤੇ ਲਿਖਿਆ ਸੀ ਧਾਰਾ 4 ਕਿਲੋਮੀਟਰ। ਮੈਂ ਛੋਟੇ ਰਾਹ ਪੈ ਗਿਆ ਤੇ ਇਹ ਰਾਹ ਮੈਨੂੰ ਦਿਉਦਾਰ ਦੇ ਪਰਛਾਵਿਆਂ 'ਚ ਲੈ ਗਿਆ ਹੈ।ਮਹਿਕਦਾ ਜੰਗਲ ਮੇਰੇ ਚੁਫੇਰੇ ਫੈਲ ਗਿਆ।

ਧਾਰਾ ਚਾਰ ਕੁ ਸੌ ਘਰ ਦਾ ਛੋਟਾ ਜਿਹਾ ਪਿੰਡ ਹੈ ।ਟਰੈਫਿਕ, ਤੇਜ਼ੀ, ਸ਼ੋਰ ਤੇ ਵੱਡੇ ਰਾਹ ਤੋਂ ਵਾਹਵਾ ਦੂਰ ਵਸਦਾ ਛੋਟਾ ਜਿਹਾ ਪਹਾੜੀ ਪਿੰਡ।

ਤਿੰਨ ਫੁੱਟ ਚੌੜੀ ਪਗਡੰਡੀ ਪੂਰੇ ਪਿੰਡ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੈ। ਪਿੰਡ ਕੋਲ ਜਿੰਨੇ ਕੁ ਵਹੀਕਲ ਹਨ, ਪਿੰਡ ਤੋਂ ਦੂਰ ਮੁੱਕਦੀ ਸੜਕ 'ਤੇ ਖੜ੍ਹ ਜਾਂਦੇ ਹਨ ਤੇ ਪਿੰਡ ਸਿਰਫ ਤੁਰ ਕੇ ਹੀ ਜਾਇਆ ਜਾ ਸਕਦਾ ਹੈ। ਇਹ ਪਿੰਡ ਦੇ ਧੰਨਭਾਗ ਹਨ ਕਿ ਇਸ ਪਿੰਡ ਦਾ ਛੋਟਾ ਰਾਹ ਪਿੰਡ ਵਿੱਚ ਆ ਕੇ ਹੋਰ ਛੋਟਾ ਹੋ ਜਾਂਦਾ ਹੈ। ਪੌੜੀਦਾਰ ਪਗਡੰਡੀ ਚੜ੍ਹਦਾ ਮੈਂ ਪਿੰਡ ਦੇ ਘਰਾਂ ਨੂੰ ਹੱਥ ਲਾ ਕੇ ਦੇਖਦਾ ਹਾਂ, ਮੇਰੇ ਹੱਥਾਂ 'ਚੋਂ ਮਿੱਟੀ ਅਤੇ ਦਿਉਦਾਰ ਦੀ ਮਹਿਕ ਆਉਣ ਲੱਗਦੀ ਹੈ।

ਢਲਾਨਦਾਰ ਛੋਟੇ-ਛੋਟੇ ਖੇਤਾਂ ਵਿੱਚ ਜੌਂ ਉੱਗੇ ਹੋਏ ਹਨ। ਕਿਤੇ-ਕਿਤੇ ਕੋਈ ਬੂਟਾ ਨਿਸਰਣ ਲੱਗਾ ਹੈ, ਜੌਂ ਦੇ ਕਸੀਰ ਪੱਤਿਆਂ ਵਿੱਚੋਂ ਝਾਕ ਰਹੇ ਹਨ। ਖੇਤਾਂ ਵਿਚ ਗੰਢੇ, ਆਲੂ, ਮਟਰ ਬੀਜੇ ਹੋਏ ਹਨ, ਸਾਰੇ ਪਿੰਡ ਵਿੱਚ ਪੁਦੀਨਾ ਆਪ ਮੁਹਾਰੇ ਉੱਗਿਆ ਹੋਇਆ ਹੈ। ਬਹੁਤੇ ਘਰਾਂ ਨੂੰ ਜਿੰਦਰੇ ਲੱਗੇ ਹੋਏ ਹਨ। ਲੋਕ ਕੰਮਕਾਰ ਲਈ ਥੱਲੇ (ਸ਼ਹਿਰ) ਗਏ ਹੋਏ ਹਨ।



ਇਕ ਦੁਕਾਨ ਖੁੱਲ੍ਹੀ ਹੈ, ਕਰਿਆਨਾ ਸਟੋਰ । ਅਸੀਂ ਉਸ ਕੋਲ ਬੈਠਦੇ ਪਿੰਡ ਦੀ ਸਿਫਤ ਕਰਦੇ ਹਾਂ। ਦੁਕਾਨਦਾਰ ਮੁੰਡੇ ਵਿੱਚ ਸਹਿਮ ਹੈ। ਉਹਦੇ ਬੋਲਾਂ ਵਿੱਚ ਝਿਜਕ ਸਾਫ ਦਿਸਦੀ ਹੈ।ਉਹ ਹਰ ਗੱਲ ਦਾ ਜਵਾਬ ਦੇਣ ਤੋਂ ਪਹਿਲਾਂ ਕੁਝ ਸੋਚਦਾ ਹੈ, ਫਿਰ ਬੋਲਦਾ ਹੈ।ਬੋਲਣ ਵੇਲੇ ਵਰਤੀ ਜਾਂਦੀ ਇਹ ਸਾਵਧਾਨੀ ਕਿਸੇ ਵੱਡੇ ਡਰ ਦੀ ਉਪਜ ਹੈ।ਬੋਲਾਂ ਵਿੱਚੋਂ ਬੇਪ੍ਰਵਾਹੀ ਦਾ ਖ਼ਤਮ ਹੋ ਜਾਣਾ ਚਿੰਤਾਵਾਂ ਵਿੱਚ ਘਿਰੇ ਮਨੁੱਖ ਦੀ ਨਿਸ਼ਾਨਦੇਹੀ ਹੈ।

ਪਿੰਡ ਵਿੱਚ ਅੱਗੇ ਜਾਂਦਿਆਂ ਇਕ ਬਹੁਤ ਪੁਰਾਣੀ ਗੋਡ (ਪਸ਼ੂ ਬੰਨ੍ਹਣ ਵਾਲਾ ਕਮਰਾ) ਦਿਸਦੀ ਹੈ। ਉਸ ਦੇ ਮਾਲਕ ਦੇ ਪੁੱਛਣ 'ਤੇ ਪਤਾ ਲੱਗਦਾ ਹੈ ਇਹ ਚਾਰ ਪੀੜ੍ਹੀਆਂ ਪੁਰਾਣੀ ਹੈ।

ਹੋਰ ਗੱਲਾਂ ਕਰਦੇ-ਕਰਦੇ ਉਸ ਕਸ਼ਮੀਰੀ ਪੰਡਤ ਦੀ ਘਰਵਾਲੀ ਗਾਵਾਂ ਗੋਡ ਵਿੱਚ ਛੱਡਣ ਲਈ ਆ ਗਈ ।

ਅਪਣੱਤ, ਸਹਿਮ ਤੇ ਸਾਦੇਪਣ 'ਚ ਮੈਨੂੰ ਪੁੱਛਦੀ ਹੈ

ਆਪ ਕੌਣ, ਮਿਲੀਟੈਂਟ ਤੋ ਨਹੀਂ ?

ਮਿਲੀਟੈਂਟ ਸ਼ਬਦ ਸੁਣਦਿਆਂ ਹੀ ਮੈਨੂੰ ਦੁਕਾਨ ਵਾਲੇ ਮੁੰਡੇ ਦੇ 'ਸਹਿਮ' ਦੇ ਅਰਥ ਸਮਝ ਆਉਣ ਲੱਗਦੇ ਹਨ।

ਤੇ ਉਸ ਕਸ਼ਮੀਰਨ ਪੰਡਤਾਇਣ ਦੇ ਭੋਲੇਪਣ 'ਤੇ ਰਸ਼ਕ ਆਉਂਦਾ ਹੈ।

ਇਹਨਾਂ ਲੋਕਾਂ ਵਿੱਚ ਉਹੀ ਸਹਿਮ ਸੀ, ਜੋ ਸਹਿਮ ਕੁਝ ਸਾਲ ਪਹਿਲਾਂ ਪੰਜਾਬ ਨੇ ਹੰਢਾਇਆ ਹੈ। ਦੋ ਪੁੜਾਂ ਵਿਚਕਾਰ ਪਿਸ ਜਾਣ ਦਾ ਸਹਿਮ। ਫੌਜ ਅਤੇ ਮਿਲੀਟੈਂਸੀ ਦੇ ਵਿਚਕਾਰ ਪਿਸ ਜਾਣ ਦਾ ਸਹਿਮ।

ਪੰਡਿਤ ਪਰਵਾਰ ਸਾਨੂੰ ਆਪਣੇ ਘਰ ਖਾਣੇ ਲਈ ਸੱਦਾ ਦਿੰਦਾ ਹੈ ।ਖਾਣੇ ਤੋਂ ਵੀ ਵੱਧ ਮੈਨੂੰ ਗੱਲਾਂ ਕਰਨ ਦਾ ਲਾਲਚ ਉਹਨਾਂ ਦੇ ਘਰ ਲੈ ਗਿਆ।

ਉਹਨਾਂ ਨੇ ਸਾਡੇ ਲਈ ਚਾਹ ਬਣਾਈ ਅਤੇ ਫਿਰ ਖਾਣਾ ਬਣਾਉਣ ਲਈ ਰਸੋਈ ਵਿੱਚ ਆਹਰੇ ਲੱਗ ਗਏ।

ਸਾਹਮਣੇ ਕੰਧ 'ਤੇ ਦੋ ਤਸਵੀਰਾਂ ਹਨ।ਮੇਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਸਾਡੇ ਭਰਾਵਾਂ ਦੀ ਤਸਵੀਰ ਹੈ । ਇਕ ਤਸਵੀਰ ਵੱਲ ਹੱਥ ਕਰਦਿਆਂ ਕਿਹਾ, ਇਹ ਮਿਲੀਟੈਂਟ ਹੱਥੋਂ ਮਾਰਿਆ ਗਿਆ ।ਹੋਰ ਗੱਲਾਂ ਕਰਦਿਆਂ ਮੈਂ ਉਹਨਾਂ ਦੇ ਭਰਾ ਦੇ ਮਾਰੇ ਜਾਣ ਦਾ ਕਾਰਨ ਪੁੱਛਿਆ ਤਾਂ ਉਹ ਪੰਡਤ ਪਰਵਾਰ ਦੱਸਣ ਲੱਗਾ ਕਿ ਉਹਨਾਂ ਦਾ ਭਰਾ ਬਹੁਤ ਬਹਾਦਰ ਸੀ। ਉਹ ਫੌਜ ਨੂੰ ਅੱਤਵਾਦੀਆਂ ਦੀ ਸੂਹ ਦਿੰਦਾ ਸੀ।ਇਕ ਦਿਨ ਕੁਝ ਹਥਿਆਰਬੰਦ ਬੰਦੇ ਉਹਨਾਂ ਦੇ ਘਰ ਆਏ ਤੇ ਉਹਨੂੰ ਗੋਲੀਆਂ ਨਾਲ ਭੁੰਨ ਗਏ ।

ਕਸ਼ਮੀਰ ਦੇ ਹਲਾਤਾਂ ਬਾਰੇ ਸੁਣਨ, ਸਮਝਣ ਲਈ ਬਹੁਤ ਗੱਲਾਂ ਹਨ। ਇਹ ਕਿਸੇ ਇੱਕ ਮੌਤ ਦੀ ਕਹਾਣੀ ਨਹੀਂ, ਕਸ਼ਮੀਰ ਦੇ ਘਰ-ਘਰ ਵਿੱਚ ਅਜਿਹੀਆਂ ਮੌਤਾਂ ਦੀਆਂ ਕਹਾਣੀਆਂ ਹਨ।ਕਸ਼ਮੀਰ ਦੀ ਇਸ ਲੜਾਈ ਦਾ ਕੋਈ ਅੰਤ ਹੁੰਦਾ ਦਿਖਾਈ ਨਹੀਂ ਦੇ ਰਿਹਾ ।ਕਸ਼ਮੀਰ ਦੇ ਸਥਾਨਕ ਲੋਕ ਆਪਣਾ ਬਹੁਤ ਕੁਝ ਗਵਾ ਚੁੱਕੇ ਹਨ ।ਹਰ ਦਿਲ ਅੰਦਰ ਇੱਕ ਚੀਸ ਹੈ ।ਹਰ ਕਸ਼ਮੀਰੀ ਜਿਉਣ ਦੀ ਤਾਂਘ ਵਿੱਚ ਹੈ ।

ਅਸੀਂ ਇਸ ਪਰਵਾਰ ਨਾਲ ਰੋਟੀ ਖਾਧੀ, ਉਹਨਾਂ ਦੇ ਦੁੱਖ ਵਿੱਚ ਸ਼ਰੀਕ ਹੋਏ ਅਤੇ ਉਹਨਾਂ ਦੇ ਵਾਰ-ਵਾਰ ਕਹਿਣ 'ਤੇ ਵੀ ਅਸੀਂ ਉਹਨਾਂ ਦੇ ਘਰ ਰਾਤ ਲਈ ਨਹੀਂ ਰੁਕੇ, ਕਸ਼ਮੀਰ ਵਿੱਚ ਫੈਲੀ ਹੋਈ ਅਣਜਾਣ ਜਿਹੀ ਦਹਿਸ਼ਤ ਸਾਨੂੰ ਵੀ ਡਰਾਉਣ ਲੱਗ ਗਈ ਸੀ ।

ਦਿਨ ਬਿਲਕੁਲ ਛਿਪ ਚੁੱਕਾ ਸੀ ।ਕਸ਼ਮੀਰ ਦੇ ਹਲਾਤਾਂ ਮੁਤਾਬਕ ਹਨੇਰੇ ਵਿੱਚ ਸਫ਼ਰ ਕਰਨਾ ਸਾਨੂੰ ਸਹੀ ਨਹੀਂ ਲੱਗਾ। ਅਸੀਂ ਧਾਰਾ ਪਿੰਡ ਵਿੱਚ ਬਣੇ ਛੋਟੇ ਜਿਹੇ ਹੋਟਲ ਵਿੱਚ ਰਾਤ ਬਿਤਾਉਣ ਲਈ ਰੁਕ ਗਏ।

ਸਵੇਰੇ ਸੂਰਜ ਚੜ੍ਹਿਆ, ਅਸੀਂ ਜੰਗਲੇ ਵਿੱਚ ਦੀ ਧਾਰਾ ਪਿੰਡ ਦੀ ਸਵੇਰ ਨਿਹਾਰਨ ਲੱਗੇ । ਦਸ-ਪੰਦਰਾਂ ਫੌਜੀਆਂ ਦੀ ਟੁਕੜੀ ਹੱਥਾਂ ਵਿੱਚ ਏਕੇ ਸੰਤਾਲੀ ਫੜੀ ਧਾਰਾ ਪਿੰਡ ਦੇ ਖੇਤਾਂ ਵਿੱਚ ਗਸ਼ਤ ਕਰ ਰਹੀ ਸੀ। ਉਹਨਾਂ ਦੀ ਹਲਚਲ ਇਸ ਤਰ੍ਹਾਂ ਸੀ, ਜਿਵੇਂ ਕਿਸੇ ਮੁਕਾਬਲੇ ਦੀ ਜੁਗਤ ਬਣਾ ਰਹੇ ਹੋਣ। ਏਨੇ ਸਮੇਂ ਨੂੰ ਹੋਟਲ ਕੰਮ ਕਰਨ ਵਾਲਾ ਮੁੰਡਾ ਸਾਡੇ ਲਈ ਚਾਹ ਲੈ ਕੇ ਆ ਗਿਆ, ਉਸ ਨੇ ਪੁੱਛਣ 'ਤੇ ਦੱਸਿਆ ਕਿ ਪਿੰਡ ਦੇ ਨਾਲ ਹੀ ਇੱਕ ਬਹੁਤ ਵੱਡੀ ਜੇਲ੍ਹ ਹੈ, ਜਿੱਥੇ ਫੜੇ ਹੋਏ ਕਸ਼ਮੀਰੀ ਮੁੰਡਿਆਂ ਨੂੰ ਰੱਖਿਆ ਜਾਂਦਾ ਹੈ ਅਤੇ ਫੌਜ ਆਪਣੇ ਤਰੀਕਿਆਂ ਨਾਲ ਉਹਨਾਂ ਤੋਂ ਪੁੱਛ-ਗਿੱਛ ਕਰਦੀ ਹੈ। ਨੇੜੇ ਵੱਡੀ ਜੇਲ੍ਹ ਹੋਣ ਕਰਕੇ ਫੌਜ ਇਸ ਇਲਾਕੇ ਵਿੱਚ ਗਸ਼ਤ ਕਰਦੀ ਰਹਿੰਦੀ ਹੈ।

ਜਦ ਇਸ ਮੁੰਡੇ ਨੇ ਕਿਹਾ, 'ਫੌਜ ਆਪਣੇ ਤਰੀਕਿਆਂ ਨਾਲ ਪੁੱਛ-ਗਿੱਛ ਕਰਦੀ ਹੈ' ਮੇਰੇ ਪੰਜਾਬ ਦਾ ਗੁਜ਼ਰਿਆ ਹੋਇਆ ਸਮਾਂ ਯਾਦ ਆ ਗਿਆ ਜਦੋਂ ਪੰਜਾਬ ਵਿੱਚ ਬਹੁਤ ਥਾਵਾਂ 'ਤੇ ਇੰਟੈਰੋਗੇਸ਼ਨ ਸੈਂਟਰ ਬਣੇ ਹੋਏ ਸਨ, ਜਿਨ੍ਹਾਂ ਵਿੱਚ ਪੰਜਾਬ ਪੁਲਸ ਆਪਣੇ ਤਰੀਕਿਆਂ ਨਾਲ ਪੰਜਾਬ ਦੇ ਮੁੰਡਿਆਂ ਤੋਂ ਪੁੱਛਗਿੱਛ ਕਰਦੀ ਸੀ।

ਮੈਨੂੰ ਕਸ਼ਮੀਰ ਦਾ ਕਿੰਨਾ ਹੀ ਕੁਝ ਪੰਜਾਬ ਦੇ ਉਸ ਦੌਰ ਨਾਲ ਮਿਲਦਾ-ਜੁਲਦਾ ਲੱਗਿਆ।

ਮੈਂ ਪੰਜਾਬ ਦੇ ਉਸ ਸਮੇਂ ਨੂੰ ਬਹੁਤ ਘੱਟ ਦੇਖਿਆ ਹੈ। ਉਹ ਮੇਰੇ ਬਸ ਕਿਸੇ ਨਾ ਭੁੱਲਣ ਵਾਲੇ ਸੁਪਨੇ ਵਾਂਗ ਯਾਦ ਹੈ। ਜ਼ਿਆਦਾ ਤਾਂ ਮੈਂ ਇਸ ਦੌਰ ਬਾਰੇ ਪੜ੍ਹਿਆ ਹੈ ਜਾਂ ਆਪਣੇ ਬਜ਼ੁਰਗਾਂ ਤੋਂ ਸੁਣਿਆ ਹੈ ।

ਮੇਰੇ ਦਾਦਾ ਜੀ ਜਿਨ੍ਹਾਂ ਨੂੰ ਇੱਕ ਵਾਰ ਪੰਜਾਬ ਪੁਲਸ ਫੜ ਕੇ ਲੈ ਗਈ ਸੀ ਅਤੇ ਫਿਰ ਆਪਣੇ ਤਰੀਕੇ ਨਾਲ ਪੁੱਛਗਿੱਛ ਕੀਤੀ ਸੀ ।

ਉਸ ਪੁੱਛਗਿੱਛ ਤੋਂ ਬਾਅਦ ਹਰ ਸਿਆਲ ਵਿੱਚ ਮੇਰੇ ਦਾਦਾ ਜੀ ਦੇ ਹੱਡ ਟਸਕਣ ਲੱਗਦੇ ਸਨ। ਜੇਲ੍ਹ 'ਚ ਆਉਂਦਿਆਂ ਹੀ

ਉਹਨਾਂ ਨੇ ਦਰਦ ਤੋਂ ਰਾਹਤ ਪਾਉਣ ਲਈ ਫੀਮ ਖਾਣੀ ਸ਼ੁਰੂ ਕਰ ਦਿੱਤੀ ਅਤੇ ਉਸ ਤੋਂ ਬਾਅਦ ਉਹ ਆਪ ਖੇਤ ਵਿੱਚ ਕੰਮ ਕਰਨ ਦੀ ਬਜਾਇ ਜ਼ਮੀਨ ਠੇਕੇ ਉੱਤੇ ਦੇਣ ਲੱਗੇ।

ਕਸੂਰ ਸਿਰਫ ਇੰਨਾ ਸੀ ਕਿ ਪੰਜਾਬ ਦੇ ਇੱਕ ਨਾਮਵਰ ਮਿਲੀਟੈਂਟ ਦਾ ਪਰਵਾਰ ਪੁਲਸ ਤੋਂ ਬਚਦਾ-ਬਚਾਉਂਦਾ ਸਾਡੇ ਘਰ ਰਹਿਣ ਲੱਗ ਗਿਆ ਸੀ ।

ਜੋ ਉਸ ਸਮੇਂ ਦੇ ਹਲਾਤ ਸਨ, ਉਦੋਂ ਸਧਾਰਨ ਲੋਕ ਮਜਬੂਰੀ ਦੀ ਚੱਕੀ ਵਿੱਚ ਪਿਸ ਰਹੇ ਸਨ।ਜੇਕਰ ਹਥਿਆਰਬੰਦ ਧਿਰ ਵਾਲੇ ਕਿਸੇ ਦੇ ਘਰ ਰੋਟੀ ਖਾ ਜਾਂਦੇ ਸਨ ਤਾਂ ਉਹ ਪੰਜਾਬ ਪੁਲਸ ਦਾ ਦੋਸ਼ੀ ਬਣ ਜਾਂਦਾ ਸੀ ਅਤੇ ਜੇਕਰ ਕੋਈ ਉਹਨਾਂ ਮੁੰਡਿਆਂ ਨੂੰ ਰੋਟੀ ਖਵਾਉਣ ਤੋਂ ਮਨ੍ਹਾ ਕਰ ਦਿੰਦਾ ਸੀ ਤਾਂ ਉਹ ਪੰਥ ਦੋਖੀਆਂ ਦੀ ਸ਼੍ਰੇਣੀ ਵਿੱਚ ਆ ਜਾਂਦਾ ਸੀ ।

ਮੇਰੇ ਦਾਦਾ ਜੀ ਕੋਲ ਉਸ ਸਮੇਂ ਦੀਆਂ ਕਿੰਨੀਆਂ ਹੀ ਕਹਾਣੀਆਂ ਸਨ, ਜੋ ਉਹਨਾਂ ਦੇ ਵਿੰਗੇ ਹੋਏ ਗੋਡੇ ਅਤੇ ਹੱਡਾਂ ਵਿੱਚ ਪੈਂਦੀਆਂ ਚੀਸਾਂ ਆਪ-ਮੁਹਾਰੇ ਦੱਸਦੀਆਂ ਰਹਿੰਦੀਆਂ ਸਨ।

ਪਤਾ ਨਹੀਂ ਉਹ ਕਿਹੋ ਜਿਹਾ ਦੌਰ ਸੀ ਮੇਰੇ ਦਾਦਾ ਜੀ ਆਖਰ ਤੱਕ ਕਹਿੰਦੇ ਰਹੇ, 'ਪੁੱਤ ਉਹ ਦਿਨ ਨਾ ਰੱਬ ਕਿਸੇ ਨੂੰ ਦਿਖਾਵੇ'

ਤੇ ਅੱਜ ਕਸ਼ਮੀਰ ਉਹੀ ਦਿਨ ਦੇਖ ਰਿਹਾ ਸੀ ।

ਧਾਰਾ ਪਿੰਡ ਤੋਂ ਨਿਕਲ ਅਸੀਂ ਪੁਲਡੋਡਾ ਪਹੁੰਚ ਗਏ। ਪੁਲਡੋਡਾ ਝਨਾਬ ਦਰਿਆ 'ਤੇ ਬਣਿਆ ਹੋਇਆ ਪੁਲ ਹੈ, ਜੋ ਡੋਡਾ ਸ਼ਹਿਰ ਨੂੰ ਨੈਸ਼ਨਲ ਹਾਈਵੇ 244 ਨਾਲ ਜੋੜਦਾ ਹੈ।

ਨੀਰੂ ਨਦੀ, ਜੋ ਸਾਡੇ ਨਾਲ-ਨਾਲ ਵਗ ਰਹੀ ਸੀ, ਇੱਥੇ ਆ ਕੇ ਉਸ ਦੀ ਹਸਤੀ ਝਨਾਬ ਦਰਿਆ ਵਿੱਚ ਰਲ ਜਾਂਦੀ ਹੈ।ਇਹਨਾਂ ਦਰਿਆਵਾਂ ਦਾ ਪੰਜਾਬ ਦੇ ਇਤਿਹਾਸ ਅਤੇ ਸੱਭਿਆਚਾਰ ਨਾਲ ਬਹੁਤ ਨੇੜੇ ਦਾ ਰਿਸ਼ਤਾ ਹੈ।

ਪੰਜਾਬ ਦੇ ਲੋਕ ਨਾਇਕ ਦੁੱਲਾ ਭੱਟੀ ਦੀ ਪਿੰਡੀ, ਸਾਂਦਲਬਾਰ ਦਾ ਇਲਾਕਾ ਇਸੇ ਝਨਾਬ ਦੇ ਪਾਣੀ ਨਾਲ ਸਿੰਜਿਆ ਜਾਂਦਾ ਸੀ। ਸਿਕੰਦਰ ਪੋਰਸ ਦੀ ਲੜਾਈ ਇਸੇ ਝਨਾਬ ਦੇ ਕੰਢੇ ਹੋਈ ਸੀ। ਜਿੱਥੇ ਇਸ ਝਨਾਬ ਦੇ ਕੰਢੇ ਤਲਵਾਰਾਂ ਦੀਆਂ ਟਣਕਾਰਾਂ ਜਨਮੀਆਂ, ਉੱਥੇ ਸੋਹਣੀ ਮਹੀਂਵਾਲ ਤੇ ਹੀਰ-ਰਾਂਝੇ ਦੀਆਂ ਪ੍ਰੇਮ ਕਹਾਣੀਆਂ ਨੇ ਵੀ ਇਸੇ ਝਨਾਬ ਦੇ ਕਿਨਾਰੇ ਜਨਮ ਲਿਆ।ਪੁਲਡੋਡਾ ਤੋਂ ਕਿਸ਼ਤਵਾੜ ਪਹੁੰਚ ਕੇ ਖਿਆਲ ਆਇਆ ਕਿ ਕਿਸ਼ਤਵਾੜ ਤੋਂ ਕੇਲਾੜ ਨੂੰ ਇਕ ਰਾਹ ਜਾਂਦਾ ਹੈ, ਜਿਸ ਨੂੰ 'ਡੈੱਥ ਰੂਟ' ਕਿਹਾ ਜਾਂਦਾ ਹੈ। ਸਾਡਾ ਮਨ ਬਣਿਆ ਕਿ ਇਸ ਰਾਹ 'ਤੇ ਸਫ਼ਰ ਕੀਤਾ ਜਾਵੇ, ਪਰ ਅਸੀਂ ਕਿਸ਼ਤਵਾੜ ਤੋਂ ਥੋੜ੍ਹਾ ਹੀ ਅੱਗੇ ਗਏ ਸੀ ਕਿ ਭਾਰਤੀ ਫੌਜ ਨੇ ਸਾਨੂੰ ਅੱਗੇ ਜਾਣ ਤੋਂ ਮਨ੍ਹਾ ਕਰ ਦਿੱਤਾ। ਇਸੇ ਹੀ ਰਾਹ 'ਤੇ ਅੱਗੇ ਜਾ ਕੇ ਕਿਸੇ ਪਿੰਡ ਵਿੱਚ ਭਾਰਤੀ ਫੌਜ ਅਤੇ ਕਸ਼ਮੀਰ ਦੇ ਹਥਿਆਰਬੰਦ ਸੰਘਰਸ਼ੀ ਦਸਤਿਆਂ ਵਿਚਕਾਰ ਮੁਕਾਬਲਾ ਚੱਲ ਰਿਹਾ ਸੀ।

ਕਿਸ਼ਤਵਾੜ ਕੇਲਾੜ ਸੜਕ 'ਤੇ ਸਫ਼ਰ ਕਰਨ ਦਾ ਮੇਰਾ ਸੁਪਨਾ ਫਿਰ ਅਧੂਰਾ ਰਹਿ ਗਿਆ ।ਇਹ ਤੀਜੀ ਵਾਰ ਸੀ ਕਿ ਮੈਨੂੰ ਇਸ ਰਾਹ ਤੋਂ ਵਾਪਸ ਮੁੜਨਾ ਪਿਆ ਸੀ।

ਕਿਸ਼ਤਵਾੜ ਵਾਪਸ ਆ ਕੇ ਅਸੀਂ ਅੱਗੇ ਸੰਥਨ ਜੋਤ ਪਾਰ ਕਰਕੇ ਪਹਿਲਗਾਮ ਪਹੁੰਚਣਾ ਸੀ ।ਸੰਥਨ ਜੋਤ ਜੰਮੂ ਅਤੇ ਕਸ਼ਮੀਰ ਦੀ ਹੱਦ ਬਣਾਉਂਦੀ ਹੈ ।ਕਿਸ਼ਤਵਾੜ ਤੋਂ ਚੱਲੇ ਅਸੀਂ ਸ਼ਾਮ ਤੱਕ ਮੁਗ਼ਲ ਮੈਦਾਨ ਪਹੁੰਚ ਗਏ।ਮੁਗ਼ਲ ਮੈਦਾਨ ਕਿਸ਼ਤਵਾੜ ਤੋਂ ਲੱਗਭੱਗ ਵੀਹ-ਪੱਚੀ ਕਿਲੋਮੀਟਰ ਦੀ ਦੂਰੀ 'ਤੇ ਵਸਿਆ ਛੋਟਾ ਜਿਹਾ ਕਸਬਾ ਹੈ ।ਰਾਤ ਰੁਕਣ ਲਈ ਸਾਨੂੰ ਸੈਰ-ਸਪਾਟਾ ਵਿਭਾਗ ਦੀ ਇਮਾਰਤ ਵਿੱਚ ਆਪਣਾ ਤੰਬੂ ਲਾਉਣ ਲਈ ਇਜਾਜ਼ਤ ਮਿਲ ਗਈ। ਇਹ ਜਗ੍ਹਾ ਬਹੁਤ ਰਮਣੀਕ ਹੈ।ਯਾਤਰੀਆਂ ਦੇ ਰੁਕਣ ਲਈ ਸਾਫ਼-ਸੁਥਰੇ ਕਮਰੇ ਵੀ ਹਨ ਅਤੇ ਬਹੁਤ ਹੀ ਵਧੀਆ ਰਸੋਈ ਹੈ।ਇਹ ਸਾਰੀ ਜਗ੍ਹਾ ਸਰਕਾਰੀ ਹੈ, ਪਰ ਜੰਮੂ ਕਸ਼ਮੀਰ ਦੀ ਸਰਕਾਰ ਇਸ ਜਗ੍ਹਾ ਨੂੰ ਹਰ ਸਾਲ ਅੱਗੇ ਕਿਸੇ ਨੂੰ ਠੇਕੇ 'ਤੇ ਦਿੰਦੀ ਹੈ। ਬਿਲਡਿੰਗ ਦੇ ਇੱਕ ਪਾਸੇ ਬਰਸਾਤੀ ਨਾਲਾ ਵਗਦਾ ਹੈ ਅਤੇ ਕਮਰਿਆਂ ਦੇ ਬਿਲਕੁਲ ਸਾਹਮਣੇ ਬਹੁਤ ਵੱਡੀ ਪਾਰਕ ਬਣੀ ਹੋਈ ਹੈ। ਸ਼ਾਮ ਨੂੰ ਮੁਗ਼ਲ ਮੈਦਾਨ ਦੇ ਬੱਚੇ ਇੱਥੇ ਖੇਡਣ ਲਈ ਆਉਂਦੇ ਹਨ ਅਤੇ ਔਰਤਾਂ, ਮਰਦ ਸੈਰ ਕਰਨ ਲਈ । ਸਾਰੇ ਦਿਨ ਦੇ ਥੱਕੇ ਅਸੀਂ ਜਲਦੀ ਹੀ ਸੌਂ ਗਏ, ਪਰ ਰਾਤ ਦੇ ਦਸ ਕੁ ਵਜੇ ਮੀਂਹ ਸ਼ੁਰੂ ਹੋ ਗਿਆ, ਜਿਸ ਨਾਲ ਸਾਡੀ ਜਾਗ ਖੁੱਲ੍ਹ ਗਈ ਅਤੇ ਅਸੀਂ ਆਪਣਾ ਤੰਬੂ ਪੱਟ ਕੇ ਬਰਾਂਡੇ ਵਿੱਚ ਲਾ ਲਿਆ।ਅਗਲੇ ਦਿਨ ਸਵੇਰ ਤੋਂ ਲੈ ਕੇ ਸ਼ਾਮ ਤੱਕ ਮੀਂਹ ਲਗਾਤਾਰ ਪੈਂਦਾ ਰਿਹਾ ।ਇਮਾਰਤ ਦੇ ਨਾਲ ਵਗਦਾ ਬਰਸਾਤੀ ਨਾਲਾ ਭਰ ਕੇ ਵਗਣ ਲੱਗਾ ।

ਅਸਮਾਨ ਵਿੱਚ ਬੱਦਲਾਂ ਦੀ ਪੈੜ-ਚਾਲ ਸ਼ੁਰੂ ਹੋ ਗਈ । ਕਾਲੀਆਂ ਘਟਾਵਾਂ ਨੇ ਉੱਚੇ ਪਹਾੜਾਂ ਤੋਂ ਦਿਉਦਾਰ ਦੇ ਜੰਗਲਾਂ ਵੱਲ ਰਵਾਨਗੀ ਪਾ ਦਿੱਤੀ। ਆਸੇ-ਪਾਸੇ ਦੇ ਰੁੱਖ ਮੀਂਹ ਪੈਣ ਨਾਲ ਧੋਤੇ ਗਏ।ਜੰਮੂ ਦੇ ਪਿੰਡਾਂ 'ਤੇ ਸੱਜ-ਵਿਆਹੀ ਮੁਟਿਆਰ ਵਾਂਗ ਹੁਸਨ ਚਮਕਣ ਲੱਗਿਆ।ਸਾਹਮਣੇ ਦਿਸਦੇ ਸੰਥਨ ਜੋਤ ਦੇ ਪਹਾੜਾਂ 'ਤੇ ਬਰਫ਼ ਚਮਕਣ ਲੱਗ ਗਈ । ਸਾਡਾ ਅੱਜ ਦਾ ਸਾਰਾ ਦਿਨ ਮੁਗ਼ਲ ਮੈਦਾਨ ਦੇ ਬਰਾਂਡਿਆਂ ਵਿੱਚ ਮੀਂਹ ਦਾ ਨਜ਼ਾਰਾ ਦੇਖਦਿਆਂ ਲੰਘ ਰਿਹਾ ਸੀ । ਸ਼ਾਮ ਚਾਰ ਕੁ ਵਜੇ ਤੱਕ ਮੀਂਹ ਰੁਕਿਆ ਤਾਂ ਪਿੰਡ ਦੇ ਜਵਾਕ ਅਤੇ ਔਰਤਾਂ-ਮਰਦ ਟਹਿਲਣ ਲਈ ਮੁਗ਼ਲ ਮੈਦਾਨ ਦੇ ਪਾਰਕ ਵਿੱਚ ਪਹੁੰਚ ਗਏ ।ਬੱਚੇ ਕ੍ਰਿਕਟ ਖੇਡਣ ਲੱਗੇ ਤੇ ਕੁਝ ਔਰਤਾਂ-ਮਰਦ ਕੰਟੀਨ 'ਤੇ ਬੈਠੇ ਕਾਹਵਾ, ਪਕੌੜੇ, ਕੌਫੀ ਪੀਣ ਲੱਗੇ।

ਮੇਰੇ ਕੋਲ ਕੁਝ ਕਿਤਾਬਾਂ ਸਨ, ਜਿਨ੍ਹਾਂ 'ਚ ਕਸ਼ਮੀਰ ਦੇ ਹਲਾਤਾਂ ਬਾਰੇ ਲਿਖਿਆ ਹੋਇਆ ਸੀ। ਮੈਂ ਅਸ਼ੋਕ ਕੁਮਾਰ ਪਾਂਡੇ ਦੀ ਕਿਤਾਬ 'ਕਸ਼ਮੀਰ ਅਤੇ ਕਸ਼ਮੀਰੀ ਪੰਡਿਤ' ਦੇ ਵਰਕੇ ਫਰੋਲਣ ਲੱਗ ਗਿਆ ।ਕਿਤਾਬ ਪੜ੍ਹਦਿਆਂ ਮੈਨੂੰ ਵਿੱਧੂ ਵਿਨੋਦ ਚੋਪੜਾ ਦੀ 'ਸ਼ਿਕਾਰਾ' ਫ਼ਿਲਮ ਯਾਦ ਆ ਗਈ, ਜੋ 1990 ਵਿੱਚ ਕਸ਼ਮੀਰੀ ਪੰਡਤਾਂ ਦੇ ਉਜਾੜੇ ਦੁਆਲੇ ਘੁੰਮਦੀ ਹੈ।ਇਹ ਇੱਕ ਨਵੇਂ ਵਿਆਹੇ ਕਸ਼ਮੀਰੀ ਪੰਡਤ ਜੋੜੇ ਦੀ ਪਿਆਰੀ ਕਹਾਣੀ ਹੈ । ਜੋ ਉਜਾੜੇ ਤੋਂ ਬਾਅਦ ਸ਼ਰਨਾਰਥੀ ਕੈਂਪ ਵਿੱਚ ਰਹਿੰਦੇ ਹਨ ਅਤੇ ਆਸ ਕਰਦੇ ਹਨ ਕਿ ਇੱਕ ਦਿਨ ਹਲਾਤ ਸਹੀ ਹੋ ਜਾਣਗੇ ਅਤੇ ਉਹ ਵਾਪਸ ਆਪਣੇ ਘਰ ਜਾਂਦੇ ਰਹਿਣਗੇ ।

ਮੇਰੇ ਸਾਹਮਣੇ ਗਰਾਊਂਡ ਵਿੱਚ ਹਿੰਦੂ ਅਤੇ ਮੁਸਲਮਾਨ ਬੱਚੇ ਰਲ ਕੇ ਕ੍ਰਿਕਟ ਖੇਡ ਰਹੇ ਸਨ। ਇਹਨਾਂ ਨੂੰ ਦੇਖ ਕੇ ਮੈਨੂੰ ਵੀ ਲੱਗਿਆ ਕਿ 'ਕਸ਼ਮੀਰ ਦੇ ਹਲਾਤ ਸਹੀ ਹੋ ਜਾਣਗੇ।'

ਦਿਨ ਢਲ ਗਿਆ ਸੀ ।ਸੂਰਜ ਨੇ ਦੂਰ ਦਿਸਦੇ ਪਹਾੜਾਂ 'ਤੇ ਲਾਲੀ ਖਿਲਾਰ ਦਿੱਤੀ ਸੀ ।ਛੋਟੀ ਬੱਦਲੀ ਛਿਪਦੇ ਹੋਏ ਸੂਰਜ ਦੇ ਅੱਗੇ ਆਉਂਦੀ ਤਾਂ ਇੱਕਦਮ ਹਨੇਰਾ ਹੋ ਜਾਂਦਾ ।ਅਗਲੇ ਹੀ ਪਲ ਫਿਰ ਕਸ਼ਮੀਰ ਦੀ ਫਿਜ਼ਾ ਵਿੱਚ ਕੇਸਰ ਘੁਲ ਜਾਂਦਾ।

ਦਿਨ ਛਿਪ ਗਿਆ ਸੀ ।ਮੁਗ਼ਲ ਮੈਦਾਨ ਦੇ ਪਾਰਕ ਵਿੱਚ ਹਨੇਰਾ ਪੂਰੀ ਤਰ੍ਹਾਂ ਪੱਸਰ ਗਿਆ ਸੀ ।ਮੈਂ ਮੋਬਾਇਲ ਦੇ ਮੌਸਮ ਦੇਖਿਆ ਤਾਂ ਉਹ ਅਗਲੇ ਕੁਝ ਦਿਨਾਂ ਲਈ ਕਸ਼ਮੀਰ ਦਾ ਮੌਸਮ ਖ਼ਰਾਬ ਦੱਸ ਰਿਹਾ ਸੀ। ਇੱਕ ਵਾਰ ਮੀਂਹ ਹਟਣ ਤੋਂ ਬਾਅਦ ਹਲਕੀ ਜਿਹੀ ਕਿਣਮਿਣ ਫਿਰ ਤੋਂ ਸ਼ੁਰੂ ਹੋ ਗਈ ਸੀ ।

ਮੈਂ ਸ਼ਾਮ ਦਾ ਖਾਣਾ ਖਾਣ ਲਈ ਇਮਾਰਤ ਦੇ ਬਰਾਂਡੇ ਵਿੱਚ ਲੱਗੇ ਬੈਂਚਾਂ 'ਤੇ ਬੈਠ ਜਾਂਦਾ ਹਾਂ ।ਮੁਗ਼ਲ ਮੈਦਾਨ ਦੇ ਗੇਟ 'ਤੇ ਜੰਮੂ ਪੁਲਸ ਦੀਆਂ ਤਿੰਨ ਗੱਡੀਆਂ ਰੁਕਦੀਆਂ ਹਨ ।ਵਿਚਕਾਰਲੀ ਗੱਡੀ ਵਿੱਚੋਂ ਪੱਗ ਬੰਨ੍ਹੀ ਵਾਲਾ ਇੱਕ ਪੰਜਾਬੀ ਮੁੰਡਾ ਉੱਤਰਦਾ ਹੈ ਅਤੇ ਉਸ ਦੇ ਦੁਆਲੇ ਅੱਠ-ਨੌਂ ਜਣੇ ਫੌਜ ਦੀ ਵਰਦੀ ਵਿੱਚ ਹੁੰਦੇ ਹਨ, ਜੋ ਉਸ ਦੀ ਸਕਿਉਰਿਟੀ ਲਈ ਹੁੰਦੇ ਹਨ।ਉਹ ਸਾਰੇ ਜਣੇ ਸਾਡੇ ਨਾਲ ਵਾਲੇ ਟੇਬਲ 'ਤੇ ਬੈਠ ਜਾਂਦੇ ਹਨ। ਉਹਨਾਂ ਦੀ ਆਪਸੀ ਗੱਲਬਾਤ ਤੋਂ ਪਤਾ ਲਗਦਾ ਹੈ ਕਿ ਇਹ ਮੁੰਡਾ ਇੱਥੇ ਕਿਸੇ ਨੇੜੇ ਦੇ ਕੋਰਟ ਵਿੱਚ ਜੱਜ ਲੱਗਾ ਹੋਇਆ ਹੈ ਅਤੇ ਏਧਰ ਘੁੰਮਣ ਲਈ ਆਇਆ ਹੈ ।

ਜਦ ਮੈਂ ਰੋਟੀ ਲਈ ਕੰਟੀਨ ਵਿੱਚ ਅਵਾਜ਼ ਮਾਰਦਾ ਹਾਂ, ਮੇਰੇ ਮੂੰਹੋਂ ਪੰਜਾਬੀ ਸੁਣ ਕੇ ਉਹ ਜੱਜ ਸਾਹਬ ਮੇਰੇ ਨਾਲ ਗੱਲਾਂ ਕਰਨ ਲੱਗਦਾ ਹੈ। ਮੈਂ ਜਦ ਹੀ ਉਹਨੂੰ ਇਹ ਦੱਸਿਆ ਕਿ ਮੈਂ ਡੋਡਾ ਕਿਸ਼ਤਵਾੜ ਵਾਲੇ ਪਾਸੇ ਤੋਂ ਆਇਆ ਹਾਂ ਅਤੇ ਰਾਤ ਰੁਕਣ ਲਈ ਕੈਂਪਿੰਗ ਕਰਦਾ ਹਾਂ ਤਾਂ ਉਹ ਬਹੁਤ ਘਬਰਾ ਗਿਆ ਅਤੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ